ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

30 ਅਪ੍ਰੈਲ ਤੋਂ 6 ਮਈ 2025

ਸਾਲ 16ਵਾਂ - ਅੰਕ 18
email : info@sadelok.com
Ph. : 510-706-1300
Fax : 925-373-1300

## ਪੰਜਾਬੀ ਭਾਈਚਾਰੇ ਨੇ ਰਚਿਆ ਇਤਿਹਾਸ
## ਕੈਨੇਡਾ ਸੰਸਦੀ ਚੋਣਾਂ 'ਚ 22 ਪੰਜਾਬੀਆਂ ਨੇ ਗੱਡਿਆ ਜਿੱਤ ਦਾ ਝੰਡਾ



(ਦੇਖੋ ਸਫ਼ਾ 21 'ਤੇ)

## ਹੱਸਦੇ-ਵੱਸਦੇ ਪਰਿਵਾਰ ਛੱਡਣ ਲਈ ਮਜਬੂਰ ਹੋਏ ਲੋਕ
### 220 ਤੋਂ ਵੱਧ ਪਾਕਿਸਤਾਨ ਗਏ, 138 ਤੋਂ ਵੱਧ ਭਾਰਤ ਪਰਤੇ

ਅਟਾਰੀ : ਭਾਰਤ ਆਏ ਪਾਕਿਸਤਾਨੀ ਨਾਗਰਿਕਾਂ ਦੀ ਆਪਣੇ ਦੇਸ਼ ਵਾਪਸ ਜਾਣ ਦੀ ਸਮਾਂ ਸੀਮਾ 30 ਅਪ੍ਰੈਲ ਖਤਮ ਹੋਣ ਦੇ ਆਖਰੀ ਦਿਨ ਭਾਰਤ ਤੋਂ 220 ਤੋਂ ਵੱਧ ਪਾਕਿਸਤਾਨੀ ਨਾਗਰਿਕ ਤੇ ਪਾਕਿਸਤਾਨ ਤੋਂ 138 ਤੋਂ ਵੱਧ ਭਾਰਤੀ ਨਾਗਰਿਕ ਦੇਰ ਰਾਤ ਆਪੋ-ਆਪਣੇ ਵਤਨ ਪਰਤੇ। ਪਾਕਿਸਤਾਨ ਭੇਜੇ ਗਏ ਜ਼ਿਆਦਾਤਰ ਲੋਕਾਂ 'ਚ ਔਰਤਾਂ ਤੇ ਬੱਚਿਆਂ ਨੂੰ ਜੰਮੂ-ਕਸ਼ਮੀਰ ਪੁਲਿਸ ਨੇ ਜ਼ਬਰੀ ਚੁੱਕ ਕੇ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਭੇਜਿਆ ਹੈ। ਜੰਮੂ-ਕਸ਼ਮੀਰ ਪੁਲਿਸ ਵਲੋਂ ਵੱਡੀ ਗਿਣਤੀ 'ਚ ਲਿਆਂਦੇ ਗਏ 2 ਪਾਕਿਸਤਾਨੀ ਨਾਗਰਿਕ, ਜੋ ਪਿਛਲੇ ਕਈ ਸਾਲਾਂ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਜੰਮੂ-ਕਸ਼ਮੀਰ 'ਚ ਰਹਿ ਰਹੇ ਸਨ, ਤੇ ਇਕ ਹੋਰ ਨੇ 25 ਸਾਲ ਜੰਮੂ-ਕਸ਼ਮੀਰ ਪੁਲਿਸ 'ਚ ਡਿਊਟੀ ਵੀ ਨਿਭਾਈ ਹੈ, ਨੂੰ ਵੀ ਅੱਜ ਭਾਰਤ ਤੋਂ ਪਾਕਿਸਤਾਨ ਭੇਜ ਦਿੱਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਹਸਪਤਾਲਾਂ 'ਚ ਇਲਾਜ਼ ਕਰਵਾ ਰਹੇ ਲੋਕਾਂ ਨੂੰ ਵੀ ਜੰਮੂ-ਕਸ਼ਮੀਰ ਪੁਲਿਸ ਨੇ ਜ਼ਬਰੀ ਚੁੱਕ ਕੇ ਇਥੇ ਲਿਆਂਦਾ। ਕਈਆਂ ਨੂੰ ਘਰਾਂ ਤੇ ਦੁਕਾਨਾਂ 'ਤੇ ਕੰਮ ਕਰਦਿਆਂ ਨੰਗੇ ਪੈਰੀਂ ਗੰਦੇ ਕੱਪੜਿਆਂ 'ਚ



ਅਟਾਰੀ ਸਰਹੱਦ 'ਤੇ ਆਪਣੇ ਬੱਚੇ ਨੂੰ ਛੱਡ ਕੇ ਜਾਣ 'ਤੇ ਰੋਂਦੀ ਹੋਈ ਪਾਕਿਸਤਾਨੀ ਮਾਂ।

(ਦੇਖੋ ਸਫ਼ਾ 33 'ਤੇ)

## ਸਵੱਦੀ ਪਰਿਵਾਰ ਨੂੰ ਭਾਰੀ ਸਦਮਾ
## ਜਥੇਦਾਰ ਮੇਜਰ ਸਿੰਘ ਸਵੱਦੀ ਨਹੀਂ ਰਹੇ



(ਦੇਖੋ ਸਫ਼ਾ 23 'ਤੇ)

## ਸ਼ੰਭੂ-ਖਨੌਰੀ ਮੋਰਚੇ ਦੇ ਆਗੂਆਂ 'ਤੇ ਲੱਗੇ ਕਰੋੜਾਂ ਦੇ ਘਪਲੇ ਦੇ ਇਲਜ਼ਾਮ
### ਡੱਲੇਵਾਲ, ਕਾਕਾ ਕੋਟੜਾ ਤੇ ਕੋਹਾੜ ਨੇ ਅੰਦੋਲਨ ਦੇ ਨਾਂ 'ਤੇ ਕਰੋੜਾਂ ਦਾ ਕੀਤਾ ਗਬਨ : ਇੰਦਰਜੀਤ ਸਿੰਘ ਕੋਟ ਬੁੱਢਾ



ਚੰਡੀਗੜ੍ਹ : ਤਿੰਨ ਖੇਤੀ ਕਾਨੂੰਨਾਂ ਬਾਰੇ ਇਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਅੰਦੋਲਨ 'ਚ ਦੇਸ਼-ਵਿਦੇਸ਼ ਤੋਂ ਆਈ ਡੋਨੇਸ਼ਨ ਬਾਰੇ ਕਿਸਾਨ ਜਥੇਬੰਦੀਆਂ 'ਚ ਉੱਠੇ ਮਤਭੇਦਾਂ ਤੋਂ ਬਾਅਦ ਹੁਣ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਲਈ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਇਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਅੰਦੋਲਨ 'ਚ ਵੀ ਉਸੇ ਤਰ੍ਹਾਂ ਦੇ ਦੋਸ਼ ਦੁਹਰਾਏ ਜਾਣ ਲੱਗੇ ਹਨ। ਵੱਡੀ ਗੱਲ ਇਹ ਹੈ ਕਿ ਲੰਗਰ ਦੀ ਰਸਦ ਵੇਚਣ ਤੇ ਲੋਕਾਂ ਤੋਂ ਕੀਤੀ ਉਗਰਾਹੀ ਦੇ ਪੈਸਿਆਂ ਦਾ ਹਿਸਾਬ ਨਾ ਮਿਲਣ ਵਰਗੇ ਦੋਸ਼ ਬਾਹਰੋਂ ਨਹੀਂ ਲੱਗ ਰਹੇ ਬਲਕਿ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਨੇਤਾ ਹੀ

(ਦੇਖੋ ਸਫ਼ਾ 29 'ਤੇ)

## ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਪਦਮ ਸ੍ਰੀ ਪੁਰਸਕਾਰ ਨਾਲ ਨਿਵਾਜਿਆ

ਸ੍ਰੀ ਅਨੰਦਪੁਰ ਸਾਹਿਬ : ਸਿੱਖ ਕੌਮ ਦੀ ਮਹਾਨ ਪੰਥਕ ਸ਼ਖਸ਼ੀਅਤ ਅਤੇ ਪ੍ਰਸਿੱਧ ਕੀਰਤਨੇ ਆਪਣੀ ਮਿੱਠੀ ਆਵਾਜ਼ ਤੇ ਰਸ ਪੀਨਾ ਕੀਰਤਨ ਰਾਹੀਂ ਮਨ ਅਤੇ ਗੁਰੂ ਸ਼ਬਦ ਨਾਲ ਜੋੜਨ ਵਾਲੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਭਾਰਤ ਸਰਕਾਰ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੁਰ ਵੱਲੋਂ ਪਦਮ ਸ੍ਰੀ ਪੁਰਸਕਾਰ ਦੇ ਕੇ ਨਿਵਾਜਿਆ ਹੈ ਜੋ ਕਿ ਸਿੱਖ ਕੌਮ ਲਈ ਬਹੁਤ ਵੱਡੀ ਗੱਲ ਹੈ ਭਾਵੇਂ ਕਿ ਸਮੁੱਚੀਆਂ



### ਸਿੱਖ ਪੰਥ ਦੇ ਮਹਾਨ ਕੀਰਤਨੀ ਨੂੰ ਪਦਮ ਸ਼੍ਰੀ ਪੁਰਸਕਾਰ ਮਿਲਣਾ ਕੌਮ ਲਈ ਮਾਣ ਵਾਲੀ ਗੱਲ

ਹੀ ਇਤਿਹਾਸਕ ਨਾਮੀ ਕੀਰਤਨ ਅਤੇ ਪੰਥ ਕੋਲ ਪ੍ਰਸਿੱਧ ਕਥਾਵਾਚਕ ਹਨ ਪਰ ਭਾਰਤ ਸਰਕਾਰ ਵੱਲੋਂ ਪਦਮ ਸ਼੍ਰੀ ਪੁਰਸਕਾਰ ਦੇ ਕੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਦਾ ਜੋ ਮਾਣ ਭਾਰਤ ਸਰਕਾਰ ਵੱਲੋਂ ਵਧਾਇਆ ਗਿਆ ਹੈ ਜਿਸ ਲਈ ਚਾਰੇ ਪਾਸੇ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਦੱਸ ਦਈਏ ਕਿ ਵੱਖ-ਵੱਖ ਦੇਸ਼ਾਂ ਵਿੱਚ ਭਾਈ ਹਰਜਿੰਦਰ ਸਿੰਘ ਜੀ ਕੀਰਤਨ ਕਰਨ ਦੇ ਲਈ ਅਕਸਰ ਹੀ ਜਾਂਦੇ ਆਉਂਦੇ ਰਹਿੰਦੇ ਹਨ ਪਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨ ਦੇ ਵਿੱਚ ਅਤੇ ਆਪਣੇ ਧਰਮ ਦੇ ਨਾਲ ਗੁਰੂ ਵਾਲਾ ਬਣਨ

(ਦੇਖੋ ਸਫ਼ਾ 19 'ਤੇ)

## ਹਰਿਆਣਾ ਲਈ ਪਾਣੀ ਛੱਡਣ ਦੇ ਆਦੇਸ਼ ਤੋਂ ਬਾਅਦ ਮਾਮਲਾ ਗਰਮਾਇਆ



### ਪੰਜਾਬ ਸਰਕਾਰ ਨੇ ਨੰਗਲ ਡੈਮ 'ਤੇ ਸੁਰੱਖਿਆ ਵਧਾਈ

ਚੰਡੀਗੜ੍ਹ : ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨੇ ਅੱਜ ਪੰਜਾਬ ਸਰਕਾਰ ਦੇ ਸਖ਼ਤ ਵਿਰੋਧ ਦੇ ਬਾਵਜੂਦ ਹਰਿਆਣਾ ਨੂੰ ਭਾਖੜਾ ਡੈਮ 'ਚੋਂ ਫ਼ੌਰੀ 8500 ਕਿਊਸਿਕ ਵਾਧੂ ਪਾਣੀ ਦੇਣ ਦਾ ਫ਼ੈਸਲਾ ਕੀਤਾ ਹੈ। ਕੇਂਦਰੀ ਬਿਜਲੀ ਮੰਤਰਾਲੇ ਦੀ ਹਦਾਇਤ 'ਤੇ ਅੱਜ ਬੀਬੀਐੱਮ ਦੇ ਬੋਰਡ ਦੀ ਇੱਥੇ ਕਰੀਬ ਸਾਢੇ ਪੰਜ ਘੰਟੇ ਮੀਟਿੰਗ ਚੱਲੀ, ਜਿਸ ਵਿੱਚ ਪੰਜਾਬ ਤੇ ਹਰਿਆਣਾ ਆਹਮੋ-ਸਾਹਮਣੇ ਰਹੇ। ਚੇਅਰਮੈਨ ਮਨੋਜ ਤ੍ਰਿਪਾਠੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਤਲਖ਼ ਮਾਹੌਲ ਬਣਿਆ ਰਿਹਾ। ਬੀਬੀਐੱਮਬੀ ਦੇ ਇਸ ਫ਼ੈਸਲੇ ਤੋਂ ਪੰਜਾਬ 'ਚ

(ਦੇਖੋ ਸਫ਼ਾ 16 'ਤੇ)

Bhatia & Co, Inc
Bhatia & Co, Inc Certified Public Accountants
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
International Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Bhatia & Co, Inc Certified Public Accountants
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
BHHS Berkshire Hathaway HomeServices
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

Punjabi International Services Inc
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ - ਸਿਟੀਜਨਸ਼ਿਪ - ਗਰੀਨਕਾਰਡ
Family Petition Immigration
Travel document - Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਟਰੱਕ ਚਲਾਉਣਾ ਤਾਂ ਸਿੱਖਣੀ ਪਵੇਗੀ ਅੰਗਰੇਜ਼ੀ ! ਸਰਕਾਰ ਨੇ ਜਾਰੀ ਕਰਤੇ ਨਵੇਂ ਹੁਕਮ

## - ਸਿੱਖ ਟਰੱਕ ਡਰਾਈਵਰਾਂ 'ਚ ਵਧੀ ਚਿੰਤਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਫ਼ੈਸਲਿਆਂ ਕਾਰਨ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਹੁਣ ਉਨ੍ਹਾਂ ਨੇ ਇੱਕ ਕਾਰਜਕਾਰੀ ਹੁਕਮ 'ਤੇ ਦਸਤਖਤ ਕੀਤੇ ਹਨ, ਜਿਸ ਨਾਲ ਦੇਸ਼ ਵਿੱਚ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨਾ ਲਾਜ਼ਮੀ ਹੋ ਗਿਆ ਹੈ। ਟਰੰਪ ਦੇ ਇਸ ਫ਼ੈਸਲੇ ਨਾਲ ਪੰਜਾਬੀ ਭਾਈਚਾਰੇ 'ਚ ਚਿੰਤਾ ਪਾਈ ਜਾ ਰਹੀ ਹੈ।



ਇਨ੍ਹਾਂ ਸਮੂਹਾਂ ਨੇ ਕਿਹਾ ਹੈ ਕਿ ਇਸ ਹੁਕਮ ਦਾ ਸਿੱਖ ਭਾਈਚਾਰੇ ਦੇ ਟਰੱਕ ਡਰਾਈਵਰਾਂ 'ਤੇ 'ਪੱਖਪਾਤੀ ਪ੍ਰਭਾਵ' ਪੈ ਸਕਦਾ ਹੈ ਅਤੇ ਰੁਜ਼ਗਾਰ ਵਿੱਚ ਬੇਲੋੜੀਆਂ ਰੁਕਾਵਟਾਂ ਪੈਦਾ ਹੋ ਸਕਦੀਆਂ ਹਨ। 'ਅਮਰੀਕਾ ਦੇ ਟਰੱਕ ਡਰਾਈਵਰਾਂ ਲਈ ਸੜਕ ਦੇ ਸਾਂਝੇ ਨਿਯਮਾਂ ਨੂੰ ਲਾਗੂ ਕਰਨਾ' ਹੈਡਿੰਗ ਵਾਲੇ ਇਸ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਦੇ ਟਰੱਕ ਡਰਾਈਵਰ ਦੇਸ਼ ਦੀ ਆਰਥਿਕਤਾ, ਇਸ ਦੀ ਸੁਰੱਖਿਆ ਅਤੇ ਅਮਰੀਕੀ ਲੋਕਾਂ ਦੀ ਰੋਜ਼ੀ-ਰੋਟੀ ਦੀ ਮਜ਼ਬੂਤੀ 'ਚ ਅਹਿਮ ਯੋਗਦਾਨ ਪਾਉਂਦੇ ਹਨ।

ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ, 'ਪੇਸ਼ੇਵਰ ਡਰਾਈਵਰਾਂ ਲਈ ਅੰਗਰੇਜ਼ੀ ਵਿੱਚ ਮੁਹਾਰਤ ਇੱਕ ਸੁਰੱਖਿਆ ਲੋੜ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਟਰੈਫਿਕ ਸਾਈਨ ਨੂੰ ਪੜ੍ਹਨ ਅਤੇ ਸਮਝਣ, ਟਰੈਫਿਕ ਸੁਰੱਖਿਆ, ਸਰਹੱਦੀ ਗਸ਼ਤ, ਖੇਤੀਬਾੜੀ ਚੌਕੀਆਂ ਅਤੇ ਮਾਲ-ਵਜ਼ਨ-ਸੀਮਾ ਸਟੇਸ਼ਨ ਅਧਿਕਾਰੀਆਂ ਨਾਲ ਸੰਚਾਰ ਕਰਨ ਦੇ ਯੋਗ ਹੋਣਾ ਚਾਹੀਦਾ ਹੈ।'

ਟਰੰਪ ਨੇ ਅੰਗਰੇਜ਼ੀ ਨੂੰ ਸੰਯੁਕਤ ਰਾਜ ਦੀ ਅਧਿਕਾਰਤ ਰਾਸ਼ਟਰੀ ਭਾਸ਼ਾ ਐਲਾਨਿਆ ਹੈ। 'ਸਿੱਖ ਕੋਲਿਜ਼ਨ' ਸੰਗਠਨ ਨੇ ਕਿਹਾ ਕਿ ਉਹ ਟਰੰਪ ਦੇ ਆਦੇਸ਼ਾਂ ਕਾਰਨ ਚਿੰਤਾ 'ਚ ਹਨ। ਉਨ੍ਹਾਂ ਕਿਹਾ ਕਿ ਅਸੀਂ ਸਮਝਦੇ ਹਾਂ ਕਿ ਇਹ ਆਦੇਸ਼ ਟਰਾਂਸਪੋਰਟ ਮੰਤਰੀ ਸੀਨ ਡਫੀ ਨੂੰ 'ਅੰਗਰੇਜ਼ੀ ਮੁਹਾਰਤ ਦੀ ਜ਼ਰੂਰਤ ਦੀ ਪਾਲਣਾ ਲਈ ਨਿਰੀਖਣ ਪ੍ਰਕਿਰਿਆਵਾਂ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕਣ ਲਈ ਨਿਰਦੇਸ਼ ਦੇਵੇਗਾ।'

ਸਿੱਖ ਸਮੂਹ ਨੇ ਕਿਹਾ ਕਿ ਕਾਰਜਕਾਰੀ ਆਦੇਸ਼ ਸਿੱਖ ਭਾਈਚਾਰੇ ਲਈ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ ਜਿਸ ਦੀ ਅਮਰੀਕੀ ਟਰੱਕਿੰਗ ਉਦਯੋਗ ਵਿੱਚ ਮਜ਼ਬੂਤ ਮੌਜੂਦਗੀ ਹੈ। ਇਸ ਵਿੱਚ 'ਦਿ ਇਕਨਾਮਿਸਟ' ਦੀ ਇੱਕ ਰਿਪੋਰਟ ਦਾ ਹਵਾਲਾ ਦਿੱਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਦੇਸ਼ ਦੇ ਟਰੱਕ ਸੰਚਾਲਨ ਉਦਯੋਗ ਵਿੱਚ ਲਗਭਗ 1,50,000 ਸਿੱਖ ਕੰਮ ਕਰਦੇ ਹਨ, ਜਿਨ੍ਹਾਂ ਵਿੱਚੋਂ 90 ਫੀਸਦੀ ਡਰਾਈਵਰ ਹਨ। ਸਮੂਹ ਨੇ ਕਿਹਾ, 'ਸਾਨੂੰ ਚਿੰਤਾ ਹੈ ਕਿ ਇਸ ਹੁਕਮ ਦਾ ਸਿੱਖ ਟਰੱਕ ਡਰਾਈਵਰਾਂ 'ਤੇ ਵਿਤਕਰਾਪੂਰਨ ਪ੍ਰਭਾਵ ਪੈ ਸਕਦਾ ਹੈ ਅਤੇ ਯੋਗ ਵਿਅਕਤੀਆਂ ਲਈ ਰੁਜ਼ਗਾਰ ਪ੍ਰਾਪਤ ਕਰਨ ਲਈ ਬੇਲੋੜੀਆਂ ਰੁਕਾਵਟਾਂ ਪੈਦਾ ਹੋ ਸਕਦੀਆਂ ਹਨ।'


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?



Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.



OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਨਿਊਯਾਰਕ 'ਚ ਉਤਸ਼ਾਹ ਨਾਲ ਮਨਾਇਆ ਡਾ. ਅੰਬੇਡਕਰ ਦਾ ਜਨਮ ਦਿਵਸ, ਐਮਪੀ ਚੰਦਰ ਸ਼ੇਖਰ ਨੇ ਭਰੀ ਹਾਜ਼ਰੀ






ਨਿਊਯਾਰਕ : ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰਦੁਆਰਾ ਸਾਹਿਬ ਵਿਖੇ ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰ ਤੋਂ ਆਸਾ ਦੀ ਵਾਰ ਦਾ ਕੀਰਤਨ ਗਾਇਨ ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਹੋਏ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਅਤੇ ਦੂਰ-ਦੁਰਾਡੇ ਤੋਂ ਉਚੇਚੇ ਤੌਰ 'ਤੇ ਪਹੁੰਚੇ ਬੁਲਾਰਿਆਂ ਨੇ ਸੰਗਤਾਂ ਨਾਲ ਬਾਬਾ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ, ਜਿਨ੍ਹਾਂ 'ਚ ਇੰਡੀਆ ਤੋਂ ਅਮਰੀਕੀ ਦੌਰੇ ਦੌਰਾਨ ਆਏ ਚੰਦਰ ਸ਼ੇਖਰ ਆਜ਼ਾਦ ਮੈਂਬਰ ਪਾਰਲੀਮੈਂਟ ਨਗੀਨਾ ਯੂ. ਪੀ ਨੇ ਵੀ ਵਿਸ਼ੇਸ਼ ਹਾਜ਼ਰੀ ਭਰੀ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਸਾਹਿਬ ਦੇ ਜਨਮ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਦਲਿਤ ਸਮਾਜ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧਤਾ ਦਿਖਾਈ। ਗੁਰੂ ਘਰ ਵਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਤੇ ਸਿਰੋਪਾਓ ਭੇਂਟ ਕੀਤੇ ਗਏ।

ਇਸ ਤੋਂ ਇਲਾਵਾ ਵਿਨੋਦ ਚੁੰਬਰ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਕੈਲੇਫੋਰਨੀਆ, ਉੱਘੇ ਪ੍ਰੋਮੋਟਰ ਜੱਸੀ ਬੰਗਾ ਫਾਊਂਡਰ ਸੈਕਰਾਮੈਂਟੋ ਗੁਰਦੁਆਰਾ ਰਿਓ ਲਿੰਡਾ ਦੇ ਟੀਮ ਮੈਂਬਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਉਪਰੰਤ ਕੈਨੇਡਾ ਤੋਂ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਨੇ ਆਪਣੇ ਮਿਸ਼ਨਰੀ ਗੀਤਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਜਿੱਥੇ ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਦਿਲਬਾਗ ਸਿੰਘ ਭਾਈ ਰੂਪ ਸਿੰਘ ਭਾਈ ਸਰਬਜੀਤ ਸਿੰਘ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਜੋੜਿਆ, ਉਥੇ ਇੰਡੀਆ ਤੋਂ ਆਏ ਸੰਤ ਜੀਤ ਦਾਸ ਤੇ ਉਨ੍ਹਾਂ ਨਾਲ ਗਿਆਨੀ ਪ੍ਰਿਤਪਾਲ ਤੇ ਭਾਈ ਸੰਦੀਪ ਕੁਮਾਰ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਕਥਾ ਵਿਚਾਰਾਂ ਨਾਲ ਨਿਹਾਲ ਕੀਤਾ।

ਇਸ ਮੌਕੇ ਮਿਸ਼ਨਰੀ ਲੇਖਕ ਰਾਜੇਸ਼ ਭਬਿਆਣਾ ਦੀ ਨਵ ਪ੍ਰਕਾਸ਼ਿਤ ਕਿਤਾਬ "ਸਾਹਿਬ ਕਾਸ਼ੀ ਰਾਮ ਜੀ, ਜੀਵਨੀ ਤੇ ਸੰਘਰਸ਼" ਵੀ ਰਿਲੀਜ਼ ਕੀਤੀ ਗਈ। ਗੁਰੂ ਘਰ ਦੇ ਪ੍ਰਧਾਨ ਪਰਮਜੀਤ ਕਮਾਮ ਨੇ ਸੰਖੇਪ ਸ਼ਬਦਾਂ ਵਿੱਚ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਮਾਗਮ ਆਪ ਸੰਗਤਾਂ ਦੇ ਸਹਿਯੋਗ ਨਾਲ ਹੀ ਵਧੀਆ ਹੋ ਸਕਦੇ ਹਨ। ਸਮਾਗਮ ਦੀ ਸਟੇਜ ਸੰਚਾਲਨਾ ਜੁਆਇੰਟ ਸੈਕਟਰੀ ਬਲਵਿੰਦਰ ਭੌਰਾ ਨੇ ਬਾਖੂਬੀ ਨਿਭਾਈ।

# ਮਿਡਵੈਸਟ ਸਿੱਖ ਗੁਰਦੁਆਰਾ ਸਾਹਿਬ ਕੈਨਸਸ ਸਿਟੀ 'ਚ ਖਾਲਸੇ ਪੰਥ ਦਾ ਜਨਮ ਦਿਹਾੜਾ ਚੜ੍ਹਦੀ ਕਲਾ ਨਾਲ ਮਨਾਇਆ ਗਿਆ



ਸੈਕਰਾਮੈਂਟੋ/ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਮਿਡਵੈਸਟ ਸਿੱਖ ਗੁਰਦੁਆਰਾ ਸਾਹਿਬ( ਕੈਨਸਸ ਸਿਟੀ) ਦੀ ਪ੍ਰਬੰਧਕ ਕਮੇਟੀ ਅਤੇ ਸਮੁੱਚੀਆਂ ਸਿੱਖ ਸੰਗਤਾਂ ਵੱਲੋਂ ਖਾਲਸੇ ਪੰਥ ਦਾ ਜਨਮ ਦਿਹਾੜਾ 25, 26 ਅਤੇ 27 ਅਪ੍ਰੈਲ ਨੂੰ ਬਹੁਤ ਚੜ੍ਹਦੀ ਕਲਾ ਨਾਲ ਮਨਾਇਆ ਗਿਆ ।

26 ਅਪ੍ਰੈਲ ਨੂੰ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਵਿੱਚ ਉਚੇਚੇ ਤੌਰ ਤੇ ਨੌਜਵਾਨ ਪੰਥਕ ਢਾਡੀ ਜੱਥਾ ਸੰਦੀਪ ਸਿੰਘ ਲੁਹਾਰਾ (ਕੈਲੀਫੋਰਨੀਆਂ) ਵਾਲਿਆਂ ਦੇ ਢਾਡੀ ਜੱਥੇ ਨੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੀਆਂ ਜੋਸ਼ੀਲੀਆਂ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਨਦੀਪ ਸਿੰਘ ਲੁਧਿਆਣੇ ਵਾਲਿਆਂ ਦੇ ਰਾਗੀ ਜੱਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ। ਗੁਰਦੁਆਰਾ ਸਾਹਿਬ ਦੇ ਸੈਕਟਰੀ ਸੁੱਖਮੰਦਰ ਸਿੰਘ ਪੂਨੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖ ਕੌਮ ਨੂੰ ਸੰਦੀਪ ਸਿੰਘ ਲੁਹਾਰਾ ਵਰਗੇ ਨੌਜਵਾਨ ਢਾਡੀ ਜੱਥਿਆਂ ਦੀ ਲੋੜ ਹੈ ਜੋ ਆਪਣੀ ਕੌਮ ਦਾ ਅਸਲ ਇਤਿਹਾਸ ਤੇ ਬੀਰ-ਰਸੀ ਢਾਡੀ ਵਾਰਾਂ ਸਿੱਖ ਸੰਗਤਾਂ ਨੂੰ ਸੁਣਾਕੇ ਆਪਣੇ ਗੁਰੂਆਂ ਅਤੇ ਸ਼ਹੀਦਾਂ ਦੀਆਂ ਮਹਾਨ ਕੁਰਬਾਨੀਆਂ ਤੋਂ ਜਾਣੂੰ ਕਰਵਾ ਸਕਣ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਤਰਲੋਕ ਸਿੰਘ ਬੱਲ, ਸੈਕਟਰੀ ਸੱਖਮੰਦਰ ਸਿੰਘ ਬੱਲ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਲੁਹਾਰਾ ਦੇ ਢਾਡੀ ਜੱਥੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰੂ ਕੇ ਲੰਗਰਾਂ ਦੇ ਸਟਾਲਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਗਈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 'ਚ ਮਹਾਨ ਸਿੱਖ ਜਰਨੈਲ ਜਥੇਦਾਰ ਬਾਬਾ ਬਘੇਲ ਸਿੰਘ ਦੇ ਨਾਂਅ 'ਤੇ ਸਥਾਪਿਤ ਹੋਵੇਗੀ ਚੇਅਰ : ਬਾਬਾ ਸੱਜਣ ਸਿੰਘ



ਬਾਬਾ ਸੱਜਣ ਸਿੰਘ, ਨਰਿੰਦਰਪਾਲ ਸਿੰਘ ਹੁੰਦਲ, ਡਾ. ਕਰਮਜੀਤ ਸਿੰਘ

ਸਾਨ ਫਰਾਂਸਿਸਕੋ : ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ ਤੇ ਨਿਊਯਾਰਕ ਤੇ ਗੁਰੂ ਰਾਮਦਾਸ ਅਕੈਡਮੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੁੱਖ ਸੰਚਾਲਕ ਬਾਬਾ ਸੱਜਣ ਸਿੰਘ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖ ਪੰਥ ਦੇ ਮਹਾਨ ਜਰਨੈਲ ਜਥੇਦਾਰ ਬਾਬਾ ਬਘੇਲ ਸਿੰਘ ਜੀ ਦੇ ਨਾਮ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੇਅਰ ਸਥਾਪਤ ਕੀਤੀ ਜਾਵੇਗੀ ਜਿਸ ਸਬੰਧੀ ਚਾਰਾਜੋਈ ਆਰੰਭ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਬਾਬਾ ਬਘੇਲ ਸਿੰਘ ਜੀ ਨੇ ਦਿੱਲੀ ਫ਼ਤਿਹ ਕਰਕੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਸੀ ਅਤੇ ਫਿਰ ਉਸ ਵੇਲੇ ਦੇ ਬਾਦਸ਼ਾਹ ਸ਼ਾਹ ਆਲਮ ਨੂੰ ਆਪਣਾ ਕੈਦੀ ਬਣਾ ਲਿਆ ਤਾਂ ਉਸ ਦੀ ਬੇਗਮ ਸਮਰੂ ਵਲੋਂ ਸਮਝੌਤੇ ਦੀ ਪੇਸ਼ਕਸ਼ ਵਿਚ ਦਿੱਲੀ ਸਥਿੱਤ ਗੁਰੂ ਸਾਹਿਬਾਨ ਦੇ ਚਰਨ ਛੋਹ ਪ੍ਰਾਪਤ ਅਸਥਾਨ ਜਿੱਥੇ ਮਸੀਤਾਂ/ਮਸਜਿਦਾਂ ਉਸਾਰ ਦਿੱਤੀਆਂ ਗਈਆਂ ਸਨ, ਦੀ ਨਿਸ਼ਾਨਦੇਹੀ ਕਰਵਾ ਕੇ ਗੁਰਦੁਆਰਾ ਸਾਹਿਬਾਨ ਸਥਾਪਤ ਕਰਵਾਏ। ਪਰ ਇਤਿਹਾਸਕਾਰਾਂ ਨੇ ਉਸ ਮਹਾਨ ਜਰਨੈਲ ਨੂੰ ਅਣਗੌਲਿਆਂ ਕਰ ਛੱਡਿਆ। ਇੱਥੇ ਦੱਸਣਯੋਗ ਹੈ ਕਿ ਦਿੱਲੀ ਫਤਿਹ ਦਿਵਸ ਮੌਕੇ ਬਾਬਾ ਜੀ ਨੇ ਐਲਾਨ ਕੀਤਾ ਕਿ ਜਥੇਦਾਰ ਬਾਬਾ ਬਘੇਲ ਸਿੰਘ ਜੀ ਨੇ ਦਿੱਲੀ ਫਤਿਹ ਕਰਨ ਜਾਣ ਸਮੇਂ ਆਪਣੇ ਜੱਦੀ ਪਿੰਡ ਝਬਾਲ ਤੋਂ ਚੱਲ ਕੇ ਬੰਡਾਲਾ (ਅੰਮ੍ਰਿਤਸਰ) ਵਿਖੇ ਪਹਿਲਾ ਪੜਾਅ ਕੀਤਾ ਤੇ ਇਸੇ ਪਿੰਡ ਦੇ ਉਹਨਾਂ ਦੇ ਇਕ ਜਰਨੈਲ ਮਿਹਰ ਸਿੰਘ ਦੀ ਛੇਵੀਂ ਪੀੜ੍ਹੀ ਦੇ ਵਾਰਿਸ ਨਰਿੰਦਰਪਾਲ ਸਿੰਘ ਹੁੰਦਲ ਵਲੋਂ ਦਾਨ ਕੀਤੀ ਗਈ ਜ਼ਮੀਨ ਉੱਤੇ ਯਾਦਗਾਰ ਉਸਾਰੀ ਜਾ ਰਹੀ ਹੈ ਤੇ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਚੇਅਰ ਵੀ ਸਥਾਪਤ ਕਰਨਾ ਚਾਹੁੰਦੇ ਹਨ। ਇਸ ਖਬਰ ਨੂੰ ਸੁਣਦਿਆਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਤੇ ਅਸਿਸਟੈਂਟ ਰਜਿਸਟਰਾਰ ਹਰਇਕਬਾਲ ਸਿੰਘ ਨੇ ਬਾਬਾ ਸੱਜਣ ਸਿੰਘ ਦੋ ਘੰਟੇ ਦੇ ਕਰੀਬ ਲੰਬਾ ਸਮਾਂ ਇਸ ਸਬੰਧੀ ਖੁੱਲ ਕੇ ਵਿਚਾਰਾਂ ਕੀਤੀਆਂ। ਬਾਬਾ ਸੱਜਣ ਸਿੰਘ ਜੀ ਨੇ ਦੋਵਾਂ ਸਖਸ਼ੀਅਤਾਂ ਨੂੰ ਹਵਾਈ ਟਿਕਟਾਂ ਤੇ ਟੂਰ ਦੇ ਸਾਰੇ ਖਰਚ ਦੀ ਪੇਸ਼ਕਸ਼ ਕਰਦਿਆਂ ਅਮਰੀਕਾ ਆ ਕੇ ਗੁਰਦੁਆਰਾ ਸੰਤ ਸਾਗਰ ਨਿਊਯਾਰਕ ਤੇ ਸੈਕਰਾਮੈਂਟੋ ਦੀਆਂ ਸੰਗਤਾਂ ਨਾਲ ਚੇਅਰ ਸਬੰਧੀ ਵਿਚਾਰ ਸਾਂਝੇ ਕਰਨ ਲਈ ਆਉਣ ਦਾ ਸੱਦਾ ਦਿੱਤਾ ਜਿਸ ਨੂੰ ਦੋਵਾਂ ਵਿਦਵਾਨਾਂ ਨੇ ਕਬੂਲ ਕੀਤਾ।

# ਕਾਰਨੀ ਅਤੇ ਟਰੰਪ ਜਲਦ ਕਰਨਗੇ ਮੁਲਾਕਾਤ



ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨੇੜਲੇ ਭਵਿੱਖ ਵਿੱਚ ਇੱਕ ਦੂਜੇ ਨੂੰ ਨਿੱਜੀ ਤੌਰ 'ਤੇ ਮਿਲਣ ਲਈ ਸਹਿਮਤੀ ਦਿੱਤੀ ਹੈ। ਪ੍ਰਧਾਨ ਮੰਤਰੀ ਦਫ਼ਤਰ ਤੋਂ ਜਾਰੀ ਇੱਕ ਬਿਆਨ ਦੇ ਅਨੁਸਾਰ ਕਾਰਨੀ ਨੇ ਸੋਮਵਾਰ ਨੂੰ ਸੰਸਦੀ ਚੋਣਾਂ ਵਿੱਚ ਆਪਣੀ ਜਿੱਤ ਤੋਂ ਇੱਕ ਦਿਨ ਬਾਅਦ ਮੰਗਲਵਾਰ ਨੂੰ ਟਰੰਪ ਨਾਲ ਗੱਲ ਕੀਤੀ, ਜਿਸ ਵਿੱਚ ਟੈਰਿਫ ਅਤੇ ਅਮਰੀਕਾ ਤੋਂ ਕਬਜ਼ੇ ਦੀਆਂ ਧਮਕੀਆਂ ਵਰਗੇ ਮੁੱਦੇ ਪ੍ਰਮੁੱਖ ਸਨ।

ਰਿਲੀਜ਼ ਵਿੱਚ ਕਿਹਾ ਗਿਆ ਹੈ ਕਿ ਦੋਵੇਂ ਨੇਤਾ ਕੈਨੇਡਾ ਅਤੇ ਅਮਰੀਕਾ ਦੇ ਸੁਤੰਤਰ, ਪ੍ਰਭੂਸੱਤਾ ਸੰਪੰਨ ਦੇਸ਼ਾਂ ਵਜੋਂ ਇਕੱਠੇ ਕੰਮ ਕਰਨ ਦੇ ਮਹੱਤਵ 'ਤੇ ਸਹਿਮਤ ਹੋਏ। ਕਾਰਨੀ ਨੇ ਆਪਣੇ ਜਿੱਤ ਦੇ ਭਾਸ਼ਣ ਦੌਰਾਨ ਕਈ ਵਾਰ ਕੈਨੇਡਾ-ਅਮਰੀਕਾ ਸਬੰਧਾਂ ਦਾ ਜ਼ਿਕਰ ਕੀਤਾ, ਕੈਨੇਡੀਅਨਾਂ ਨੂੰ ਅਮਰੀਕਾ ਨਾਲ ਚੱਲ ਰਹੀ ਦੁਸ਼ਮਣੀ ਕਾਰਨ ਪੈਦਾ ਹੋਈਆਂ ਚੁਣੌਤੀਆਂ ਦੀ ਯਾਦ ਦਿਵਾਈ।

ਮਾਰਕ ਕਾਰਨੀ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਦੇਸ਼ ਅਮਰੀਕਾ ਤੋਂ ਸਤਿਕਾਰ ਦਾ ਹੱਕਦਾਰ ਹੈ ਅਤੇ ਜੇਕਰ ਕੈਨੇਡਾ ਅਤੇ ਅਮਰੀਕਾ ਵਿਚਕਾਰ ਕੋਈ ਵਪਾਰ ਜਾਂ ਸੁਰੱਖਿਆ ਸਮਝੌਤਾ ਹੁੰਦਾ ਹੈ, ਤਾਂ ਇਹ ਸਿਰਫ਼ ਉਨ੍ਹਾਂ ਦੀਆਂ ਸ਼ਰਤਾਂ 'ਤੇ ਹੋਵੇਗਾ। ਕਾਰਨੀ ਨੇ ਅੱਗੇ ਕਿਹਾ, 'ਅਸੀਂ ਉਨ੍ਹਾਂ ਦੇਸ਼ਾਂ ਨਾਲ ਬਿਹਤਰ ਸਾਂਝੇਦਾਰੀ ਕਰ ਸਕਦੇ ਹਾਂ ਜੋ ਸਾਡੇ ਵਾਂਗ ਸੋਚਦੇ ਹਨ। ਰੱਖਿਆ ਸਾਂਝੇਦਾਰੀ ਬਾਰੇ ਸੋਚੋ। ਇਨ੍ਹਾਂ 'ਤੇ ਗੱਲਬਾਤ ਹੁਣੇ ਸ਼ੁਰੂ ਹੋਈ ਹੈ ਅਤੇ ਇਸ ਦਿਸ਼ਾ ਵਿੱਚ ਬਹੁਤ ਕੁਝ ਕੀਤਾ ਜਾ ਸਕਦਾ ਹੈ।'

# ਅਮਰੀਕਾ 'ਚ ਗੜੇਮਾਰੀ ਅਤੇ ਤੂਫਾਨ ਨਾਲ ਤਬਾਹੀ, ਸ਼ਕਤੀਸ਼ਾਲੀ ਤੂਫਾਨ ਦੀ ਸੰਭਾਵਨਾ



ਮਿਨੀਆਪੋਲਿਸ (ਅਮਰੀਕਾ) : ਅਮਰੀਕਾ ਦੇ ਮੱਧ-ਪੱਛਮੀ ਹਿੱਸੇ ਵਿੱਚ ਸੋਮਵਾਰ ਨੂੰ ਤੂਫਾਨਾਂ ਨੇ ਬਿਜਲੀ ਅਤੇ ਗੜੇਮਾਰੀ ਕੀਤੀ, ਜਿਸ ਨਾਲ ਸ਼ਕਤੀਸ਼ਾਲੀ ਤੂਫਾਨ ਆਉਣ ਦੀ ਸੰਭਾਵਨਾ ਹੈ। ਰਾਸ਼ਟਰੀ ਮੌਸਮ ਸੇਵਾ ਨੇ ਕਿਹਾ ਕਿ ਸਭ ਤੋਂ ਵੱਧ ਖ਼ਤਰਾ ਦੱਖਣੀ ਮਿਨੀਸੋਟਾ ਦੇ ਕੁਝ ਹਿੱਸਿਆਂ ਵਿੱਚ ਸੀ, ਜਿਸ ਵਿੱਚ ਮਿਨੀਆਪੋਲਿਸ ਖੇਤਰ, ਉੱਤਰੀ ਆਇਓਵਾ ਅਤੇ ਪੱਛਮੀ ਵਿਸਕਾਨਸਿਨ ਸ਼ਾਮਲ ਹਨ। ਇਹਨਾਂ ਖੇਤਰਾਂ ਵਿੱਚ ਇੱਕ ਤੋਂ ਪੰਜ ਦੇ ਪੈਮਾਨੇ 'ਤੇ ਲੈਵਲ-ਚਾਰ ਜੋਖਮ ਹੈ।

ਓਕਲਾਹੋਮਾ ਦੇ ਨੌਰਮਨ ਵਿੱਚ ਤੂਫਾਨ ਦੀ ਭਵਿੱਖਬਾਣੀ ਕੇਂਦਰ ਦੇ ਮੌਸਮ ਵਿਗਿਆਨੀਆਂ ਨੇ ਕਿਹਾ, "ਦੁਪਹਿਰ ਅਤੇ ਸ਼ਾਮ ਦੇ ਸਮੇਂ ਦੌਰਾਨ ਸਭ ਤੋਂ ਖਤਰਨਾਕ ਮੌਸਮ ਦੀ ਉਮੀਦ ਕੀਤੀ ਜਾਂਦੀ ਹੈ। ਇਸ ਸਮੇਂ ਇੱਕ ਸ਼ਕਤੀਸ਼ਾਲੀ ਤੂਫਾਨ ਦਾ ਖ਼ਤਰਾ ਸਭ ਤੋਂ ਵੱਧ ਹੁੰਦਾ ਹੈ। ਚਿਤਾਵਨੀ ਮੁਤਾਬਕ, 'ਵੱਡੇ ਤੋਂ ਬਹੁਤ ਵੱਡੇ ਗੜੇ ਅਤੇ ਤੇਜ਼ ਹਵਾਵਾਂ ਵੀ ਸੰਭਵ ਹਨ, ਜੋ ਨੁਕਸਾਨ ਦਾ ਕਾਰਨ ਬਣ ਸਕਦੀਆਂ ਹਨ।' ਮਿਨੀਆਪੋਲਿਸ ਖੇਤਰ ਦੇ ਮੌਸਮ ਸੇਵਾ ਦਫ਼ਤਰ ਨੇ ਕਿਹਾ ਕਿ ਤੂਫਾਨ ਦੀ ਪ੍ਰਕਿਰਤੀ ਕਾਰਨ 56-2 ਤੀਬਰਤਾ ਜਾਂ ਇਸ ਤੋਂ ਵੱਧ ਦਾ ਤੂਫਾਨ ਸੰਭਵ ਹੈ। ਇੱਕ 56-2 ਤੂਫਾਨ ਨੂੰ 111 ਤੋਂ 135 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਵਧੇ ਹੋਏ ਫੁਜਿਟਾ ਸਕੇਲ 'ਤੇ ਇੱਕ ਸ਼ਕਤੀਸ਼ਾਲੀ ਤੂਫਾਨ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਰਾਸ਼ਟਰੀ ਮੌਸਮ ਸੇਵਾ ਨੇ ਸੋਮਵਾਰ ਦੁਪਹਿਰ ਨੂੰ ਕਿਹਾ ਕਿ ਉਨ੍ਹਾਂ ਨੂੰ ਫੇਅਰਮੌਂਟ, ਮਿਨੀਸੋਟਾ ਦੇ ਪੱਛਮ ਵਿੱਚ ਇੱਕ ਤੂਫਾਨ ਦੇਖੇ ਜਾਣ ਦੀ ਰਿਪੋਰਟ ਮਿਲੀ। ਮਿਨੀਸੋਟਾ ਮਿਨੀਆਪੋਲਿਸ ਦੇ ਦੱਖਣ-ਪੱਛਮ ਵਿੱਚ ਹੈ। ਕਿਸੇ ਵੀ ਨੁਕਸਾਨ ਬਾਰੇ ਤੁਰੰਤ ਕੋਈ ਜਾਣਕਾਰੀ ਨਹੀਂ ਹੈ।

# ਕੈਲੀਫੋਰਨੀਆ ਦਾ ਜੱਜ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-ਅਦਾਲਤ ਨੇ ਦੱਖਣੀ ਕੈਲੀਫੋਰਨੀਆ ਦੇ ਇਕ ਜੱਜ ਨੂੰ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ। ਆਰੇਂਜ ਕਾਊਂਟੀ ਸੁਪੀਰੀਅਰ ਕੋਰਟ ਜੱਜ ਜੈਫਰੀ ਫਰਗੂਸਨ (74) ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਸਨ। ਅਦਾਲਤੀ ਦਸਤਾਵੇਜ਼ ਅਨੁਸਾਰ ਆਪਣੇ ਅਨਾਹੀਮ ਹਿਲਜ਼ ਸਥਿੱਤ ਘਰ ਵਿਚ ਟੈਲੀਵੀਜ਼ਨ ਵੇਖਦੇ ਸਮੇਂ ਹੋਈ ਬਹਿਸ ਦੌਰਾਨ ਫਰਗੂਸਨ ਨੇ ਆਪਣੀ ਪਤਨੀ ਸ਼ੈਰਿਅਲ (65) ਨੂੰ ਗੋਲੀ ਮਾਰ ਦਿੱਤੀ ਸੀ। ਇਹ ਘਟਨਾ 2023 ਵਿਚ ਵਾਪਰੀ ਸੀ। ਫਰਗੂਸਨ ਜਿਸਨੇ ਸੁਣਵਾਈ ਦੌਰਾਨ ਖੁਦ ਆਪਣੀ ਪੈਰਵਾਈ ਕੀਤੀ, ਨੇ ਮੰਨਿਆ ਕਿ ਉਸਨੇ ਆਪਣੀ ਪਤਨੀ ਉੱਪਰ ਗੋਲੀ ਚਲਾਈ ਸੀ, ਪਰੰਤੂ ਉਸ ਨੇ ਕਿਹਾ ਕਿ ਇਹ ਅਚਾਨਕ ਵਾਪਰੀ ਘਟਨਾ ਸੀ। ਸੁਣਵਾਈ ਸ਼ੁਰੂ ਹੋਣ ਤੋਂ ਇਕ ਦਿਨ ਬਾਅਦ ਜੱਜਾਂ ਨੇ ਫਰਗੂਸਨ ਨੂੰ ਹੱਤਿਆ ਲਈ ਦੋਸ਼ੀ ਐਲਾਨਿਆ। ਅਦਾਲਤ ਦੇ ਫੈਸਲੇ ਉਪਰੰਤ ਪੁਲਿਸ ਨੇ ਫਰਗੂਸਨ ਨੂੰ ਹਿਰਾਸਤ ਵਿਚ ਲੈ ਲਿਆ ਪਰੰਤੂ ਹੱਥ ਕੜੀ ਲਾਉਣ ਤੋਂ ਪਹਿਲਾਂ ਫਰਗੂਸਨ ਨੂੰ ਅਦਾਲਤ ਵਿਚ ਮੌਜੂਦ ਆਪਣੇ ਪੁੱਤਰ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਗਈ। ਸਜ਼ਾ 13 ਜੂਨ ਨੂੰ ਸੁਣਾਈ ਜਾਵੇਗੀ। ਫੈਸਲੇ ਉਪਰੰਤ ਫਰਗੂਸਨ ਦੇ ਵਕੀਲ ਕੈਮਰਨ ਟੈਲੀ ਨੇ ਕਿਹਾ ਕਿ ਉਹ ਫੈਸਲੇ ਵਿਰੁੱਧ ਅਪੀਲ ਕਰਨਗੇ। ਉਨ੍ਹਾਂ ਕਿਹਾ ਕਿ ਮੈ ਜਿਊਰੀ ਦੇ ਫੈਸਲੇ ਦਾ ਸਵਾਗਤ ਕਰਦਾ ਹਾਂ ਪਰੰਤੂ ਇਸ ਦੇ ਨਾਲ ਹੀ ਅਸੀਂ ਜਾਣਦੇ ਹਾਂ ਕਿ ਜਿਊਰੀ ਹਮੇਸ਼ਾਂ ਸਹੀ ਨਹੀਂ ਹੁੰਦੀ।

# ਅਰਥ ਵਿਵਸਥਾ, ਇੰਮੀਗ੍ਰੇਸ਼ਨ ਤੇ ਵਿਦੇਸ਼ੀ ਵਪਾਰ ਦੇ ਮਾਮਲੇ ਵਿਚ ਟਰੰਪ ਦੀ ਪਹੁੰਚ ਨੂੰ ਅਮਰੀਕੀਆਂ ਨੇ ਨਕਾਰਿਆ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਬੇਸ਼ੱਕ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਦੂਸਰੇ ਕਾਰਜਕਾਲ ਦੇ ਪਹਿਲੇ 100 ਦਿਨਾਂ ਦੌਰਾਨ ਬੇਹੱਦ ਰੁੱਝੇ ਨਜ਼ਰ ਆਏ ਤੇ ਉਨ੍ਹਾਂ ਨੇ ਅਰਥ ਵਿਵਸਥਾ ਸਮੇਤ ਹੋਰ ਖੇਤਰਾਂ ਵਿਚ ਵੱਡੀਆਂ ਤਬਦੀਲੀਆਂ ਲਿਆਉਣ ਦੀ ਕੋਸ਼ਿਸ਼ ਕੀਤੀ ਪਰੰਤੂ ਜਿਆਦਾਤਰ ਅਮਰੀਕੀ ਉਨ੍ਹਾਂ ਵਲੋਂ ਵਿਖਾਈ ਜਾ ਰਹੀ ਫੁਰਤੀ ਨਾਲ ਸਹਿਮਤ ਨਹੀਂ ਹਨ। ਇਕ ਤਾਜ਼ਾ ਸਰਵੇਖਣ ਵਿਚ ਅੱਧਿਉਂ ਵੱਧ ਅਮਰੀਕੀਆਂ ਨੇ ਟਰੰਪ ਵਲੋਂ ਅਰਥ ਵਿਵਸਥਾ ਤੇ ਇੰਮੀਗ੍ਰੇਸ਼ਨ ਸਮੇਤ ਵੱਖ-ਵੱਖ ਖੇਤਰਾਂ ਵਿਚ ਸੁਧਾਰ ਲਿਆਉਣ ਲਈ ਅਪਣਾਈ ਪਹੁੰਚ ਨੂੰ ਨਕਾਰ ਦਿੱਤਾ ਹੈ। ਨਿਊਯਾਰਕ ਟਾਈਮਜ਼ ਤੇ ਸੀਏਨਾ ਕਾਲਜ ਰਿਸਰਚ ਇੰਸਟੀਚਿਊਟ ਵਲੋਂ ਹਾਲ ਹੀ ਵਿਚ ਕੀਤੇ ਸਰਵੇਖਣ ਵਿਚ ਟਰੰਪ ਦੁਆਰਾ ਕੀਤੀਆਂ ਜਾ ਰਹੀਆਂ ਤਬਦੀਲੀਆਂ ਬਾਰੇ 900 ਤੋਂ ਵੱਧ ਵੋਟਰਾਂ ਦੀ ਰਾਇ ਲਈ ਗਈ। ਸਰਵੇਖਣ ਵਿਚ ਹਿੱਸਾ ਲੈਣ ਵਾਲੇ 54 ਫੀਸਦੀ ਅਮਰੀਕੀਆਂ ਨੇ ਅਰਥ ਵਿਵਸਥਾ, ਇੰਮੀਗ੍ਰੇਸ਼ਨ, ਵਿਦੇਸ਼ੀ ਵਪਾਰ ਤੇ ਰੂਸ ਤੇ ਯੂਕਰੇਨ ਜੰਗ ਨਾਲ ਨਜਿੱਠਣ ਲਈ ਰਾਸ਼ਟਰਪਤੀ ਦੁਆਰਾ ਅਪਣਾਈ ਪਹੁੰਚ ਨਾਲ ਅਸਹਿਮਤੀ ਪ੍ਰਗਟਾਈ ਹੈ। 56 ਫੀਸਦੀ ਨੇ ਕਿਹਾ ਹੈ ਕਿ ਟੈਰਿਫ, ਇੰਮੀਗ੍ਰੇਸ਼ਨ ਤੇ ਸੰਘੀ ਕਾਮਿਆਂ ਵਿਚ ਕਟੌਤੀ ਕਰਨ ਦੇ ਮਾਮਲੇ ਵਿਚ ਟਰੰਪ ਬਹੁਤ ਦੂਰ ਨਿਕਲ ਗਏ ਹਨ। ਜਦੋਂ ਰਾਸ਼ਟਰਪਤੀ ਟਰੰਪ ਦੇ ਦੂਸਰੇ ਕਾਰਜਕਾਲ ਬਾਰੇ ਰਾਏ ਪੁੱਛੀ ਗਈ ਤਾਂ 66 ਫੀਸਦੀ ਨੇ ਗੜਬੜਗ੍ਰਸਤ, 42 ਫੀਸਦੀ ਨੇ ਰੁਮਾਂਚਕ ਤੇ 59 ਫੀਸਦੀ ਨੇ ਖੌਫ਼ਨਾਕ ਸ਼ਬਦ ਦੀ ਵਰਤੋਂ ਕੀਤੀ। ਸਮੁੱਚੇ ਤੌਰ 'ਤੇ ਉਨ੍ਹਾਂ ਦੀ ਪ੍ਰਵਾਨਗੀ ਦਰ 42 ਫੀਸਦੀ ਰਹੀ। ਨਵੰਬਰ ਦੀਆਂ ਆਮ ਚੋਣਾਂ ਵੇਲੇ ਅਰਥ ਵਿਵਸਥਾ ਮੁੱਖ ਮੁੱਦਾ ਸੀ ਤੇ ਜਿਆਦਾਤਰ ਵੋਟਰਾਂ ਨੂੰ ਇਹ ਵਿਸ਼ਵਾਸ਼ ਸੀ ਕਿ ਟਰੰਪ ਅਰਥ ਵਿਵਸਥਾ ਨੂੰ ਸੰਭਾਲਣ ਦੇ ਸਮਰੱਥ ਹਨ ਪਰੰਤੂ ਸਰਵੇਖਣ ਵਿਚ 76 ਫੀਸਦੀ ਅਮਰੀਕੀਆਂ ਨੇ ਉਨ੍ਹਾਂ ਦੁਆਰਾ ਅਰਥ ਵਿਵਸਥਾ ਪ੍ਰਤੀ ਅਪਣਾਏ ਢੰਗ ਤਰੀਕੇ ਨੂੰ ਪ੍ਰਵਾਨ ਨਹੀਂ ਕੀਤਾ ਹੈ। ਸਰਵੇਖਣ ਅਨੁਸਾਰ 52 ਫੀਸਦੀ ਨੇ ਅਮਰੀਕੀ ਸ਼ਹਿਰੀਆਂ ਨੂੰ ਐਲ ਸਲਵਾਡੋਰ ਦੀ ਜੇਲ੍ਹ ਵਿਚ ਭੇਜਣ ਦੇ ਟਰੰਪ ਦੇ ਸੁਝਾਅ ਦਾ ਵਿਰੋਧ ਕੀਤਾ ਹੈ। 58 ਫੀਸਦੀ ਨੇ ਕੁਝ ਵਿਸ਼ੇਸ਼ ਯੂਨੀਵਰਸਿਟੀਆਂ ਦੇ ਸੰਘੀ ਫੰਡ ਰੋਕਣ ਵਿਰੁੱਧ ਆਪਣੀ ਰਾਏ ਦਿੱਤੀ ਹੈ।

# ਅਮਰੀਕਾ ਵਿੱਚ 3 ਭਾਰਤੀਆਂ ਦੀ ਮੌਤ; ਰੋਬੋਟਿਕਸ ਕੰਪਨੀ ਦੇ ਸੀਈਓ ਅਤੇ ਉਨ੍ਹਾਂ ਦੀ ਪਤਨੀ ਅਤੇ ਬੱਚੇ ਦੀਆਂ ਮਿਲੀਆਂ ਲਾਸ਼ਾਂ

ਵਾਸ਼ਿੰਗਟਨ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਵਾਸ਼ਿੰਗਟਨ ਤੋਂ ਇੱਕ ਹੈਰਾਨ ਕਰਨ ਵਾਲੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ।ਜਿਸ ਵਿੱਚ ਇੱਕ ਤਕਨੀਕੀ ਕੰਪਨੀ ਦੇ ਸੀਈਓ ਨੇ ਆਪਣੇ ਪੁੱਤਰ ਅਤੇ ਪਤਨੀ ਨੂੰ ਗੋਲੀ ਮਾਰ ਕੇ ਜਾਨੋਂ ਮਾਰ ਦਿੱਤਾ। ਅਤੇ ਫਿਰ ਆਪਣੇ ਆਪ ਨੂੰ ਫਾਂਸੀ ਲਗਾ ਕੇ ਖੁਦਕੁਸ਼ੀ ਕਰ ਲਈ। ਪੁਲਿਸ ਦੇ ਅਨੁਸਾਰ ਇਹ ਘਟਨਾ ਵਾਸ਼ਿੰਗਟਨ ਦੇ ਨਿਊਕੈਸਲ ਇਲਾਕੇ ਵਿੱਚ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਇਸ ਜੋੜੇ ਦਾ ਇੱਕ ਹੋਰ ਪੁੱਤਰ ਵੀ ਹੈ, ਜੋ ਘਟਨਾ ਸਮੇਂ ਘਰ ਦੇ ਵਿੱਚ ਨਹੀਂ ਸੀ, ਮ੍ਰਿਤਕਾਂ ਦੀ ਪਛਾਣ 25 ਸਾਲਾ ਹਰਸ਼ਵਰਧਨ ਐਸ ਕਿੱਕੇਰੀ, ਉਨ੍ਹਾਂ ਦੀ 44 ਸਾਲਾ ਪਤਨੀ ਸ਼ਵੇਤਾ ਪੰਨਯਮ ਅਤੇ ਉਨ੍ਹਾਂ ਦੇ 14 ਸਾਲਾ ਪੁੱਤਰ ਦੇ ਵਜੋਂ ਹੋਈ ਹੈ। ਜਦੋਂ ਕਿ ਪੁਲਿਸ ਘਰੋਂ ਇੱਕ ਬੱਚੇ ਨੂੰ ਆਪਣੇ ਨਾਲ ਲੈ ਗਈ ਹੈ। ਇਸ ਘਟਨਾ ਤੋਂ ਬਾਅਦ ਬੱਚਾ ਬਹੁਤ ਡਰਿਆ ਹੋਇਆ ਸੀ। ਹਾਲਾਂਕਿ, ਕਿੰਗ ਕਾਉਂਟੀ ਸ਼ੈਰਿਫ਼ ਦੇ ਦਫ਼ਤਰ ਵੱਲੋਂ ਬੱਚੇ ਦੀ ਪਛਾਣ ਜਾਰੀ ਨਹੀਂ ਕੀਤੀ ਗਈ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਤਕਨੀਕੀ ਕੰਪਨੀ ਦੇ ਸੀਈਓ ਨੇ ਇਹ ਕਦਮ ਕਿਉਂ ਚੁੱਕਿਆ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਇਹ ਮਾਮਲਾ ਹੱਲ ਹੋ ਜਾਵੇਗਾ। ਅਤੇ ਇਸ ਵੇਲੇ ਜਾਂਚ ਚੱਲ ਰਹੀ ਹੈ। ਗੁਆਂਢੀਆਂ ਨੇ ਪੁਲਿਸ ਨੂੰ ਇਹ ਵੀ ਸੂਚਿਤ ਕੀਤਾ ਹੈ ਕਿ ਇਹ ਪਰਿਵਾਰ ਬਹੁਤ ਦੋਸਤਾਨਾ ਸੀ। ਹਰਸ਼ਵਰਧਨ ਮੂਲ ਰੂਪ ਵਿੱਚ ਭਾਰਤ ਦੇ ਸੂਬੇ ਕਰਨਾਟਕ ਦੇ ਮਾਂਡਿਆ ਜ਼ਿਲ੍ਹੇ ਦਾ ਰਹਿਣ ਵਾਲਾ ਪਰਿਵਾਰ ਸੀ। ਉਹ ਮੈਸੂਰ ਵਿੱਚ ਰੋਬੋਟਿਕਸ ਕੰਪਨੀ ਹੋਲੋਵਰਲਡ ਦੇ ਸੰਸਥਾਪਕ ਅਤੇ ਸੀਈਓ ਸਨ। ਅਤੇ ਉਸਦੀ ਪਤਨੀ ਕੰਪਨੀ ਦੀ ਸਹਿ-ਸੰਸਥਾਪਕ ਸੀ।

# ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ 911 'ਤੇ ਕਾਲ ਕਰਨ ਵਾਲੀ ਕਾਲੇ ਮੂਲ ਦੀ ਔਰਤ ਗੁਜਰਾਤੀ -ਭਾਰਤੀ ਨੌਜਵਾਨ ਦੀ ਹੱਤਿਆ ਦੀ ਕਾਤਲ ਨਿਕਲੀ



ਮ੍ਰਿਤਕ ਪਟੇਲ ਦੀ ਫ਼ਾਈਲ ਫੋਟੋ



ਕਾਤਲ ਜੋਸਲੀਨ ਦੀ ਫੋਟੋ

ਨਿਊਯਾਰਕ, (ਰਾਜ ਗੋਗਨਾ)- ਪਿਛਲੇ ਲੰਘੇ ਹਫ਼ਤੇ 'ਚ ਸ਼ਿਕਾਗੋ ਦੇ ਲਿੰਕਨ ਪਾਰਕ ਵਿੱਚ ਇੱਕ ਭਾਰਤੀ- ਗੁਜਰਾਤੀ ਨੌਜਵਾਨ, ਕੇਵਿਨ ਪਟੇਲ, ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਾਮਲੇ ਵਿੱਚ ਇੱਕ ਨੌਜਵਾਨ ਅਤੇ ਇੱਕ ਔਰਤ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ ਸੀ। ਇਸ ਮਾਮਲੇ 'ਚ ਗ੍ਰਿਫ਼ਤਾਰ ਕੀਤੀ ਗਈ ਇਕ ਕਾਲੇ ਮੂਲ ਦੀ ਕੁੜੀ ਨੇ 911 'ਤੇ ਫ਼ੋਨ ਕਰਕੇ ਪੁਲਿਸ ਨੂੰ ਕਤਲ ਬਾਰੇ ਸੂਚਿਤ ਕੀਤਾ ਸੀ। ਪਲਿਸ ਦੀ ਜਾਂਚ ਤੋਂ ਪਤਾ ਲੱਗਾ ਕਿ ਉਸ ਨੇ ਗੁਜਰਾਤੀ-ਭਾਰਤੀ ਕੇਵਿਨ ਪਟੇਲ ਨੂੰ ਲੁੱਟ ਦੇ ਇਰਾਦੇ ਨਾਲ ਗੋਲੀ ਮਾਰੀ ਸੀ। ਪੁਲਿਸ ਰਿਪੋਰਟ ਦੇ ਅਨੁਸਾਰ ਇਸ ਕੁੜੀ ਅਤੇ ਉਸ ਦੇ ਚਚੇਰੇ ਭਰਾ ਨੇ ਕੇਵਿਨ ਪਟੇਲ ਦਾ ਬੈਗ ਖੋਹਣ ਦੀ ਕੋਸ਼ਿਸ਼ ਕੀਤੀ।

ਜਦੋਂ ਕੇਵਿਨ ਪਟੇਲ ਨੇ ਇਸ ਦਾ ਵਿਰੋਧ ਕੀਤਾ ਤਾਂ ਕੁੜੀ ਨੇ ਉਸ ਨੂੰ ਗੋਲੀ ਮਾਰ ਦਿੱਤੀ ਅਤੇ ਉਸ ਦੋਸ਼ੀ ਕੁੜੀ ਨੇ ਖੁਦ ਫ਼ੋਨ ਕਰਕੇ ਪੁਲਿਸ ਨੂੰ ਘਟਨਾ ਬਾਰੇ ਜਾਣਕਾਰੀ ਦਿੱਤੀ । ਇਸ ਮਾਮਲੇ ਵਿੱਚ ਹੁਣ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਭਾਰਤੀ ਮੂਲ ਦੇ ਮ੍ਰਿਤਕ ਕੇਵਿਨ ਪਟੇਲ ਨੂੰ ਪਿਛਲੇ ਹਫ਼ਤੇ ਲਿੰਕਨ ਪਾਰਕ ਦੇ ਲੀਲ ਐਵੇਨਿਊ 'ਤੇ ਛਾਤੀ ਵਿੱਚ ਗੋਲੀ ਮਾਰ ਦਿੱਤੀ ਗਈ ਸੀ ਅਤੇ ਪੁਲਿਸ ਨੇ ਇਸ ਮਾਮਲੇ ਵਿੱਚ ਇੱਕ ਨੌਜਵਾਨ ਅਤੇ ਇੱਕ ਨੌਜਵਾਨ ਔਰਤ ਨੂੰ ਗ੍ਰਿਫਤਾਰ ਕੀਤਾ ਸੀ। ਜਦੋਂ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਤਾਂ ਪੁਲਿਸ ਵੱਲੋਂ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਭਾਰਤੀ ਮੂਲ ਦੇ ਕੇਵਿਨ ਪਟੇਲ ਨੂੰ ਗੋਲੀ ਮਾਰਨ ਵਾਲੀ ਕੁੜੀ ਨੇ ਇਸ ਬਾਰੇ ਪੁਲਿਸ ਨੂੰ ਸੂਚਿਤ ਕਰਨ ਲਈ 911 'ਤੇ ਪੁਲਿਸ ਨੂੰ ਕਾਲ ਕੀਤੀ ਸੀ ਅਤੇ ਕਾਲ ਕਰਨ ਤੋ ਬਾਅਦ ਫਿਰ ਉੱਥੋਂ ਭੱਜ ਗਈ ਸੀ। ਇਸ ਮਾਮਲੇ ਵਿੱਚ ਪੁਲਿਸ ਨੂੰ ਸ਼ੱਕ ਹੋਇਆ, ਅਤੇ ਇਹ ਵੀ ਖੁਲਾਸਾ ਹੋਇਆ ਹੈ ਕਿ ਜੋਸਲੀਨ ਫਾਉਲਰ ਨਾਮ ਦੀ ਇੱਕ 25 ਸਾਲਾ ਔਰਤ, ਜੋ ਇਸ ਸਮੇਂ ਜੇਲ੍ਹ ਵਿੱਚ ਨਜ਼ਰਬੰਦ ਹੈ, ਨੇ ਕੇਵਿਨ ਪਟੇਲ ਨੂੰ ਲੁੱਟ ਦੇ ਇਰਾਦੇ ਨਾਲ ਗੋਲੀ ਮਾਰ ਦਿੱਤੀ ਸੀ। ਪੁਲਿਸ ਨੇ ਉਸ ਨੂੰ ਕਤਲ ਅਤੇ ਹਥਿਆਰਬੰਦ ਡਕੈਤੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਹੈ ਜੋ ਜੇਲ੍ਹ 'ਚ ਨਜ਼ਰਬੰਦ ਹੈ।

ਗੋਲੀਬਾਰੀ ਕਰਨ ਤੋਂ ਬਾਅਦ, ਦੋਵੇਂ ਦੋਸ਼ੀ ਘਟਨਾ ਸਥਾਨ ਤੋਂ ਭੱਜ ਗਏ ਸੀ। ਹਾਲਾਂਕਿ ਇਹ ਸਾਰੀ ਘਟਨਾ ਇੱਕ ਘਰ ਦੇ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਸੀ ਅਤੇ ਕੁਝ ਲੋਕਾਂ ਨੇ ਜੋਸਲੀਨ ਨੂੰ ਆਪਣੀਆਂ ਅੱਖਾਂ ਨਾਲ ਉਸਨੂੰ ਗੋਲੀ ਮਾਰਦੇ ਅਤੇ ਕਿਸੇ ਦੇ ਨਾਲ ਭੱਜਦੇ ਵੀ ਦੇਖਿਆ ਸੀ।

ਜੋਸਲੀਨ ਜੋ ਕਿ ਅਪਰਾਧ ਵਾਲੀ ਥਾਂ ਤੋਂ ਭੱਜ ਗਈ ਸੀ, ਨੇ ਪੁਲਿਸ ਨੂੰ ਗੁੰਮਰਾਹ ਕਰਨ ਲਈ 911 'ਤੇ ਕਾਲ ਕੀਤੀ, ਅਤੇ ਦਾਅਵਾ ਕੀਤਾ ਕਿ ਉਸ ਦੇ ਸਾਹਮਣੇ ਗੋਲੀਬਾਰੀ ਦੀ ਘਟਨਾ ਵਾਪਰੀ ਸੀ ਅਤੇ ਕਾਤਲ ਉਲਟ ਦਿਸ਼ਾ ਵਿੱਚ ਭੱਜ ਗਿਆ ਸੀ। ਸਰਕਾਰੀ ਵਕੀਲਾਂ ਦੇ ਅਨੁਸਾਰ, ਪੁਲਿਸ ਨੇ ਘਟਨਾ ਦੇ ਗਵਾਹਾਂ ਦੁਆਰਾ ਦਿੱਤੇ ਗਏ ਵਰਣਨ ਦੇ ਆਧਾਰ 'ਤੇ ਦੋਵਾਂ ਮੁਲਜ਼ਮਾਂ ਨੂੰ ਟਰੈਕ ਕਰਨ ਦੇ ਯੋਗ ਹੋਈ ਸੀ। ਇਸ ਤੋਂ ਇਲਾਵਾ, ਪੁਲਿਸ ਕੋਲ ਨਿਗਰਾਨੀ ਫੁਟੇਜ ਵੀ ਸੀ ਜਿਸ ਵਿੱਚ ਜੋਸਲੀਨ ਨੂੰ ਫ਼ੋਨ 'ਤੇ ਗੱਲ ਕਰਦੇ ਦੇਖਿਆ ਗਿਆ ਸੀ। ਇਸ ਤੋਂ ਇਲਾਵਾ, ਪੁਲਿਸ ਨੇ ਉਸ ਸਮੇਂ ਦੌਰਾਨ ਪ੍ਰਾਪਤ ਹੋਏ 911 ਫੋਨ ਕਾਲਾਂ ਤੋਂ ਦੋਸ਼ੀ ਦੇ ਫੋਨ ਨੰਬਰ ਦੀ ਪਛਾਣ ਕੀਤੀ, ਜਿਸ ਦੇ ਆਧਾਰ 'ਤੇ ਜੋਸਲੀਨ ਅਤੇ ਉਸਦੇ ਚਚੇਰੇ ਭਰਾ ਨੂੰ ਥੋੜ੍ਹੇ ਸਮੇਂ ਵਿੱਚ ਹੀ ਪੁਲਿਸ ਨੇ ਫੜ ਲਿਆ ਗਿਆ। ਪੁਲਿਸ ਨੂੰ ਦੋਸ਼ੀ ਦੇ ਕਬਜ਼ੇ ਵਿੱਚੋਂ ਮਿਲੀ ਬੰਦੂਕ ਤੋਂ ਮਿਲੇ ਬੈਲਿਸਟਿਕ ਸਬੂਤ ਵੀ ਅਪਰਾਧ ਵਾਲੀ ਥਾਂ ਤੋਂ ਮਿਲੇ ਸਬੂਤਾਂ ਨਾਲ ਮੇਲ ਖਾਂਦੇ ਹੋਏ ਸਨ, ਭਾਵ ਜੋਸਲੀਨ ਦੀ ਬੰਦੂਕ ਵਿੱਚੋਂ ਚੱਲੀ ਗੋਲੀ ਕੇਵਿਨ ਪਟੇਲ ਨੂੰ ਲੱਗੀ ਸੀ, ਅਤੇ ਇਸ ਤੋਂ ਇਲਾਵਾ, ਉਸ ਦੇ ਚਚੇਰੇ ਭਰਾ ਨੇ ਵੀ ਪੁਲਿਸ ਸਾਹਮਣੇ ਇਹ ਜੁਰਮ ਕਬੂਲ ਕੀਤਾ ਸੀ ਕਿ ਜੋਸਲੀਨ ਨੇ ਮ੍ਰਿਤਕ 'ਤੇ ਗੋਲੀ ਚਲਾਈ ਸੀ। ਜੋਸਲੀਨ, ਜੋ ਕਿ ਤਿੰਨ ਸੰਗੀਨ ਦੋਸ਼ਾਂ ਦਾ ਸਾਹਮਣਾ ਕਰ ਰਹੀ ਹੈ, ਨੂੰ ਵੀ ਜ਼ਮਾਨਤ ਦੇਣ ਤੋਂ ਅਦਾਲਤ ਨੇ ਇਨਕਾਰ ਕਰ ਦਿੱਤਾ ਹੈ ਅਤੇ ਉਸ ਨੂੰ ਲੱਗੇ ਦੋਸ਼ਾਂ ਲਈ ਉਮਰ ਕੈਦ ਦੀ ਸਜ਼ਾ ਵੀ ਹੋ ਸਕਦੀ ਹੈ।

# ਨੌਰਥ ਸੈਂਟਰਲ ਫਾਇਰ ਡਿਪਾਰਟਮੈਂਟ ਕਰਮਨ ਵੱਲੋਂ ਸਥਾਨਕ ਸਕੂਲਾਂ ਦੇ ਬੱਚਿਆਂ ਦੀ ਸਕਾਲਰਸ਼ਿਪ ਲਈ ਫੰਡ ਇਕੱਤਰਤਾ

## ਸਿੱਖ ਬ੍ਰਦਰਜ਼ ਨੇ ਕੀਤੀ ਸ਼ਮੂਲੀਅਤ




ਫਰਿਜ਼ਨੋ/ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ): ਕੈਲੇਫੋਰਨੀਆ ਦੇ ਸਕੂਲਾਂ ਦੇ ਵਿਦਿਅਕ ਸਮੈਸਟਰ ਆਪਣੇ ਅੰਤਮ ਪੜਾਅ ਵੱਲ ਵੱਧ ਰਹੇ ਹਨ। ਇਸ ਉਪਰੰਤ ਹਾਈ ਸਕੂਲਾਂ ਤੋਂ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੇ ਆਪਣੀ ਉੱਚ ਸਿੱਖਿਆ ਲਈ ਬਾਹਰ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣਾ ਹੈ। ਇਸੇ ਗੱਲ ਨੂੰ ਮੱਦੇਨਜ਼ਰ ਰੱਖਦੇ ਹੋਏ ਸ਼ੈਟਰਲ ਵੈਲੀ ਦੇ ਸ਼ਹਿਰ ਕਰਮਨ ਦੇ ਨੌਰਥ ਸੈਂਟਰਲ ਫਾਇਰ ਡਿਪਾਰਟਮੈਂਟ ਵੱਲੋਂ ਯੋਗ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਲਈ ਸ਼ਹਿਰ ਕਰਮਨ ਨਜ਼ਦੀਕੀ, ਕਸਬਾ ਬਾਉਲਾ ਵਿਖੇ ਫੰਡ ਇਕੱਤਰ ਕੀਤਾ ਗਿਆ। ਜਿੱਥੇ ਵੱਖ-ਵੱਖ ਭਾਈਚਾਰਿਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਆਪਣੇ ਵੱਲੋਂ ਹਿੱਸਾ ਪਾਇਆ। ਇਸੇ ਦੌਰਾਨ ਪੰਜਾਬੀ ਭਾਈਚਾਰੇ ਦੀ ਪ੍ਰਤੀਨਿਧਤਾ ਕਰਦੇ ਹੋਏ ਗੁਲਬਿੰਦਰ ਗੈਰੀ ਢੇਸੀ, ਸਤਬੀਰ ਹੀਰ, ਰਣਮੇਘ ਢੇਸੀ, ਕੁਲਵੰਤ ਉੱਭੀ ਧਾਲੀਆਂ, ਗਾਇਕ ਅਵਤਾਰ ਗਰੇਵਾਲ, ਅੰਤਰ-ਰਾਸ਼ਟਰੀ ਖਿਡਾਰੀ ਗੁਰਬਖਸ਼ ਸਿੰਘ ਸਿੱਧੂ ਅਤੇ ਹੋਰ ਬਹੁਤ ਸਾਰੇ ਸੱਜਣਾਂ ਨੇ ਮਾਇਕ ਸਹਾਇਤਾ ਸਮੇਤ ਹਾਜ਼ਰੀ ਭਰੀ। ਇਸ ਸਮੇਂ ਹਾਜ਼ਰੀਨ ਲਈ ਬਹੁਤ ਸਾਰੀਆਂ ਖੇਡਾਂ ਅਤੇ ਰੈਫਲ ਵੀ ਕੱਢੇ ਗਏ।

ਇਸ ਪ੍ਰੋਗਰਾਮ ਵਿੱਚ ਫਾਇਰ ਵਿਭਾਗ ਤੋਂ ਇਲਾਵਾ ਰੋਟਰੀ ਕਲੱਬ, ਪੁਲਿਸ ਵਿਭਾਗ ਅਤੇ ਹੋਰ ਸਥਾਨਕ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਸ ਫੰਡ ਇਕੱਤਰਤਾਂ ਦੀ ਸਾਰੀ ਰਾਸ਼ੀ ਉਨ੍ਹਾਂ ਬੱਚਿਆਂ ਨੂੰ ਦਿੱਤੀ ਜਾਵੇਗੀ, ਜਿਨ੍ਹਾਂ ਦੀ ਪ੍ਰਾਪਤ ਅਰਜ਼ੀਆਂ ਦੇ ਆਧਾਰ ਉੱਤੇ ਯੋਗਤਾ ਪੂਰੀ ਹੋਵੇਗੀ। ਬੱਚਿਆਂ ਦੀ ਮਦਦ ਕਰਨ ਲਈ ਨੌਰਥ ਸੈਂਟਰਲ ਫਾਇਰ ਡਿਪਾਰਟਮੈਂਟ ਦੇ ਨਾਲ ਸ਼ਾਮਲ ਹੋਣ ਵਾਲੇ ਪੰਜਾਬੀ ਭਾਈਚਾਰੇ ਦਾ "ਸਿੱਖ ਬ੍ਰਦਰਜ਼" ਨਾਂ ਹੇਠ ਇਹ ਪਹਿਲਾ ਸਾਲ ਸੀ। ਇਸ ਤੋਂ ਪਹਿਲਾਂ ਵੀ ਨਿੱਜੀ ਤੌਰ ਤੇ ਪੰਜਾਬੀ ਭਾਈਚਾਰੇ ਵੱਲੋਂ ਹਰ ਸਾਲ ਬੱਚਿਆਂ ਦੀ ਸਕਾਲਰਸ਼ਿਪ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਂਦਾ ਰਿਹਾ ਹੈ। ਅੰਤ ਰਾਤ ਦੇ ਖਾਣੇ ਅਤੇ ਅਗਲੇ ਸਾਲ ਤੋਂ ਹੋਰ ਵੀ ਵਧੇਰੇ ਉਪਰਾਲੇ ਕਰਨ ਦੇ ਵਾਅਦੇ ਨਾਲ ਇਹ ਪ੍ਰੋਗਰਾਮ ਸਫਲਤਾਪੂਰਵਕ ਸਮਾਪਤ ਹੋ ਗਿਆ।

# ਵੈਨਕੂਵਰ ਦੇ ਸਿੱਖ ਪੁਲਿਸ ਅਧਿਕਾਰੀ ਦੀ ਲੰਬੀ ਦਾੜ੍ਹੀ ਦੇਖ ਕੇ ਅੰਗਰੇਜ਼ ਵੀ ਹੁੰਦੇ ਨੇ ਖ਼ੁਸ਼

ਐਬਟਸਫੋਰਡ : ਜਦੋਂ ਮੈਂ ਪੁਲਿਸ ਦੀ ਵਰਦੀ ਪਾ ਕੇ ਜਨਤਕ ਥਾਵਾਂ 'ਤੇ ਜਾਂਦਾ ਹਾਂ ਤਾਂ ਕਈ ਅੰਗਰੇਜ਼ ਤੇ ਹੋਰਨਾਂ ਕੌਮਾਂ ਦੇ ਲੋਕ ਮੇਰੇ ਕੋਲ ਆ ਕੇ ਕਹਿੰਦੇ ਹਨ ਕਿ 'ਹੈਲੋ ਮਿਸਟਰ ਸਿੰਘ ਯੁਅਰ ਬੀਅਰਡ ਇਜ਼ ਸੋ ਨਾਈਸ ਐਂਡ ਬਿਊਟੀਫੁੱਲ' ਭਾਵ ਸਿੰਘ ਸਾਹਿਬ ਤੁਹਾਡੀ ਦਾੜ੍ਹੀ ਬਹੁਤ ਵਧੀਆ ਤੇ ਖ਼ੂਬਸੂਰਤ ਹੈ ਤੇ ਬਹੁਤ ਸਾਰੇ ਲੋਕ ਤਸਵੀਰ ਵੀ ਖਿਚਵਾਉਂਦੇ ਹਨ, ਇੱਥੋਂ ਤੱਕ ਕਿ ਕਈ ਅਹਿਮ ਸ਼ਖ਼ਸੀਅਤਾਂ ਨੇ ਵੀ ਮੇਰੇ ਨਾਲ ਤਸਵੀਰ ਖਿਚਵਾ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਹ ਕਹਿਣਾ ਹੈ ਵੈਨਕੂਵਰ ਪੁਲਿਸ ਦੇ ਸੀਨੀਅਰ ਪੰਜਾਬੀ ਪੁਲਿਸ ਅਧਿਕਾਰੀ ਸੁਖਵਿੰਦਰ ਸਿੰਘ ਸੰਘਰ ਦਾ, ਜਿਹੜੇ ਚੜ੍ਹਦੀ ਕਲਾ ਵਾਲੇ ਸਾਬਤ ਸੂਰਤ ਗੁਰਸਿੱਖ ਪੁਲਿਸ ਅਧਿਕਾਰੀ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਵਿਕਟੋਰੀਆ ਦੇ ਪੁਲਿਸ ਵਿਭਾਗ ਦੇ ਲਾਅ ਇਨਫੋਰਸਮੈਂਟ 'ਚ ਰਿਜ਼ਰਵ ਕਾਂਸਟੇਬਲ ਰਹੇ ਸੁਖਵਿੰਦਰ ਸਿੰਘ ਨੂੰ ਬਚਪਨ ਤੋਂ ਹੀ ਪੁਲਿਸ ਅਧਿਕਾਰੀ ਬਣਨ ਦਾ ਸੁਪਨਾ ਸੀ। ਉੱਚ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਉਹ ਸੰਨ 2002 'ਚ ਵੈਨਕੂਵਰ ਪੁਲਿਸ 'ਚ



ਭਰਤੀ ਹੋ ਗਏ। ਜਿੱਥੇ ਉਹ ਹੁਣ ਟ੍ਰੈਫਿਕ ਇਨਫੋਰਸਮੈਂਟ ਅਧਿਕਾਰੀ ਵਜੋਂ ਸੇਵਾਵਾਂ ਨਿਭਾ ਰਹੇ ਹਨ। ਸੁਖਵਿੰਦਰ ਸਿੰਘ ਸੰਯੁਕਤ ਰਾਸ਼ਟਰ ਦੇ ਦੱਖਣੀ ਸੂਡਾਨ ਵਿਖੇ ਸ਼ਾਂਤੀ ਦੂਤ ਰਹਿ ਚੁੱਕੇ ਹਨ ਤੇ ਸੰਨ 1914 'ਚ ਹੋਂਦ 'ਚ ਆਏ ਵੈਨਕੂਵਰ ਪੁਲਿਸ ਪਾਈਪ ਬੈਂਡ ਦੇ ਪਹਿਲੇ ਪੰਜਾਬੀ ਮੈਂਬਰ ਹਨ। ਸੀਨੀਅਰ ਪੁਲਿਸ ਅਧਿਕਾਰੀ ਸੁਖਵਿੰਦਰ ਸਿੰਘ ਸੰਘਰ ਦਾ ਕਹਿਣਾ ਹੈ ਕਿ ਸਿੱਖੀ ਸਰੂਪ ਤੇ ਲੰਬੀ ਦਾੜ੍ਹੀ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਬਹੁਤ ਮਾਣ-ਸਤਿਕਾਰ ਮਿਲਿਆ ਹੈ।

# ਸਿੱਖ ਧਰਮ ਅਤੇ ਸਿੱਖੀ ਕਦਰਾਂ-ਕੀਮਤਾਂ ਤੋਂ ਬੇਹੱਦ ਪ੍ਰਭਾਵਿਤ ਹੈ ਚੀਨੀ ਮੂਲ ਦਾ ਅਮਰੀਕੀ ਨੌਜਵਾਨ ਜੇਸਨ

ਅੰਮ੍ਰਿਤਸਰ : ਚੀਨੀ ਮੂਲ ਦਾ ਅਮਰੀਕੀ ਨਾਗਰਿਕ ਜੇਸਨ ਨਾਂਅ ਦਾ ਇਕ ਨੌਜਵਾਨ ਸਿੱਖ ਧਰਮ ਅਤੇ ਸਿੱਖੀ ਕਦਰਾਂ ਕੀਮਤਾਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਗੁਰੂ ਸਾਹਿਬ ਦੀਆਂ ਸਰਬੱਤ ਦੇ ਭਲੇ ਵਾਲੀਆਂ ਸਿੱਖਿਆਵਾਂ ਤੋਂ ਬੇਹੱਦ ਪ੍ਰਭਾਵਿਤ ਹੈ ਤੇ ਸਿੱਖ ਧਰਮ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ, ਸਿੱਖਾਂ ਦੇ ਸੇਵਾ ਤੇ ਸਿਮਰਨ ਨੂੰ ਨੇੜਿਓਂ ਦੇਖਣ ਤੇ ਮਾਨਣ ਲਈ ਉਹ ਕੁਝ ਸਮੇਂ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਗੁਰੂ ਨਗਰੀ ਵਿਚ ਪੁੱਜਾ ਹੋਇਆ ਹੈ। ਇਸ ਸੰਬੰਧੀ ਗੱਲਬਾਤ ਕਰਦਿਆਂ 30 ਸਾਲਾ ਜੇਸਨ ਨੇ ਦੱਸਿਆ ਕਿ ਉਹ ਅਮਰੀਕਾ ਦੇ ਕੈਲੇਫੋਰਨੀਆ ਰਾਜ ਦੇ ਸੈਨਹੋਜ਼ੇ ਸ਼ਹਿਰ ਵਿਚ ਰਹਿੰਦਾ ਹੈ ਤੇ 2012 ਤੋਂ ਕਾਲਜ ਦੇ ਇਕ ਸਿੱਖ ਦੋਸਤ ਦੀ ਬਦੌਲਤ ਸਿੱਖੀ ਬਾਰੇ ਜਾਨਣਾ ਸ਼ੁਰੂ ਕੀਤਾ। ਉਸ ਨੇ ਦੱਸਿਆ ਕਿ ਪਿਛਲੇ ਸਾਲ ਸਤੰਬਰ ਵਿਚ ਮੈਂ ਸਿੱਖੀ ਦੇ ਮਾਰਗ ਦੀ ਗੰਭੀਰਤਾ ਨਾਲ ਖੋਜ ਕਰਨੀ ਸ਼ੁਰੂ ਕੀਤੀ ਤੇ ਹਰ ਦੂਜੇ ਦਿਨ ਗੁਰਦੁਆਰੇ ਜਾ ਕੇ ਸੇਵਾ ਤੇ ਸਿਮਰਨ ਕਰਦੇ ਸਿੱਖ ਬਜ਼ੁਰਗ ਲੋਕਾਂ ਨਾਲ



ਗੱਲਬਾਤ ਕਰਦਾ ਸੀ। ਹੌਲੀ-ਹੌਲੀ ਮੈਂ ਗੁਰਮੁਖੀ ਸਿੱਖਣ ਦੇ ਯੋਗ ਹੋ ਗਿਆ ਤੇ ਗੁਰਬਾਣੀ ਪਾਠ, ਕੀਰਤਨ ਅਤੇ ਅਰਦਾਸ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬੀ ਸਿੱਖਣ ਲਈ ਆਨਲਾਈਨ ਟੂਲਜ਼ ਦੀ ਵੀ ਵਰਤੋਂ ਕੀਤੀ ਤੇ ਸਿੱਖ ਧਰਮ ਬਾਰੇ ਜਾਣਦਿਆਂ ਪਿਛਲੇ ਮਹੀਨੇ ਤੋਂ ਮੈਨੂੰ ਸਿੱਖੀ ਨਾਲ ਡੂੰਘਾ ਲਗਾਓ ਮਹਿਸੂਸ ਹੋਣ ਲੱਗਾ ਅਤੇ ਮੈਂ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕਰਨ ਦਾ ਫ਼ੈਸਲਾ ਕੀਤਾ। ਇਸ ਦੌਰਾਨ ਸਿੱਖ ਜਥੇਬੰਦੀਆਂ ਵਿਚੋਂ ਮੈਂ ਅਧਿਆਤਮਿਕ ਗਿਆਨ ਹਾਸਿਲ ਕਰਨ ਲਈ ਸਿੱਖ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੀ ਪੁਰਾਤਨ ਸਿੱਖ ਜਥੇਬੰਦੀ ਅਖੰਡ ਕੀਰਤਨੀ ਜਥਾ ਦੀ ਖੋਜ ਕੀਤੀ ਤੇ ਮੇਰਾ ਸੰਪਰਕ ਜਥੇ ਦੇ ਆਗੂ ਭਾਈ ਮਨਜੀਤ ਸਿੰਘ ਤੇ ਹੋਰਨਾਂ ਨਾਲ ਹੋਇਆ। ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਰੰਗਲੇ ਸੱਜਣ ਟਰੱਸਟ ਵਿਖੇ ਕਰੀਬ ਡੇਢ ਹਫਤੇ ਤੋਂ ਰਹਿ ਰਹੇ ਜੇਸਨ ਨੇ ਦੱਸਿਆ ਕਿ ਮੈਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਦੇ ਸਿਧਾਂਤ ਨੇ ਬੇਹੱਦ ਪ੍ਰਭਾਵਿਤ ਕੀਤਾ ਹੈ। ਇਸੇ ਦੌਰਾਨ ਰੰਗਲੇ ਸੱਜਣ ਟਰੱਸਟ ਨਾਲ ਸੰਬੰਧਿਤ ਭਾਈ ਮਨਜੀਤ ਸਿੰਘ ਨੇ ਦੱਸਿਆ ਕਿ ਜੇਸਨ ਜਦੋਂ ਤੋਂ ਅੰਮ੍ਰਿਤਸਰ ਪੁੱਜਾ ਹੈ, ਪੰਜਾਬੀ ਤੇ ਗੁਰਬਾਣੀ ਸਿੱਖ ਰਿਹਾ ਹੈ ਤੇ ਰੋਜ਼ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਮੌਕੇ ਦੀਵਾਨ ਵਿਚ ਹਾਜ਼ਰੀ ਭਰਨ ਦੇ ਨਾਲ-ਨਾਲ ਬਿਨ੍ਹਾਂ ਨਾਗਾ ਨਿੱਤਨੇਮ ਦਾ ਪਾਠ ਵੀ ਕਰ ਰਿਹਾ ਹੈ।

# ਬਰਤਾਨੀਆ ਦੀ ਸੰਸਦ 'ਚ ਢੇਸੀ ਨੇ ਚੁੱਕਿਆ ਕਸ਼ਮੀਰ ਅੱਤਵਾਦੀ ਹਮਲੇ ਦਾ ਮਾਮਲਾ

ਲੰਡਨ/ਲੈਸਟਰ : ਬਰਤਾਨੀਆ ਦੀ ਸੰਸਦ ਵਿਚ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦਾ ਮਾਮਲਾ ਚੁੱਕਿਆ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਵਿਚ ਅੱਤਵਾਦੀ ਹਮਲਾ ਕਰਕੇ ਬੇਕਸੂਰ ਸੈਲਾਨੀਆਂ ਦੀ ਹੱਤਿਆ ਕੀਤੀ ਗਈ ਹੈ, ਜੋ ਬਹੁਤ ਹੀ ਦੁਖਦਾਈ ਹੈ। ਉਨ੍ਹਾਂ ਪੀੜਤਾਂ ਲਈ ਸੰਵੇਦਨਾ ਪ੍ਰਗਟ ਕੀਤੀ।



ਤਨਮਨਜੀਤ ਸਿੰਘ ਢੇਸੀ



ਲੂਸੀ ਪੋਵੇਲ

ਢੇਸੀ ਨੇ ਹਾਊਸ ਦੀ ਲੀਡਰ ਲੂਸੀ ਪੋਵੇਲ ਨੂੰ ਬਰਤਾਨਵੀ ਸੰਸਦ ਵਲੋਂ ਭਾਰਤੀ ਲੋਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਨ ਅਤੇ ਹਮਲੇ ਦੀ ਨਿੰਦਾ ਕਰਨ ਦੀ ਅਪੀਲ ਕੀਤੀ। ਲੂਸੀ ਪੋਵੇਲ ਨੇ ਕਿਹਾ ਕਿ ਕਸ਼ਮੀਰ ਵਿਚ ਬਹੁਤ ਹੀ ਘਿਨਾਉਣਾ ਹਮਲਾ ਹੋਇਆ ਹੈ, ਮੇਰੀਆਂ ਅਤੇ ਸਾਰੀ ਸਰਕਾਰ ਦੀਆਂ ਸੰਵੇਦਨਾਵਾਂ ਭਾਰਤ ਨਾਲ ਹਨ।

# ਬਰਤਾਨੀਆ ਦੀ ਸੰਸਦ ਦੇ ਸਪੀਕਰ ਹਾਊਸ ਵਿਚ ਮਨਾਈ ਵਿਸਾਖੀ







ਲੰਡਨ : ਬਰਤਾਨੀਆ ਦੀ ਸੰਸਦ ਦੇ ਸਪੀਕਰ ਹਾਊਸ ਵਿਚ ਬੀਤੇ ਕੱਲ੍ਹ ਸਾਲਾਨਾ 18ਵਾਂ ਵਿਸਾਖੀ ਸਮਾਗਮ ਕਰਵਾਇਆ। ਇਹ ਸਮਾਗਮ ਬ੍ਰਿਟਿਸ਼ ਸਿੱਖ ਕੰਸਲਟਿਵ ਫੋਰਮ ਵਲੋਂ ਸੰਸਦ ਮੈਂਬਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਪਾਰਟੀਆਂ ਦੇ ਸੰਸਦ ਅਤੇ ਸਰਕਾਰ ਦੇ ਨੁਮਾਇੰਦੇ ਸ਼ਾਮਿਲ ਹੋਏ। ਸਮਾਗਮ ਦੀ ਆਰੰਭਤਾ ਗੁਰਬਾਣੀ ਕੀਰਤਨ ਨਾਲ ਹੋਈ। ਉਪਰੰਤ ਐਮ. ਪੀ. ਸੋਨੀਆ ਕੁਮਾਰ, ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ, ਸਪੀਕਰ ਲਿੰਡਸੇ ਹੋਇਲੇ, ਐਮ. ਪੀ. ਮੈਕਫੈਡਨ, ਡਾ. ਜਸਦੇਵ ਸਿੰਘ ਰਾਏ, ਡਾ. ਸਾਧੂ ਸਿੰਘ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਨਿਸ਼ਕਾਮ ਸੇਵਕ ਜਥਾ ਆਦਿ ਸਮੇਤ ਵੱਖ-ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ, ਭਾਈਚਾਰੇ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਸਿੱਖ ਭਾਈਚਾਰੇ ਨੂੰ ਵਧਾਈ ਦਿੰਦਿਆਂ ਕਿਹਾ ਹੈ ਸਿੱਖਾਂ ਲਈ ਖਾਲਸਾ ਪੰਥ ਦਾ ਸਾਜਨਾ ਦਿਵਸ ਵਿਸਾਖੀ ਬਹੁਤ ਹੀ ਮਹੱਤਵਪੂਰਨ ਦਿਨ ਹੈ। ਇਸ ਮੌਕੇ ਸਿੱਖ ਭਾਈਚਾਰੇ ਵਲੋਂ ਮਨੁੱਖਤਾ ਦੀ ਸੇਵਾ ਲਈ ਕੀਤੇ ਜਾਣ ਵਾਲੇ ਕਾਰਜਾਂ, ਦੋਵੇਂ ਵਿਸ਼ਵ ਯੁੱਧਾਂ ਵਿਚ ਦਿੱਤੀਆਂ ਕੁਰਬਾਨੀਆਂ ਨੂੰ ਵੀ ਯਾਦ ਕੀਤਾ ਗਿਆ। ਇਸ ਮੌਕੇ ਐਮ. ਪੀ. ਤਨਮਨਜੀਤ ਸਿੰਘ ਢੇਸੀ, ਐਮ. ਪੀ. ਜਸਬੀਰ ਸਿੰਘ ਜੱਸ ਅਠਵਾਲ, ਐਮ. ਪੀ. ਗੁਰਿੰਦਰ ਸਿੰਘ ਜੋਸਨ, ਐਮ. ਪੀ. ਸੁਰੀਨਾ, ਐਮ. ਪੀ. ਵਰਿੰਦਰ ਜੱਸ, ਤੇਜਪਾਲ ਸਿੰਘ ਰਲਮਿਲ, ਦਲਜੀਤ ਸਿੰਘ ਸੱਗੂ, ਗੁਰਦੁਆਰਾ ਭਾਟ ਸਿੱਖ ਕੌਂਸਲ ਯੂ.ਕੇ. ਦੇ ਨੁਮਾਇੰਦੇ, ਡਾ. ਕੁਲਵੰਤ ਸਿੰਘ ਉੱਪਲ, ਰਣਬੀਰ ਸਿੰਘ ਰਾਏ ਆਦਿ ਹਾਜ਼ਰ ਸਨ।

# ਜਲ੍ਹਿਆਂਵਾਲਾ ਬਾਗ ਖ਼ੂਨੀ ਸਾਕੇ ਸੰਬੰਧੀ ਬਰਤਾਨੀਆ ਦੀ ਸੰਸਦ 'ਚ ਚਰਚਾ



ਬਰਤਾਨੀਆ ਦੀ ਸੰਸਦ ਵਿਚ ਜਲ੍ਹਿਆਂਵਾਲਾ ਬਾਗ ਕਾਂਡ ਸੰਬੰਧੀ ਹੋਈ ਮੀਟਿੰਗ ਵਿਚ ਸ਼ਾਮਲ ਐਮ.ਪੀ. ਤਨਮਨਜੀਤ ਸਿੰਘ ਢੇਸੀ ਤੇ ਹੋਰ ਸੰਸਦ ਮੈਂਬਰ।

ਲੰਡਨ : 13 ਅਪ੍ਰੈਲ 1919 ਨੂੰ ਸ੍ਰੀ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿੱਚ ਬ੍ਰਿਟਿਸ਼ ਰਾਜ ਮੌਕੇ ਹੋਏ ਨਿਹੱਥੇ ਲੋਕਾਂ ਦੇ ਕਤਲ ਦੀ ਅੱਗ ਅੱਜ ਵੀ ਸੁਲਗ ਰਹੀ ਹੈ। 1919 ਤੋਂ ਲੈ ਕੇ ਹੁਣ ਤੱਕ ਕਈ ਸਰਕਾਰਾਂ ਆਈਆਂ ਤੇ ਗਈਆਂ। ਪਰ ਕਿਸੇ ਵੀ ਸਰਕਾਰ ਨੇ ਇਸ ਕਾਂਡ ਦੀ ਜਿੰਮੇਂਵਾਰੀ ਲੈਂਦਿਆਂ ਭਾਰਤੀ ਲੋਕਾਂ ਤੋਂ ਮੁਆਫੀ ਨਹੀਂ ਮੰਗੀ। ਭਾਵੇਂ ਕਿ ਸਮੇਂ-ਸਮੇਂ 'ਤੇ ਬ੍ਰਿਟਿਸ਼ ਪ੍ਰਧਾਨ ਮੰਤਰੀਆਂ ਨੇ ਇਸ ਕਾਂਡ ਦੀ ਨਿੰਦਾ ਕੀਤੀ ਹੈ ਪਰ ਇਸ ਲਈ ਜਨਤਕ ਮੁਆਫੀ ਮੰਗਣ ਤੋਂ ਟਾਲਾ ਵੱਟਿਆ ਹੈ। ਬੀਤੇ ਦਿਨੀ ਐਮ. ਪੀ. ਜੌਹਨ ਮੈਕਡਾਨਲਡ ਦੀ ਅਗਵਾਈ ਵਿਚ ਜਲ੍ਹਿਆਂਵਾਲਾ ਬਾਗ ਕਾਂਡ 1919 ਕਮੇਟੀ ਵਲੋਂ ਸੰਸਦ ਵਿਚ ਇਕ ਵਿਚਾਰ ਚਰਚਾ ਲਈ ਮੀਟਿੰਗ ਕੀਤੀ ਗਈ, ਜਿਸ ਵਿਚ ਐਮ. ਪੀ. ਤਨਮਨਜੀਤ ਸਿੰਘ ਢੇਸੀ, ਐਮ. ਪੀ. ਜਸ ਅਠਵਾਲ, ਲਾਰਡ ਕੁਲਦੀਪ ਸਿੰਘ ਸਹੋਤਾ, ਐਮ. ਪੀ. ਰੂਥ ਕੈਡਬਰੀ, ਐਮ. ਪੀ ਬੌਬ ਬਲੈਕਮੈਨ ਆਦਿ ਸਮੇਤ ਕਈ ਸੰਸਦ ਮੈਂਬਰ, ਭਾਈਚਾਰਕ ਆਗੂ ਸ਼ਾਮਿਲ ਹੋਏ। ਇਸ ਮੌਕੇ ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਤੋਂ ਮੰਗ ਕੀਤੀ ਗਈ ਕਿ 100 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਪਰ ਅਜੇ ਤੱਕ ਭਾਰਤੀ ਲੋਕਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਲਈ ਕੋਈ ਯਤਨ ਨਹੀਂ ਹੋਇਆ, ਜਿਸ ਲਈ ਪ੍ਰਧਾਨ ਮੰਤਰੀ ਸਟਾਰਮਰ ਉਕਤ ਕਾਂਡ ਲਈ ਜਨਤਕ ਤੌਰ 'ਤੇ ਮੁਆਫੀ ਮੰਗਣ। ਇਥੇ ਦੱਸਣਯੋਗ ਹੈ ਕਿ ਐਮ. ਪੀ. ਜੌਹਨ ਮੈਕਡਾਨਲਡ ਨੇ 24 ਫਰਵਰੀ 2025 ਨੂੰ ਸੰਸਦ ਵਿਚ ਮਤਾ ਨੰਬਰ 817 ਲਿਆ ਕੇ ਭਾਰਤੀ ਲੋਕਾਂ ਤੇ ਪੀੜਤ ਪਰਿਵਾਰਾਂ ਤੋਂ ਮੁਆਫੀ ਦੀ ਮੰਗ ਰੱਖੀ ਗਈ ਹੈ, ਜਿਸ ਤੇ ਹੁਣ ਤੱਕ ਵੱਖ-ਵੱਖ ਪਾਰਟੀਆਂ ਦੇ 14 ਸੰਸਦ ਮੈਂਬਰ ਦਸਖ਼ਤ ਕਰ ਚੁੱਕੇ ਹਨ।

# ਅਮਰੀਕਾ 'ਚ ਭਾਰਤੀ ਮੂਲ ਦੇ ਉਦਮੀ ਨੂੰ ਵੀਜ਼ਾ ਧੋਖਾਧੜੀ ਦੇ ਦੋਸ਼ 'ਚ ਸਜ਼ਾ

ਨਿਊਯਾਰਕ (ਰਾਜ ਗੋਗਨਾ) : ਅਮਰੀਕਾ ਵਿੱਚ ਭਾਰਤੀ ਮੂਲ ਦੇ ਇੱਕ ਉੱਦਮੀ ਨੂੰ ਐਚ-1 ਬੀ ਵੀਜ਼ਾ ਦੀ ਧੋਖਾਧੜੀ ਦੀ ਯੋਜਨਾ ਦੇ ਦੋਸ਼ ਵਿੱਚ 14 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਤੇਲਗੂ ਮੂਲ ਦੇ ਭਾਰਤੀ ਜਿਸ ਦਾ ਨਾਂ ਕਿਸ਼ੋਰ ਦੱਤਾਪੁਰਮ ਹੈ ਅਤੇ ਉਸ ਨੇ ਐਚ-1 ਬੀ ਵੀਜ਼ਾ ਵਿੱਚ ਵੱਡੇ ਪੱਧਰ 'ਤੇ ਧੋਖਾਧੜੀ ਕੀਤੀ ਸੀ। ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸਾਂਤਾ ਕਲਾਰਾ ਦੇ 55 ਸਾਲਾ ਦੱਤਾਪੁਰਮ ਨੂੰ ਅਮਰੀਕੀ ਜ਼ਿਲ੍ਹਾ ਜੱਜ ਐਡਵਰਡ ਡੇਵਿਲਾ ਨੇ ਸਾਜ਼ਿਸ਼ ਦੇ ਇੱਕ ਦੋਸ਼ ਅਤੇ ਵੀਜ਼ਾ ਧੋਖਾਧੜੀ ਦੇ 10 ਦੋਸ਼ਾਂ ਦਾ ਦੋਸ਼ੀ ਮੰਨਣ ਤੋਂ ਬਾਅਦ ਸਜ਼ਾ ਸੁਣਾਈ।



ਜੇਲ੍ਹ ਦੀ ਸਜ਼ਾ ਤੋਂ ਇਲਾਵਾ, ਦੱਤਾਪੁਰਮ ਨੂੰ ਤਿੰਨ ਸਾਲ ਦੀ ਨਿਗਰਾਨੀ ਹੇਠ ਰਿਹਾਈ ਦੀ ਸਜ਼ਾ ਵੀ ਸੁਣਾਈ ਗਈ ਹੈ। ਇਸ ਤੋਂ ਇਲਾਵਾ ਉਸ ਨੂੰ 1,25,456 ਡਾਲਰ ਜ਼ਬਤ ਕਰਨ ਅਤੇ 7,500 ਡਾਲਰ ਦਾ ਜੁਰਮਾਨਾ ਅਤੇ 1100 ਡਾਲਰ ਦੀ ਵਿਸ਼ੇਸ਼ ਮੁਲਾਂਕਣ ਫੀਸ ਅਦਾ ਕਰਨ ਦਾ ਹੁਕਮ ਵੀ ਦਿੱਤਾ ਗਿਆ ਹੈ। ਇਸ ਕੇਸ ਦੀ ਪੈਰਵੀ ਸਹਾਇਕ ਅਮਰੀਕੀ ਅਟਾਰਨੀ ਸਾਰਾਹ ਗ੍ਰਿਸਵੋਲਡ ਅਤੇ ਵਿਸ਼ੇਸ਼ ਸਹਾਇਕ ਅਮਰੀਕੀ ਅਟਾਰਨੀ ਜੌਨੀ ਜੇਮਜ਼ ਦੁਆਰਾ ਕੀਤੀ ਗਈ ਸੀ। ਐੱਚ-1ਬੀ ਵੀਜ਼ਾ ਭਾਰਤੀਆਂ ਲਈ ਬਹੁਤ ਮਹੱਤਵਪੂਰਨ ਹਨ। ਅਮਰੀਕਾ ਵਿੱਚ ਇਹ ਵੀਜ਼ਾ ਲਾਭਪਾਤਰੀਆਂ ਵਿੱਚ ਭਾਰਤੀ ਸਭ ਤੋਂ ਵੱਧ ਹਨ। ਇਸ ਵੀਜ਼ਾ ਰਾਹੀਂ ਅਮਰੀਕੀ ਕੰਪਨੀਆਂ, ਖਾਸ ਕਰਕੇ ਤਕਨੀਕੀ ਖੇਤਰ ਵਿੱਚ ਕੰਮ ਕਰਨ ਵਾਲੀਆਂ, ਵਿਦੇਸ਼ਾਂ ਤੋਂ ਹੁਨਰਮੰਦ ਪੇਸ਼ੇਵਰਾਂ ਨੂੰ ਨੌਕਰੀ 'ਤੇ ਰੱਖ ਸਕਦੀਆਂ ਹਨ। ਐੱਚ-1 ਬੀ ਵੀਜ਼ਾ ਪ੍ਰੋਗਰਾਮ ਤਹਿਤ ਮਾਲਕਾਂ ਨੂੰ ਇਹ ਦਿਖਾਉਣ ਦੀ ਲੋੜ ਹੁੰਦੀ ਹੈ ਕਿ ਉਨ੍ਹਾਂ ਕੋਲ ਵਿਦੇਸ਼ੀ ਕਾਮਿਆਂ ਲਈ ਨੌਕਰੀਆਂ ਉਪਲਬਧ ਹਨ। ਪਰ ਕਿਸ਼ੋਰ ਦੱਤਾਪੁਰਮ ਵੱਖ-ਵੱਖ ਕੰਪਨੀਆਂ ਨੂੰ ਝੂਠੇ ਮਾਲਕ ਵਜੋਂ ਪੇਸ਼ ਕਰਨ ਲਈ ਪੈਸੇ ਦਿੰਦਾ ਸੀ ਕਿਉਂਕਿ ਉਹ ਜਾਣਦਾ ਸੀ ਕਿ ਸੂਚੀਬੱਧ ਕਾਮਿਆਂ ਨੂੰ ਉਨ੍ਹਾਂ ਕੰਪਨੀਆਂ ਦੁਆਰਾ ਕਦੇ ਵੀ ਨੌਕਰੀ 'ਤੇ ਨਹੀਂ ਰੱਖਿਆ ਜਾਵੇਗਾ। ਦਰਅਸਲ, ਦੱਤਾਪੁਰਮ ਨੇ ਇਸ ਧੋਖਾਧੜੀ ਦੀ ਵਰਤੋਂ ਪਹਿਲਾਂ ਤੋਂ ਵੀਜ਼ਾ ਪ੍ਰਾਪਤ ਕਰਨ ਲਈ ਕੀਤੀ ਤਾਂ ਜੋ ਜਦੋਂ ਨੌਕਰੀ ਦੀਆਂ ਜ਼ਰੂਰਤਾਂ ਪੈਦਾ ਹੋਣ, ਤਾਂ ਉਸ ਦੀ ਕੰਪਨੀ ਨੈਨੋਸੈਮੈਂਟਿਕਸ ਪ੍ਰਕਿਰਿਆ ਦੇ ਪੂਰਾ ਹੋਣ ਦੀ ਉਡੀਕ ਕੀਤੇ ਬਿਨਾਂ ਜਲਦੀ ਕਾਮੇ ਪ੍ਰਦਾਨ ਕਰ ਸਕੇ, ਅਮਰੀਕੀ ਅਟਾਰਨੀ ਪੈਟ੍ਰਿਕ ਰੌਬਿਨਸ ਅਤੇ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨਜ਼ ਸਪੈਸ਼ਲ ਏਜੰਟ ਟੋਟੇਮ ਕਿੰਗ ਨੇ ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਜੋ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਦੇ ਹਨ। ਅਤੇ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਨਾਲ ਛੇੜਛਾੜ ਅਤੇ ਦੁਰਵਰਤੋਂ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਉਮਰ ਅਬਦੁੱਲਾ ਦਾ ਦਰਦ

ਪਹਿਲਗਾਮ ਵਿਚ ਵਾਪਰੀ ਅਣਮਨੁੱਖੀ ਘਟਨਾ ਕਾਰਨ ਦੇਸ਼ ਵਿਚ ਵੱਡੀ ਪੱਧਰ ’ਤੇ ਸੋਗਮਈ ਮਾਹੌਲ ਬਣਿਆ ਹੋਇਆ ਹੈ। ਇਸ ਘਟਨਾ ਦੀ ਪੀੜ ਲੰਮੇ ਸਮੇਂ ਤੱਕ ਮਹਿਸੂਸ ਹੁੰਦੀ ਰਹੇਗੀ। ਇਹ ਵੱਡੀ ਵਾਰਦਾਤ ਉਸ ਸਮੇਂ ਵਾਪਰੀ ਜਦੋਂ ਜੰਮੂ-ਕਸ਼ਮੀਰ ਤੋਂ ਡਰ ਤੇ ਸਹਿਮ ਦੇ ਸਾਏ ਖ਼ਤਮ ਹੋ ਰਹੇ ਸਨ। ਸਾਲ 2019 ਵਿਚ ਕੇਂਦਰ ਸਰਕਾਰ ਵਲੋਂ ਜੰਮੂ-ਕਸ਼ਮੀਰ ’ਚੋਂ ਵਿਸ਼ੇਸ਼ ਅਧਿਕਾਰਾਂ ਵਾਲੀ ਧਾਰਾ 370 ਖ਼ਤਮ ਕਰ ਕੇ ਇਸ ਨੂੰ ਦੋ ਹਿੱਸਿਆ ਵਿਚ ਵੰਡ ਕੇ ਕੇਂਦਰੀ ਪ੍ਰਸ਼ਾਸਿਤ ਖੇਤਰ ਐਲਾਨ ਦਿੱਤਾ ਗਿਆ ਸੀ। ਉਸ ਤੋਂ ਬਾਅਦ ਇਹ ਜ਼ਰੂਰ ਮਹਿਸੂਸ ਹੋਣ ਲੱਗਾ ਸੀ ਕਿ ਹਾਲਾਤ ਬਦਲ ਰਹੇ ਹਨ। ਸੂਬੇ ਦੇ ਲੋਕਾਂ ਦੇ ਮਨਾਂ ਅੰਦਰ ਨਵੀਂ ਤਬਦੀਲੀ ਆ ਰਹੀ ਹੈ। 6 ਮਹੀਨੇ ਪਹਿਲਾਂ ਇਥੇ ਚੋਣਾਂ ਕਰਵਾਈਆਂ ਗਈਆਂ ਸਨ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਹਿੱਸਾ ਲਿਆ ਸੀ। ਮੁਕਾਬਲਤਨ ਇਹ ਚੋਣਾਂ ਸ਼ਾਂਤਮਈ ਮਾਹੌਲ ਵਿਚ ਹੀ ਹੋਈਆਂ ਸਨ। ਇਨ੍ਹਾਂ ਚੋਣਾਂ ਤੋਂ ਬਾਅਦ ਸੂਬੇ ’ਚ ਪ੍ਰਭਾਵਸ਼ਾਲੀ ਖੇਤਰੀ ਪਾਰਟੀ ਨੈਸ਼ਨਲ ਕਾਨਫਰੰਸ ਦੀ, ਉਮਰ ਅਬਦੁੱਲਾ ਦੀ ਅਗਵਾਈ ’ਚ ਸਰਕਾਰ ਦਾ ਗਠਨ ਹੋਇਆ ਸੀ।

ਇਸ ਸਰਕਾਰ ਦੀ ਅਗਵਾਈ ਵਿਚ ਰਾਜ ਦਾ ਮਾਹੌਲ ਬਿਹਤਰ ਹੋਣ ਲੱਗ ਪਿਆ ਸੀ। ਜ਼ਿੰਦਗੀ ਇਕ ਤਰ੍ਹਾਂ ਨਾਲ ਮੁੜ ਚਹਿਕਣ ਲੱਗ ਪਈ ਸੀ। ਇਸੇ ਲਈ ਇਨ੍ਹਾਂ ਸੁੰਦਰ ਵਾਦੀਆਂ ’ਚ ਦੇਸ਼ ਭਰ ਤੋਂ ਅਤੇ ਵਿਦੇਸ਼ਾਂ ਤੋਂ ਵੱਡੀ ਗਿਣਤੀ ’ਚ ਸੈਲਾਨੀ ਮੁੜ ਪੁੱਜਣ ਲੱਗੇ ਸਨ। ਪਿਛਲੇ ਸਾਲ ਇਨ੍ਹਾਂ ਦੀ ਗਿਣਤੀ 30 ਲੱਖ ਦੇ ਲਗਭਗ ਸੀ। ਇਸ ਸਾਲ ਇਸ ਗਿਣਤੀ ਦੇ ਹੋਰ ਵੀ ਵਧ ਜਾਣ ਦੀ ਸੰਭਾਵਨਾ ਸੀ। ਨਵੀਂ ਹਵਾ ਦੇ ਰੁਮਕਣ ਨਾਲ ਕਸ਼ਮੀਰੀਆਂ ਦਾ ਜੀਵਨ ਵੀ ਮੁੜ ਧੜਕਣ ਲੱਗਾ ਸੀ। ਕੇਂਦਰ ਤੇ ਪ੍ਰਾਂਤਕ ਸਰਕਾਰ ਵਲੋਂ ਵੀ ਇਥੇ ਵੱਡੀਆਂ ਰਕਮਾਂ ਲਾ ਕੇ ਤੇ ਵੱਡੀਆਂ ਯੋਜਨਾਵਾਂ ਬਣਾ ਕੇ ਇਸ ਦੀ ਨੁਹਾਰ ਬਦਲਣ ਦਾ ਯਤਨ ਵੀ ਕੀਤਾ ਜਾਣ ਲੱਗਾ ਸੀ। ਸੈਲਾਨੀਆਂ ਦੀ ਗਿਣਤੀ ਉਮੀਦ ਨਾਲੋਂ ਕਿਤੇ ਵਧਣ ਕਰ ਕੇ ਸੈਰ-ਸਪਾਟੇ ਦੀਆਂ ਸੰਭਾਵਨਾਵਾਂ ਵਧ ਗਈਆਂ ਸਨ। ਸੂਬੇ ਦੇ ਆਮ ਲੋਕਾਂ ਦੀ ਆਰਥਿਕਤਾ ਵੀ ਇਸ ਸਰਗਰਮੀ ਨਾਲ ਮਜ਼ਬੂਤ ਹੋਣ ਲੱਗੀ ਸੀ। ਇਸ ਖਿੱਤੇ ’ਚ ਵੱਡੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਸਨ। ਪਰ ਪਹਿਲਗਾਮ ਵਿਚ ਸੈਲਾਨੀਆਂ ’ਤੇ ਹੋਏ ਹਮਲੇ ਦੀ ਬੇਹੱਦ ਦੁਖਦਾਈ ਘਟਨਾ ਨੇ ਇਕਦਮ ਸਾਰਾ ਮਾਹੌਲ ਬਦਲ ਕੇ ਰੱਖ ਦਿੱਤਾ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਇਸ ਤੋਂ ਬਾਅਦ ਇਕਦਮ ਸੈਲਾਨੀਆਂ ਦੇ ਵਾਦੀ ’ਚੋਂ ਚਲੇ ਜਾਣ ’ਤੇ ਵੱਡਾ ਅਫ਼ਸੋਸ ਪ੍ਰਗਟ ਕੀਤਾ ਹੈ। ਇਸ ਦੇ ਨਾਲ ਹੀ ਵਾਦੀ ਤੇ ਸੂਬੇ ਦੇ ਲੋਕਾਂ ਨੇ ਵੀ ਇਸ ਘਟਨਾ ਪ੍ਰਤੀ ਵੱਡੀ ਗਿਣਤੀ ਵਿਚ ਆਪਣਾ ਸਖ਼ਤ ਪ੍ਰਤੀਕਰਮ ਪ੍ਰਗਟਾਇਆ ਹੈ। ਪਿਛਲੇ 3 ਦਹਾਕਿਆਂ ਤੋਂ ਬਾਅਦ ਨਿਰਦੋਸ਼ ਸੈਲਾਨੀਆਂ ’ਤੇ ਹੋਏ ਘਾਤਕ ਹਮਲੇ ਦੇ ਦੁੱਖ ਨਾਲ ਸਥਾਨਕ ਲੋਕਾਂ ਦੇ ਮਨਾਂ ਵਿਚ ਵੀ ਇਨਸਾਨੀਅਤ ਲਈ ਦਰਦ ਛਲਕਿਆ ਸੀ। ਵਾਦੀ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਲੋਕ ਰੋਸ ਪ੍ਰਗਟਾਉਂਦੇ ਹੋਏ ਗਲੀਆਂ, ਬਾਜ਼ਾਰਾਂ ਵਿਚ ਉਤਰੇ ਸਨ। ਉਨ੍ਹਾਂ ਥਾਵਾਂ ’ਤੇ ਵੀ ਜਿਥੇ ਦਹਿਸ਼ਤਗਰਦਾਂ ਦਾ ਕਦੀ ਵੱਡਾ ਪ੍ਰਭਾਵ ਬਣਿਆ ਰਿਹਾ ਸੀ।



ਉਨ੍ਹਾਂ ਦੇ ਨਾਲ ਹੀ ਸਾਰੀਆਂ ਪਾਰਟੀਆਂ ਤੇ ਉਨ੍ਹਾਂ ਦੇ ਆਗੂਆਂ ਵਲੋਂ ਵੀ ਵੱਡੇ-ਛੋਟੇ ਸ਼ਹਿਰਾਂ ’ਚ ਰੋਸ ਮੁਜ਼ਾਹਰੇ ਕੀਤੇ ਗਏ ਸਨ ਅਤੇ ਹਾਲਾਤ ਨੂੰ ਮੁੜ ਖ਼ਰਾਬ ਕਰਨ ਲਈ ਦਹਿਸ਼ਤਗਰਦਾਂ ਨੂੰ ਰੱਜ ਕੇ ਕੋਸਿਆ ਗਿਆ ਸੀ, ਜਿਨ੍ਹਾਂ ਨੇ ਸੂਬੇ ਦੀ ਮੁੜ ਉੱਪਰ ਉੱਠ ਰਹੀ ਆਰਥਿਕਤਾ ਨੂੰ ਹੇਠਾਂ ਸੁੱਟਣ ਦਾ ਕੰਮ ਕੀਤਾ ਸੀ। ਇਥੇ ਹੀ ਬਸ ਨਹੀਂਸ ਸ੍ਰੀਨਗਰ ਦੀ ਸਭ ਤੋਂ ਵੱਡੀ ਮਸਜਿਦ ਦੇ ਨਾਲ-ਨਾਲ ਹੋਰ ਅਨੇਕਾਂ ਮਸਜਿਦਾਂ ਵਿਚ ਵੀ ਇਸ ਘਟਨਾ ’ਤੇ ਦੁੱਖ ਪ੍ਰਗਟ ਕਰਨ ਲਈ ਮੌਨ ਧਾਰੇ ਗਏ ਸਨ। ਵਾਦੀ ਦੇ ਲਗਭਗ ਸਾਰੇ ਵੱਡੇ-ਛੋਟੇ ਸਿਆਸੀ ਆਗੂਆਂ ਨੇ ਸਭਾਵਾਂ ਕਰ ਕੇ ਇਹ ਦੁੱਖ ਸਾਂਝਾ ਕੀਤਾ ਸੀ। ਪਿਛਲੇ ਦਿਨ ਇਸ ਘਟਨਾ ਸੰਬੰਧੀ ਸੱਦੇ ਗਏ ਜੰਮੂ-ਕਸ਼ਮੀਰ ਵਿਧਾਨ ਸਭਾ ਦੇ ਇਕ ਦਿਨ ਦੇ ਇਜਲਾਸ ਵਿਚ ਸਾਰੀਆਂ ਹੀ ਪਾਰਟੀਆਂ ਦੇ ਪ੍ਰਤੀਨਿਧਾਂ ਨੇ ਇਸ ਘਟਨਾ ਸੰਬੰਧੀ ਆਪੋ-ਆਪਣੇ ਵਿਚਾਰ ਪ੍ਰਗਟਾਏ ਸਨ। ਮੁੱਖ ਮੰਤਰੀ ਉਮਰ ਅਬਦੁੱਲਾ ਆਪਣੇ ਸੰਬੋਧਨ ਵਿਚ ਬੇਹੱਦ ਭਾਵੁਕ ਦਿਖਾਈ ਦਿੱਤੇ ਸਨ। ਉਨ੍ਹਾਂ ਨੇ ਵਿਧਾਨ ਸਭਾ ’ਚ ਆਪਣਾ ਦਰਦ ਸਭ ਨਾਲ ਸਾਂਝਾ ਕਰਦੇ ਹੋਏ ਇਹ ਕਿਹਾ ਕਿ ਮੇਜ਼ਬਾਨ ਹੋਣ ਦੇ ਨਾਤੇ ਮੈਂ ਸੈਲਾਨੀਆਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਸਾਂ। ਇਸ ਨੂੰ ਮੈਂ ਪੂਰਾ ਨਹੀਂ ਕਰ ਸਕਿਆ। ਵਿਛੜ ਗਏ ਲੋਕਾਂ ਦੇ ਪਰਿਵਾਰਕ ਮੈਂਬਰਾਂ ਤੋਂ ਮੈਂ ਕਿਸ ਤਰ੍ਹਾਂ ਮਾਫ਼ੀ ਮੰਗਾਂ, ਇਸ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਵਿਧਾਨ ਸਭਾ ਦੇ ਮੈਂਬਰਾਂ ਨੇ ਇਸ ਤ੍ਰਾਸਦੀ ਦੇ ਮੱਦੇਨਜ਼ਰ ਦੇਸ਼ ਤੇ ਜੰਮੂ-ਕਸ਼ਮੀਰ ਦੀ ਫਿਰਕੂ ਸਦਭਾਵਨਾ ਤੇ ਵਿਕਾਸ ਗਤੀ ਨੂੰ ਵਿਗਾੜਨ ਦੀ ਕੋਸ਼ਿਸ਼ ਕਰਨ ਵਾਲਿਆਂ ਦੇ ਮਨਸੂਬਿਆਂ ਨੂੰ ਪੂਰੀ ਤਰ੍ਹਾਂ ਪਸਤ ਕਰਨ ਲਈ ਆਪਣੀ ਮੁੜ ਵਚਨਬੱਧਤਾ ਪ੍ਰਗਟ ਕੀਤੀ ਹੈ।

ਇਸ ਦੁਖਦਾਈ ਘਟਨਾ ਨੇ ਇਕ ਵਾਰ ਤਾਂ ਸਮੁੱਚਾ ਮਾਹੌਲ ਹੀ ਤਬਦੀਲ ਕਰ ਦਿੱਤਾ ਹੈ। ਉਮਰ ਅਬਦੁੱਲਾ ਨੇ ਵਾਪਰੀ ਇਸ ਘਟਨਾ ’ਤੇ ਕਿਹਾ ਕਿ ਸਭ ਪਾਸੇ ਪੈਦਾ ਹੋਏ ਵੱਡੇ ਗੁੱਸੇ ਨੇ ਇਹ ਉਮੀਦ ਜਗਾਈ ਹੈ ਕਿ ਹੁਣ ਲੋਕਾਂ ਦੇ ਸਹਿਯੋਗ ਨਾਲ ਅੱਤਵਾਦ ਦਾ ਖ਼ਾਤਮਾ ਜ਼ਰੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਬੈਸਰਨ ਘਾਟੀ ਦੀ ਘਟਨਾ ਤੋਂ ਬਾਅਦ ਦੇਸ਼ ਵਿਚ ਲੋਕਾਂ ਨੇ ਜਿਸ ਤਰ੍ਹਾਂ ਨਾਲ ਸਦਭਾਵਨਾ ਵਾਲਾ ਆਪਸੀ ਜ਼ਾਬਤਾ ਬਣਾਇਆ ਹੈ, ਉਸ ਨਾਲ ਅੱਤਵਾਦੀ ਮਨਸੂਬਿਆਂ ਦੀ ਵੱਡੀ ਹਾਰ ਹੋਵੇਗੀ। ਅਸੀਂ ਸਮਝਦੇ ਹਾਂ ਕਿ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਛਲਕਿਆ ਇਹ ਦਰਦ ਘਾਟੀ ਦੇ ਲੋਕਾਂ ਦੇ ਦਰਦ ਦੀ ਤਰਜਮਾਨੀ ਕਰਦਾ ਹੈ। ਅਜਿਹੀ ਭਾਵਨਾ ਨਾਲ ਹੀ ਵਿਛੜੀਆਂ ਰੂਹਾਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕਦੀ ਹੈ ਅਤੇ ਰਾਜ ਦੇ ਮਾਹੌਲ ਨੂੰ ਮੁੜ ਤੋਂ ਸਾਜ਼ਗਾਰ ਬਣਾਇਆ ਜਾ ਸਕਦਾ ਹੈ।

# ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੇਗਾ

“ਅਸੀਂ ਜਾ ਰਹੇ ਹਾਂ, ਹੁਣ ਸਾਡੀਆਂ ਖ਼ਬਰਾਂ ਤੁਹਾਨੂੰ ਪਰੇਸ਼ਾਨ ਨਹੀਂ ਕਰਨਗੀਆਂ।” ਇਹ ਲਾਈਨ ਉਸ ਨੋਟ ਵਿੱਚੋਂ ਹੈ, ਜਿਹੜੀ ਗਾਜ਼ਾ (ਫ਼ਲਸਤੀਨ) ਦੀ ਇਕ ਬਾਲੜੀ ਨੇ ਦੁਨੀਆ ਨੂੰ ਵੰਗਾਰਦਿਆਂ ਲਿਖੀ ਕਿਉਂਕਿ ਉਸ ਨੂੰ ਪਤਾ ਕਿ ਇੰਨੇ ਵੱਡੇ ਅਤੇ ਲਗਾਤਾਰ ਹੋ ਰਹੇ ਕਤਲੇਆਮ ’ਤੇ ਵੀ ਅਸੀਂ-ਤੁਸੀਂ, ਸਾਰੇ ਚੁੱਪ ਸਾਂ/ਹਾਂ। ਹਾਂ, ਉਸ ਵਿਚਾਰੀ ਨੂੰ ਖ਼ੁਦ ਵੀ ਨਹੀਂ ਸੀ ਪਤਾ ਕਿ ਕਦ ਉਸ ਦੀ ਵਾਰੀ ਆ ਜਾਵੇ ਤੇ ਉਹ ਚੁੱਪ-ਗੜੁੱਪ ਇਸ ਦੁਨੀਆ ਨੂੰ ਸਦੀਵੀ ਅਲਵਿਦਾ ਆਖ ਜਾਵੇ। ਸੰਭਾਵੀ ਪਰ ਅਨਿਆਈ ਮੌਤ ਤੋਂ ਪਹਿਲਾਂ ਲਿਖਿਆ ਉਸ ਦਾ ਨੋਟ ਸਾਨੂੰ ਸਾਰਿਆਂ ਨੂੰ ਬਹੁਤ ਕੁਝ ਕਹਿ ਰਿਹਾ ਹੈ।



ਰਮਜ਼ਾਨ ਖ਼ਤਮ ਹੋਣ ਤੋਂ ਪਹਿਲਾਂ ਹੀ ਇਜ਼ਰਾਈਲ ਇੱਕ ਵਾਰ ਫਿਰ ਬੇਕਿਰਕ ਤਬਾਹੀ ਲਿਆਇਆ। ਅਠਾਰਾਂ ਹਜ਼ਾਰ ਤੋਂ ਵੀ ਵੱਧ ਨਿਰਦੋਸ਼ ਬੱਚੇ ਮਾਰੇ ਗਏ, ਉਹ ਵੀ ਜਿਹੜੇ ਅਜੇ ਆਪਣੀਆਂ ਮਾਵਾਂ ਦੀਆਂ ਗੋਦੀਆਂ ਵਿਚ ਸਨ। ਪੰਜਾਹ ਹਜ਼ਾਰ ਤੋਂ ਕਿਤੇ ਵੱਧ ਆਮ ਲੋਕ, ਦਾਨਿਸ਼ਵਰ ਅਤੇ ਮੀਡੀਆ ਕਾਮਿਆਂ ਦੀਆਂ ਮੌਤਾਂ ਵੀ ਦਿਲ ਦਹਿਲਾ ਦੇਣ ਵਾਲੀਆਂ ਸਨ/ਹਨ ਪਰ ਅਸੀਂ ਕੂਏ ਤੱਕ ਨਹੀਂ।

“ਉਫ! ਸੱਭਿਅਕ ਸਮਾਜ ਦੀ ਸਿਰਜਣਾ ਤਾਂ ਦੂਰ ਦੀ ਗੱਲ, ਅਸੀਂ ਖਰਾ ਮਨੁੱਖ ਵੀ ਨਹੀਂ ਬਣ ਸਕੇ।” ਇਹ ਹੈ ਉਹ ਗੱਲ ਜਿਹੜੀ ਨੇਕ ਦਿਲ ਇਨਸਾਨ ਅਤੇ ਜੰਗੀ ਪੱਤਰਕਾਰ ਨੀਲੋਤਪਾਲ ਉਜੈਨ ਨੇ ਕਹੀ ਜਦ ਉਸ ਨੇ ਸਹਿਕ ਰਹੀ ਉਸ ਕੁੜੀ ਦਾ ਨੋਟ ਉਸ ਦੇ ਧੁਆਂਖੇ ਬੋਝੇ ਵਿੱਚੋਂ ਕੱਢ ਕੇ ਪੜ੍ਹਿਆ। ਸ਼ਾਇਦ ਉਹ ਕੁੜੀ ਜਾਂਦੇ ਵਕਤ ਇਹ ਨਿਹੋਰਾ ਮਾਰ ਰਹੀ ਹੋਵੇ ਕਿ ਇੰਨੀ ਵੱਡੀ ਨਿਹੱਕ ਤ੍ਰਾਸਦੀ ਉੱਤੇ ਵੀ ਦੁਨੀਆ ਚੁੱਪ ਹੈ। ਆਖਿਰ ਕਿਉਂ?

ਉਂਝ ਤਾਂ ਆਪਣੇ ਮੁਲਕ ਦੀਆਂ ਵੀ ਕਈ ਕਰੂਰ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਸਿਰਫ਼ ਦੋ ਸਾਂਝੀਆਂ ਕਰਾਂਗਾ; ਪਹਿਲੀ- ਅਸ਼ੋਕਾ ਤੇ ਦਿੱਲੀ ਯੂਨੀਵਰਸਿਟੀ ਦੀ ਅਤੇ ਦੂਜੀ- ਕਾਂਚਾ ਗਾਚੀਬੋਵਲੀ ਜੰਗਲ, ਹੈਦਰਾਬਾਦ (ਤਿਲੰਗਾਨਾ) ਦੀ ਹੈ। ਅਸ਼ੋਕਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਭਾਨੂੰ ਮਹਿਤਾ ਨੂੰ ਕੇਂਦਰੀ ਹਾਕਮਾਂ ਨੇ ਅਸਤੀਫਾ ਦੇਣ ਲਈ ਇਸ ਕਰ ਕੇ ਮਜ਼ਬੂਰ ਕਰ ਦਿੱਤਾ ਕਿਉਂਕਿ ਉਨ੍ਹਾਂ ਵਲੋਂ ਅਖ਼ਬਾਰਾਂ ਵਿੱਚ ਲਿਖੇ ਕੁਝ ਆਲੋਚਨਾਤਮਿਕ ਲੇਖ, ਜਿਹੜੇ ਲੋਕਾਂ ਅਤੇ ਮੁਲਕ ਦੇ ਪੱਖ ਵਿਚ ਲਿਖੇ ਗਏ ਸਨ, ਹਾਕਮਾਂ ਨੂੰ ਰਾਸ ਨਹੀਂ ਸੀ ਆਏ। ਇਹੀ ਨਹੀਂ, ਇਸੇ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸਬਿਆਸਾਚੀ ਦਾਸ ਦੇ ਖੋਜ ਪੱਤਰ ‘ਦੁਨੀਆ ਦੀ ਸਭ ਤੋਂ ਵੱਡੀ ‘ਜਮਹੂਰੀਅਤ’ ਵਿਚ ਜਮਹੂਰੀ ਪਤਨ’ ਜਿਸ ਰਾਹੀਂ ਇਹ ਵੀ ਸਿੱਧ ਹੁੰਦਾ ਸੀ ਕਿ ਹੁਕਮਰਾਨ ਪਾਰਟੀ ਨੇ ਚੋਣਾਂ ਵਿਚ ਕਿੱਥੇ-ਕਿੱਥੇ ਧੋਖਾਧੜੀ ਕੀਤੀ ਸੀ, ਹਾਕਮਾਂ ਨੂੰ ਇਹ ਵੀ ਨਾਗਵਾਰ ਜਾਪਿਆ ਤੇ ਉਸ ਲੋਕ ਪੱਖੀ ਪ੍ਰੋਫੈਸਰ ਨੂੰ ਵੀ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਯੂਨੀਵਰਸਿਟੀਆਂ, ਜਿਨ੍ਹਾਂ ਨੂੰ ਵਿਚਾਰ ਪ੍ਰਗਟਾਉਣ ਅਤੇ ਸਿਆਸਤ ਬਾਰੇ ਖੁੱਲ੍ਹ ਕੇ ਲਿਖਣ ਤੇ ਬੋਲਣ ਦੀ ਸੰਵਿਧਾਨਕ ਆਗਿਆ ਹੈ, ਦੇ ਪ੍ਰਬੰਧਕ ਹਾਕਮਾਂ ਮੂਹਰੇ ਲਿਫੇ ਹੀ ਨਹੀਂ, ਡੰਡੌਤ ਬੰਦਨਾ ਵੀ ਕਰਨ ਲੱਗ ਪਏ। ਹੁਣ ਬਹੁਤੇ ਵਾਈਸ ਚਾਂਸਲਰ ਹਾਕਮਾਂ ਦੇ ਆਪਣੇ ਹਨ। ਹਾਲ ਹੀ ਵਿਚ ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦਾ ਮੁਖੀ ਸੀਨੀਆਰਤਾ ਦੇ ਹਿਸਾਬ ਨਾਲ ਪ੍ਰੋਫੈਸਰ ਅਪੂਰਵਾਨੰਦ ਨੇ ਬਣਨਾ ਸੀ, ਪਰ ਨਹੀਂ ਬਣਾਇਆ ਗਿਆ। ਕਾਰਨ? ਕਿਉਂਕਿ ਪ੍ਰੋਫੈਸਰ ਅਪੂਰਵਾਨੰਦ ਆਮ ਲੋਕਾਂ ਤੇ ਘੱਟ

## ਵਿਜੈ ਬੰਬੇਲੀ

ਗਿਣਤੀਆਂ ਦੇ ਸੰਵਿਧਾਨਕ ਹੱਕਾਂ ਦੇ ਸੰਘਰਸ਼ਾਂ ਵਿਚ ਵੀ ਮੂਹਰੇ ਹਨ ਅਤੇ ਵਿਦਿਅਕ ਅਦਾਰਿਆਂ ਦੀ ਖ਼ੁਦਮੁਖ਼ਤਾਰੀ ਦੇ ਵੀ ਝੰਡਾਬਰਦਾਰ ਹਨ ਪਰ ਕੀ ਇਨ੍ਹਾਂ ਧੱਕਿਆਂ ਖਿਲਾਫ਼ ਅਸੀਂ ਜਾਂ ਸਾਡੇ ਬੁੱਧੀਜੀਵੀ ਬੋਲੇ ਥੋੜਿਆਂ ਨੂੰ ਛੱਡ ਕੇ ਕੋਈ ਵੀ ਨਹੀਂ। ਕੇਂਦਰ ਸਰਕਾਰ, ਜਿਹੜੀ ‘ਸਭ ਕਾ ਸਾਥ, ਸਭ ਕਾ ਵਿਕਾਸ’ ਦੀ ਢੰਡੋਰਾ ਪਿੱਟਣ ਤੋਂ ਨਹੀਂ ਅੱਕਦੀ-ਥੱਕਦੀ, ਦੇ ਏਜੰਡੇ ਵਿਚ ‘ਜੰਗਲ ਅਤੇ ਜੰਗਲੀ ਜਨੌਰ’ ਭਾਵ ਕੁਦਰਤਵਾਦ ਤਾਂ ਬਿਲਕੁਲ ਹੀ ਨਹੀਂ। ਇਹ ‘ਜੰਗਲਾਂ’ ਦੇ ਮੂਲ ਨਿਵਾਸੀਆਂ ਅਤੇ ਕੁਦਰਤੀ ਮਾਲਕ ਆਦਿਵਾਸੀਆਂ ਤੋਂ ਜਲ, ਜੰਗਲ ਅਤੇ ਜ਼ਮੀਨ (ਪਹਾੜ) ਹੀ ਨਹੀਂ ਖੋਂਹਦੀ, ਸਗੋਂ ਧੜਵੈਲ ਧਨ ਕੁਬੇਰਾਂ ਦੇ ਹਿੱਤਾਂ ਲਈ ਵਿਰੋਧ ਕਰਨ ਵਾਲਿਆਂ ਨੂੰ ਨਕਸਲੀ ਗਰਦਾਨ ਦਿੰਦੀ ਹੈ। ਇਸ ਬਾਬਤ ਬਸਤਰ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਹਾਲ ਹੀ ਦੇ ਉੱਤਰਾਖੰਡ ਅਤੇ ਗੋਆ ਦੇ ‘ਜੰਗਲ ਹਾਊਸਜ਼’ ਅਤੇ ਅੰਬਾਨੀ ਦਾ ਜਾਮਨਗਰ/ਗੁਜਰਾਤ ਦਾ ‘ਜੰਗਲੀ ਚਿੜੀਆਘਰ’ ਜੰਗਲਾਂ ਅਤੇ ਕੁਦਰਤੀ ਨਿਆਂ ਦੀਆਂ ਘੋਰ ਉਲੰਘਣਾ ਦੀਆਂ ਠੋਸ ਮਿਸਾਲਾਂ ਹਨ ਪਰ ਕੀ ਸਿਰਫ ਕੇਂਦਰ ਸਰਕਾਰ ਹੀ ਸਾਡੀ ਸਾਹ-ਰਗ ਅਤੇ ਜਲ-ਰਗ, ਭਾਵ, ਜੰਗਲ ਉਜਾੜਦੀ ਹੈ? ਨਹੀਂ ਇਸ ਮਾਮਲੇ ਵਿੱਚ ਰਾਜ ਸਰਕਾਰਾਂ ਵੀ ਅਪਵਾਦ ਨਹੀਂ। ਤਿਲੰਗਾਨਾ ਸਟੇਟ ਦੇ ਕਾਂਚਾ ਗਾਚੀਬੋਵਲੀ ਦੇ ਵਿਸ਼ਾਲ ਜੰਗਲ, ਜਿਹੜਾ ਹੈਦਰਾਬਾਦ ਦੀ ਸਾਹ-ਰਗ ਹੈ, ਦਾ ਬੇਕਿਰਕ ਉਜਾੜਾ ਇਸ ਦੀ ਮੂੰਹ ਬੋਲਦੀ ਉਦਾਹਰਨ ਹੈ।

ਆਓ ਹੁਣ ਫਿਰ ਫ਼ਲਸਤੀਨ ਵੱਲ ਪਰਤੀਏ। ਫ਼ਲਸਤੀਨ ’ਤੇ ਟੁੱਟ ਰਹੇ ਕਹਿਰ ’ਤੇ ਹਰ ਸੰਜੀਦਾ ਸ਼ਖ਼ਸ ਸ਼ਰਮਿੰਦਾ ਹੈ। ਜੇ ਕੋਈ ਧਾੜਵੀਆਂ ਖਿ?ਲਾਫ਼ ਮੈਦਾਨ-ਏ-ਜੰਗ ਅੰਦਰ ਜਾ ਕੇ ਲੜ ਨਹੀਂ ਸਕਦਾ ਤਾਂ ਘੱਟੋ-ਘੱਟ, ਜਿਥੇ ਵੀ ਹੈ ਜਾਂ ਕਿਸੇ ਵੀ ਸਥਿਤੀ ’ਚ ਹੈ, ਇਸ ਜਬਰ ਤੇ ਜ਼ੁਲਮ ਵਿਰੁੱਧ ਬਾਂਹ ਤਾਂ ਉਛਾਲ ਸਕਦਾ ਹੈ, ਆਵਾਜ਼ ਤਾਂ ਉਠਾ ਸਕਦਾ ਹੈ। ਇਜ਼ਰਾਈਲ ਆਪਣੇ ਆਕਾਵਾਂ, ਆਪਣੇ ਧਨ ਕੁਬੇਰਾਂ ਦੀ ਸ਼ਹਿ ’ਤੇ ਗਾਜ਼ਾ ਦਾ ਖੁਰਾ-ਖੋਜ ਮਿਟਾਉਣ ਅਤੇ ਫ਼ਲਸਤੀਨੀਆਂ ਦੀ ਨਸਲ ਖ਼ਤਮ ਕਰਨ ’ਤੇ ਤੁਲਿਆ ਹੋਇਆ ਹੈ ਅਤੇ ਅਸੀਂ ਤੁਸੀਂ ਤੇ ਦੁਨੀਆ ਭਰ ਦੇ ਨਿਜ਼ਾਮ ਚੁੱਪ ਧਾਰੀ ਬੈਠੇ ਹਨ। ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੇਗਾ।

ਚੇਤੇ ਰੱਖੋ, ਇਤਿਹਾਸ ਸਿਰਫ਼ ਤਾਰੀਖਾਂ ਅਤੇ ਘਟਨਾਵਾਂ ਦੀ ਲੜੀ ਨਹੀਂ ਹੁੰਦਾ, ਇਤਿਹਾਸ ਇਨਸਾਨੀ ਜ਼ਮੀਰ ਦਾ ਸ਼ੀਸ਼ਾ ਵੀ ਹੁੰਦਾ ਹੈ। ਉਹ ਸਵਾਲ ਪੁੱਛਦਾ ਹੈ, ਟੋਂਹਦਾ ਹੈ ਅਤੇ ਲਲਕਾਰਦਾ ਹੈ। ਆਉਣ ਵਾਲੇ ਸਮੇਂ ਵਿਚ ਜਦੋਂ ਗਾਜ਼ਾ ਦੀ ਰਾਖ ਵਿੱਚੋਂ ਫ਼ਲਸਤੀਨੀ ਬੱਚੇ ਕੁਕਨਸ ਬਣ ਮੁੜ ਉਡਾਰੀ ਭਰਨਗੇ, ਜਦ ਕਿਸੇ ਮਾਂ ਦੇ ਦੀਦੇ ਆਪਣੇ ਮੋਏ ਬੱਚੇ ਦੀ ਤਸਵੀਰ ਤੱਕ ਕੇ ਹੁਬਕੀ ਰੋਣਗੇ, ਤਦ ਇਤਿਹਾਸ ਚੀਕ-ਚੀਕ ਕੇ ਪੁੱਛੇਗਾ- ਜਦੋਂ ਫ਼ਲਸਤੀਨ ਦੀ ਧਰਤੀ ਉੱਤੇ ਮੌਤ ਨੱਚ ਰਹੀ ਸੀ, ਤਦ ਤੁਸੀਂ ਕਿੱਥੇ ਸੀ ਅਤੇ ਚੁੱਪ ਕਿਉਂ ਸੀ?

ਜਦੋਂ ਕਦੇ ਵੀ ਇਤਿਹਾਸ ਦੀ ਅਦਾਲਤ ਲੱਗੇਗੀ ਅਤੇ ਗਵਾਹੀ ਵਿਚ ਫ਼ਲਸਤੀਨ ਦੇ ਥੇਹ ਕੀਤੇ ਘਰ ਅਤੇ ਸਿਸਕਦੀਆਂ ਜਿ?ਦਗੀਆਂ ਪੇਸ਼ ਹੋਣਗੀਆਂ, ਜਦ ਕਦੇ ਵੀ ਇਤਿਹਾਸ ਦੀ ਅਦਾਲਤ ਵਿਚ ਕਾਂਚਾ ਗਾਚੀਬੋਵਲੀ ਦੇ ਜੰਗਲ ਦੇ ਜਨੌਰਾਂ ਦੀ ਮਿੱਝ ਅਤੇ ਛਤੀਸਗੜ੍ਹ/ਬਸਤਰ ਦੇ ਆਦਿਵਾਸੀਆਂ ਦਾ ਧਾਰਾਲ ਵਗਦਾ ਲਹੂ ਪੇਸ਼ ਹੋਵੇਗਾ, ਤਦ ਵਿਸ਼ਾਲ ਸਵਾਲ ਫਿਜ਼ਾ ’ਚ ਗੂੰਜੇਗਾ- ‘ਤੁਸੀਂ ਵੀ ਉਨ੍ਹਾਂ ਵਿਚੋਂ ਹੀ ਹੋ, ਜਿਹੜੇ ਇਸ ਘੋਰ ਜ਼ੁਲਮ ਵੇਲੇ ਖਾਮੋਸ਼ ਰਹੇ।’

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਫਰਾਂਸ ਨਾਲ 64 ਹਜ਼ਾਰ ਕਰੋੜ ਦੇ 26 ਰਾਫੇਲ (ਐਮ) ਜਹਾਜ਼ ਖਰੀਦਣ ਲਈ ਸੌਦਾ

## 2028 'ਚ ਮਿਲਣੇ ਸ਼ੁਰੂ ਹੋਣਗੇ ਲੜਾਕੂ ਜਹਾਜ਼



ਨਵੀਂ ਦਿੱਲੀ : ਭਾਰਤ ਅਤੇ ਫਰਾਂਸ ਵਿਚਕਾਰ ਅੱਜ ਨਵੀਂ ਦਿੱਲੀ ਵਿਖੇ 26 ਰਾਫੇਲ ਮਰੀਨ ਜਹਾਜ਼ਾਂ ਦੇ ਸੌਦੇ ਲਈ ਸਮਝੌਤੇ 'ਤੇ ਦਸਤਖ਼ਤ ਹੋ ਗਏ ਹਨ। ਭਾਰਤ ਵਲੋਂ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਨੇ ਸਮਝੌਤੇ 'ਤੇ ਦਸਤਖ਼ਤ ਕੀਤੇ। ਇਸ ਸੌਦੇ ਦੇ ਸਮਝੌਤੇ ਤਹਿਤ ਭਾਰਤ, ਫਰਾਂਸ ਤੋਂ 22 ਸਿੰਗਲ ਸੀਟਰ (ਇਕ ਸੀਟ ਵਾਲਾ) ਜਹਾਜ਼ ਅਤੇ 4 ਡਬਲ ਸੀਟਰ (ਦੋ ਸੀਟਾਂ ਵਾਲਾ) ਜਹਾਜ਼ ਖਰੀਦੇਗਾ। ਇਹ ਜਹਾਜ਼ ਪ੍ਰਮਾਣੂ ਬੰਬ ਦਾਗਣ ਦੀ ਸਮਰੱਥਾ ਨਾਲ ਲੈਸ ਹੋਣਗੇ। ਰਿਪੋਰਟਾਂ ਮੁਤਾਬਿਕ ਫਰਾਂਸ ਦੇ ਨਾਲ ਇਹ ਸੌਦਾ ਲਗਪਗ 64,000 ਕਰੋੜ ਰੁਪਏ 'ਚ ਹੋਇਆ ਹੈ। ਹਥਿਆਰਾਂ ਦੀ ਖ਼ਰੀਦ ਦੇ ਮਾਮਲੇ 'ਚ ਇਹ ਫਰਾਂਸ ਦੇ ਨਾਲ ਭਾਰਤ ਅਤੇ ਹੁਣ ਤੱਕ ਦਾ ਸਭ ਤੋਂ ਵੱਡਾ ਸਮਝੌਤਾ ਹੈ। ਜਹਾਜ਼ਾਂ ਦੀ ਖਰੀਦ ਲਈ 23 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ 'ਚ ਹੋਈ ਕੈਬਨਿਟ ਕਮੇਟੀ ਆਨ ਸਕਿਉਰਟੀ (ਸੀ.ਸੀ.ਐਸ.) ਦੀ ਮੀਟਿੰਗ 'ਚ ਮਨਜ਼ੂਰੀ ਮਿਲੀ ਸੀ। ਇਹ ਮੀਟਿੰਗ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਸੱਦੀ ਗਈ ਸੀ। ਰਿਪੋਰਟਾਂ ਮੁਤਾਬਿਕ ਇਨ੍ਹਾਂ ਜਹਾਜ਼ਾਂ ਦੀ ਡਿਲੀਵਰੀ 2028-29 'ਚ ਸ਼ੁਰੂ ਹੋਵੇਗੀ ਅਤੇ 2031-32 ਤੱਕ ਸਾਰੇ ਜਹਾਜ਼ ਭਾਰਤ ਪਹੁੰਚ ਜਾਣਗੇ। ਇਹ ਸਮਝੌਤਾ ਭਾਰਤ-ਪਾਕਿਸਤਾਨ ਦੇ ਤਣਾਅਪੂਰਨ ਸੰਬੰਧਾਂ ਦੇ ਵਿਚਕਾਰ ਹੋਇਆ ਹੈ। ਇਸ ਸੌਦੇ ਨਾਲ ਸਮੁੰਦਰ ਵਿਚ ਤਾਕਤ ਵਧਾਉਣ ਦੇ ਚੀਨ ਦੇ ਮਨਸੂਬਿਆਂ 'ਤੇ ਪਾਣੀ ਫੇਰਨ ਦਾ ਪੂਰਾ ਬੰਦੋਬਸਤ ਵੀ ਭਾਰਤ ਨੇ ਕਰ ਲਿਆ ਹੈ। ਇਸ ਸਮਝੌਤੇ ਮੌਕੇ ਦੋਵੇਂ ਮੁਲਕਾਂ ਦੇ ਰੱਖਿਆ ਮੰਤਰੀ ਵੀਡੀਓ ਕਾਨਫਰੰਸਿੰਗ ਦੇ ਰਾਹੀਂ ਜੁੜੇ।



# ਟਰੰਪ ਪ੍ਰਸ਼ਾਸਨ ਨੇ ਵਿਦਿਆਰਥੀ ਵੀਜ਼ਾ ਰੱਦ ਕਰਨ ਤੇ ਲਗਾਈ ਰੋਕ




ਵਾਸ਼ਿੰਗਟਨ : ਟਰੰਪ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਟਰੰਪ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਵਾਸ਼ਿੰਗਟਨ ਵਿਚ ਇਕ ਅਦਾਲਤੀ ਸੁਣਵਾਈ ਦੌਰਾਨ 935 ਦੁਆਰਾ ਨਾਟਕੀ ਬਦਲਾਅ ਦੀ ਘੋਸ਼ਣਾ ਕਰਦੇ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ 1,500 ਤੋਂ ਵੱਧ ਵਿਦਿਆਰਥੀ ਵੀਜ਼ਾ ਰੱਦ ਕਰਨ ਦੇ ਆਪਣੇ ਫੈਸਲੇ ਨੂੰ ਅਚਾਨਕ ਵਾਪਸ ਲੈ ਲਿਆ। ਨਿਆਂ ਵਿਭਾਗ ਦੇ ਇੱਕ ਵਕੀਲ ਨੇ ਕਿਹਾ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵੀਜ਼ਾ ਦੀ ਸਮੀਖਿਆ ਅਤੇ ਸਮਾਪਤੀ ਲਈ ਇੱਕ ਨਵੀਂ ਪ੍ਰਣਾਲੀ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ ਜਦੋਂ ਤੱਕ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ, ਏਜੰਸੀਆਂ ਵਾਧੂ ਬਦਲਾਅ ਜਾਂ ਹੋਰ ਰੱਦ ਨਹੀਂ ਕਰਨਗੀਆਂ। ਇਹ ਐਲਾਨ ਵਿਦਿਆਰਥੀਆਂ ਦੁਆਰਾ ਦਾਇਰ ਕੀਤੇ ਗਏ ਵਿਅਕਤੀਗਤ ਮੁਕੱਦਮਿਆਂ ਦੀ ਇੱਕ ਲਹਿਰ ਤੋਂ ਬਾਅਦ ਹੋਇਆ ਜਿਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਸੀ ਕਿ ਅਮਰੀਕਾ ਵਿੱਚ ਪੜ੍ਹਨ ਦੇ ਉਨ੍ਹਾਂ ਦੇ ਕਾਨੂੰਨੀ ਅਧਿਕਾਰ ਨੂੰ ਰੱਦ ਕਰ ਦਿੱਤਾ ਗਿਆ ਸੀ, ਅਕਸਰ ਘੱਟੋ-ਘੱਟ ਸਪੱਸ਼ਟੀਕਰਨ ਦੇ ਨਾਲ। ਕੁਝ ਮਾਮਲਿਆਂ ਵਿੱਚ ਵਿਦਿਆਰਥੀਆਂ ਦੇ ਛੋਟੇ ਦਸਤਾਵੇਜ਼ੀ ਟਰੈਫਿਕ ਉਲੰਘਣਾਵਾਂ ਜਾਂ ਹੋਰ ਉਲੰਘਣਾਵਾਂ ਸਨ। ਪਰ ਹੋਰ ਮਾਮਲਿਆਂ ਵਿੱਚ ਰੱਦ ਕਰਨ ਦਾ ਕੋਈ ਸਪੱਸ਼ਟ ਕਾਰਨ ਨਹੀਂ ਜਾਪਦਾ ਸੀ। ਇੱਕ ਪ੍ਰਮੁੱਖ ਅਮਰੀਕੀ ਮੀਡੀਆ ਆਉਟਲੈਟ ਨੇ ਰਿਪੋਰਟ ਦਿੱਤੀ ਕਿ ਸਹਾਇਕ ਅਮਰੀਕੀ ਅਟਾਰਨੀ ਜੋਸਫ਼ ਐਫ. ਕੈਰੀਲੀ ਜੂਨੀਅਰ ਨੇ ਸ਼ੁੱਕਰਵਾਰ ਨੂੰ ਵਾਸ਼ਿੰਗਟਨ ਡੀਸੀ ਦੀ ਇੱਕ ਅਦਾਲਤ ਨੂੰ ਦੱਸਿਆ ਕਿ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ) ਸਮੀਖਿਆ ਅਤੇ ਰੱਦ ਕਰਨ ਲਈ ਇੱਕ ਨਵੀਂ ਪ੍ਰਣਾਲੀ ਵਿਕਸਤ ਕਰ ਰਿਹਾ ਹੈ ਅਤੇ ਉਦੋਂ ਤੱਕ ਦੇਸ਼ ਭਰ ਵਿੱਚ ਮੁਦਈਆਂ ਲਈ SEVIS ਸਥਿਤੀ 'ਸਰਗਰਮ ਰਹੇਗੀ ਜਾਂ ਜੇਕਰ ਵਰਤਮਾਨ ਵਿੱਚ ਸਰਗਰਮ ਨਹੀਂ ਹੈ ਤਾਂ ਦੁਬਾਰਾ ਸਰਗਰਮ ਕੀਤੀ ਜਾਵੇਗੀ ਅਤੇ 935 ਸਿਰਫ਼ NCIC ਖੋਜ ਦੇ ਅਧਾਰ 'ਤੇ ਰਿਕਾਰਡ ਨੂੰ ਸੋਧਿਆ ਨਹੀਂ ਜਾਵੇਗਾ ਜਿਸ ਦੇ ਨਤੀਜੇ ਵਜੋਂ ਹਾਲ ਹੀ ਵਿੱਚ SEVIS ਰਿਕਾਰਡ ਸਮਾਪਤ ਹੋਇਆ ਹੈ।' ਖ਼ਬਰਾਂ ਦੀਆਂ ਰਿਪੋਰਟਾਂ ਅਨੁਸਾਰ ਹੁਣ ਤੱਕ 1,500 ਤੋਂ ਵੱਧ ਵਿਦਿਆਰਥੀ ਵੀਜ਼ੇ ਰੱਦ ਕੀਤੇ ਜਾ ਚੁੱਕੇ ਹਨ ਅਤੇ ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਕਿ ਉਨ੍ਹਾਂ ਵਿਦਿਆਰਥੀਆਂ ਦਾ ਕੀ ਹੋਵੇਗਾ ਜਿਨ੍ਹਾਂ ਨੇ ਆਪਣੇ ਵੀਜ਼ਾ ਰੱਦ ਹੋਣ ਤੋਂ ਬਾਅਦ ਦੇਸ਼ ਛੱਡ ਦਿੱਤਾ ਸੀ। ਅਮਰੀਕਾ ਨੇ ਉਨ੍ਹਾਂ ਵਿਦਿਆਰਥੀਆਂ ਦੇ ਵਿਦਿਆਰਥੀ ਵੀਜ਼ੇ ਰੱਦ ਕਰ ਦਿੱਤੇ ਹਨ ਜਿਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ 2023 ਵਿੱਚ 7 ਅਕਤੂਬਰ ਨੂੰ ਹੋਏ ਹਮਾਸ ਹਮਲੇ ਦੇ ਬਦਲੇ ਵਿੱਚ ਗਾਜ਼ਾ 'ਤੇ ਇਜ਼ਰਾਈਲ ਦੇ ਹਮਲੇ ਵਿਰੁੱਧ ਯੂਨੀਵਰਸਿਟੀ ਕੈਂਪਸਾਂ ਨੂੰ ਹਿਲਾ ਕੇ ਰੱਖ ਦੇਣ ਵਾਲੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ ਸੀ। ਕਾਨੂੰਨ ਦੀ ਉਲੰਘਣਾ ਕਰਦੇ ਹੋਏ, ਹੋਰ ਕਾਰਨਾਂ ਕਰਕੇ ਵੀਜ਼ੇ ਵੀ ਰੱਦ ਕੀਤੇ ਗਏ ਹਨ। ਡੋਨਾਲਡ ਟਰੰਪ ਪ੍ਰਸ਼ਾਸਨ ਨੇ ਉਨ੍ਹਾਂ ਯੂਨੀਵਰਸਿਟੀਆਂ ਨੂੰ ਵੀ ਨਿਸ਼ਾਨਾ ਬਣਾਇਆ ਹੈ ਜਿਨ੍ਹਾਂ ਨੇ ਪ੍ਰਸ਼ਾਸਨ ਦੇ ਵਿਚਾਰ ਵਿੱਚ ਵਿਰੋਧ ਪ੍ਰਦਰਸ਼ਨਾਂ ਦਾ ਮੁਕਾਬਲਾ ਕਰਨ ਅਤੇ ਯਹੂਦੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਕਾਫ਼ੀ ਕੁਝ ਨਹੀਂ ਕੀਤਾ। ਭਾਰਤ ਦੇ ਬਹੁਤ ਸਾਰੇ ਵਿਦਿਆਰਥੀ ਉਨ੍ਹਾਂ ਵਿੱਚ ਸ਼ਾਮਲ ਸਨ ਜਿਨ੍ਹਾਂ ਦੇ ਵੀਜ਼ੇ ਰੱਦ ਕੀਤੇ ਗਏ ਸਨ। ਇੱਕ ਅਮਰੀਕੀ ਵਕੀਲਾਂ ਦੀ ਐਸੋਸੀਏਸ਼ਨ ਨੇ ਕਿਹਾ ਹੈ ਕਿ 300 ਤੋਂ ਵੱਧ ਰੱਦ ਕੀਤੇ ਗਏ ਵੀਜ਼ਿਆਂ ਵਿੱਚੋਂ 50 ਪ੍ਰਤੀਸ਼ਤ ਭਾਰਤ ਦੇ ਵਿਦਿਆਰਥੀਆਂ ਲਈ ਸਨ। ਰੱਦ ਕੀਤੇ ਜਾਣ ਦਾ ਕੋਈ ਅਧਿਕਾਰਤ ਡੇਟਾ ਜਨਤਕ ਤੌਰ 'ਤੇ ਉਪਲਬਧ ਨਹੀਂ ਕਰਵਾਇਆ ਗਿਆ ਹੈ।

# ਦੱਖਣੀ ਕੈਰੋਲੀਨਾ 'ਚ ਸੈਲਾਨੀ ਸਥਾਨ ਵਿਚ ਹੋਈ ਗੋਲੀਬਾਰੀ, ਇਕ ਵਿਅਕਤੀ ਦੀ ਮੌਤ ਤੇ 11 ਹੋਰ ਜ਼ਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸੈਲਾਨੀ ਸਥਾਨ ਮਿਰਟਲ ਬੀਚ, ਦੱਖਣੀ ਕੈਰੋਲੀਨਾ ਵਿਚ ਹੋਈ ਗੋਲੀਬਾਰੀ ਵਿਚ 1 ਵਿਅਕਤੀ ਦੇ ਮਾਰੇ ਜਾਣ ਤੇ 11 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਮਿਰਟਲ ਬੀਚ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਸਥਾਨਕ ਸਮੇ ਅਨੁਸਾਰ ਰਾਤ 11.50 ਵਜੇ ਦੇ ਆਸ ਪਾਸ ਮੌਕੇ ਉਪਰ ਪੁੱਜੀ। ਇਕ ਪੁਲਿਸ ਅਫਸਰ ਵੱਲੋਂ ਵੀ ਜਵਾਬੀ ਕਾਰਵਾਈ ਕੀਤੀ ਗਈ ਜਿਸ ਦੌਰਾਨ ਇਕ ਵਿਅਕਤੀ ਮਾਰਿਆ ਗਿਆ। ਬਿਆਨ ਵਿਚ ਕਿਹਾ ਗਿਆ ਹੈ ਕਿ ਜ਼ਖਮੀਆਂ ਨੂੰ ਡਾਕਟਰੀ ਸਹਾਇਤਾ ਲਈ ਹਸਪਤਾਲ ਲਿਜਾਇਆ ਗਿਆ ਹੈ। ਹੌਰੀ ਕਾਊਂਟੀ ਚੀਫ ਡਿਪਟੀ ਕੋਰੋਨਰ ਟਮਾਰਾ ਵਿਲਾਰਡ ਅਨੁਸਾਰ ਮ੍ਰਿਤਕ ਦੀ ਪਛਾਣ 18 ਸਾਲਾ ਜੇਰੀਅਸ ਡੇਵਿਸ ਵਜੋਂ ਹੋਈ ਹੈ ਜੋ ਬੈਨੇਟਸਵਿਲੇ ਦਾ ਰਹਿਣਾ ਵਾਲਾ ਹੈ। ਘਟਨਾ ਦੀ ਜਾਂਚ ਦੱਖਣੀ ਕੈਰੋਲੀਨਾ ਲਾਅ ਇਨਫੋਰਸਮੈਂਟ ਡਵੀਜਨ ਵੱਲੋਂ ਕੀਤੀ ਜਾ ਰਹੀ ਹੈ। ਪੁਲਿਸ ਨੇ ਆਮ ਲੋਕਾਂ ਨੂੰ ਵੀ ਜਾਂਚ ਵਿਚ ਸਹਿਯੋਗ ਕਰਨ ਲਈ ਕਿਹਾ ਹੈ।


CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਨਿਊਯਾਰਕ ਵਿਚ ਪਾਕਿਸਤਾਨੀ ਦੂਤਘਰ ਦੇ ਬਾਹਰ ਭਾਰਤੀ ਮੂਲ ਦੇ ਲੋਕਾਂ ਵਲੋਂ ਪ੍ਰਦਰਸ਼ਨ




ਨਿਊਯਾਰਕ : ਭਾਰਤੀ ਪ੍ਰਵਾਸੀਆਂ ਦੇ ਮੈਂਬਰ ਪਹਿਲਗਾਮ ਅੱਤਵਾਦੀ ਹਮਲਿਆਂ ਵਿਰੁੱਧ ਵਿਰੋਧ ਪ੍ਰਦਰਸ਼ਨ ਕਰਨ ਲਈ ਪਾਕਿਸਤਾਨੀ ਕੌਂਸਲੇਟ ਦੇ ਬਾਹਰ ਤੇ ਟਾਈਮਜ਼ ਸਕੁਏਅਰ 'ਤੇ ਇਕੱਠੇ ਹੋਏ। ਪ੍ਰਦਰਸ਼ਨਕਾਰੀਆਂ ਨੇ ਭਾਰਤੀ ਤਿਰੰਗਾ ਲਹਿਰਾਇਆ ਤੇ ਬੈਨਰ ਫੜੇ ਹੋਏ ਸਨ ਜਿਨ੍ਹਾਂ 'ਤੇ ਲਿਖਿਆ ਸੀ 'ਇਸਲਾਮਿਕ ਗਣਰਾਜ ਪਾਕਿਸਤਾਨ ਨੂੰ ਅੱਤਵਾਦੀ ਰਾਜ ਐਲਾਨੋ - ਪਹਿਲਗਾਮ ਹਿੰਦੂ ਕਤਲੇਆਮ'। ਉਨ੍ਹਾਂ ਨੇ ਇੱਕ ਲੰਮਾ ਬੈਨਰ ਵੀ ਫੜਿਆ ਹੋਇਆ ਸੀ ਜਿਸ 'ਤੇ ਅੱਤਵਾਦੀ ਹਮਲੇ ਦੇ 26 ਪੀੜਤਾਂ ਦੀਆਂ ਫੋਟੋਆਂ ਸਨ। 27 ਅਪ੍ਰੈਲ ਨੂੰ ਵਿਰੋਧ ਪ੍ਰਦਰਸ਼ਨ ਕੀਤੇ ਗਏ ਸਨ ਤੇ ਨਿਊਯਾਰਕ ਵਿਚ ਪਾਕਿਸਤਾਨੀ ਕੌਂਸਲੇਟ ਦੇ ਬਾਹਰ ਜਿਹਾਦੀ ਅੱਤਵਾਦ ਵਿਰੁੱਧ ਇੱਕ ਅੰਤਰ-ਧਰਮ-ਜਾਗਰੂਕਤਾ ਵੀ ਕਰਵਾਈ ਗਈ ਸੀ, ਜਿੱਥੇ ਪ੍ਰਵਾਸੀ ਭਾਈਚਾਰਿਆਂ ਦੇ ਮੈਂਬਰਾਂ ਨੇ ਭਾਰਤੀ ਅਤੇ ਇਜ਼ਰਾਈਲੀ ਝੰਡੇ ਲਹਿਰਾਏ, ਸਾਂਝੇ ਤੌਰ 'ਤੇ ਅੱਤਵਾਦ ਦੀ ਨਿੰਦਾ ਕੀਤੀ ਤੇ ਦੁਨੀਆ ਨੂੰ ਅੱਤਵਾਦ ਦਾ ਸਮੂਹਿਕ ਤੌਰ 'ਤੇ ਮੁਕਾਬਲਾ ਕਰਨ ਲਈ ਇੱਕ ਸਖ਼ਤ ਸੰਦੇਸ਼ ਭੇਜਣ ਦਾ ਸੱਦਾ ਦਿੱਤਾ। ਇੱਕ ਹਿੰਦੂ ਪੁਜਾਰੀ ਨੇ ਹਮਲੇ ਦੇ ਪੀੜਤਾਂ ਲਈ ਸ਼ਾਂਤੀ ਦੀ ਪ੍ਰਾਰਥਨਾ ਕੀਤੀ ਤੇ ਚੌਕਸੀ ਵਿਚ ਮੌਜੂਦ ਭਾਈਚਾਰੇ ਦੇ ਮੈਂਬਰਾਂ ਨੇ ਪਹਿਲਗਾਮ ਹਮਲੇ ਵਿਚ ਮਾਰੇ ਗਏ ਤੇ ਜ਼ਖ਼ਮੀ ਹੋਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਮਿੰਟ ਦਾ ਮੌਨ ਧਾਰਨ ਕੀਤਾ। ਇੱਕ ਪੋਸਟ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਵਿਰੋਧ ਪ੍ਰਦਰਸ਼ਨ ਦੀਆਂ ਫੋਟੋਆਂ ਸਾਂਝੀਆਂ ਕੀਤੀਆਂ। ਭਾਰਤ ਦੇ ਵੱਡੀ ਗਿਣਤੀ 'ਚ ਭਾਰਤੀ ਭਾਈਚਾਰੇ ਦੇ ਮੈਂਬਰ ਅਤੇ ਦੋਸਤ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ 'ਤੇ ਆਪਣਾ ਡੂੰਘਾ ਦੁੱਖ ਤੇ ਨਿੰਦਾ ਪ੍ਰਗਟ ਕਰਨ ਲਈ ਟਾਈਮਜ਼ ਸਕੁਏਅਰ ਵਿਖੇ ਇਕੱਠੇ ਹੋਏ। ਇਕੱਠ ਨੇ ਪੀੜਤਾਂ ਨੂੰ ਸ਼ਰਧਾਂਜਲੀ ਦਿੱਤੀ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸੰਵੇਦਨਾ ਪ੍ਰਗਟ ਕੀਤੀ, ਪੋਸਟ ਵਿਚ ਕਿਹਾ ਗਿਆ ਹੈ। ਇੱਕ ਹੋਰ ਪੋਸਟ ਵਿਚ, ਭਾਰਤੀ ਕੌਂਸਲੇਟ ਨੇ ਕਿਹਾ, 'ਨਿਊਯਾਰਕ ਦੇ ਕਵੀਨਜ਼ ਵਿਚ ਦਾਊਦੀ ਬੋਹਰਾ ਭਾਈਚਾਰੇ ਨੇ ਜੰਮੂ ਅਤੇ ਕਸ਼ਮੀਰ ਵਿਚ ਹੋਏ ਦੁਖਦਾਈ ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਨਾਲ ਏਕਤਾ ਵਿਚ ਇੱਕ ਦਿਲੋਂ ਪ੍ਰਾਰਥਨਾ ਸਭਾ ਕੀਤੀ ।

# ਸ਼ਿਕਾਗੋ ਵਿਖੇ ਧਾਰਮਿਕ ਸਮਾਗਮ ਦੌਰਾਨ ਦਸਤਾਰ ਸਜਾਉਣੀ ਸਿਖਾਈ



ਸ਼ਿਕਾਗੋ : ਇਲਨੋਏ ਸੂਬੇ ਵਿਚ ਅਪ੍ਰੈਲ ਦਾ ਮਹੀਨਾ ਸਿੱਖ ਬਾਰੇ ਜਾਗ੍ਰਿਤ ਤੇ ਸਲਾਹੁਣਯੋਗ ਮਹੀਨਾ ਐਲਾਨਿਆ ਹੋਇਆ ਹੈ। ਵੱਖ-ਵੱਖ ਸ਼ਹਿਰ ਟਾਊਨਸ਼ਿੱਪ ਸਿੱਖਾਂ ਬਾਰੇ ਪ੍ਰਸ਼ੰਸਾ ਬਿਲ ਪਾਸ ਕਰਦੇ ਹਨ। ਸਿੱਖ ਵੱਖ-ਵੱਖ ਥਾਵਾਂ 'ਤੇ ਜਾ ਕੇ ਸਿੱਖੀ ਬਾਰੇ ਜਾਣਕਾਰੀ ਦਿੰਦੇ ਹਨ। ਇਸੇ ਤਹਿਤ ਪਾਰਟਨਰਜ਼ ਆਫ਼ ਪਾਵਰ ਕਮਿਊਨਿਟੀ ਪੈਲਾਟਾਈਨ ਵਿਚ ਠਾਕੁਰ ਸਿੰਘ ਬਸਾਤੀ ਦੇ ਉਪਰਾਲੇ ਸਦਕਾ ਵਿਸਾਖੀ ਮਨਾਈ ਗਈ। ਡਾਇਰੈਕਟਰ ਪਾਸਤਰ ਸੇਥ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਈਆਂ ਆਖਿਆ ਸੰਸਥਾ ਵਿਚ ਆਏ ਨਵੇਂ ਲੋਕਾਂ ਨੂੰ ਅਮਰੀਕਾ ਵਿਚ ਸਥਾਪਤ ਹੋਣ ਵਿਚ ਮੁਫ਼ਤ ਮਦਦ ਕਰਦੀ ਹੈ, ਮੁਫ਼ਤ ਅੰਗਰੇਜ਼ੀ ਤੇ ਕੰਪਿਊਟਰ ਸਿਖਲਾਈ ਪ੍ਰਦਾਨ ਕਰਦੀ ਹੈ, ਮੁਫ਼ਤ ਰਸਦ ਦਿੰਦੀ ਹੈ, ਕੰਮ-ਕਾਜ ਲੱਭਣ ਵਿਚ ਮਦਦ ਕਰਦੀ ਹੈ ਇੰਮੀਗ੍ਰੇਸ਼ਨ ਵਕੀਲ ਵੀ ਮੁਫ਼ਤ ਸੇਵਾਵਾਂ ਲਈ ਬੈਠਦਾ ਹੈ ਅਤੇ ਸਮਾਜਿਕ ਸੇਵਾਵਾਂ ਪ੍ਰਦਾਨ ਕਰਦੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਭਾਈ ਮਹਿੰਦਰ ਸਿੰਘ ਨੇ ਅਰਦਾਸ ਨਾਲ ਕੀਤੀ। ਸਿੱਖੀ ਦੇ ਮੁੱਢਲੇ ਅਸੂਲਾਂ ਬਾਰੇ ਜਾਣਕਾਰੀ ਦਿੱਤੀ। ਇਕਬਾਲ ਸਿੰਘ ਚੋਪੜਾ ਨੇ ਪੱਗ ਦੀ ਅਹਿਮੀਅਤ ਬਾਰੇ ਦੱਸਿਆ। ਸਰਵਣ ਸਿੰਘ ਬੋਲੀਨਾ ਨੇ ਸਿੱਖ ਦੇ ਅਮਰੀਕਾ ਵਿਚ ਸ਼ੁਰੂ ਦੇ ਜੀਵਨ ਬਾਰੇ ਦੱਸਿਆ। ਨਵਰਾਜ ਕੌਰ ਬਸਾਤੀ ਨੇ ਵਿਸਾਖੀ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ ਕਿ ਕਿਸਾਨ ਕਿਉ ਵਿਸਾਖੀ ਦੇ ਮੇਲਿਆਂ ਵਿਚ ਜਾਂਦੇ ਹਨ। ਰੱਬ ਦਾ ਸ਼ੁਕਰਾਨਾ ਨੱਚ ਕੇ ਕਰਦੇ ਹਨ ਰਾਜਿੰਦਰ ਬੀਰ ਸਿੰਘ ਮਾਗੋ ਨੇ ਭੰਗੜੇ ਦੇ ਮੁੱਢਲੇ ਢੰਗ ਤਰੀਕੇ ਦੱਸ ਕੇ ਭੰਗੜਾ ਪਾਇਆ ਤੇ ਦਸਤਾਰਾਂ ਸਜਾਉਣ ਦਾ ਉਪਰਾਲਾ ਕੀਤਾ।

# 4 ਦਿਨਾਂ ਤੋਂ ਲਾਪਤਾ ਇਕ ਭਾਰਤੀ ਵਿਦਿਆਰਥਣ ਦੀ ਸ਼ੱਕੀ ਹਾਲਤ 'ਚ ਵਮਸ਼ਿਕਾ ਨਾਮ ਦੀ ਕੈਨੇਡਾ ਦੇ ਬੀਚ ਤੋਂ ਮਿਲੀ ਲਾਸ਼

ਟੋਰਾਂਟੋ, (ਰਾਜ ਗੋਗਨਾ) : ਬੀਤੇ ਦਿਨ ਕੈਨੇਡਾ ਵਿੱਚ ਇੱਕ ਭਾਰਤੀ ਵਿਦਿਆਰਥਣ ਵਮਸ਼ਿਕਾ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਜਾਣ ਦੇ ਬਾਰੇ ਦੁੱਖਦਾਈ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕ ਵਮਸ਼ਿਕਾ ਪੰਜਾਬ ਤੋਂ 'ਆਪ' ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਕਰੀਬੀ ਦੋਸਤ ਦਵਿੰਦਰ ਸਿੰਘ ਦੀ ਧੀ ਸੀ। ਜੋ ਆਪਣੀ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਵਮਸ਼ਿਕਾ, ਜੋ ਕਿ ਪੰਜਾਬ ਦੇ ਡੇਰਾਬੱਸੀ ਦੀ ਰਹਿਣ ਵਾਲੀ ਸੀ, ਜੋ ਢਾਈ ਸਾਲ ਪਹਿਲਾਂ ਡਿਪਲੋਮਾ ਕੋਰਸ ਕਰਨ ਲਈ ਕੈਨੇਡਾ ਦੇ ਓਟਾਵਾ ਚਲੀ ਗਈ ਸੀ। ਹਾਲਾਂਕਿ, ਇਸ ਮਹੀਨੇ ਦੀ ਲੰਘੀ 25 ਤਰੀਕ ਨੂੰ, ਉਹ ਇੱਕ ਕਮਰਾ ਕਿਰਾਏ 'ਤੇ ਲੈਣ ਲਈ ਬਾਹਰ ਗਈ ਸੀ। ਉਹ ਰਾਤ 9 ਵਜੇ ਦੇ ਕਰੀਬ 7 ਮੈਜੇਸਟਿਕ ਡਰਾਈਵ ਸਥਿੱਤ ਆਪਣੀ ਰਿਹਾਇਸ਼ ਤੋਂ ਨਿਕਲੀ ਸੀ। ਉਸਦਾ ਫ਼ੋਨ ਰਾਤ 11:40 ਵਜੇ ਦੇ ਕਰੀਬ ਬੰਦ ਹੋ ਗਿਆ। ਇਸ ਨਾਲ ਪਰਿਵਾਰਕ ਮੈਂਬਰ ਉਲਝਣ ਵਿੱਚ ਪੈ ਗਏ। ਉਸ ਦੇ ਦੋਸਤਾਂ ਨੇ ਜਾਣਕਾਰੀ ਲਈ ਸੰਪਰਕ ਕੀਤਾ। ਹਾਲਾਂਕਿ,



ਇਸਦਾ ਕੋਈ ਫਾਇਦਾ ਨਹੀਂ ਹੋਇਆ। ਪਰਿਵਾਰਕ ਮੈਂਬਰਾਂ ਨੇ ਭਾਰਤੀ ਹਾਈ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ। ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਭਾਰਤੀ ਹਾਈ ਕਮਿਸ਼ਨ ਨੇ ਵਮਸ਼ਿਕਾ ਦੀ ਮੌਤ 'ਤੇ ਬਹੁਤ ਦੁੱਖ ਪ੍ਰਗਟ ਕੀਤਾ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਮਾਮਲਾ ਸਬੰਧਤ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ।


ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ









Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork

- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਹਿੰਦੂ ਮਤ ਦਾ ਵਿਸ਼ਵਾਸ ਸੀ ਕਿ ਇਸਤ੍ਰੀ ਰੂਪ ਵਿਚ ਚੰਡਿਕਾ ਦੇਵੀ ਉਸ ਦੀ ਰੱਖਿਆ ਕਰੇਗੀ। ਅਰੰਭ ਵਿਚ ਇਹ ਗਾਨਾ ਯੋਧੇ ਦੇ ਰਣ ਭੂਮੀ ਵਿਚ ਜਾਣ ਲੱਗਿਆ ਬੰਨ੍ਹਿਆ ਜਾਂਦਾ ਸੀ ਪਰ ਬਾਅਦ ਵਿਚ ਇਸ ਵਿਚ ਵਾਧਾ ਕਰ ਕੇ ਇਸ ਨੂੰ ਵਿਆਹ ਦੀ ਇਕ ਰਸਮ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਗਿਆ। ਸਾਹਿਬਾਂ ਨੇ ਪਰਮ ਵਿਨਾਸ਼ਕ ਕੜੇ ਦੇ ਰੂਪ ਵਿਚ ਇਹ ਗਾਨਾ ਹਰ ਸਿੱਖ ਨੂੰ ਪੱਕੇ ਤੌਰ 'ਤੇ ਬਖਸ਼ਿਸ਼ ਕੀਤਾ ਹੈ।

**ਪਿੱਤਰ ਪੂਜਣੇ** : ਹਿੰਦੂ ਰੀਤੀ ਰਿਵਾਜਾਂ ਵਿਚ ਵਿਆਹ ਵੇਲੇ ਪਿੱਤਰਾਂ ਦੀ ਪੂਜਾ ਦਾ ਵਿਸ਼ੇਸ਼ ਸਥਾਨ ਹੈ ਤਾਂ ਕਿ ਉਨ੍ਹਾਂ ਦੀ ਅਸੀਸ ਲਈ ਜਾ ਸਕੇ। ਗੁਰਬਾਣੀ ਨੇ ਮਾਤਾ ਪਿਤਾ ਅਤੇ ਬਜ਼ੁਰਗਾਂ ਦੀ ਉਨ੍ਹਾਂ ਦੇ ਜੀਵਨ ਕਾਲ ਵਿਚ ਸੇਵਾ ਬਾਰੇ ਵਾਰ ਵਾਰ ਤਾਕੀਦ ਕੀਤੀ ਹੈ ਪਰ ਪ੍ਰਾਣੀ ਦੇ ਚਲੇ ਜਾਣ ਦੇ ਬਾਅਦ ਪਿੱਤਰਾਂ ਦੀ ਪੂਜਾ ਨਿਰਾਰਥਕ ਹੈ।

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥
(ਗਉੜੀ ਭ. ਕਬੀਰ ਜੀ, ਅੰਗ ੩੩੨)

**ਕੱਚੀ ਲੱਸੀ** : ਇਕ ਹੋਰ ਕਰਮ ਕਾਂਡ ਵਿਆਹ ਵੇਲੇ ਕੀਤਾ ਜਾਂਦਾ ਹੈ, ਲਾੜੇ ਦੇ ਪੈਰ ਕੱਚੀ ਲੱਸੀ ਵਿਚ ਪਾਉਣੇ। ਦਰਅਸਲ ਦੁੱਧ ਅਤੇ ਜਲ ਵਾਹਿਗੁਰੂ ਦੀ ਪਵਿੱਤਰ ਦਾਤ ਹੈ। ਇਨ੍ਹਾਂ ਦੋਨਾਂ ਦੇ ਸੁਮੇਲ ਨੂੰ ਕੱਚੀ ਲੱਸੀ ਕਿਹਾ ਜਾਂਦਾ ਹੈ ਅਤੇ ਪੀਣ ਲਈ ਲਾਭਕਾਰੀ ਹੈ। ਪਰ ਇਸ ਵਿਚ ਪੈਰ ਪਾਉਣੇ ਨਿਰਾ ਵਹਿਮ ਅਤੇ ਗੁਰਮਤਿ ਵਿਚ ਵਿਵਰਜਤ ਹੈ।

**ਬੇਰੀ ਜਾਂ ਜੰਡੀ** : ਹਿੰਦੂ ਮਤ ਦੀ ਇਕ ਹੋਰ ਭਰਮ ਰੂਪੀ ਰਸਮ ਹੈ ਜੰਞ ਚੜ੍ਹਨ ਵੇਲੇ ਲਾੜਾ ਆਪਣੇ ਹੱਥ ਵਿਚ ਫੜੀ ਤਲਵਾਰ ਨਾਲ ਬੇਰੀ ਜਾਂ ਜੰਡੀ ਵੱਢਦਾ ਹੈ। ਇਸ ਵਿਚ ਮਾਨਤਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਭੈੜੀਆਂ ਰੂਹਾਂ ਨੇੜੇ ਨਹੀਂ ਆਉਂਦੀਆਂ। ਗੁਰਮਤ ਨੇ ਇਸ ਨੂੰ ਪ੍ਰਵਾਨ ਨਹੀਂ ਕੀਤਾ।

**ਘੜੋਲੀ ਭਰਨੀ** : ਘੜੋਲੀ ਭਰਨੀ ਵਿਆਹ ਤੋਂ ਅਗਲੇ ਦਿਨ ਦੀ ਰਸਮ ਹੈ ਜਿਸ ਵਿਚ ਨਵ-ਵਿਆਹੇ ਜੋੜੇ ਨੇ ਖੂਹ ਤੋਂ ਇਕ ਇਕ ਘੜੋਲੀ ਜਾਂ ਛੋਟਾ ਘੜਾ ਭਰਨਾ ਹੁੰਦਾ ਹੈ ਅਤੇ ਇਸ ਨੂੰ ਤਲੀ 'ਤੇ ਚੁੱਕ ਕੇ ਲਿਆਣਾ ਹੁੰਦਾ ਹੈ। ਰਸਮ ਮੁਤਾਬਕ ਜੇਕਰ ਇਹ ਘੜੋਲੀ ਟੁੱਟ ਜਾਏ ਤਾਂ ਇਸ ਨੂੰ ਅਪਸ਼ਗਨ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਇਹ ਵਹਿਮ ਭਰਮ ਵਾਲੀ ਇਕ ਰਸਮ ਮੰਨ ਕੇ ਗੁਰਮਤਿ ਨੇ ਇਸ ਦਾ ਤਿਆਗ ਕੀਤਾ ਹੈ।

**ਰੁਸ ਕੇ ਜਾਣਾ** : ਵਿਆਹ ਦਾ ਅੱਖਰੀ ਅਰਥ ਸ਼ਾਦੀ ਜਾਂ ਖੁਸ਼ੀ ਹੈ। ਇਹ ਕਾਰਜ ਅਨੰਦ ਦਾ ਹੈ। ਲਾੜੇ ਨੂੰ ਬੰਨ੍ਹ ਕੇ ਤਾਂ ਲਿਆਇਆ ਨਹੀਂ ਜਾਂਦਾ ਸੋ ਇਸ ਸਮੇਂ ਰੁਸਣ ਅਤੇ ਫਿਰ ਮਾਂ ਪਿਓ ਅਤੇ ਰਿਸ਼ਤੇਦਾਰਾਂ ਵਲੋਂ ਮਨਾਉਣ ਦਾ ਡਰਾਮਾ ਹੋਛੀ ਕਿਰਿਆ ਹੈ।

**ਛੰਦ ਪੜ੍ਹਨੇ** : ਇਸ ਸ਼ੁਭ ਸੰਸਕਾਰ ਸਮੇਂ ਖੁਸ਼ੀ ਦੇ ਗੀਤ ਗੁਰਬਾਣੀ ਵਿਚ ਵਰਣਿਤ ਘੋੜੀਆਂ ਆਦਿ ਦਾ ਗਾਇਨ ਕਰਨਾ ਹੀ ਲਾਭਕਾਰੀ ਹੈ ਨਾ ਕਿ ਦੁਨਿਆਵੀ ਛੰਦਾਂ ਆਦਿ ਦਾ,

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥ (ਮ. ੫, ੮੨੧)

ਅਲਬੱਤਾ ਜੇ ਪੜ੍ਹਨੇ ਹੀ ਹਨ ਤਾਂ ਕਲਗੀਧਰ ਪਿਤਾ ਰਚਿਤ ਪਾਵਨ ਅਸੀਸ ਦਾ ਗਾਇਨ ਕਰਨਾ ਚਾਹੀਦਾ ਹੈ,




ਢੋਲ ਮ੍ਰਿਦੰਗ ਬਜੇ ਸਭ ਹੀ ਘਰ, ਸੋ ਪੁਰ ਆਜੁ ਕੁਲਾਹਲ ਭਾਰੀ ॥
ਗਾਵਤ ਗੀਤ ਬਜਾਵਤ ਤਾਲ, ਦਿਵਾਵਤ ਆਵਤ ਨਾਗਰ ਗਾਰੀ ॥
ਭੇਰ ਹਜਾਰ ਬਜੀ ਇਕ ਬਾਰ,
ਮਹਾ ਛਬਿਯਾਰ ਹਸੈ ਮਿਲਿ ਨਾਰੀ ॥
ਦੇਹਿ ਅਸੀਸ ਕਹੈਂ ਜਗਦੀਸ,
ਏ ਜੋਰੀ ਜਿਯੋ ਜੁਗ ਚਾਰ ਤਿਹਾਰੀ ॥੧੧॥
(ਸ੍ਰੀ ਦਸਮ ਗ੍ਰੰਥ)

**ਹਵਨ ਕਰਨਾ, ਵੇਦੀ ਗੱਢਣੀ** : ਹਿੰਦੂ ਮਤ ਵਿਚ ਵਿਆਹ ਲਈ ਬਾਂਸ ਗੱਡ ਕੇ ਉਤੇ ਕਪੜਾ ਪਾ ਕੇ ਛਤਰੀ ਜਿਹੀ ਤਿਆਰ ਕੀਤੀ ਜਾਂਦੀ ਹੈ, ਇਸ ਨੂੰ ਵੇਦੀ ਗੱਡਣਾ ਕਿਹਾ ਜਾਂਦਾ ਹੈ। ਇਸ ਵਿਚ ਲਕੀਰਾਂ ਵਾਹ ਕੇ ਗਣੇਸ਼ ਨੂੰ ਦਰਸਾਉਂਦੇ ਹੋਏ ਸਵਾਸਤਿਕਾ ਦਾ ਚਿੰਨ੍ਹ ਬਣਾਇਆ ਜਾਂਦਾ ਹੈ। ਇਸ ਦੇ ਨਾਲ ਹੀ ਇਥੇ ਹਵਨ ਕੀਤਾ ਜਾਂਦਾ ਹੈ ਅਤੇ ਸੂਰਜ ਦੀ ਪੂਜਾ ਕੀਤੀ ਜਾਂਦੀ ਹੈ।

**ਸ਼ਰਾਬ ਅਤੇ ਵੇਸਵਾ ਦਾ ਨਾਚ** : ਅਨੰਦ ਕਾਰਜ ਵਰਗੇ ਪਵਿੱਤਰ ਧਾਰਮਿਕ ਸੰਸਕਾਰ ਨੂੰ ਪਲੀਤ ਕਰਨ ਦਾ ਕਾਰਨ ਬਣਦਾ ਹੈ। ਇਸ ਮੌਕੇ ਸ਼ਰਾਬ ਅਤੇ ਵੇਸਵਾ ਦਾ ਨਾਚ ਕਰਵਾਉਣਾ। ਇਹ ਕਈ ਇੱਲਤਾਂ ਅਤੇ ਝਗੜਿਆਂ ਦਾ ਕਾਰਨ ਵੀ ਬਣਦਾ ਵੇਖਿਆ ਗਿਆ ਹੈ। ਗੁਰਮਤਿ ਅਨੁਸਾਰ ਹਿਸ ਦੀ ਸਖ਼ਤ ਮੁਮਾਨੀਅਤ ਹੈ। ਇਕ ਪੁਰਾਤਨ ਕਬਿੱਤ ਹੈ :

ਸ਼ੁਭ ਕਾਜ ਕੋ ਛਾਡ ਕੁਕਾਜ ਰਚੇ,
ਧਨ ਜਾਤ ਵਿਅਰਥ ਸਦਾ ਇਨਕੋ ॥
ਇਕ ਰਾਂਡ ਬੁਲਾਇ ਨਚਾਵਤ ਹੈ,
ਨਹੀਂ ਆਵਤ ਲਾਜ ਜਰਾ ਇਨਕੋ !
ਮ੍ਰਿਦੰਗ ਭਨੇ ਧ੍ਰਿਗ ਹੈ ਧ੍ਰਿਗ ਹੈ,
ਸੁਰ ਤਾਲ ਪੂਛੇ ਕਿਨਕੋ ਕਿਨਕੋ ?
ਤਬ ਹਾਥ ਉਠਾਏ ਬਤਾਵਤ ਰਾਂਡ,
ਕਹੇ ਇਨਕੋ ! ਇਨਕੋ ! ਇਨਕੋ !

ਇਸ ਸਾਰੇ ਮਸਲੇ ਦੀ ਗੰਭੀਰਤਾ ਨੂੰ ਵਾਚਦੇ ਹੋਏ 1 ਅਪ੍ਰੈਲ, 2006 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਕ ਸੰਦੇਸ਼ ਸਿੱਖ ਸੰਗਤਾਂ ਦੇ ਨਾਮ ਜਾਰੀ ਹੋਇਆ।

ਅਨੰਦ ਕਾਰਜ ਆਦਿਕ ਦੀਆਂ ਰਸਮਾਂ ਵੀ ਗੁਰਮਤਿ ਅਤੇ ਪੰਥ ਪ੍ਰਵਾਨਤ ਰਹਿਤ ਮਰਯਾਦਾ ਅਨੁਸਾਰ ਹੀ ਗੁਰੂ ਘਰਾਂ ਵਿਚ ਕੀਤੀਆਂ ਜਾਣ। **(ਚਲਦਾ)**

# ਤੇਜ ਰਫਤਾਰ ਕਾਰ ਲੋਕਾਂ ਉਪਰ ਚੜੀ-4 ਮੌਤਾਂ ਤੇ ਕਈ ਹੋਰ ਜ਼ਖਮੀ




ਸਕੂਲ ਇਮਾਰਤ ਦਾ ਬਾਹਰੀ ਦ੍ਰਿਸ਼ ਜਿਥੇ ਹਾਦਸਾ ਵਾਪਰਿਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਤੇਜ ਰਫਤਾਰ ਕਾਰ ਨੇ ਚਥਮ, ਇਲੀਨੋਇਸ ਵਿਚ ਇਕ ਸਕੂਲ ਕੈਂਪ ਦੇ ਬਾਹਰ ਖੜੇ ਲੋਕਾਂ ਨੂੰ ਦਰੜ ਦਿੱਤਾ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਦੁਪਹਿਰ ਬਾਅਦ 3.20 ਵਜੇ ਦੇ ਆਸ ਪਾਸ ਵਾਪਰੀ। ਮ੍ਰਿਤਕਾਂ ਵਿਚ ਇਕ 4 ਸਾਲ ਦਾ ਬੱਚਾ ਵੀ ਸ਼ਾਮਿਲ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਜ਼ਖਮੀਆਂ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਹੈ। ਕਾਰ ਵਿਚ ਡਰਾਈਵਰ ਤੋਂ ਬਿਨਾਂ ਹੋਰ ਕੋਈ ਵੀ ਵਿਅਕਤੀ ਸਵਾਰ ਨਹੀਂ ਸੀ। ਪੁਲਿਸ ਅਨੁਸਾਰ ਇਸ ਘਟਨਾ ਵਿਚ ਡਰਾਈਵਰ ਜ਼ਖਮੀ ਨਹੀਂ ਹੋਇਆ ਹੈ ਤੇ ਉਸ ਨੂੰ ਵੀ ਡਾਕਟਰੀ ਜਾਂਚ ਲਈ ਹਸਪਤਾਲ ਲਿਜਾਇਆ ਗਿਆ ਹੈ।

# ਅਮਰੀਕਾ 'ਚ ਇੱਕ ਤੇਲਗੂ ਮੂਲ ਦੇ ਭਾਰਤੀ ਟੈਕਨੀਸ਼ੀਅਨ ਨੂੰ ਐਚ-ਵਨ.ਬੀ ਵੀਜ਼ਾ ਧੋਖਾਧੜੀ ਕਰਨ ਦੇ ਦੋਸ਼ ਹੇਠ 14 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ

ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਵਿੱਚ ਇੱਕ ਭਾਰਤੀ ਮੂਲ ਦੇ ਉੱਦਮੀ ਨੂੰ ਐਚ-ਵਨ. ਬੀ ਵੀਜ਼ਾ ਦੀ ਧੋਖਾਧੜੀ ਦੀ ਯੋਜਨਾ ਦੇ ਦੋਸ਼ ਵਿੱਚ 14 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਤੇਲਗੂ ਮੂਲ ਦੇ ਭਾਰਤੀ ਜਿਸ ਦਾ ਨਾਂ ਕਿਸ਼ੋਰ ਦੱਤਾਪੁਰਮ ਹੈ ਅਤੇ ਉਸ ਨੇ ਐਚ-ਵਨ. ਬੀ ਵੀਜ਼ਾ ਵਿੱਚ ਵੱਡੇ ਪੱਧਰ 'ਤੇ ਧੋਖਾਧੜੀ ਕੀਤੀ ਸੀ। ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੇ ਸਾਂਤਾ ਕਲਾਰਾ ਦੇ 55 ਸਾਲਾ ਦੱਤਾਪੁਰਮ ਨੂੰ ਅਮਰੀਕੀ ਜ਼ਿਲ੍ਹਾ ਜੱਜ ਐਡਵਰਡ ਡੇਵਿਲਾ ਨੇ ਸਾਜ਼ਿਸ਼ ਦੇ ਇੱਕ ਦੋਸ਼ ਅਤੇ ਵੀਜ਼ਾ ਧੋਖਾਧੜੀ ਦੇ 10 ਦੋਸ਼ਾਂ ਦਾ ਦੋਸ਼ੀ ਮੰਨਣ ਤੋਂ ਬਾਅਦ ਸਜ਼ਾ ਸੁਣਾਈ। ਜੇਲ੍ਹ ਦੀ ਸਜ਼ਾ ਤੋਂ ਇਲਾਵਾ, ਦੱਤਾਪੁਰਮ ਨੂੰ ਤਿੰਨ ਸਾਲ ਦੀ ਨਿਗਰਾਨੀ ਹੇਠ ਰਿਹਾਈ ਦੀ ਸਜ਼ਾ ਵੀ ਸੁਣਾਈ ਗਈ ਹੈ। ਇਸ ਤੋਂ ਇਲਾਵਾ, ਉਸ ਨੂੰ 1,25,456 ਡਾਲਰ ਜ਼ਬਤ ਕਰਨ ਅਤੇ 7,500 ਡਾਲਰ ਦਾ ਜੁਰਮਾਨਾ ਅਤੇ 1100 ਡਾਲਰ ਦੀ ਵਿਸ਼ੇਸ਼ ਮੁਲਾਂਕਣ ਫੀਸ ਅਦਾ ਕਰਨ ਦਾ ਹੁਕਮ ਵੀ ਦਿੱਤਾ ਗਿਆ ਹੈ। ਇਸ ਕੇਸ ਦੀ ਪੈਰਵੀ ਸਹਾਇਕ ਅਮਰੀਕੀ ਅਟਾਰਨੀ



ਸਾਰਾਹ ਗ੍ਰਿਸਵੋਲਡ ਅਤੇ ਵਿਸ਼ੇਸ਼ ਸਹਾਇਕ ਅਮਰੀਕੀ ਅਟਾਰਨੀ ਜੌਨੀ ਜੇਮਜ਼ ਦੁਆਰਾ ਕੀਤੀ ਗਈ ਸੀ। ਐੱਚ-1ਬੀ ਵੀਜ਼ਾ ਭਾਰਤੀਆਂ ਲਈ ਬਹੁਤ ਮਹੱਤਵਪੂਰਨ ਹਨ। ਅਮਰੀਕਾ ਵਿੱਚ ਇਹ ਵੀਜ਼ਾ ਲਾਭਪਾਤਰੀਆਂ ਵਿੱਚ ਭਾਰਤੀ ਸਭ ਤੋਂ ਵੱਧ ਹਨ। ਇਸ ਵੀਜ਼ਾ ਰਾਹੀਂ, ਅਮਰੀਕੀ ਕੰਪਨੀਆਂ, ਖਾਸ ਕਰਕੇ ਤਕਨੀਕੀ ਖੇਤਰ ਵਿੱਚ ਕੰਮ ਕਰਨ ਵਾਲੀਆਂ, ਵਿਦੇਸ਼ਾਂ ਤੋਂ ਹੁਨਰਮੰਦ ਪੇਸ਼ੇਵਰਾਂ ਨੂੰ ਨੌਕਰੀ 'ਤੇ ਰੱਖ ਸਕਦੀਆਂ ਹਨ। ਐੱਚ-1 ਬੀ ਵੀਜ਼ਾ ਪ੍ਰੋਗਰਾਮ ਦੇ ਤਹਿਤ, ਮਾਲਕਾਂ ਨੂੰ ਇਹ ਦਿਖਾਉਣ ਦੀ ਲੋੜ ਹੁੰਦੀ ਹੈ ਕਿ ਉਨ੍ਹਾਂ ਕੋਲ ਵਿਦੇਸ਼ੀ ਕਾਮਿਆਂ ਲਈ ਨੌਕਰੀਆਂ ਉਪਲਬਧ ਹਨ। ਪਰ ਕਿਸ਼ੋਰ ਦੱਤਾਪੁਰਮ ਵੱਖ-ਵੱਖ ਕੰਪਨੀਆਂ ਨੂੰ ਝੂਠੇ ਮਾਲਕ ਵਜੋਂ ਪੇਸ਼ ਕਰਨ ਲਈ ਪੈਸੇ ਦਿੰਦਾ ਸੀ ਕਿਉਂਕਿ ਉਹ ਜਾਣਦਾ ਸੀ ਕਿ ਸੂਚੀਬੱਧ ਕਾਮਿਆਂ ਨੂੰ ਉਨ੍ਹਾਂ ਕੰਪਨੀਆਂ ਦੁਆਰਾ ਕਦੇ ਵੀ ਨੌਕਰੀ 'ਤੇ ਨਹੀਂ ਰੱਖਿਆ ਜਾਵੇਗਾ। ਦਰਅਸਲ, ਦੱਤਾਪੁਰਮ ਨੇ ਇਸ ਧੋਖਾਧੜੀ ਦੀ ਵਰਤੋਂ ਪਹਿਲਾਂ ਤੋਂ ਵੀਜ਼ਾ ਪ੍ਰਾਪਤ ਕਰਨ ਲਈ ਕੀਤੀ ਤਾਂ ਜੋ ਜਦੋਂ ਨੌਕਰੀ ਦੀਆਂ ਜ਼ਰੂਰਤਾਂ ਪੈਦਾ ਹੋਣ, ਤਾਂ ਉਸ ਦੀ ਕੰਪਨੀ ਨੈਨੋਸੈਮੈਂਟਿਕਸ ਪ੍ਰਕਿਰਿਆ ਦੇ ਪੂਰਾ ਹੋਣ ਦੀ ਉਡੀਕ ਕੀਤੇ ਬਿਨਾਂ ਜਲਦੀ ਕਾਮੇ ਪ੍ਰਦਾਨ ਕਰ ਸਕੇ, ਅਮਰੀਕੀ ਅਟਾਰਨੀ ਪੈਟ੍ਰਿਕ ਰੌਬਿਨਸ ਅਤੇ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨਜ਼ ਸਪੈਸ਼ਲ ਏਜੰਟ ਟੋਟੇਮ ਕਿੰਗ ਨੇ ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਜੋ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਦੇ ਹਨ ਅਤੇ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਨਾਲ ਛੇੜਛਾੜ ਅਤੇ ਦੁਰਵਰਤੋਂ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

# BASRA

## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਮਜੀਠੀਆ ਨੇ ਅੰਮ੍ਰਿਤਪਾਲ ਸੰਬੰਧੀ ਲਗਾਏ ਗੰਭੀਰ ਦੋਸ਼



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਚੰਡੀਗੜ੍ਹ ਪਾਰਟੀ ਮੁੱਖ ਦਫ਼ਤਰ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਅਕਾਲੀ ਦਲ 'ਵਾਰਿਸ ਪੰਜਾਬ ਦੇ' ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਭਰਾ ਹਰਪ੍ਰੀਤ ਸਿੰਘ ਵਲੋਂ ਨਸ਼ੇ ਕਰਦਿਆਂ ਦੀ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੇ ਸਿਰਫ ਨਸ਼ਾ ਵਿਰੋਧੀ ਮੁਹਿੰਮ ਦਾ ਮੁਖੌਟਾ ਪਾਇਆ ਹੋਇਆ ਹੈ ਜਦੋਂ ਕਿ ਅਸਲ ਵਿਚ ਉਹ ਨਸ਼ਿਆਂ ਦੀ ਤਸਕਰੀ ਵਿਚ ਸ਼ਾਮਲ ਹੈ ਤੇ ਗੈਂਗਸਟਰਾਂ ਨਾਲ ਉਸ ਦੇ ਨੇੜਲੇ ਸੰਬੰਧ ਹਨ। ਅਕਾਲੀ ਆਗੂ ਨੇ ਅੰਮ੍ਰਿਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਦੀ ਵੀ ਇਕ ਵੀਡੀਓ ਵਿਖਾਈ ਜਿਸ ਵਿਚ ਉਹ ਦਾਅਵੇ ਕਰ ਰਹੇ ਹਨ ਕਿ ਉਨ੍ਹਾਂ ਦੇ ਪੁੱਤਰ ਹਰਪ੍ਰੀਤ 'ਤੇ ਨਸ਼ੇ ਦਾ ਝੂਠਾ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵੀਡੀਓ ਤੋਂ ਸਪੱਸ਼ਟ ਹੈ ਕਿ ਹਰਪ੍ਰੀਤ ਸਿੰਘ ਨਸ਼ਿਆਂ ਦਾ ਆਦੀ ਹੈ ਤੇ ਉਸ ਦੇ ਪਿਤਾ ਆਪਣੇ ਪੁੱਤਰ ਦਾ ਬਚਾਅ ਕਰਨ ਵਾਸਤੇ ਝੂਠ ਬੋਲ ਰਹੇ ਹਨ। ਉਨ੍ਹਾਂ ਨੇ ਇਕ ਹੋਰ ਵੀਡੀਓ ਵੀ ਜਾਰੀ ਕੀਤੀ ਜਿਸ ਵਿਚ ਤਰਸੇਮ ਸਿੰਘ ਆਪਣੇ ਪੁੱਤਰਾਂ ਅੰਮ੍ਰਿਤਪਾਲ ਸਿੰਘ ਤੇ ਹਰਪ੍ਰੀਤ ਸਿੰਘ ਬਾਰੇ ਇਤਰਾਜ਼ਯੋਗ ਸ਼ਬਦਾਵਲੀ ਵਰਤ ਰਹੇ ਹਨ। ਮਜੀਠੀਆ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਉਨ੍ਹਾਂ ਨੇ ਜੋ ਪਹਿਲੀ ਆਡੀਓ ਜਾਰੀ ਕੀਤੀ ਸੀ ਜਿਸ ਵਿਚ ਅੰਮ੍ਰਿਤਪਾਲ ਇਹ ਦਾਅਵਾ ਕਰ ਰਿਹਾ ਸੀ ਕਿ ਉਹ 22 ਕਰੋੜ ਰੁਪਏ ਦੀ ਡਕੈਤੀ ਵਿਚ ਨਾਮੀ ਗੈਂਗਸਟਰ ਜੈਪਾਲ ਭੁੱਲਰ ਦਾ ਹਿੱਸੇਦਾਰ ਸੀ, ਉਹ ਤੱਥਾਂ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ ਜੋ ਵੀ ਮੈਂ ਕਿਹਾ ਸੀ ਸੁਖਪ੍ਰੀਤ ਹਰੀਨੋ, ਜਿਸ ਦੇ ਭਰਾ ਗੁਰਪ੍ਰੀਤ ਸਿੰਘ ਹਰੀਨੋ ਦਾ ਅੰਮ੍ਰਿਤਪਾਲ ਦੇ ਕਹਿਣ 'ਤੇ ਕਤਲ ਹੋਇਆ, ਨੇ ਵੀ ਉਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਦੋ ਨਸ਼ੇੜੀਆਂ ਅਨਮੋਲਪ੍ਰੀਤ ਅਤੇ ਨਵਜੋਤ ਨੀਟਾ ਜਿਨ੍ਹਾਂ ਨੇ ਗੁਰਪ੍ਰੀਤ ਦਾ ਕਤਲ ਕੀਤਾ, ਉਹ ਗੈਂਗਸਟਰ ਅਰਸ਼ ਡੱਲਾ ਤੇ ਲਾਰੈਂਸ ਬਿਸ਼ਨੋਈ ਨਾਲ ਜੁੜੇ ਹੋਏ ਹਨ। ਇਸ ਦਾ ਮਤਲਬ ਹੈ ਕਿ ਅੰਮ੍ਰਿਤਪਾਲ ਸਿੰਘ ਵੀ ਇਨ੍ਹਾਂ ਗੈਂਗਸਟਰਾਂ ਦਾ ਸਾਥੀ ਹੈ। ਉਨ੍ਹਾਂ ਕਿਹਾ ਕਿ ਇਸੇ ਤਰੀਕੇ ਜੈਪਾਲ ਭੁੱਲਰ ਵਲੋਂ ਕੀਤੀ 22 ਕਰੋੜ ਰੁਪਏ ਦੀ ਡਕੈਤੀ ਜਿਸ ਵਿਚ ਅੰਮ੍ਰਿਤਪਾਲ ਸਿੰਘ ਆਪਣਾ ਹੱਥ ਹੋਣ ਦੇ ਦਾਅਵੇ ਕਰ ਰਿਹਾ ਹੈ, ਦੇ ਮਾਮਲੇ ਵਿਚ ਵੀ ਕੋਈ ਜਾਂਚ ਨਹੀਂ ਕੀਤੀ ਜਾ ਰਹੀ। ਪ੍ਰੈਸ ਕਾਨਫ਼ਰੰਸ ਵਿਚ ਮੁੱਖ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਵੀ ਹਾਜ਼ਰ ਸਨ।

# ਦਮਦਮੀ ਟਕਸਾਲ ਵਲੋਂ ਜਥੇਦਾਰਾਂ ਦੀ ਬਹਾਲੀ ਲਈ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਰੋਸ ਪ੍ਰਗਟਾਵੇ ਦਾ ਫੈਸਲਾ

## ਜਥੇਦਾਰਾਂ ਨੂੰ ਬਹਾਲ ਨਾ ਕਰਨ 'ਤੇ ਸੰਤ ਸਮਾਜ ਨੇ ਲਿਆ ਸਖ਼ਤ ਫ਼ੈਸਲਾ



ਅੰਮ੍ਰਿਤਸਰ : ਦਮਦਮੀ ਟਕਸਾਲ ਨੇ ਤਿੰਨ ਤਖ਼ਤਾਂ ਦੇ ਹਟਾਏ ਗਏ ਜਥੇਦਾਰਾਂ ਦੀ ਬਹਾਲੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 10 ਮਈ ਤਕ ਦਾ ਅਲਟੀਮੇਟਮ ਦਿਤਾ ਹੈ ਅਤੇ ਅਜਿਹਾ ਨਾ ਹੋਣ ਦੀ ਸੂਰਤ ਵਿਚ 11 ਜੂਨ ਤੋਂ ਪਿੰਡ ਬਾਦਲ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਰੋਸ ਪ੍ਰਗਟਾਵਾ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਤਹਿਤ 11 ਜੂਨ ਤੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ 500 ਗੁਰਸਿੱਖਾਂ ਦਾ ਜਥਾ ਪਿੰਡ ਬਾਦਲ ਵਿਚ ਜਾਵੇਗਾ ਅਤੇ ਬਾਦਲਾ ਦੀ ਰਿਹਾਇਸ਼ ਦੇ ਬਾਹਰ ਗੁਰਬਾਣੀ ਦਾ ਜਾਪ ਕਰਦਿਆਂ ਰੋਸ ਪ੍ਰਗਟਾਵਾ ਕਰੇਗਾ। ਇਹ ਫ਼ੈਸਲਾ ਸੰਤ ਸਮਾਜ ਦੇ ਪ੍ਰਧਾਨ ਅਤੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਿੱਚ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਪ੍ਰਤੀਨਿਧਾਂ ਦੀ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਖੇ ਹੋਈ ਮੀਟਿੰਗ ਵਿਚ ਕੀਤਾ ਗਿਆ। ਇਸ ਮੌਕੇ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ 15 ਅਪਰੈਲ ਤਕ ਬਹਾਲ ਕਰਨ ਦਾ ਸੰਤ ਸਮਾਜ ਨੂੰ ਭਰੋਸਾ ਦਿੱਤਾ ਸੀ, ਜਿਸ ਨੂੰ ਪੂਰਾ ਨਹੀਂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਕੀਤਾ ਵਾਅਦਾ ਪੂਰਾ ਨਾ ਕਰਨ ਲਈ ਉਸ ਦੀ ਸਖ਼ਤ ਆਲੋਚਨਾ ਕੀਤੀ ਤੇ ਰੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਇਹ ਭਰੋਸਾ ਸ਼੍ਰੋਮਣੀ ਕਮੇਟੀ ਨੇ ਸੰਤ ਸਮਾਜ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਨੇੜੇ 28 ਮਾਰਚ ਨੂੰ ਦਿੱਤੇ ਗਏ ਰੋਸ ਧਰਨੇ ਮੌਕੇ ਦਿੱਤਾ ਸੀ। ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਬਾਦਲ ਪਿੰਡ ਦੇ ਰੋਸ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਜਥਿਆਂ ਲਈ ਜਲ ਪਾਣੀ, ਪ੍ਰਸਾਦਾ ਅਤੇ ਬੈਠਣ ਦਾ ਪ੍ਰਬੰਧ ਸੰਗਤ ਵੱਲੋਂ ਕੀਤਾ ਜਾਵੇਗਾ। ਜੂਨ ਮਹੀਨੇ ਵਿਚ ਘੱਲੂਘਾਰਾ ਸਮਾਗਮਾਂ ਦੇ ਕਾਰਨ ਪਹਿਲਾ ਜਥਾ 11 ਜੂਨ ਨੂੰ ਪਿੰਡ ਬਾਦਲ ਜਾਵੇਗਾ ਜਦੋਂ ਕੇ ਜੁਲਾਈ ਮਹੀਨੇ ਤੋਂ ਹਰ ਮਹੀਨੇ ਪਹਿਲੇ ਐਤਵਾਰ ਜਥਾ ਜਾਇਆ ਕਰੇਗਾ। ਇਸ ਮੌਕੇ ਸਮੂਹ ਸੰਗਤਾਂ ਨੂੰ ਪੰਥਕ ਰਵਾਇਤਾਂ ਦੇ ਉਲਟ ਅਤੇ ਪੰਥ ਦੀ ਅਸਹਿਮਤੀ ਨਾਲ 'ਜਥੇਦਾਰ' ਥਾਪੇ ਗਏ ਭਾਈ ਕੁਲਦੀਪ ਸਿੰਘ ਗੜਗੱਜ ਅਤੇ ਬਾਬਾ ਟੇਕ ਸਿੰਘ ਧਨੌਲਾ ਦਾ ਬਾਈਕਾਟ ਕਰਨ ਦੀ ਵੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤਾ ਪੰਥਕ ਇਕੱਠ ਇਨ੍ਹਾਂ ਨਿਯੁਕਤੀਆਂ ਨੂੰ ਪਹਿਲਾਂ ਹੀ ਰੱਦ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਜੋ ਵੀ ਸ਼੍ਰੋਮਣੀ ਕਮੇਟੀ ਮੈਂਬਰ ਜਾਂ ਅਹੁਦੇਦਾਰ ਇਨ੍ਹਾਂ 'ਜਥੇਦਾਰਾਂ' ਨੂੰ ਸੰਗਤਾਂ ਵਿੱਚ ਜਾਂ ਸਮਾਗਮਾਂ ਵਿਚ ਲੈ ਕੇ ਆਉਂਦੇ ਹਨ, ਉਨ੍ਹਾਂ ਦਾ ਵੀ ਪੂਰਨ ਬਾਈਕਾਟ ਕੀਤਾ ਜਾਵੇ ।

# ਸੁੱਚਾ ਸਿੰਘ ਛੋਟੇਪੁਰ ਨੂੰ ਨਹੀਂ ਮਿਲੀ ਅਮਰੀਕਾ ਜਾਣ ਦੀ ਇਜਾਜ਼ਤ

## ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪਾਸਪੋਰਟ ਜ਼ਬਤ ਕੀਤਾ, ਪੋਤਰੀ ਦੇ ਵਿਆਹ ਲਈ ਜਾ ਰਹੇ ਸਨ ਅਮਰੀਕਾ



ਗੁਰਦਾਸਪੁਰ : ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੂੰ ਲਾਸ ਏਂਜਲਸ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਦਿੱਲੀ ਸਥਿਤ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਉਨ੍ਹਾਂ ਦਾ ਪਾਸਪੋਰਟ ਇਹ ਕਹਿ ਕੇ ਜ਼ਬਤ ਕਰ ਲਿਆ ਕਿ ਉਨ੍ਹਾਂ ਦੇ ਪਾਸਪੋਰਟ ਦੀ ਕਿਸੇ ਨੇ ਦੁਰਵਰਤੋਂ ਕੀਤੀ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਤਤਕਾਲੀ ਧਾਰੀਵਾਲ ਵਿਧਾਨ ਸਭਾ ਹਲਕੇ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਛੋਟੇਪੁਰ ਆਪਣੀ ਪੋਤਰੀ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਲਾਸ ਏਂਜਲਸ ਜਾ ਰਹੇ ਸਨ।

ਛੋਟੇਪੁਰ 28 ਅਤੇ 29 ਅਪਰੈਲ ਦੀ ਦਰਮਿਆਨੀ ਰਾਤ ਨੂੰ ਜਦੋਂ ਕਤਰ ਏਅਰਵੇਜ਼ ਦੀ ਉਡਾਣ ਰਾਹੀਂ ਲਾਸ ਏਂਜਲਸ ਜਾਣ ਲਈ ਦਿੱਲੀ ਪਹੁੰਚੇ ਤਾਂ ਹਵਾਈ ਅੱਡੀ 'ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਰੋਕਿਆ ਅਤੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਉਹ ਬਹੁਤ ਦੁਖਦ ਤਜਰਬਾ ਸੀ। ਟੂਰਿਸਟ ਵੀਜ਼ਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਜਦੋਂ ਸਾਰੇ ਦਸਤਾਵੇਜ਼ ਪੂਰੇ ਹਨ, ਤਾਂ ਇਮੀਗ੍ਰੇਸ਼ਨ ਵੱਲੋਂ ਉਨ੍ਹਾਂ ਨੂੰ ਕਿਸ ਆਧਾਰ 'ਤੇ ਰੋਕਿਆ ਅਤੇ ਪਾਸਪੋਰਟ ਜ਼ਬਤ ਕੀਤਾ ਗਿਆ। ਇਮੀਗ੍ਰੇਸ਼ਨ ਵਾਲਿਆਂ ਉਨ੍ਹਾਂ ਦੀ ਕੋਈ ਵੀ ਗੱਲ ਸੁਣਨ ਤੋਂ ਇਨਕਾਰ ਕਰ ਦਿੱਤਾ। ਛੋਟੇਪੁਰ ਅਨੁਸਾਰ ਉਨ੍ਹਾਂ ਅਧਿਕਾਰੀਆਂ ਨੂੰ ਦੱਸਿਆ ਕਿ ਉਨ੍ਹਾਂ ਖ਼ਿਲਾਫ਼ ਕੋਈ ਵੀ ਸਿਵਲ ਜਾਂ ਅਪਰਾਧਿਕ ਕੇਸ ਲੰਬਿਤ ਨਹੀਂ ਹੈ।

ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਸਿਰਫ਼ ਏਨਾ ਕਿਹਾ ਗਿਆ ਕਿ ਉਨ੍ਹਾਂ ਦੇ ਪਾਸਪੋਰਟ ਦੀ ਦੁਰਵਰਤੋਂ ਕੀਤੀ ਗਈ ਹੈ ਜਦਕਿ ਨਾ ਤਾਂ ਕਦੀ ਉਨ੍ਹਾਂ ਕਿਸੇ ਨੂੰ ਆਪਣਾ ਪਾਸਪੋਰਟ ਦਿੱਤਾ ਅਤੇ ਨਾ ਹੀ ਇਸ ਦੀ ਚੋਰੀ ਹੋਈ। ਉਨ੍ਹਾਂ ਨੂੰ ਕਿਹਾ ਗਿਆ ਕਿ 10-15 ਦਿਨ ਬਾਅਦ ਉਨ੍ਹਾਂ ਦਾ ਪਾਸਪੋਰਟ ਜਲੰਧਰ ਸਥਿਤ ਪਾਸਪੋਰਟ ਦਫਤਰ ਪਹੁੰਚ ਜਾਵੇਗਾ ਅਤੇ ਪੂਰੀ ਗੱਲ ਪਤਾ ਲੱਗ ਜਾਵੇਗੀ। ਛੋਟੇਪੁਰ ਨੇ ਕਿਹਾ ਕਿ ਉਨ੍ਹਾਂ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਫ਼ਾਇਦਾ ਨਹੀਂ ਹੋਇਆ। ਅਧਿਕਾਰੀ ਆਪਣੀ ਗੱਲ 'ਤੇ ਅੜੇ ਰਹੇ।

ਗੁਰਦਾਸਪੁਰ ਤੋਂ 15 ਕਿਲੋਮੀਟਰ ਦੂਰ ਪਿੰਡ ਛੋਟੇਪੁਰ ਰਹਿਣ ਵਾਲੇ ਸੁੱਚਾ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ 2019 ਵਿੱਚ ਜਲੰਧਰ ਖੇਤਰੀ ਪਾਸਪੋਰਟ ਦਫ਼ਤਰ (ਆਰਪੀਓ) ਤੋਂ ਆਪਣੇ ਪਾਸਪੋਰਟ ਨਵਿਆਇਆ ਸੀ। ਉਹ ਕਈ ਵਾਰ ਵਿਦੇਸ਼ ਯਾਤਰਾ ਕਰ ਚੁੱਕੇ ਹਨ। ਦੱਸਣਯੋਗ ਹੈ ਕਿ 2014 ਦੀਆਂ ਚੋਣਾਂ ਵਿੱਚ, ਛੋਟੇਪੁਰ ਨੇ ਗੁਰਦਾਸਪੁਰ ਸੰਸਦੀ ਸੀਟ ਤੋਂ ਚੋਣ ਲੜੀ ਸੀ ਅਤੇ ਫ਼?ਲਮ ਅਦਾਕਾਰ ਵਿਨੋਦ ਖੰਨਾ ਅਤੇ ਪ੍ਰਤਾਪ ਬਾਜਵਾ ਤੋਂ ਬਾਅਦ 1.80 ਲੱਖ ਵੋਟਾਂ ਪ੍ਰਾਪਤ ਕਰਕੇ ਤੀਜੇ ਸਥਾਨ 'ਤੇ ਰਹੇ ਸਨ।

# ਚਿੱਟੀ ਸਿੰਘਪੁਰਾ ਦੁਖਾਂਤ 'ਤੇ ਬਣ ਰਹੀ ਫ਼ਿਲਮ ਦੀ ਟੀਮ ਦਰਬਾਰ ਸਾਹਿਬ ਨਤਮਸਤਕ



ਅੰਮ੍ਰਿਤਸਰ : ਜੰਮੂ ਕਸ਼ਮੀਰ ਦੇ ਚਿੱਟੀ ਸਿੰਘਪੁਰਾ 'ਚ ਮਾਰਚ 2000 ਵਿੱਚ 35 ਸਿੱਖਾਂ ਦੇ ਹੋਏ ਕਤਲੇਆਮ 'ਤੇ ਬਣ ਰਹੀ ਦਸਤਾਵੇਜ਼ੀ ਫ਼ਿਲਮ ਦੇ ਡਾਇਰੈਕਟਰ ਆਪਣੀ ਟੀਮ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ। ਇਸ ਮੌਕੇ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਦੀ ਕੀਤੀ ਮਦਦ ਅਤੇ ਨਿਭਾਈਆਂ ਸੇਵਾਵਾਂ ਦੀ ਜਾਣਕਾਰੀ ਲਈ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿੱਚ ਡਾਇਰੈਕਟਰ ਰਾਜੇਸ਼ ਰਾਜਾ, ਸੁਮਨ ਤਲਵਾਰ, ਪੀਸੀ ਰਾਊਤ, ਐੱਮ.ਪੀ. ਸਿੰਘ ਅਤੇ ਹੰਸ ਹੀਰਾ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ੍ਰੀ ਗਰੇਵਾਲ ਨੇ ਕਿਹਾ ਕਿ ਸਾਲ 2000 ਵਿੱਚ ਜੰਮੂ ਕਸ਼ਮੀਰ ਦੇ ਚਿੱਟੀ ਸਿੰਘਪੁਰਾ ਵਿੱਚ ਵੱਡਾ ਦੁਖਾਂਤ ਵਾਪਰਿਆ ਸੀ, ਜਿਸ ਦੌਰਾਨ 35 ਸਿੱਖਾਂ ਦਾ ਕਤਲ ਕੀਤਾ ਗਿਆ ਸੀ। ਇਸ ਸਬੰਧ ਵਿੱਚ ਰਾਜੇਸ਼ ਰਾਜਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਦਸਤਾਵੇਜ਼ੀ ਫ਼ਿਲਮ ਤਿਆਰ ਕਰਨ ਦੀ ਯੋਜਨਾ ਹੈ, ਜਿਸ ਤਹਿਤ ਇਨ੍ਹਾਂ ਸ਼?ਰੋਮਣੀ ਕਮੇਟੀ ਪਾਸੋਂ ਪੀੜਤਾਂ ਦੀ ਮਦਦ ਸਬੰਧੀ ਕੀਤੇ ਕਾਰਜਾਂ ਦੇ ਵੇਰਵਿਆਂ ਦੀ ਜਾਣਕਾਰੀ ਲਈ ਪਹੁੰਚ ਕੀਤੀ ਹੈ।

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਤਿਆਰ ਕੀਤਾ ਮੂਲ ਨਾਨਕਸ਼ਾਹੀ ਕੈਲੰਡਰ ਸਾਰਲੈਂਡ ਦੀਆਂ ਸੰਗਤਾਂ ਨੂੰ ਕੀਤਾ ਸਮਰਪਿਤ



ਜਰਮਨ : ਖ਼ਾਲਸਾ ਪ੍ਰਗਟ ਦਿਵਸ ਵਿਸਾਖੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਨਿਊਨਕਿਰਚਨ ਜਰਮਨੀ ਵਿਖੇ ਧਾਰਮਿਕ ਦੀਵਾਨ ਸਜਾਏ ਗਏ। ਇਸ ਵਕਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਬੱਚਿਆਂ ਵੱਲੋਂ ਗੁਰਬਾਣੀ ਕੀਰਤਨ ਦੇ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਸਮੇਂ ਪੰਜਾਬ ਦੀ ਧਰਤੀ ਤੋਂ ਪਹੁੰਚੇ ਹੋਏ ਰਾਗੀ ਜਥਾ ਭਾਈ ਮਲਕੀਤ ਸਿੰਘ ਸੁਰ ਸਿੰਘ ਵਾਲਿਆਂ ਨੇ ਅੰਮ੍ਰਿਤਮਈ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਿਚਾਰ ਨਾਲ ਸਭ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਉਪਰੰਤ ਗੁਰਮਤਿ ਕਲਾਸ ਦੇ ਬੱਚਿਆਂ ਨੇ ਖ਼ਾਲਸਾ ਸਾਜਨਾ ਦਿਵਸ ਨਾਲ ਸਮਰਪਿਤ ਪ੍ਰਸ਼ਨੋਤਰੀ ਮੁਕਾਬਲੇ ਵਿਚ ਭਾਗ ਲਿਆ ਅਤੇ ਸਵਾਲਾਂ ਦੇ ਜਵਾਬ ਦਿੱਤੇ।

ਇਸ ਤੋਂ ਬਾਅਦ ਭਾਈ ਸੰਦੀਪ ਸਿੰਘ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤ ਵਿਚਾਰਾਂ ਰਾਹੀਂ ਨਿਹਾਲ ਕੀਤਾ ਗਿਆ। ਦੀਵਾਨ ਦੀ ਸਮਾਪਤੀ ਤੇ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਤਿਆਰ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਸਾਰਲੈਂਡ ਦੀਆਂ ਸੰਗਤਾਂ ਨੂੰ ਜੈਕਾਰਿਆਂ ਦੀ ਆਵਾਜ਼ ਵਿੱਚ ਸਮਰਪਿਤ ਕੀਤਾ ਗਿਆ। ਅਰਦਾਸ ਹੁਕਮਨਾਮਾ ਉਪਰੰਤ ਗੁਰੂ ਦਾ ਲੰਗਰ ਵਰਤਾਇਆ ਗਿਆ। ਉਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ







## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**

ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 16 ਮਈ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 18 ਮਈ, 2025 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

ਹੋਰ ਜਾਣਕਾਰੀ ਲਈ

**ਸ੍ਰ. ਹਰਜਿੰਦਰ ਸਿੰਘ ਹੈਪੀ ਸੂਚ**
**(209) 535-0294**

**ਸ੍ਰ. ਮਨਜੀਤ ਸਿੰਘ ਬਾਸੀ**
**(209) 678-8519**

# ਸੀਚੇਵਾਲ ਦੇ ਯਤਨਾਂ ਸਦਕਾ ਓਮਾਨ ਤੋਂ ਪਰਤੀ ਲੜਕੀ

**ਸਹੇਲੀ ਨੇ ਵਧੀਆ ਭਵਿੱਖ ਦਾ ਝਾਂਸਾ ਦੇ ਕੇ ਬੁਲਾਇਆ ਵਿਦੇਸ਼; ਪੀੜਤਾ ਦੇ ਪਰਿਵਾਰ ਵੱਲੋਂ ਰਾਜ ਸਭਾ ਮੈਂਬਰ ਦਾ ਧੰਨਵਾਦ**



ਜਲੰਧਰ : ਇੱਥੇ ਕਪੂਰਥਲੇ ਦੀ ਇੱਕ ਲੜਕੀ ਰਾਜ ਸਭਾ ਮੈਂਬਰ ਅਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਮਸਕਟ ਓਮਾਨ ਤੋਂ ਵਾਪਸ ਆਈ ਹੈ। ਪੀੜਤਾ ਨੇ ਦੱਸਿਆ ਕਿ ਉਸ ਦੀ ਸਹੇਲੀ ਜਾਣਦੀ ਸੀ ਕਿ ਸਾਡੇ ਘਰ ਦੇ ਹਾਲਾਤ ਠੀਕ ਨਹੀਂ ਹਨ, ਜਿਸ ਦਾ ਫਾਇਦਾ ਉਠਾ ਕੇ ਸਹੇਲੀ ਨੇ ਉਸ ਨੂੰ ਚੰਗੀ ਤਨਖਾਹ ਤੇ ਵਧੀਆ ਸੈਲੂਨ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਓਮਾਨ ਬੁਲਾ ਲਿਆ। ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀ ਪੀੜਤਾ ਨੇ ਦੱਸਿਆ ਕਿ ਉੱਥੋਂ ਦੇ ਹਾਲਾਤ ਲੜਕੀਆਂ ਲਈ ਸੁਖਾਵੇਂ ਨਹੀਂ ਹਨ।
ਉਸ ਨੇ ਦੱਸਿਆ ਕਿ ਉਸ ਨੂੰ ਉੱਥੇ ਜਿਸ ਕੰਮ ਲਈ ਬੁਲਾਇਆ ਗਿਆ ਸੀ ਉਹ ਕੰਮ ਨਹੀਂ ਦਿੱਤਾ ਗਿਆ, ਸਗੋਂ ਘਰ ਦਾ ਕੰਮ ਕਰਵਾਇਆ ਜਾ ਰਿਹਾ ਸੀ। ਸਾਰਾ ਦਿਨ ਕੰਮ ਕਰਵਾਉਣ ਮਗਰੋਂ ਖਾਣਾ ਵੀ ਨਹੀਂ ਮਿਲਦਾ ਸੀ। ਉਸ ਨਾਲ ਉੱਥੇ ਬਹੁਤ ਹੀ ਅਣਮਨੁੱਖੀ ਵਤੀਰਾ ਕੀਤਾ ਜਾ ਰਿਹਾ ਸੀ। ਉਸ ਨੇ ਦੱਸਿਆ ਕਿ ਉੱਥੇ ਪਹੁੰਚਦੇ ਹੀ ਉਸ ਦਾ ਫੋਨ ਖੋਹ ਲਿਆ ਅਤੇ ਤਨਖਾਹ ਦੇਣ ਦੀ ਬਜਾਏ ਉਸ ਕੋਲ ਜਿਹੜੇ ਪੈਸੇ ਸਨ, ਉਹ ਵੀ ਖੋਹ ਲਏ ਗਏ। ਉਸ ਨੇ ਦੱਸਿਆ ਕਿ ਜਿੱਥੇ ਉਸ ਨੂੰ ਰੱਖਿਆ ਗਿਆ ਸੀ ਉੱਥੇ ਉਸ ਨਾਲ ਹੋਰ ਵੀ ਬਹੁਤ ਲੜਕੀਆਂ ਸਨ ਜੋ ਵਾਪਸੀ ਦੀ ਉਮੀਦ ਛੱਡ ਚੁੱਕੀਆਂ ਸਨ। ਉਸ ਨੇ ਲੜਕੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਪਿੱਛੇ ਲੱਗ ਕੇ ਅਰਬ ਦੇਸ਼ ਵਿੱਚ ਨਾ ਜਾਣ।
ਪੀੜਤ ਦੇ ਨਾਲ ਪਹੁੰਚੇ ਉਸ ਦੇ ਪਰਿਵਾਰ ਨੇ ਰਾਜ ਸਭਾ ਮੈਂਬਰ ਸੀਚੇਵਾਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਸਦਕਾ ਉਨ੍ਹਾਂ ਦੀ ਧੀ ਮਹੀਨੇ ਵਿੱਚ ਵਾਪਸ ਆ ਗਈ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਜਦੋਂ ਤੱਕ ਅਰਬ ਦੇਸ਼ਾਂ ਵਿੱਚ ਲੜਕੀਆਂ ਨੂੰ ਇਸ ਤਰ੍ਹਾਂ ਫਸਾ ਰਹੇ ਗਰੋਹ 'ਤੇ ਨੱਥ ਨਹੀਂ ਪਾਈ ਜਾਂਦੀ ਉਦੋਂ ਤੱਕ ਇਸ ਵਤੀਰੇ ਨੂੰ ਰੋਕਿਆ ਨਹੀਂ ਜਾ ਸਕਦਾ।

# ਭਾਰਤ ਨੇ ਪਾਕਿਸਤਾਨ 'ਤੇ ਕੀਤੀ ਡਿਜੀਟਲ ਸਟਰਾਈਕ, ਜ਼ਹਿਰ ਉਗਲਣ ਵਾਲੇ ਯੂਟਿਊਬ ਚੈਨਲਾਂ 'ਤੇ ਲਗਾਈ ਪਾਬੰਦੀ

ਨਵੀਂ ਦਿੱਲੀ : ਭਾਰਤ ਨੇ ਇੱਕ ਵਾਰ ਫਿਰ ਪਾਕਿਸਤਾਨ ਦੇ ਭਾਰਤ ਵਿਰੋਧੀ ਪ੍ਰਚਾਰ ਵਿਰੁੱਧ ਜ਼ੋਰਦਾਰ ਝਟਕਾ ਦਿੱਤਾ ਹੈ। ਸਰਕਾਰ ਨੇ ਕਈ ਪਾਕਿਸਤਾਨੀ ਯੂਟਿਊਬ ਚੈਨਲਾਂ 'ਤੇ ਪਾਬੰਦੀ ਲਗਾ ਦਿੱਤੀ ਜੋ ਭਾਰਤ ਵਿਰੁੱਧ ਝੂਠ ਅਤੇ ਨਫ਼ਰਤ ਫੈਲਾ ਰਹੇ ਸਨ। ਸੂਤਰਾਂ ਅਨੁਸਾਰ, ਗ੍ਰਹਿ ਮੰਤਰਾਲੇ ਦੀ ਸਿਫ਼ਾਰਸ਼ 'ਤੇ, ਭਾਰਤ ਸਰਕਾਰ ਨੇ 16 ਪਾਕਿਸਤਾਨੀ ਯੂਟਿਊਬ ਚੈਨਲਾਂ 'ਤੇ ਪਾਬੰਦੀ ਲਗਾ ਦਿੱਤੀ ਹੈ, ਜਿਨ੍ਹਾਂ ਵਿੱਚ ਡਾਨ ਨਿਊਜ਼, ਸਮਾ ਟੀਵੀ, ਏਆਰਵਾਈ ਨਿਊਜ਼ ਅਤੇ ਜੀਓ ਨਿਊਜ਼ ਵਰਗੇ ਵੱਡੇ ਨਾਮ ਸ਼ਾਮਲ ਹਨ। ਇਨ੍ਹਾਂ ਚੈਨਲਾਂ 'ਤੇ ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ, ਇਸਦੀ ਫੌਜ ਅਤੇ ਸੁਰੱਖਿਆ ਏਜੰਸੀਆਂ ਵਿਰੁੱਧ ਭੜਕਾਊ, ਫਿਰਕੂ ਅਤੇ ਗਲਤ ਜਾਣਕਾਰੀ ਫੈਲਾਉਣ ਦਾ ਦੋਸ਼ ਹੈ। ਇਸ ਤੋਂ ਪਹਿਲਾਂ ਭਾਰਤ ਨੇ ਵੀ ਪਾਕਿਸਤਾਨ ਸਰਕਾਰ ਦੇ ਅਧਿਕਾਰਤ ਐਕਸ ਅਕਾਊਂਟ 'ਤੇ ਪਾਬੰਦੀ ਲਗਾ ਕੇ ਸਖ਼ਤ ਸੰਦੇਸ਼ ਦਿੱਤਾ ਸੀ।
ਕਿਹੜੇ ਚੈਨਲਾਂ 'ਤੇ ਲਗਾਈ ਗਈ ਪਾਬੰਦੀ? ਪਾਬੰਦੀਸ਼ੁਦਾ ਚੈਨਲਾਂ ਵਿੱਚ ਪਾਕਿਸਤਾਨ ਦੇ ਪ੍ਰਮੁੱਖ ਮੀਡੀਆ ਹਾਊਸ ਵੀ ਸ਼ਾਮਲ ਹਨ। ਡਾਨ ਨਿਊਜ਼, ਇਰਸ਼ਾਦ ਭੱਟੀ, ਸਾਮਾ ਟੀਵੀ, ਏਆਰਵਾਈ ਨਿਊਜ਼, ਬੋਲ ਨਿਊਜ਼, ਰਫ਼ਤਾਰ, ਦ ਪਾਕਿਸਤਾਨ ਰੈਫਰੈਂਸ, ਜੀਓ ਨਿਊਜ਼, ਸਾਮਾ ਸਪੋਰਟਸ, ਜੀਐਨਐਨ, ਉਜ਼ੈਰ ਕ੍ਰਿਕਟ, ਉਮਰ ਚੀਮਾ ਐਕਸਕਲੂਸਿਵ, ਅਸਮਾ ਸ਼ਿਰਾਜ਼ੀ, ਮੁਨੀਬ ਫਾਰੂਕ, ਸੁਨੋ ਨਿਊਜ਼ ਐਚਡੀ ਅਤੇ ਰਾਜ਼ੀ ਨਾਮਾ। ਇਸ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਕ੍ਰਿਕਟ ਨਾਲ ਸਬੰਧਤ ਚੈਨਲਾਂ 'ਤੇ ਵੀ ਪਾਬੰਦੀ ਲਗਾਈ ਗਈ ਹੈ। ਕਈ ਵਾਰ, ਖੇਡ ਬਾਰੇ ਗੱਲ ਕਰਨ ਦੀ ਬਜਾਏ, ਉਹ ਭਾਰਤ ਵਿਰੁੱਧ ਜ਼ਹਿਰ ਉਗਲਦਾ ਸੀ।



**ਪਹਿਲਗਾਮ ਹਮਲੇ ਤੋਂ ਬਾਅਦ ਵਧਿਆ ਗੁੱਸਾ** : 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਹਿੰਦੂ ਕਤਲੇਆਮ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਇਸ ਹਮਲੇ ਵਿੱਚ 26 ਲੋਕ ਮਾਰੇ ਗਏ ਸਨ। ਭਾਰਤ ਨੇ ਇਸਨੂੰ ਪਾਕਿਸਤਾਨ-ਪ੍ਰਯੋਜਿਤ ਅੱਤਵਾਦ ਦਾ ਹਿੱਸਾ ਦੱਸਿਆ। ਇਸ ਹਮਲੇ ਤੋਂ ਬਾਅਦ ਦੇਸ਼ ਭਰ ਵਿੱਚ ਗੁੱਸਾ ਭੜਕ ਉੱਠਿਆ ਅਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਸਰਕਾਰ ਨੇ ਤੁਰੰਤ ਕਾਰਵਾਈ ਕੀਤੀ ਅਤੇ ਨਾ ਸਿਰਫ਼ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰ ਦਿੱਤਾ ਸਗੋਂ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ੇ ਵੀ ਰੱਦ ਕਰ ਦਿੱਤੇ। ਹੁਣ ਡਿਜੀਟਲ ਮੋਰਚੇ 'ਤੇ, ਭਾਰਤ ਨੇ ਪਾਕਿਸਤਾਨ ਦੇ ਉਨ੍ਹਾਂ ਯੂਟਿਊਬ ਚੈਨਲਾਂ ਨੂੰ ਨਿਸ਼ਾਨਾ ਬਣਾਇਆ ਜੋ ਭਾਰਤ ਵਿਰੁੱਧ ਜ਼ਹਿਰ ਉਗਲ ਰਹੇ ਸਨ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਚੈਨਲ 'ਝੂਠੀਆਂ ਅਤੇ ਗੁੰਮਰਾਹਕੁੰਨ ਕਹਾਣੀਆਂ' ਫੈਲਾ ਕੇ ਦੇਸ਼ ਵਿੱਚ ਅਸ਼ਾਂਤੀ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਸਨ।

# ਹਰਿਆਣਾ ਲਈ ਪਾਣੀ ਛੱਡਣ ਦੇ ਆਦੇਸ਼ ਤੋਂ ਬਾਅਦ ਮਾਮਲਾ ਗਰਮਾਇਆ

## ਪੰਜਾਬ ਸਰਕਾਰ ਨੇ ਨੰਗਲ ਡੈਮ 'ਤੇ ਸੁਰੱਖਿਆ ਵਧਾਈ



ਚੰਡੀਗੜ੍ਹ : ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨੇ ਅੱਜ ਪੰਜਾਬ ਸਰਕਾਰ ਦੇ ਸਖ਼ਤ ਵਿਰੋਧ ਦੇ ਬਾਵਜੂਦ ਹਰਿਆਣਾ ਨੂੰ ਭਾਖੜਾ ਡੈਮ 'ਚੋਂ ਫ਼ੌਰੀ 8500 ਕਿਊਸਿਕ ਵਾਧੂ ਪਾਣੀ ਦੇਣ ਦਾ ਫ਼ੈਸਲਾ ਕੀਤਾ ਹੈ। ਕੇਂਦਰੀ ਬਿਜਲੀ ਮੰਤਰਾਲੇ ਦੀ ਹਦਾਇਤ 'ਤੇ ਅੱਜ ਬੀਬੀਐੱਮ ਦੇ ਬੋਰਡ ਦੀ ਇੱਥੇ ਕਰੀਬ ਸਾਢੇ ਪੰਜ ਘੰਟੇ ਮੀਟਿੰਗ ਚੱਲੀ, ਜਿਸ ਵਿੱਚ ਪੰਜਾਬ ਤੇ ਹਰਿਆਣਾ ਆਹਮੋ-ਸਾਹਮਣੇ ਰਹੇ। ਚੇਅਰਮੈਨ ਮਨੋਜ ਤ੍ਰਿਪਾਠੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਤਲਖ਼ ਮਾਹੌਲ ਬਣਿਆ ਰਿਹਾ। ਬੀਬੀਐੱਮਬੀ ਦੇ ਇਸ ਫ਼ੈਸਲੇ ਤੋਂ ਪੰਜਾਬ 'ਚ ਸਿਆਸੀ ਮਾਹੌਲ ਗਰਮਾਉਣ ਦਾ ਮੁੱਢ ਬੱਝ ਸਕਦਾ ਹੈ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਨੂੰ ਪਾਣੀ ਦੇਣ ਤੋਂ ਸਪੱਸ਼ਟ ਇਨਕਾਰ ਕਰ ਚੁੱਕੇ ਹਨ। ਬੀਬੀਐੱਮਬੀ ਦੇ ਮੁੱਖ ਦਫ਼ਤਰ 'ਚ ਹੋਈ ਮੀਟਿੰਗ 'ਚ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਸਿੰਧ ਕਮਿਸ਼ਨ ਤੇ ਭਾਰਤ ਸਰਕਾਰ ਦੇ ਪ੍ਰਤੀਨਿਧਾਂ ਨੇ ਹਰਿਆਣਾ ਨੂੰ ਮਨੁੱਖਤਾ ਦੇ ਆਧਾਰ 'ਤੇ ਵਾਧੂ ਪਾਣੀ ਦੇਣ ਲਈ ਪੰਜਾਬ ਖ਼ਿਲਾਫ਼ ਵੋਟ ਦਾ ਇਸਤੇਮਾਲ ਕੀਤਾ, ਜਦਕਿ ਹਿਮਾਚਲ ਪ੍ਰਦੇਸ਼ ਨਿਰਪੱਖ ਭੂਮਿਕਾ ਵਿੱਚ ਨਜ਼ਰ ਆਇਆ।
ਪੰਜਾਬ ਸਰਕਾਰ ਨੇ ਇਸ ਫ਼ੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਕੇਂਦਰ ਸਰਕਾਰ ਦੇ ਦਬਾਅ ਦਾ ਪਰਛਾਵਾਂ ਅੱਜ ਮੀਟਿੰਗ 'ਚ ਸਪੱਸ਼ਟ ਦੇਖਣ ਨੂੰ ਮਿਲਿਆ ਕਿਉਂਕਿ ਭਾਜਪਾ ਦੀ ਅਗਵਾਈ ਵਾਲੇ ਸੂਬੇ ਪੰਜਾਬ ਖ਼ਿਲਾਫ਼ ਇਕਜੁਟ ਸਨ। ਪੰਜਾਬ ਵੱਲੋਂ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਅਤੇ ਪੰਜਾਬ ਦੇ ਮੁੱਖ ਇੰਜਨੀਅਰ ਮੀਟਿੰਗ ਦੀ ਸਮੁੱਚੀ ਕਾਰਵਾਈ ਦੌਰਾਨ ਪੂਰੀ ਤਰ੍ਹਾਂ ਅੜੇ ਰਹੇ। ਜਦੋਂ ਬੀਬੀਐੱਮਬੀ ਨੇ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਦੇਣ ਦਾ ਫ਼ੈਸਲਾ ਲਿਆ ਤਾਂ ਪੰਜਾਬ ਸਰਕਾਰ ਦੇ ਪ੍ਰਤੀਨਿਧ ਤਲਖ਼ੀ ਵਿੱਚ ਆ ਗਏ ਅਤੇ ਉਨ੍ਹਾਂ ਨੇ ਕਾਰਵਾਈ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਦੂਸਰਾ ਵੱਡਾ ਅੜਿੱਕਾ ਉਦੋਂ ਸਾਹਮਣੇ ਆਇਆ ਜਦੋਂ ਭਾਖੜਾ ਡੈਮ ਦੇ ਮੁੱਖ ਇੰਜਨੀਅਰ ਨੇ ਆਖ ਦਿੱਤਾ ਕਿ ਉਹ ਪੰਜਾਬ ਤਰਫ਼ੋਂ ਵਾਧੂ ਪਾਣੀ ਦਾ ਇਨਡੈਂਟ ਦਿੱਤੇ ਜਾਣ ਦੀ ਸੂਰਤ ਵਿੱਚ ਹੀ ਪਾਣੀ ਛੱਡੇਗਾ। ਭਾਖੜਾ ਡੈਮ ਦੇ ਰੈਗੂਲੇਸ਼ਨ ਮੈਨੂਅਲ ਮੁਤਾਬਕ ਪੰਜਾਬ ਵੱਲੋਂ ਇਨਡੈਂਟ ਦਿੱਤਾ ਜਾਣਾ ਲਾਜ਼ਮੀ ਹੈ। ਬੀਬੀਐੱਮਬੀ ਦੇ ਬੋਰਡ ਨੇ ਤਰਕ ਦਿੱਤਾ ਕਿ ਸਪੈਸ਼ਲ ਕੇਸ ਦੇ ਆਧਾਰ 'ਤੇ ਹਰਿਆਣਾ ਨੂੰ ਪਾਣੀ ਦੇਣ ਲਈ ਰੈਗੂਲੇਸ਼ਨ ਮੈਨੂਅਲ ਅਨੁਸਾਰ ਚੱਲਣ ਦੀ ਕੋਈ ਜ਼ਰੂਰਤ ਨਹੀਂ ਹੈ।
ਪੰਜਾਬ ਨੇ ਇਸ 'ਤੇ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਵੀ ਮਸ਼ਵਰਾ ਸਾਹਮਣੇ ਆਇਆ ਕਿ ਰੈਗੂਲੇਸ਼ਨ ਮੈਨੂਅਲ 'ਚ ਸੋਧ ਲਈ ਤਿੰਨ ਮੈਂਬਰੀ ਤਕਨੀਕੀ ਕਮੇਟੀ ਬਣਾ ਲਈ ਜਾਵੇ ਪਰ ਬੋਰਡ ਨੇ ਆਖ ਦਿੱਤਾ ਕਿ ਇਸ ਦੀ ਕੋਈ ਲੋੜ ਨਹੀਂ ਹੈ। ਪੰਜਾਬ ਸਰਕਾਰ ਨੇ ਇਹ ਵੀ ਪੱਖ ਰੱਖਿਆ ਕਿ ਜੇ ਹਰਿਆਣਾ ਨੂੰ ਪੀਣ ਲਈ ਇਹ ਵਾਧੂ ਪਾਣੀ ਦਿੱਤਾ ਜਾਣਾ ਹੈ ਤਾਂ ਆਬਾਦੀ ਦੇ ਲਿਹਾਜ਼ ਨਾਲ ਹਰਿਆਣਾ ਨੂੰ 1700 ਕਿਊਸਿਕ ਪਾਣੀ ਦੀ ਲੋੜ ਹੈ, ਜਦਕਿ ਪੰਜਾਬ ਪਹਿਲਾਂ ਹੀ 4000 ਕਿਊਸਿਕ ਪਾਣੀ ਰਿਲੀਜ਼ ਕਰ ਰਿਹਾ ਹੈ। ਦੱਸਣਯੋਗ ਹੈ ਕਿ ਪਿਛਲੇ ਦੋ ਦਿਨਾਂ ਤੋਂ ਇਹ ਮੁੱਦਾ ਸਿਆਸੀ ਰੰਗ ਫੜ ਗਿਆ ਹੈ। ਹਰਿਆਣਾ ਤੇ ਪੰਜਾਬ ਦੇ ਮੁੱਖ ਮੰਤਰੀ ਇਸ ਮਾਮਲੇ 'ਤੇ ਆਹਮੋ-ਸਾਹਮਣੇ ਹਨ, ਜਦਕਿ ਕੇਂਦਰ ਸਰਕਾਰ ਦਾ ਪੱਲਾ ਹਰਿਆਣਾ ਵੱਲ ਝੁਕਦਾ ਨਜ਼ਰ ਆ ਰਿਹਾ ਹੈ।
ਮੀਟਿੰਗ ਵਿੱਚ ਹਰਿਆਣਾ ਵੱਲੋਂ ਜਲ ਸਰੋਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਅਗਰਵਾਲ, ਪੰਜਾਬ ਵੱਲੋਂ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਰਾਜਸਥਾਨ ਦੇ ਵਧੀਕ ਮੁੱਖ ਸਕੱਤਰ ਅਭੈ ਕੁਮਾਰ (ਵੀਡੀਓ ਕਾਨਫਰੰਸ ਜ਼ਰੀਏ) ਅਤੇ ਭਾਰਤ ਸਰਕਾਰ ਤੇ ਬੀਬੀਐੱਮਬੀ ਦੇ ਨੁਮਾਇੰਦੇ ਸ਼ਾਮਲ ਹੋਏ। ਪਤਾ ਲੱਗਿਆ ਹੈ ਕਿ ਕੇਂਦਰੀ ਜਲ ਸਰੋਤ ਵਿਭਾਗ ਦੇ ਉੱਚ ਅਫ਼ਸਰਾਂ ਨੇ ਅੱਜ ਸਵੇਰੇ ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਅਤੇ ਕੇਂਦਰੀ ਬਿਜਲੀ ਮੰਤਰਾਲੇ ਦੀ ਹਦਾਇਤ 'ਤੇ ਬੀਬੀਐੱਮਬੀ ਨੂੰ ਮੁੜ ਮੀਟਿੰਗ ਸੱਦਣ ਲਈ ਕਿਹਾ ਸੀ। ਬੀਬੀਐੱਮਬੀ ਨੇ ਅੱਜ ਚਾਰ ਵਜੇ ਮੀਟਿੰਗ ਬੁਲਾਈ ਅਤੇ ਇਹ ਮੀਟਿੰਗ ਕਰੀਬ ਸਾਢੇ ਨੌਂ ਵਜੇ ਤੱਕ ਚੱਲੀ। ਇਸ ਦੌਰਾਨ ਪੰਜਾਬ ਨੇ ਪੱਖ ਰੱਖਿਆ ਕਿ ਹਰਿਆਣਾ ਦਾ ਦਰਿਆਈ ਪਾਣੀਆਂ ਵਿੱਚ 2.987 ਐੱਮਏਐੱਫ ਹਿੱਸਾ ਹੈ ਪਰ ਹਰਿਆਣਾ ਹੁਣ ਤੱਕ 3.110 ਐੱਮਏਐੱਫ ਪਾਣੀ ਵਰਤ ਚੁੱਕਾ ਹੈ, ਜੋ 104 ਫ਼ੀਸਦੀ ਬਣਦਾ ਹੈ।
ਮੀਟਿੰਗ ਵਿੱਚ ਪੰਜਾਬ ਦੇ ਅਧਿਕਾਰੀਆਂ ਨੇ ਸੂਬੇ ਵਿੱਚ ਪਾਣੀ ਦੀ ਮੰਗ ਖ਼ਾਸ ਕਰਕੇ ਨਰਮੇ ਦੀ ਬਿਜਾਈ ਲਈ ਲੋੜੀਂਦੇ ਪਾਣੀ ਦੀ ਗੱਲ ਰੱਖੀ। ਪੰਜਾਬ ਨੇ ਹਰਿਆਣਾ ਨੂੰ ਵਾਧੂ ਪਾਣੀ ਦਿੱਤੇ ਜਾਣ ਦੀ ਸੂਰਤ ਵਿੱਚ ਭਾਖੜਾ ਡੈਮ ਦੇ ਪਾਣੀ ਦਾ ਪੱਧਰ ਹੋਰ ਡਿੱਗਣ ਦਾ ਤਰਕ ਵੀ ਪੇਸ਼ ਕੀਤਾ। ਮੀਟਿੰਗ ਵਿੱਚ ਤੱਥ ਪੇਸ਼ ਕੀਤੇ ਗਏ ਕਿ 4 ਅਪਰੈਲ ਨੂੰ ਬੀਬੀਐੱਮਬੀ ਦੀ ਮੀਟਿੰਗ ਵਿੱਚ ਹਰਿਆਣਾ ਨੇ ਮਨੁੱਖਤਾ ਦੇ ਆਧਾਰ 'ਤੇ 4000 ਕਿਊਸਿਕ ਪਾਣੀ ਦੀ ਮੰਗ ਕੀਤੀ ਸੀ ਅਤੇ ਪੰਜਾਬ ਨੇ ਪੀਣ ਵਾਲੇ ਪਾਣੀ ਦੇ ਸੰਕਟ ਦੇ ਮੱਦੇਨਜ਼ਰ ਇਹ ਪਾਣੀ ਹਰਿਆਣਾ ਨੂੰ ਦਿੱਤਾ। 10 ਦਿਨਾਂ ਮਗਰੋਂ ਹੀ ਇਹ ਮੰਗ ਹਰਿਆਣਾ ਨੇ 8500 ਕਿਊਸਿਕ ਦੀ ਰੱਖ ਦਿੱਤੀ, ਜਦਕਿ ਆਬਾਦੀ ਦੇ ਲਿਹਾਜ਼ ਨਾਲ ਹਰਿਆਣਾ ਨੂੰ 1700 ਕਿਊਸਿਕ ਪਾਣੀ ਦੀ ਹੀ ਲੋੜ ਹੈ। ਇਹ ਵੀ ਕਿਹਾ ਗਿਆ ਕਿ ਹੁਣ 8500 ਕਿਊਸਿਕ ਪਾਣੀ ਹਰਿਆਣਾ ਖੇਤੀ ਦੀ ਵਰਤੋਂ ਲਈ ਲੈਣਾ ਚਾਹੁੰਦਾ ਹੈ। ਪੰਜਾਬ ਸਰਕਾਰ ਨੇ ਇਸ ਫ਼ੈਸਲੇ ਖ਼ਿਲਾਫ਼ ਆਪਣਾ ਵਿਸਥਾਰਤ ਤਿੰਨ ਪੰਨਿਆਂ ਦਾ ਵਿਰੋਧ ਦਰਜ ਕਰਾਇਆ।

## ਭਾਜਪਾ ਕਰ ਰਹੀ ਪੰਜਾਬ ਖ਼ਿਲਾਫ਼ ਡੂੰਘੀ ਸਾਜ਼ਿਸ਼: ਭਗਵੰਤ ਮਾਨ



ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਹਰਿਆਣਾ ਦੇ ਆਪਣੇ ਹਮਰੁਤਬਾ ਨਾਇਬ ਸਿੰਘ ਸੈਣੀ ਨੂੰ ਜੁਆਬੀ ਪੱਤਰ ਲਿਖ ਕੇ ਕਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦਾ ਪਾਣੀ ਹਰਿਆਣਾ ਨੂੰ ਨਹੀਂ ਦਿੱਤਾ ਜਾ ਸਕਦਾ ਹੈ ਅਤੇ ਪੰਜਾਬ ਦਾ ਪਾਣੀ ਪੰਜਾਬ ਲਈ ਹੀ ਰਹੇਗਾ। ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਕੇਂਦਰ ਦੇ ਜ਼ਰੀਏ ਪੰਜਾਬ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਪੰਜਾਬੀਆਂ ਖ਼ਿਲਾਫ਼ ਡੂੰਘੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗੈਰਕਾਨੂੰਨੀ ਤਰੀਕੇ ਨਾਲ ਬੀਬੀਐੱਮਬੀ ਬੋਰਡ ਦੀ ਮੀਟਿੰਗ ਸੱਦ ਕੇ ਗੈਰਕਾਨੂੰਨੀ ਮਤਾ ਪਾਸ ਕੀਤਾ ਗਿਆ ਹੈ ਤਾਂ ਜੋ ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦਾ ਹੱਕ ਖੋਹਣ ਨਹੀਂ ਦੇਣਗੇ। ਦੱਸਣਯੋਗ ਹੈ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 27 ਅਪਰੈਲ ਨੂੰ ਭਗਵੰਤ ਮਾਨ ਨੂੰ ਪੱਤਰ ਲਿਖਿਆ ਸੀ ਅਤੇ ਬਾਅਦ ਵਿੱਚ ਕਿਹਾ ਸੀ ਕਿ ਮਾਨ ਨੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦਾ ਭਰੋਸਾ ਦਿੱਤਾ ਸੀ। ਭਗਵੰਤ ਮਾਨ ਨੇ ਮੋੜਵੇਂ ਪੱਤਰ 'ਚ ਕਿਹਾ ਹੈ ਕਿ ਉਨ੍ਹਾਂ ਨੇ ਅਜਿਹਾ ਕੋਈ ਭਰੋਸਾ ਦਿੱਤਾ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵੱਡੇ ਦਿਲ ਵਾਲੇ ਹਨ ਅਤੇ ਗੁਰੂ ਸਾਹਿਬਾਨ ਦੀ ਸਿੱਖਿਆ 'ਤੇ ਚੱਲਦਿਆਂ ਪੰਜਾਬ ਸਰਕਾਰ ਨੇ 6 ਅਪਰੈਲ ਤੋਂ ਹਰਿਆਣਾ ਨੂੰ ਚਾਰ ਹਜ਼ਾਰ ਕਿਊਸਿਕ ਪਾਣੀ ਦੇਣਾ ਸ਼ੁਰੂ ਕੀਤਾ ਜਦੋਂ ਕਿ ਹਰਿਆਣਾ ਦੀ ਆਬਾਦੀ ਦੇ ਲਿਹਾਜ਼ ਨਾਲ 1700 ਕਿਊਸਿਕ ਪਾਣੀ ਦੀ ਲੋੜ ਸੀ। ਉਨ੍ਹਾਂ ਕਿਹਾ ਕਿ ਹਰਿਆਣਾ ਹੁਣ ਸਿੰਜਾਈ ਲਈ ਵਾਧੂ ਪਾਣੀ ਮੰਗ ਰਿਹਾ ਹੈ ਅਤੇ ਬਹਾਨਾ ਪੀਣ ਵਾਲੇ ਪਾਣੀ ਦੇ ਸੰਕਟ ਦਾ ਲਾ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਹਰਿਆਣਾ ਦਾ ਹਿੱਸਾ 2.987 ਐਮਏਐਫ ਬਣਦਾ ਹੈ ਜਦੋਂ ਕਿ ਹਰਿਆਣਾ 3.110 ਐਮਏਐੱਫ ਪਾਣੀ ਲੈ ਚੁੱਕਾ ਹੈ। ਉਨ੍ਹਾਂ ਸੁਆਲ ਉਠਾਇਆ ਕਿ ਹਰਿਆਣਾ ਦੀ ਦਸ ਦਿਨਾਂ ਵਿੱਚ ਹੀ ਪਾਣੀ ਦੀ ਮੰਗ ਚਾਰ ਹਜ਼ਾਰ ਤੋਂ ਵਧ ਕੇ 8500 ਕਿਊਸਿਕ ਕਿਵੇਂ ਹੋ ਗਈ। ਮਾਨ ਨੇ ਕਿਹਾ ਕਿ ਡੈਮਾਂ ਵਿੱਚ ਐਤਕੀਂ ਪਾਣੀ ਦਾ ਪੱਧਰ ਕਾਫ਼ੀ ਨੀਵਾਂ ਹੈ। ਪਿਛਲੇ ਸਾਲ ਦੇ ਮੁਕਾਬਲੇ ਪੌਂਗ ਡੈਮ ਦਾ ਪਾਣੀ ਦਾ ਪੱਧਰ 32 ਫੁੱਟ, ਭਾਖੜਾ 12 ਫੁੱਟ ਅਤੇ ਰਣਜੀਤ ਸਾਗਰ ਡੈਮ 14 ਫੁੱਟ ਨੀਵਾਂ ਹੈ ਅਤੇ ਇਨ੍ਹਾਂ ਹਾਲਾਤ ਵਿੱਚ ਪੰਜਾਬ ਨੂੰ ਬੂੰਦ ਬੂੰਦ ਪਾਣੀ ਸਹਾਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ 31 ਮਾਰਚ ਤੱਕ ਲੈ ਚੁੱਕਾ ਹੈ

# ਨੰਗਲ ਡੈਮ ਉਤੇ ਧਰਨੇ 'ਤੇ ਬੈਠੇ ਕੈਬਨਿਟ ਮੰਤਰੀ ਹਰਜੋਤ ਬੈਂਸ

ਨੰਗਲ: ਇਸ ਦੌਰਾਨ ਹਰਿਆਣਾ ਨੂੰ ਪਾਣੀ ਛੱਡੇ ਜਾਣ ਦੀ ਕਾਰਵਾਈ ਖ਼ਿਲਾਫ਼ ਅੱਜ ਕੈਬਨਿਟ ਮੰਤਰੀ ਹਰਜੋਤ ਬੈਂਸ ਨੰਗਲ ਡੈਮ ਉਤੇ ਧਰਨੇ 'ਤੇ ਬੈਠ ਗਏ ਹਨ। ਜਾਣਕਾਰੀ ਮੁਤਾਬਕ ਥੋੜੀ ਦੇਰ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੰਗਲ ਡੈਮ ਆ ਕੇ ਆਪਣਾ ਸਟੈਂਡ ਸਪਸ਼ਟ ਕਰਨਗੇ। ਇਸ ਸਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।





ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ – ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ – ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

4. ਸ੍ਰ. ਅਰਜਨ ਸਿੰਘ ਸਪੁੱਤਰ ਸ੍ਰ. ਫਤਹਿ ਸਿੰਘ ਪਿੰਡ ਰੂਮੀ ਜ਼ਿ. ਲੁਧਿਆਣਾ।

26- ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਜ਼ਿਲ੍ਹਾ ਲੁਧਿਆਣਾ।

1. ਸ੍ਰ. ਗੁਰਦਿਆਲ ਸਿੰਘ ਸਪੁੱਤਰ ਸ੍ਰ. ਕਰਤਾਰ ਸਿੰਘ ਪਿੰਡ ਬੁਰਜ ਨਕਲੀਆਂ ਜ਼ਿਲ੍ਹਾ ਲੁਧਿਆਣਾ।

2. ਸ੍ਰ. ਜੁਲੀ ਸਿੰਘ ਸਪੁੱਤਰ ਸ੍ਰ. ਹੀਰਾ ਸਿੰਘ ਪਿੰਡ ਰਾਏਕੋਟ ਜ਼ਿ. ਲੁਧਿਆਣਾ।

ਗੁਰਦੁਆਰਾ ਗਜ਼ਟ ਪੰਨਾ-60, ਜੁਲਾਈ-ਅਗਸਤ 1936

ਗੁਰਦੁਆਰਾ ਗਜ਼ਟ ਅੰਮ੍ਰਿਤਸਰ (62) ਮਈ 1936

ਸਰਬ-ਹਿੰਦ ਸਿੱਖ ਮਿਸ਼ਨ ਦੀ ਸੰਖੇਪ ਰਿਪੋਰਟ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਦੇ ਤੇ ਸਰਬੱਤ ਪੰਥ ਦਰਦੀਆਂ ਨੇ ਰਲ ਕੇ ਪਿਛਲੀ ਵਿਸਾਖੀ ਖਾਲਸੇ ਦੇ ਜਨਮ ਦਿਨ ਵਾਲੇ ਸਭ ਦਿਹਾੜੇ ਸਰਬ-ਹਿੰਦ ਸਿੱਖ ਪ੍ਰਚਾਰ ਕਾਨਫਰੰਸ ਸ੍ਰੀ ਅੰਮ੍ਰਿਤਸਰ ਜੀ ਵਿਖੇ ਕੀਤੀ। ਸਭ ਮੁਖੀ ਜਥੇਬੰਦੀਆਂ ਦੇ ਪ੍ਰਤੀਨਿਧ ਸ਼ਾਮਲ ਸਨ। ਦਾਨੀਆਂ ਨੇ ਪ੍ਰਚਾਰ ਹਿਤ ਖੁੱਲ੍ਹੇ ਗੱਫੇ ਦੇਣ ਦੇ ਪ੍ਰਣ ਕੀਤੇ।

ਇਸ ਕਾਨਫਰੰਸ ਵਿਚ ਇਹ ਵੀ ਫੈਸਲਾ ਹੋਇਆ ਕਿ ਅਛੂਤ ਉਧਾਰ ਦੇ ਕੰਮ ਨੂੰ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ ਜਾਵੇ ਤੇ ਆਰੰਭ ਵਿਚ ਹੀ 8 ਜੂਨ ਤੋਂ 15 ਜੂਨ ਤੱਕ ਪ੍ਰਚਾਰ ਹਫ਼ਤਾ ਮਨਾਇਆ ਜਾਵੇ, ਜਿਸ ਹਫ਼ਤੇ ਵਿਚ ਅੰਮ੍ਰਿਤਸਰ ਪ੍ਰਚਾਰ, ਛੂਤ-ਛਾਤ ਨੂੰ ਮਿਟਾਉਣ 'ਤੇ ਪ੍ਰਚਾਰ ਹਿਤ ਮਾਇਆ ਇਕੱਤਰ ਕਰਨ ਦਾ ਕੰਮ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਨੇ ਇਹ ਪ੍ਰੋਗਰਾਮ ਛਾਪ ਕੇ ਪੰਥ ਦੇ ਮੁਖ਼ਤਲਿਫ਼ ਜਥਿਆਂ ਤੇ ਸਭਾਵਾਂ ਕੋਲ ਭੇਜ ਦਿੱਤਾ ਅਤੇ ਪ੍ਰਚਾਰ ਹਫ਼ਤਾ ਮਨਾਉਣ ਦੀ ਸੂਚਨਾ ਕਰਾਈ। ਸੰਗਤਾਂ ਨੇ ਥਾਂ ਪੁਰ ਥਾਂ ਜਿਸ ਉਤਸ਼ਾਹ ਨਾਲ ਪ੍ਰਚਾਰ ਹਫ਼ਤਾ ਮਨਾਇਆ, ਉਨ੍ਹਾਂ ਦੀਆਂ ਅਖ਼ਬਾਰਾਂ ਵਿਚ ਛਪੀਆਂ ਰਿਪੋਰਟਾਂ ਬੜੀਆਂ ਹੌਂਸਲਾ ਦੇਣ ਵਾਲੀਆਂ ਹਨ। ਸ਼੍ਰੋਮਣੀ ਕਮੇਟੀ ਦੇ ਕੁਲ ਪ੍ਰਚਾਰਕ ਤੇ ਮਿਸ਼ਨਰੀ ਕਾਲਜ ਦੇ ਸਾਰੇ ਵਿਦਿਆਰਥੀ ਪੰਜਾਬ ਦੇ ਅੱਡੋ ਅੱਡ ਜ਼ਿਲ੍ਹਿਆਂ ਤੇ ਸਿੱਖ ਰਿਆਸਤਾਂ ਵਿਚ ਪੁੱਜ ਗਏ ਤੇ ਮੁਕਾਮੀ ਸੰਗਤਾਂ ਨਾਲ ਪ੍ਰਚਾਰ ਦੀ ਸੇਵਾ ਕਰਦੇ ਰਹੇ। ਇਸ ਹਫ਼ਤੇ ਦੇ ਦੌਰਾਨ ਵਿਚ ਅਖੌਤੀ ਅਛੂਤਾਂ ਨੇ ਅੰਮ੍ਰਿਤਪਾਨ ਕੀਤੇ।




ਪ੍ਰਚਾਰ ਦੇ ਕੰਮ ਨੂੰ ਜਾਰੀ ਰੱਖਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਛਤਰ ਛਾਇਆ ਹੇਠ ਸਰਬ-ਹਿੰਦ ਮਿਸ਼ਨ ਕਾਇਮ ਕੀਤਾ ਗਿਆ। ਮਿਸ਼ਨ ਦੀ ਜਨਰਲ ਬਾਡੀ ਵਿਚ ਪੰਥ ਦੇ ਸਭ ਜਥਿਆਂ, ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ, ਤਖਤਾਂ, ਖਾਲਸਾ ਕਾਲਜਾਂ, ਸਕੂਲਾਂ, ਕੌਂਸਲਾਂ ਆਦਿ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ।

ਇਸ ਜਨਰਲ ਬਾਡੀ ਦੀ ਪਹਿਲੀ ਇਕੱਤਰਤਾ ਵਿਚ 21-6-36 ਨੂੰ ਅੱਡ-ਅੱਡ ਜਥੇਬੰਦੀਆਂ ਦੇ ਮੁਖੀ ਸੱਜਣ ਸ਼ਾਮਲ ਹੋਏ। ਇਸ ਵਿਚ 7 ਮੈਂਬਰ ਹੋਰ ਨਾਮਜ਼ਦ ਕੀਤੇ ਗਏ, ਦੂਸਰੀ ਇਕੱਤਰਤਾ 28-6-36 ਨੂੰ ਹੋਈ ਅਤੇ ਸਰਬ ਸੰਮਤੀ ਨਾਲ ਮਿਸ਼ਨ ਬੋਰਡ (ਅੰਤ੍ਰਿਕ ਕਮੇਟੀ) ਲਈ ਮੈਂਬਰ ਚੁਣੇ ਗਏ। ਗੁਰ ਸਿੱਖੀ ਸਾਹਿਤ ਸਬੰਧੀ 6 ਸੱਜਣਾਂ ਦੀ ਕਮੇਟੀ ਨੀਯਤ ਕੀਤੀ ਗਈ ਤੇ ਦੂਸਰੀ ਨਿਯਮਾਂ ਦੀ ਯੋਗ ਅਦਲਾ ਬਦਲ ਲਈ ਇਕ ਨਿਯਮ ਕਮੇਟੀ ਪੰਜਾਂ ਯੋਗ ਸੱਜਣਾਂ ਦੀ ਬਣਾਈ ਗਈ।

ਪ੍ਰਚਾਰ ਜੈਸੇ ਸਾਂਝੇ ਕੰਮ ਨੂੰ ਭਲੀ ਪ੍ਰਕਾਰ ਸਿਰੇ ਚਾੜ੍ਹਨ ਲਈ ਹਰੇਕ ਧੜੇ ਦੀ ਸ਼ੁੱਭ ਭਾਵਨਾ ਨਾਲ ਲੈਣ ਦਾ ਪੂਰਾ-ਪੂਰਾ ਯਤਨ ਕੀਤਾ ਗਿਆ ਹੈ ਅਤੇ ਕੀਤਾ ਜਾ ਰਿਹਾ ਹੈ। ਮਿਸਾਲ ਦੇ ਤੌਰ 'ਤੇ ਮਿਸ਼ਨ ਦੀ ਲਿਟਰੇਚਰ ਤੇ ਨਿਯਮ ਕਮੇਟੀਆਂ ਵਿਚ ਗੁਰ ਸੇਵਕ ਸਭਾ ਦੇ ਉਘੇ-ਉਘੇ ਮੁਖੀਆਂ ਨੇ ਸੇਵਾ ਕਰਨਾ ਪ੍ਰਵਾਨ ਕਰ ਲਿਆ ਹੈ। ਚੀਫ ਖ਼ਾਲਸਾ ਦੀਵਾਨ ਦੇ ਮੁਖੀਆਂ ਨਾਲ ਮਿਲ ਕੇ ਕਾਲਜ ਵਿਖੇ ਗੈਰ ਪੰਜਾਬੀ ਪ੍ਰਚਾਰਕਾਂ ਲਈ ਇਸ ਅਗਸਤ ਤੋਂ ਟਰੇਨਿੰਗ ਕਲਾਸ ਖੋਲ੍ਹਣ ਦਾ ਪ੍ਰਬੰਧ ਲਗਭਗ ਸੰਪੂਰਨ ਹੋ ਚੁੱਕਾ ਹੈ ਜਿਸ ਵਿਚ ਸੇਵਾ ਦਾ ਬਹੁਤ ਸਾਰਾ ਹਿੱਸਾ ਕਾਲਜ ਦੇ ਪ੍ਰਬੰਧਕਾਂ ਨੇ ਆਪਣੇ ਸਿਰ ਲਿਆ ਹੈ। ਗਿਆਨੀ ਸ਼ੇਰ ਸਿੰਘ ਜੀ ਤੇ ਸ੍ਰ. ਅਮਰ ਸਿੰਘ ਜੀ ਸ਼ੇਰ ਪੰਜਾਬ ਨੇ ਵੀ ਮਿਸ਼ਨ ਦੀ ਕਿਸੇ ਯੋਗ ਸੇਵਾ ਵਾਸਤੇ ਬਚਨ ਦਿੱਤਾ ਹੈ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (63) ਜੁਲਾਈ-ਅਗਸਤ 1936

ਮਿਸ਼ਨ ਦਾ ਕੰਮ

ਮਿਸ਼ਨ ਵਲੋਂ ਮਾਲਾਬਾਰ ਸੀ.ਪੀ., ਯੂ.ਪੀ., ਸਿੰਧ ਅਤੇ ਪੰਜਾਬ ਵਿਚ ਆਪਣੇ ਪ੍ਰਚਾਰਕ ਭੇਜ ਕੇ ਪ੍ਰਚਾਰ ਦਾ ਯੋਗ ਪ੍ਰਬੰਧ ਕੀਤਾ ਗਿਆ ਹੈ। ਹੇਠ ਲਿਖੇ ਸੈਂਟਰ ਹੁਣ ਤੱਕ ਪ੍ਰਚਾਰ ਲਈ ਬਣ ਚੁੱਕੇ ਹਨ-

**(ਚਲਦਾ)**





ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਜਾਂਚ :**
ਮਲੇਰੀਏ ਨੂੰ ਖ਼ੂਨ ਦੀ ਜਾਂਚ ਨਾਲ ਪਤਾ ਲਗਾਇਆ ਜਾ ਸਕਦਾ ਹੈ। ਇਸ ਖ਼ੂਨ ਦੀ ਜਾਂਚ ਨਾਲ ਪੈਰਾਸਾਈਟਾਂ (ਪਰਜੀਵੀਆਂ) ਦੀ ਕਿਸਮ ਦਾ ਵੀ ਪਤਾ ਲੱਗ ਜਾਂਦਾ ਹੈ।

**ਇਲਾਜ :**
ਮਲੇਰੀਏ ਦੇ ਇਲਾਜ ਲਈ ਕਿਹੜੀ ਦਵਾਈ ਕੰਮ ਕਰੇਗੀ, ਇਹ ਪੈਰਾਸਾਈਟ (ਪਰਜੀਵੀ) ਦੀ ਕਿਸਮ, ਤੁਹਾਡੀ ਉਮਰ ਅਤੇ ਗਰਭ-ਅਵਸਥਾ ਹੋਣ ਜਾਂ ਨਾ ਹੋਣ 'ਤੇ ਨਿਰਭਰ ਕਰਦਾ ਹੈ।

**ਡੇਂਗੂ ਬੁਖ਼ਾਰ**
ਡੇਂਗੂ ਬੁਖ਼ਾਰ ਇੱਕ ਏਡੀਜ਼ ਮੱਛਰ ਦੇ ਕੱਟਣ ਕਰਕੇ ਹੁੰਦਾ ਹੈ ਜਿਸ ਵਿੱਚ ਡੇਂਗੂ ਦਾ ਵਾਇਰਸ ਹੁੰਦਾ ਹੈ।

**ਲੱਛਣ :**
ਆਮ ਤੌਰ 'ਤੇ ਇਸਦੇ ਲੱਛਣ ਇਨਫ਼ੈਕਸ਼ਨ ਹੋਣ ਤੋਂ 4-6 ਦਿਨਾਂ ਬਾਅਦ ਸ਼ੁਰੂ ਹੁੰਦੇ ਹਨ ਅਤੇ 10 ਦਿਨਾਂ ਤੱਕ ਰਹਿ ਸਕਦੇ ਹਨ :

1. ਅਚਾਨਕ ਬਹੁਤ ਜ਼ਿਆਦਾ ਬੁਖ਼ਾਰ ਹੋਣਾ।
2. ਸਿਰ ਦਰਦ ਹੋਣਾ।
3. ਅੱਖਾਂ ਦੇ ਪਿਛਲੇ ਪਾਸੇ ਦਰਦ ਹੋਣਾ।
4. ਜੋੜਾਂ ਅਤੇ ਮਾਸਪੇਸ਼ੀਆਂ ਦਾ ਦਰਦ।
5. ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ।
6. ਚਮੜੀ 'ਤੇ ਰੈਸ਼ ਪੈਣੇ, ਜੋ ਬੁਖ਼ਾਰ ਹੋਣ ਤੋਂ 3-4 ਦਿਨਾਂ ਬਾਅਦ ਦਿਖਾਈ ਦਿੰਦੇ ਹਨ।
7. ਥੋੜਾ ਥੋੜਾ ਖ਼ੂਨ ਦਾ ਵਗਣਾ (ਜਿਵੇਂ ਕਿ ਨੱਕ ਅਤੇ ਮਸੂੜਿਆਂ ਵਿੱਚੋਂ ਖ਼ੂਨ ਵਗਣਾ)।

**ਡੇਂਗੂ ਹਿਮੋਰਹੇਜਿਕ ਬੁਖ਼ਾਰ :**




ਜੇਕਰ ਬਿਮਾਰੀ ਵੱਧ ਜਾਵੇ ਤਾਂ ਸਰੀਰ ਦੇ ਵੱਖ-ਵੱਖ ਅੰਗਾਂ ਵਿੱਚੋਂ ਖ਼ੂਨ ਵਗਣ ਲੱਗਦਾ ਹੈ। ਖ਼ੂਨ ਬੰਦ ਨਹੀਂ ਹੁੰਦਾ ਕਿਉਂਕਿ ਖ਼ੂਨ ਵਿੱਚ ਪਲੇਟਲੈੱਟ ਸੈੱਲ ਬਹੁਤ ਘੱਟ ਜਾਂਦੇ ਹਨ। ਜ਼ਿਆਦਾ ਖ਼ੂਨ ਵਗਣ ਨਾਲ ਮੌਤ ਵੀ ਹੋ ਸਕਦੀ ਹੈ।

**ਜਾਂਚ :**
ਇਸਦਾ ਪਤਾ ਖ਼ੂਨ ਦਾ ਟੈਸਟ ਕਰ ਕੇ ਲਗਾਇਆ ਜਾਂਦਾ ਹੈ।

**ਰੋਕਥਾਮ/ਬਚਾਅ :**

1. ਇਸਦਾ ਕੋਈ ਟੀਕਾਕਰਨ (ਵੈਕਸੀਨ) ਨਹੀਂ ਹੈ, ਪਰ ਇਹ ਜਾਂਚ ਅਧੀਨ ਹੈ ਅਤੇ ਬਹੁਤ ਜਲਦ ਉਪਲਬਧ ਹੋਣ ਦੇ ਆਸਾਰ ਹਨ।
2. ਮੱਛਰਾਂ ਤੋਂ ਬਚੋ, ਸਪ੍ਰੇਅ ਕਰੋ, ਮੱਛਰਦਾਨੀ ਵਿੱਚ ਸੌਂਵੋ, ਆਪਣੀ ਚਮੜੀ ਨੂੰ ਢੱਕ ਕੇ ਰੱਖੋ।
3. ਮੱਛਰਾਂ ਦੀ ਆਬਾਦੀ ਨੂੰ ਘਟਾਉਣ ਲਈ, ਉਹਨਾਂ ਥਾਵਾਂ ਨੂੰ ਹਟਾਓ ਜਿੱਥੇ ਮੱਛਰ ਪੈਦਾ ਹੁੰਦੇ ਹਨ।

**ਇਲਾਜ :**

1. ਪਾਣੀ ਅਤੇ ਹੋਰ ਤਰਲ ਪਦਾਰਥ ਪੀਓ।
2. ਜ਼ਿਆਦਾ ਆਰਾਮ ਕਰੋ।
3. ਖ਼ੂਨ ਦੇ ਵਗਣ ਦਾ ਖ਼ਤਰਾ ਹੋਣ ਕਰਕੇ ਐਸਪੀਰਿਨ ਜਾਂ ਆਈਬੂਪ੍ਰੋਫ਼ਿਨ ਦੀ ਦਵਾਈ ਨਾ ਲਓ।
4. ਬੁਖ਼ਾਰ ਅਤੇ ਦਰਦ ਲਈ ਐਸੀਟਾਮਿਨੋਫਿਨ ਦੀ ਦਵਾਈ ਲੈ ਸਕਦੇ ਹੋ।
5. ਜੇਕਰ ਖ਼ੂਨ ਵਹਿਣ ਤੋਂ ਨਹਲ ਰੁਕ ਰਿਹਾ ਤਾਂ ਹਸਪਤਾਲ ਜਾਓ।

**ਮਿਆਦੀ ਬੁਖ਼ਾਰ**
**(ਟਾਈਫ਼ਾਇਡ)**
ਮਿਆਦੀ ਬੁਖ਼ਾਰ ਇੱਕ 'ਸਾਲਮੋਨਿਲਾ ਟਾਈਫ਼ੀ' ਨਾਂ ਦੇ ਬੈਕਟੀਰੀਆ ਕਾਰਨ ਹੁੰਦਾ ਹੈ।

**ਕਾਰਨ :**
ਦੂਸ਼ਿਤ ਪਾਣੀ ਜਾਂ ਖਾਣੇ ਵਿੱਚ ਟਾਇਫ਼ਾਇਡ ਦਾ ਬੈਕਟੀਰੀਆ ਹੋਣ ਕਾਰਨ ਇਹ ਇਨਫ਼ੈਕਸ਼ਨ ਹੁੰਦਾ ਹੈ। ਬਿਮਾਰ ਲੋਕ ਇਸ ਨੂੰ ਆਪਣੇ ਮਲ ਦੁਆਰਾ ਫੈਲਾਉਂਦੇ ਹਨ। ਇਹ ਬੈਕਟੀਰੀਆ ਖ਼ੂਨ ਦੀਆਂ ਨਾਲੀਆਂ ਵਿੱਚ ਜਾ ਕੇ ਖ਼ੂਨ ਦੇ ਚਿੱਟੇ ਸੈੱਲਾਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਬੈਕਟੀਰੀਆ ਜਿਗਰ, ਸਪਲੀਨ (ਤਿੱਲੀ) ਅਤੇ ਗਾਲ ਬਲੈਡਰ (ਪਿੱਤੇ) ਵਿੱਚ ਚਲਾ ਜਾਂਦਾ ਹੈ। ਪਿੱਤੇ ਵਿੱਚ ਇਹ ਬੈਕਟੀਰੀਆ ਬਹੁਤ ਸਾਲਾਂ ਤੱਕ ਰਹਿ ਸਕਦਾ ਹੈ।

**ਲੱਛਣ :**
ਇਨਫ਼ੈਕਸ਼ਨ ਹੋ ਜਾਣ ਤੋਂ ਲਗਭਗ ਦੋ ਹਫ਼ਤਿਆਂ ਬਾਅਦ ਇਸਦੇ ਲੱਛਣ ਸ਼ੁਰੂ ਹੁੰਦੇ ਹਨ ਅਤੇ 3-4 ਹਫ਼ਤਿਆਂ ਤੱਕ ਚੱਲਦੇ ਹਨ।

1. ਜ਼ਿਆਦਾ ਬੁਖ਼ਾਰ, ਜੋ ਕਈ ਹਫ਼ਤਿਆਂ ਤੱਕ ਰਹਿੰਦਾ ਹੈ।
2. ਪੇਟ ਵਿੱਚ ਦਰਦ।
3. ਸਰੀਰ ਵਿੱਚ ਤਣਾਓ ਅਤੇ ਦਰਦ ਹੋਣਾ।
4. ਭੁੱਖ ਘੱਟ ਲੱਗਣੀ।
5. ਥਕਾਵਟ।
6. ਡਾਇਰੀਆ ਅਤੇ ਟੱਟੀ ਵਿੱਚ ਖ਼ੂਨ ਆਉਣਾ।
7. ਦਿਮਾਗ਼ੀ ਉਲਝਣ।

**ਜਾਂਚ :**
ਮਿਆਦੀ ਬੁਖ਼ਾਰ ਦੀ ਜਾਂਚ ਖ਼ੂਨ ਜਾਂ ਟੱਟੀ ਟੈਸਟ ਕਰ ਕੇ ਕੀਤੀ ਜਾ ਸਕਦੀ ਹੈ।

**ਰੋਕਥਾਮ/ਬਚਾਅ :**

1. ਜੇਕਰ ਤੁਸੀਂ ਉਹਨਾਂ ਦੇਸ਼ਾਂ ਦੀ ਯਾਤਰਾ ਕਰਦੇ ਹੋ ਜਿਨ੍ਹਾਂ ਵਿੱਚ ਮਿਆਦੀ ਬੁਖ਼ਾਰ ਆਮ ਪਾਇਆ ਜਾਂਦਾ ਹੈ, ਤਾਂ ਯਾਤਰਾ ਸ਼ੁਰੂ ਕਰਨ ਤੋਂ 4-6 ਹਫ਼ਤੇ ਪਹਿਲਾਂ ਆਪਣੇ ਡਾਕਟਰ ਨੂੰ ਦਿਖਾਓ ਅਤੇ ਮਿਆਦੀ ਬੁਖ਼ਾਰ ਤੋਂ ਬਚਾਅ ਲਈ ਦਵਾਈ ਲਵੋ।
2. ਕੱਚੀਆਂ ਅਤੇ ਬਿਨਾਂ ਧੋਏ ਹੋਈਆਂ ਸਬਜ਼ੀਆਂ ਨੂੰ ਨਾ ਖਾਓ । ਸਿਰਫ਼ ਚੰਗੀ ਤਰ੍ਹਾਂ ਪੱਕਿਆ ਹੋਇਆ ਖਾਣਾ ਖਾਓ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਪਹਿਲਗਾਮ ਹਮਲਾ: ਸੁਰੱਖਿਆ ਤੰਤਰ ਦੀਆਂ ਖ਼ਾਮੀਆਂ

**ਸੀ ਉਦੈ ਭਾਸਕਰ**



ਇੱਕ ਦੁਰਲੱਭ ਜਿਹੀ ਪਰ ਸਵਾਗਤਯੋਗ ਘਟਨਾ ਦੇ ਰੂਪ ਵਿੱਚ, ਪਹਿਲਗਾਮ ਦਹਿਸ਼ਤਗਰਦ ਹਮਲੇ ਤੋਂ ਦੋ ਦਿਨਾਂ ਬਾਅਦ ਕੇਂਦਰ ਸਰਕਾਰ ਨੇ ਇੱਕ ਗੁਪਤ ਸਰਬ ਪਾਰਟੀ ਮੀਟਿੰਗ ਬੁਲਾਈ ਜਿਸ ਦੀ ਪ੍ਰਧਾਨਗੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤੀ। ਮੀਟਿੰਗ ਵਿੱਚ ਹੋਈ ਚਰਚਾ ਦੇ ਕੁਝ ਮੂਲ ਨੁਕਤਿਆਂ ਬਾਰੇ ਮੀਡੀਆ ਰਿਪੋਰਟਾਂ ਛਪੀਆਂ ਹਨ। ਇਹ ਪਹਿਲੀ ਵਾਰ ਸੀ ਕਿ ਸਾਰੀਆਂ ਸਿਆਸੀ ਪਾਰਟੀਆਂ ਇਸ ਗੱਲ ਲਈ ਸਹਿਮਤ ਸਨ ਕਿ ਭਾਰਤ ਨੂੰ ਦਹਿਸ਼ਤਗਰਦੀ ਖ਼ਿਲਾਫ਼ ਇਕਜੁੱਟ ਹੋ ਕੇ ਲੜਨਾ ਚਾਹੀਦਾ ਹੈ। ਮੀਟਿੰਗ ਤੋਂ ਬਾਅਦ ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਮੀਡੀਆ ਨੂੰ ਦੱਸਿਆ, "ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਇੱਕ ਆਵਾਜ਼ ਵਿੱਚ ਆਖਿਆ ਕਿ ਸਰਕਾਰ ਜੋ ਵੀ ਕਦਮ ਉਠਾਏਗੀ, ਅਸੀਂ ਉਨ੍ਹਾਂ ਦੀ ਹਮਾਇਤ ਕਰਾਂਗੇ।" ਇਸ ਆਮ ਸਹਿਮਤੀ ਦਾ ਸਾਵਧਾਨੀ ਨਾਲ ਸਵਾਗਤ ਕਰਨਾ ਪਵੇਗਾ ਕਿਉਂਕਿ ਬਹੁਤ ਸਾਰੇ ਆਗੂਆਂ ਨੇ ਆਪਣੀਆਂ ਜਨਤਕ ਟਿੱਪਣੀਆਂ ਵਿੱਚ ਹਮਲੇ ਤੋਂ ਬਾਅਦ ਕੌਮੀ ਏਕਤਾ ਉੱਪਰ ਕੇਂਦਰਿਤ ਹੁੰਦਿਆਂ ਫੁੱਟ ਪਾਉਣ ਵਾਲੀਆਂ ਗੱਲਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ। ਆਮ ਤੌਰ 'ਤੇ ਉਨ੍ਹਾਂ ਫ਼ ?ਰਕੂ-ਧਾਰਮਿਕ ਜਨੂੰਨ ਭੜਕਾਉਣ ਤੋਂ ਗੁਰੇਜ਼ ਕੀਤਾ ਹੈ ਜੋ ਕਿ ਪਿਛਲੇ ਇੱਕ ਦਹਾਕੇ ਤੋਂ ਸਾਡੇ ਘਰੇਲੂ ਸਿਆਸੀ ਬਿਰਤਾਂਤ ਦੀ ਘਟੀਆ ਪਛਾਣ ਬਣਿਆ ਹੋਇਆ ਹੈ। ਇਸ ਰੁਝਾਨ ਨੇ ਭਾਰਤ ਦੀ ਸਮਾਜਿਕ ਇਕਸੁਰਤਾ ਨੂੰ ਕਮਜ਼ੋਰ ਕਰ ਦਿੱਤਾ ਹੈ ਜਿਸ ਦਾ ਨਾਂਹ-ਮੁਖੀ ਅਸਰ ਅੰਦਰੂਨੀ ਸੁਰੱਖਿਆ ਉੱਪਰ ਵੀ ਦੇਖਣ ਨੂੰ ਮਿਲ ਰਿਹਾ ਹੈ।

ਇਹ ਤੱਥ, ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਬ ਪਾਰਟੀ ਮੀਟਿੰਗ ਵਿੱਚ ਹਿੱਸਾ ਨਹੀਂ ਲਿਆ ਤੇ ਇਸ ਦੀ ਬਜਾਇ ਉਹ ਬਿਹਾਰ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਚਲੇ ਗਏ, ਦੀ ਵਿਰੋਧੀ ਪਾਰਟੀਆਂ ਨੇ ਆਲੋਚਨਾ ਕੀਤੀ ਹੈ; ਉਨ੍ਹਾਂ ਦੀ ਗ਼ੈਰ-ਹਾਜ਼ਰੀ ਨਾਲ ਇਸ ਮੀਟਿੰਗ ਦੀ ਅਹਿਮੀਅਤ ਘਟ ਗਈ। ਸਵਾਲ ਪੈਦਾ ਹੁੰਦਾ ਹੈ: ਜੇ ਪਹਿਲਗਾਮ ਹਮਲੇ ਕਰ ਕੇ ਉਹ ਆਪਣਾ ਸਾਊਦੀ ਅਰਬ ਦਾ ਦੌਰਾ ਅੱਧ ਵਿਚਾਲੇ ਛੱਡ ਕੇ ਦੇਸ਼ ਪਰਤ ਆਏ ਸਨ ਤਾਂ ਕੀ ਕਿਸੇ ਸੂਬੇ ਦੀ ਚੋਣ ਰੈਲੀ ਨੂੰ ਉਚੇਰੀ ਤਰਜੀਹ ਦਿੱਤੀ ਜਾਣੀ ਚਾਹੀਦੀ ਸੀ?

ਇਸੇ ਮੀਟਿੰਗ ਵਿੱਚ ਇੱਕ ਹੋਰ ਦੁਰਲੱਭ ਘਟਨਾ ਹੋਈ ਜਦੋਂ ਸਰਕਾਰ ਨੇ ਮੰਨਿਆ ਕਿ ਕੁਝ ਖ਼ਾਮੀਆਂ ਰਹੀਆਂ ਸਨ ਜਿਨ੍ਹਾਂ ਕਰ ਕੇ ਪਹਿਲਗਾਮ ਵਿੱਚ ਇਹ ਦੁਖਾਂਤ ਵਾਪਰਿਆ ਹੈ। ਸੱਤਾਧਾਰੀ ਗੱਠਜੋੜ ਦੇ ਇੱਕ ਆਗੂ ਨੇ ਕਲਾਤਮਿਕ ਢੰਗ ਇਸ ਦਾ ਖ਼ੁਲਾਸਾ ਕਰਦਿਆਂ ਆਖਿਆ, "ਜੇ ਕੁਝ ਵੀ ਗ਼ਲਤ ਨਾ ਹੋਇਆ ਹੁੰਦਾ ਤਾਂ ਅਸੀਂ ਇੱਥੇ ਕਿਉਂ ਬੈਠੇ ਹੁੰਦੇ? ਕਿਤੇ ਨਾ ਕਿਤੇ ਕੋਈ ਗੜਬੜ ਹੋਈ ਸੀ ਜਿਸ ਦਾ ਸਾਨੂੰ ਪਤਾ ਲਾਉਣਾ ਪਵੇਗਾ।" ਇਹ ਰਵੱਈਆ 2020 ਵਿੱਚ ਗਲਵਾਨ ਵਾਦੀ ਵਿੱਚ ਹੋਈ ਝੜਪ ਨਾਲੋਂ ਥੋੜ੍ਹਾ ਜਿਹਾ ਹਟ ਕੇ ਹੈ। ਸਰਕਾਰ ਦੀ ਆਪਣੀ ਜ਼ੁਬਾਨੀ ਜੇ ਕੋਈ ਖ਼ਾਮੀ ਰਹੀ ਹੈ ਤਾਂ ਉਸ ਦਾ ਲੇਖਾ-ਜੋਖਾ ਕੀਤਾ ਜਾਣਾ ਬਣਦਾ ਹੈ।

ਵਿਰੋਧੀ ਧਿਰ ਦੀਆਂ ਪਾਰਟੀਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ, ਸਰਕਾਰ ਨੇ ਦੱਸਿਆ ਕਿ ਮੁਕਾਮੀ ਅਧਿਕਾਰੀਆਂ ਨੇ ਬੈਸਰਨ ਵਾਦੀ ਦਾ ਮਾਰਗ ਜੋ ਜੂਨ ਵਿੱਚ ਸ਼ੁਰੂ ਹੋਣ ਵਾਲੀ ਅਮਰਨਾਥ ਯਾਤਰਾ ਤੱਕ ਬੰਦ ਰੱਖਿਆ ਜਾਂਦਾ ਹੈ, ਖੋਲ੍ਹਣ ਬਾਬਤ ਸੁਰੱਖਿਆ ਏਜੰਸੀਆਂ ਨੂੰ ਇਤਲਾਹ ਨਹੀਂ ਦਿੱਤੀ ਸੀ। ਪਹਿਲੀ ਨਜ਼ਰੇ, ਜਦੋਂ 2019 ਵਿੱਚ ਸਾਂਝੀ ਜੰਮੂ ਕਸ਼ਮੀਰ ਰਿਆਸਤ ਦੀ ਦੋ ਹਿੱਸਿਆਂ ਵਿੱਚ ਵੰਡ ਕਰਨ ਤੋਂ ਬਾਅਦ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਇੰਨਾ ਨਿਵੇਸ਼ ਕੀਤਾ ਗਿਆ ਹੈ ਤਾਂ ਇਹ ਗੱਲ ਅਜੀਬ ਜਿਹੀ ਜਾਪਦੀ ਹੈ। ਮੀਟਿੰਗ ਵਿੱਚ ਇਹ ਖ਼ੁਲਾਸਾ ਵੀ ਹੋਇਆ ਕਿ ਜਿਸ ਜਗ ?ਹਾ 'ਤੇ ਚਾਰ ਦਹਿਸ਼ਤਗਰਦਾਂ ਵੱਲੋਂ ਹਮਲਾ ਕੀਤਾ ਗਿਆ ਸੀ, ਉੱਥੇ ਪਹੁੰਚਣ ਲਈ 45 ਮਿੰਟ ਲੰਮੀ ਚੜ੍ਹਾਈ ਚੜ੍ਹ ਕੇ ਜਾਣਾ ਪੈਂਦਾ ਹੈ ਅਤੇ ਇਸ ਤਰ੍ਹਾਂ ਦੀਆਂ ਹੰਗਾਮੀ ਹਾਲਤਾਂ ਨੂੰ ਤੇਜ਼ੀ ਨਾਲ ਸਿੱਝਣ ਲਈ ਕੋਈ ਦਿਸ਼ਾ ਮਾਰਗ (ਸਟੈਂਡਰਡ ਅਪਰੇਟਿੰਗ ਪ੍ਰੋਸੀਜਰ) ਮੌਜੂਦ ਨਹੀਂ ਹੈ।

ਕਸ਼ਮੀਰ ਵਿੱਚ ਸੁਰੱਖਿਆ ਅਤੇ ਖ਼ੁਫ਼ੀਆ ਤੰਤਰ ਦੀ ਜਿੰਨੀ ਸੰਘਣੀ ਮੌਜੂਦਗੀ ਹੈ, ਉਸ ਦੇ ਮੱਦੇਨਜ਼ਰ ਇਨ੍ਹਾਂ ਬੱਜਰ ਖ਼ਾਮੀਆਂ ਦੀ ਕੋਈ ਤੁੱਕ ਸਮਝ ਨਹੀਂ ਆਉਂਦੀ। ਇੱਥੋਂ ਤੱਕ ਕਿ ਜਿਹੜੀ ਵਾਦੀ ਹਜ਼ਾਰਾਂ ਦੀ ਤਾਦਾਦ ਵਿੱਚ ਸੈਲਾਨੀਆਂ ਨੂੰ ਆਕਰਸ਼ਿਤ ਕਰਦੀ ਹੋਵੇ, ਉੱਥੇ ਤਾਂ ਸਰਕਾਰ ਨੂੰ ਮੈਡੀਕਲ ਐਮਰਜੈਂਸੀ ਵਿੱਚ ਬੁਨਿਆਦੀ ਸੈਲਾਨੀਆਂ ਨੂੰ ਹੰਗਾਮੀ ਸਥਿਤੀ ਵਿੱਚ ਬਾਹਰ ਕੱਢਣ ਦੇ ਪ੍ਰੋਟੋਕੋਲ ਦਾ ਬੰਦੋਬਸਤ ਕਰਨ ਦੀ ਲੋੜ ਸੀ। ਕੀ ਨਿਰਦੋਸ਼ ਸੈਲਾਨੀਆਂ ਦੇ ਕਤਲੇਆਮ ਦੀ ਵਜ ?ਹਾ ਬਣੀਆਂ ਇਨ੍ਹਾਂ ਖ਼ਾਮੀਆਂ ਦੀ ਨਿਰਪੱਖਤਾ ਅਤੇ ਤੇਜ਼ੀ ਨਾਲ ਨਿਸ਼ਾਨਦੇਹੀ ਕੀਤੀ ਜਾਵੇਗੀ? ਇਸ ਦੀ ਬਹੁਤੀ ਸੰਭਾਵਨਾ ਨਹੀਂ ਪਰ ਮੈਂ ਸ਼ਿੱਦਤ ਨਾਲ ਆਸ ਕਰਦਾ ਹਾਂ ਕਿ ਮੈਂ ਗ਼ਲਤ ਸਾਬਿਤ ਹੋ ਜਾਵਾਂ।

ਪਿਛਲੇ ਰਿਕਾਰਡ 'ਤੇ ਝਾਤ ਮਾਰੀ ਜਾਵੇ ਤਾਂ ਬਹੁਤਾ ਹੌਸਲਾ ਨਹੀਂ ਮਿਲਦਾ। ਭਾਰਤ ਨੂੰ ਖ਼ਰਾਬ ਜਾਂ ਨਾਕਾਫ਼ੀ ਖ਼ੁਫ਼ੀਆ ਜਾਣਕਾਰੀਆਂ ਜੋ ਬਹੁਤੀਆਂ ਸਟੀਕ ਨਾ ਹੋਣ, ਕਰ ਕੇ ਰਵਾਇਤੀ ਤੌਰ 'ਤੇ ਗੰਭੀਰ ਸੁਰੱਖਿਆ ਝਟਕੇ ਸਹਿਣੇ ਪਏ ਹਨ। ਅਕਤੂਬਰ, 1947 ਵਿੱਚ ਜਦੋਂ ਕਸ਼ਮੀਰ ਉੱਪਰ ਪਹਿਲੀ ਲੜਾਈ ਲੜੀ ਗਈ ਸੀ, ਤੋਂ ਲੈ ਕੇ ਅਕਤੂਬਰ 1962 (ਜਦੋਂ ਚੀਨ ਨੇ ਅਚਾਨਕ ਹਮਲਾ ਬੋਲ ਕੇ ਭਾਰਤ ਨੂੰ ਹੈਰਾਨ ਕਰ ਦਿੱਤਾ ਸੀ) ਅਤੇ ਕਾਰਗਿਲ ਵਿੱਚ 1999 ਦੀਆਂ ਗਰਮੀਆਂ ਤੱਕ, ਖ਼ੁਫ਼ੀਆ ਜਾਣਕਾਰੀਆਂ ਵਿੱਚ ਖ਼ਾਮੀਆਂ ਭਾਰਤੀ ਸੁਰੱਖਿਆ ਤੰਤਰੀ ਬਿਰਤਾਂਤ ਦਾ ਨੇਮ ਹੀ ਬਣੀਆਂ ਰਹੀਆਂ ਹਨ।

ਕਾਰਗਿਲ ਯੁੱਧ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਵਾਜਪਾਈ ਨੇ ਕੇ. ਸੁਬਰਾਮਣੀਅਮ (ਮਰਹੂਮ) ਦੀ ਅਗਵਾਈ ਹੇਠ ਕਾਰਗਿਲ ਮੁਤਾਲਿਆ ਕਮੇਟੀ (ਕੇਆਰਸੀ) ਦਾ ਗਠਨ ਕੀਤਾ ਸੀ। ਖ਼ੁਫ਼ੀਆ ਤਾਣੇ ਨਾਲ ਜੁੜੀਆਂ ਲੱਭਤਾਂ ਦਾ ਮੁੜ ਚੇਤਾ ਕਰਨਾ ਜ਼ਰੂਰੀ ਹੈ। ਕਮੇਟੀ ਦੀ ਰਿਪੋਰਟ ਵਿੱਚ ਦਰਜ ਕੀਤਾ ਗਿਆ ਹੈ: "ਵੱਖ-ਵੱਖ ਏਜੰਸੀਆਂ ਅਤੇ ਵੱਖੋ-ਵੱਖਰੇ ਪੱਧਰਾਂ 'ਤੇ (ਖ਼ੁਫ਼ੀਆ ਜਾਣਕਾਰੀਆਂ ਦੀ) ਵਰਤੋਂ ਕਰਨ ਵਾਲੀਆਂ ਏਜੰਸੀਆਂ ਦਰਮਿਆਨ ਬੇਲਾਗ ਤਾਲਮੇਲ ਦਾ ਕੋਈ ਬੱਝਵਾਂ ਪ੍ਰਬੰਧ ਨਹੀਂ ਹੈ। ਇਸੇ ਤਰ੍ਹਾਂ, ਏਜੰਸੀਆਂ ਨੂੰ ਕੰਮ ਸੌਂਪਣ, ਉਨ੍ਹਾਂ ਦੀ ਕਾਰਕਰਦਗੀ 'ਤੇ ਨਿਗਰਾਨੀ ਰੱਖਣ ਅਤੇ ਉਨ੍ਹਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਨ ਲਈ ਉਨ੍ਹਾਂ ਦੇ ਰਿਕਾਰਡ ਦਾ ਜਾਇਜ਼ਾ ਲੈਣ ਦਾ ਕੋਈ ਪ੍ਰਾਵਧਾਨ ਨਹੀਂ ਹੈ। ਨਾ ਹੀ ਏਜੰਸੀਆਂ ਦੇ ਸਮੁੱਚੇ ਕੰਮਕਾਜ 'ਤੇ ਨਜ਼ਰ ਰੱਖਣ ਦਾ ਕੋਈ ਪ੍ਰਬੰਧ ਹੈ।"

ਇਸ ਤਰ੍ਹਾਂ ਦੇ ਸਪੱਸ਼ਟ ਲੇਖੇ-ਜੋਖੇ ਤੋਂ ਪੌਣੀ ਸਦੀ ਬਾਅਦ ਵੀ ਐਸਾ ਕੋਈ ਠੋਸ ਸਬੂਤ ਨਹੀਂ ਮਿਲਦਾ ਕਿ ਭੰਬਲਭੂਸੇ ਵਾਲੇ ਸੂਹੀਆ ਤਾਣੇ-ਬਾਣੇ ਵਿੱਚ ਕੀਤੀਆਂ ਜਾਣ ਵਾਲੀਆਂ ਨੀਤੀਗਤ ਦਰੁਸਤੀਆਂ ਬਾਬਤ ਢੁਕਵੇਂ ਕਦਮ ਚੁੱਕੇ ਗਏ ਸਨ। ਬਿਨਾਂ ਸ਼ੱਕ, ਇੰਟੈਲੀਜੈਂਸ ਬਿਊਰੋ (ਆਈਬੀ) ਅਤੇ ਰਿਸਰਚ ਐਂਡ ਅਨੈਲਸਿਸ ਵਿੰਗ (ਰਾਅ) ਦੀ ਮਦਦ ਲਈ ਹੋਰ ਏਜੰਸੀਆਂ ਜਿਵੇਂ ਕਿ ਨੈਸ਼ਨਲ ਟੈਕਨੀਕਲ ਰਿਸਰਚ ਆਰਗੇਨਾਈਜ਼ੇਸ਼ਨ (ਐੱਨਟੀਆਰਓ) ਕਾਇਮ ਕਰ ਦਿੱਤੀਆਂ ਗਈਆਂ ਹਨ ਪਰ ਖ਼ਾਮੀਆਂ ਦੂਰ ਨਹੀਂ ਹੋ ਸਕੀਆਂ। ਸੰਸਦ ਹਮਲਾ (ਦਸੰਬਰ, 2001), ਮੁੰਬਈ ਦਹਿਸ਼ਤਗਰਦ ਹਮਲੇ (ਨਵੰਬਰ, 2008), ਪੁਲਵਾਮਾ ਆਤਮਘਾਤੀ ਹਮਲਾ (ਫਰਵਰੀ, 2019) ਅਤੇ ਹੁਣ ਪਹਿਲਗਾਮ ਕਤਲੇਆਮ ਇਸੇ ਮੁਹਾਰਨੀ ਦਾ ਹਿੱਸਾ ਹਨ। ਭਾਰਤੀ ਪੁਲੀਸ ਸੇਵਾ (ਆਈਪੀਐੱਸ) ਦੁਆਰਾ ਸੰਚਾਲਿਤ ਰਾਸ਼ਟਰੀ ਖ਼ੁਫ਼ੀਆ ਤੰਤਰ ਦੀ ਇੱਕ ਬਲੂ-ਰਿਬਨ ਕਮੇਟੀ ਵੱਲੋਂ ਡੂੰਘੀ ਸਮੀਖਿਆ ਦੀ ਲੋੜ ਹੈ ਜੋ ਕੇਆਰਸੀ ਦੀਆਂ ਟਿੱਪਣੀਆਂ/ਸਿਫਾਰਸ਼ਾਂ ਉੱਪਰ ਕੰਮ ਕਰੇ ਅਤੇ ਵਿਸ਼ਵ ਪੱਧਰੀ ਮਿਆਰਾਂ ਮੁਤਾਬਿਕ ਇਸ ਵਿੱਚ ਬਹੁ-ਪੱਖੀ ਸੁਧਾਰ ਲਿਆਵੇ। ਸਰਕਾਰ ਕੋਲ ਕਈ ਬੇਸ਼ਕੀਮਤੀ ਰਿਪੋਰਟਾਂ ਤੇ ਸਿਫਾਰਸ਼ਾਂ ਮੌਜੂਦ ਹਨ ਅਤੇ ਇਨ੍ਹਾਂ ਉੱਪਰ ਨਵੇਂ ਸਿਰੇ ਤੋਂ ਵਿਚਾਰ ਕਰਨ ਦੀ ਲੋੜ ਹੈ। ਖ਼ੁਫ਼ੀਆ ਏਜੰਸੀਆਂ ਵਿੱਚ ਕੰਮ ਕਰਨ ਵਾਲੇ ਮਾਹਿਰਾਂ ਨੇ ਸੁਧਾਰਾਂ ਅਤੇ ਕਾਇਆਕਲਪ ਦੇ ਮੂਲ ਢਾਂਚਿਆਂ ਦੀ ਨਿਸ਼ਾਨਦੇਹੀ ਕੀਤੀ ਹੈ। ਇਨ੍ਹਾਂ ਢਾਂਚਿਆਂ ਵਿੱਚ ਪਾਰਲੀਮਾਨੀ ਨਿਗਰਾਨੀ, ਢੁਕਵੇਂ ਕਾਨੂੰਨੀ ਦਰਜੇ, ਕੰਮਕਾਜੀ ਜਵਾਬਦੇਹੀ ਅਤੇ ਸੁਤੰਤਰ ਪੇਸ਼ੇਵਰਾਂ ਵੱਲੋਂ ਸਮੇਂ ਸਮੇਂ 'ਤੇ ਕੀਤੇ ਜਾਣ ਵਾਲੇ ਲੇਖੇ ਜੋਖਿਆਂ ਦੀ ਸ਼ਾਮਿਲ ਹੈ। ਇਨ੍ਹਾਂ ਦੇ ਨਾਲ ਹੀ ਮੈਰਿਟ ਆਧਾਰਿਤ ਭਰਤੀ, ਬਿਹਤਰ ਸਿਖਲਾਈ ਅਤੇ ਬਿਹਤਰ ਤਾਲਮੇਲ ਅਤੇ ਮੌਜੂਦਾ ਖ਼ੁਫ਼ੀਆ ਜਾਣਕਾਰੀਆਂ ਦੇ ਵਿਸ਼ਲੇਸ਼ਣ ਅਤੇ ਤਕਨੀਕੀ ਇੰਟੈਲੀਜੈਂਸ ਅਤੇ ਮਾਨਵੀ ਇੰਟੈਲੀਜੈਂਸ (ਹਿਊਮਿੰਟ) ਦੇ ਚਲੰਤ ਪੱਧਰਾਂ ਨੂੰ ਵਧਾਉਣ ਲਈ ਬੱਝਵੀਂ ਫੰਡਿੰਗ ਦਾ ਵੀ ਖਿਆਲ ਰੱਖਿਆ ਜਾਵੇ। ਪੁਲੀਸ ਨੂੰ ਵਾਰਾ ਖਾਂਦੀ ਅਤੇ ਟੇਢੇ ਢੰਗ ਨਾਲ ਸਿਆਸੀ ਨਿਜ਼ਾਮ ਨੂੰ ਪ੍ਰਵਾਨਿਤ ਮੌਜੂਦਾ ਸਮੇਂ ਬਣੀ ਸੂਰਤੇਹਾਲ ਨੂੰ ਨਵੀਂ ਸਿਰਿਓਂ ਵਿਉਂਤਣਾ ਪਵੇਗਾ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪਹਿਲਗਾਮ ਹਮਲੇ ਇਸ ਤਬਦੀਲੀ ਦਾ ਮੁੱਢ ਬੱਝ ਸਕੇਗਾ।

# ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 71 ਅਹਿਮ ਸ਼ਖਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਨਿਵਾਜਿਆ







ਨਵੀਂ ਦਿੱਲੀ : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ 71 ਪ੍ਰਮੁੱਖ ਸ਼ਖਸੀਅਤਾਂ ਨੂੰ ਪਦਮ ਪੁਰਸਕਾਰ ਪ੍ਰਦਾਨ ਕੀਤੇ, ਜਿਨ੍ਹਾਂ ਵਿੱਚ ਸੁਜ਼ੂਕੀ ਮੋਟਰ ਦੇ ਸਾਬਕਾ ਮੁਖੀ (ਮਰਹੂਮ) ਓਸਾਮੂ ਸੁਜ਼ੂਕੀ, ਮਰਹੂਮ ਗਾਇਕ ਪੰਕਜ ਉਧਾਸ ਅਤੇ ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ (ਮਰਹੂਮ) ਅਤੇ ਤਾਮਿਲ ਡੇਲੀ ਦੀਨਾਮਲਾਰ ਦੇ ਪ੍ਰਕਾਸ਼ਕ ਲਕਸ਼ਮੀਪਤੀ ਰਾਮਾਸੂਬਾਅਈਯਰ ਤੇ ਪੰਜਾਬੀ ਗਾਇਕਾ ਜਸਪਿੰਦਰ ਨਰੂਲਾ ਕੌਲ ਸ਼ਾਮਲ ਹਨ।

ਇਸ ਸਾਲ 25 ਜਨਵਰੀ ਨੂੰ 76ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ ਮੌਕੇ ਦੇਸ਼ ਦੇ ਨਾਗਰਿਕ ਪੁਰਸਕਾਰਾਂ-ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ੍ਰੀ ਲਈ ਕੁੱਲ 139 ਉੱਘੀਆਂ ਸ਼ਖਸੀਅਤਾਂ ਨੂੰ ਨਾਮਜ਼ਦ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ 71 ਨੂੰ ਰਾਸ਼ਟਰਪਤੀ ਭਵਨ ਦੇ ਸ਼ਾਨਦਾਰ ਦਰਬਾਰ ਹਾਲ ਵਿੱਚ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਹੋਰਾਂ ਦੀ ਮੌਜੂਦਗੀ ਵਿੱਚ ਇਹ ਪੁਰਸਕਾਰ ਦਿੱਤੇ ਗਏ, ਜਦੋਂ ਕਿ ਬਾਕੀਆਂ ਨੂੰ ਜਲਦੀ ਹੀ ਇੱਕ ਵੱਖਰੇ ਸਮਾਗਮ ਵਿੱਚ ਇਨ੍ਹਾਂ ਪੁਰਸਕਾਰਾਂ ਨਾਲ ਨਿਵਾਜਿਆ ਜਾਵੇਗਾ।

ਹੋਰ ਪ੍ਰਮੁੱਖ ਸ਼ਖਸੀਅਤਾਂ ਵਿੱਚ ਉੱਘੇ ਅਦਾਕਾਰ ਅਤੇ ਨਿਰਦੇਸ਼ਕ ਸ਼ੇਖਰ ਕਪੂਰ, ਕ੍ਰਿਕਟਰ ਰਵੀਚੰਦਰਨ ਅਸ਼ਿਵਨ, ਹਾਕੀ ਖਿਡਾਰੀ ਪੀਆਰ ਸ੍ਰੀਜੇਸ਼, ਏਸ਼ੀਅਨ ਇੰਸਟੀਚਿਊਟ ਆਫ ਗੈਸਟ੍ਰੋਐਂਟਰੌਲੋਜੀ ਅਤੇ ਏਆਈਜੀ ਹਸਪਤਾਲ ਦੇ ਚੇਅਰਮੈਨ ਡੀ. ਨਾਗੇਸ਼ਵਰ ਰੈੱਡੀ, ਵਾਇਲਨ ਵਾਦਕ (violinist) ਲਕਸ਼ਮੀਨਾਰਾਇਣ ਸੁਬਰਾਮਨੀਅਮ ਅਤੇ ਤੇਲਗੂ ਸੁਪਰਸਟਾਰ ਨੰਦਾਮੁਰੀ ਬਾਲਕ੍ਰਿਸ਼ਨ ਸ਼ਾਮਲ ਹਨ, ਜਿਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਪਦਮ ਪੁਰਸਕਾਰ ਪ੍ਰਦਾਨ ਕੀਤੇ ਗਏ।

ਚਾਰ ਸ਼ਖਸੀਅਤਾਂ ਓਸਾਮੂ ਸੁਜ਼ੂਕੀ (ਮਰਨ ਉਪਰੰਤ) ਨੂੰ, ਸੁਬਰਾਮਨੀਅਮ, ਰੈੱਡੀ ਅਤੇ ਮਲਿਆਲਮ ਲੇਖਕ ਅਤੇ ਫਿਲਮ ਨਿਰਦੇਸ਼ਕ ਐਮ.ਟੀ. ਵਾਸੂਦੇਵਨ ਨਾਇਰ (ਮਰਨ ਉਪਰੰਤ) ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਕੁੱਲ 10 ਉੱਘੀਆਂ ਸ਼ਖਸੀਅਤਾਂ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚ ਪੰਕਜ ਉਧਾਸ (ਮਰਨ ਉਪਰੰਤ), ਸੁਸ਼ੀਲ ਕੁਮਾਰ ਮੋਦੀ (ਮਰਨ ਉਪਰੰਤ), ਬਾਲਕ੍ਰਿਸ਼ਨ ਕਪੂਰ, ਹਾਕੀ ਖਿਡਾਰੀ ਪੀਆਰ ਸ੍ਰੀਜੇਸ਼, ਤਾਮਿਲ ਅਦਾਕਾਰ ਐੱਸ. ਅਜੀਤ ਕੁਮਾਰ, Zydus Lifesciences ਦੇ ਚੇਅਰਪਰਸਨ ਪੰਕਜ ਪਟੇਲ ਅਤੇ ਭਾਰਤੀ-ਅਮਰੀਕੀ ਇੰਜੀਨੀਅਰ ਵਿਨੋਦ ਧਾਮ ਜਿਨ੍ਹਾਂ ਨੂੰ 'ਪੈਂਟੀਅਮ' ਦੇ ਪਿਤਾਮਾ (who is widely known as the 'Father of the Pentium) ਵਜੋਂ ਜਾਣਿਆ ਹੈ, ਸ਼ਾਮਲ ਹਨ।

ਇਸ ਦੌਰਾਨ 57 ਅਹਿਮ ਸ਼ਖਮੀਅਤਾਂ ਨੂੰ ਪਦਮ ਸ੍ਰੀ ਨਾਲ ਨਿਵਾਜਿਆ ਗਿਆ ਜਿਨ੍ਹਾਂ ਵਿੱਚ State Bank of India ਦੀ ਚੇਅਰਪਰਸਨ Arundhati Bhattacharya, ਉਦਯੋਗਪਤੀ ਪਵਨ ਕੁਮਾਰ ਗੋਇਨਕਾ, wild-life researcher and ਮਰਾਠੀ ਲੇਖਕ Maruti Bhujangrao Chitampalli ਅਤੇ master puppeteer Bhimavva Doddabalappa Shillekyathara, ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ Former AIIMS and SGPGI director ਏਕੇ ਮਹਪਾਤਰਾ ਤੇ ਪੰਜਾਬੀ ਗਾਇਕਾ Punjabi singer Jaspinder Narula Kaul ਨੂੰ ਵੀ Padma Shri ਨਾਲ ਨਿਵਾਜਿਆ ਗਿਆ।

ਇਸ ਸਾਲ ਪਦਮ ਪੁਰਸਕਾਰ 30 ਅਣਗੌਲੇ ਨਾਇਕਾਂ ਨੂੰ ਦਿੱਤੇ ਗਏ, ਜਿਨ੍ਹਾਂ ਵਿੱਚ 100 ਸਾਲਾ ਲੀਬੀਆ ਲੋਬੋ ਸਰਦੇਸਾਈ Libia Lobo Sardesai ਵੀ ਸ਼ਾਮਲ ਹਨ, ਜਿਨ੍ਹਾਂ ਨੇ ਗੋਆ ਦੇ ਆਜ਼ਾਦੀ ਅੰਦੋਲਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

# ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਪਦਮ ਸ੍ਰੀ ਪੁਰਸਕਾਰ ਨਾਲ ਨਿਵਾਜਿਆ

### ਸਿੱਖ ਪੰਥ ਦੇ ਮਹਾਨ ਕੀਰਤਨੀ ਨੂੰ ਪਦਮ ਸ਼੍ਰੀ ਪੁਰਸਕਾਰ ਮਿਲਣਾ ਕੌਮ ਲਈ ਮਾਣ ਵਾਲੀ ਗੱਲ



ਸ੍ਰੀ ਅਨੰਦਪੁਰ ਸਾਹਿਬ : ਸਿੱਖ ਕੌਮ ਦੀ ਮਹਾਨ ਪੰਥਕ ਸ਼ਖਸ਼ੀਅਤ ਅਤੇ ਪ੍ਰਸਿੱਧ ਕੀਰਤਨੇ ਆਪਣੀ ਮਿੱਠੀ ਆਵਾਜ਼ ਤੇ ਰਸ ਪੀਨਾ ਕੀਰਤਨ ਰਾਹੀਂ ਮਨ ਅਤੇ ਗੁਰੂ ਸ਼ਬਦ ਨਾਲ ਜੋੜਨ ਵਾਲੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੂੰ ਭਾਰਤ ਸਰਕਾਰ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੁਰ ਵੱਲੋਂ ਪਦਮ ਸ੍ਰੀ ਪੁਰਸਕਾਰ ਦੇ ਕੇ ਨਿਵਾਜਿਆ ਹੈ ਜੋ ਕਿ ਸਿੱਖ ਕੌਮ ਲਈ ਬਹੁਤ ਵੱਡੀ ਗੱਲ ਹੈ ਭਾਵੇਂ ਕਿ ਸਮੁੱਚੀਆਂ ਹੀ ਇਤਿਹਾਸਕ ਨਾਮੀ ਕੀਰਤਨ ਅਤੇ ਪੰਥ ਕੋਲ ਪ੍ਰਸਿੱਧ ਕਥਾਵਾਚਕ ਹਨ ਪਰ ਭਾਰਤ ਸਰਕਾਰ ਵੱਲੋਂ ਪਦਮ ਸ਼੍ਰੀ ਪੁਰਸਕਾਰ ਦੇ ਕੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਦਾ ਜੋ ਮਾਣ ਭਾਰਤ ਸਰਕਾਰ ਵੱਲੋਂ ਵਧਾਇਆ ਗਿਆ ਹੈ ਜਿਸ ਲਈ ਚਾਰੇ ਪਾਸੇ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਦੱਸ ਦਈਏ ਕਿ ਵੱਖ-ਵੱਖ ਦੇਸ਼ਾਂ ਵਿੱਚ ਭਾਈ ਹਰਜਿੰਦਰ ਸਿੰਘ ਜੀ ਕੀਰਤਨ ਕਰਨ ਦੇ ਲਈ ਅਕਸਰ ਹੀ ਜਾਂਦੇ ਆਉਂਦੇ ਰਹਿੰਦੇ ਹਨ ਪਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨ ਦੇ ਵਿੱਚ ਅਤੇ ਆਪਣੇ ਧਰਮ ਦੇ ਨਾਲ ਗੁਰੂ ਵਾਲਾ ਬਣਨ ਦੇ ਲਈ ਭਾਵ ਅੰਮ੍ਰਿਤ ਛਕਣ ਦੇ ਲਈ ਜੋ ਪ੍ਰਚਾਰ ਭਾਈ ਹਰਜਿੰਦਰ ਸਿੰਘ ਜੀ ਵੱਲੋਂ ਕੀਤਾ ਜਾਂਦਾ ਹੈ ਜਿਸ ਕਾਰਨ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਭਾਈ ਸਾਹਿਬ ਜੀ ਦਾ ਅਤੀ ਸਤਿਕਾਰ ਕਰਦੀਆਂ ਹਨ ਬੀਤੇ ਹਫਤੇ ਵਿਦੇਸ਼ ਦੇ ਵਿੱਚ ਕੀਰਤਨ ਕਰਕੇ ਆਉਣ ਤੋਂ ਬਾਅਦ ਦਿੱਲੀ ਹਵਾਈ ਅੱਡੇ ਤੇ ਉਤਰਦੇ ਸਾਰ ਹੀ ਉਹਨਾਂ ਨੂੰ ਰਾਸ਼ਟਰਪਤੀ ਭਵਨ ਵਿੱਚ ਬੁਲਾਇਆ ਗਿਆ ਤੇ ਜਿੱਥੇ ਭਾਰਤ ਦੇ ਰਾਸ਼ਟਰਪਤੀ ਦਰੋਪਤੀ ਮੁਰਮੁਰ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗ੍ਰਿਹ ਮੰਤਰੀ ਅਮਿਤ ਸ਼ਾਹ ਅਤੇ ਹੋਰ ਭਾਰਤ ਸਰਕਾਰ ਦੇ ਮੰਤਰੀ ਸਾਹਿਬਾਨ ਦੀ ਮੌਜੂਦਗੀ ਵਿੱਚ ਉਹਨਾਂ ਨੂੰ ਪਦਮ ਸ਼੍ਰੀ ਪੁਰਸਕਾਰ ਦਿੱਤਾ ਗਿਆ।

# ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਬਣਾਉਣ ਦੀ ਦਿਸ਼ਾ 'ਚ ਕਰ ਰਹੇ ਹਾਂ ਕੰਮ: ਮੋਦੀ

## ਪ੍ਰਧਾਨ ਮੰਤਰੀ ਵੱਲੋਂ 21ਵੀਂ ਸਦੀ ਦੀਆਂ ਲੋੜਾਂ ਮੁਤਾਬਕ ਸਿੱਖਿਆ ਸੁਧਾਰਾਂ 'ਤੇ ਜ਼ੋਰ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਿੱਖਿਆ ਪ੍ਰਣਾਲੀ ਦੇਸ਼ ਦੇ ਭਵਿੱਖ ਲਈ ਨੌਜਵਾਨਾਂ ਨੂੰ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਅਤੇ ਸਰਕਾਰ ਇਸ ਨੂੰ ਆਧੁਨਿਕ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ। ਪ੍ਰਧਾਨ ਮੰਤਰੀ ਇੱਥੇ ਭਾਰਤ ਮੰਡਪਮ ਵਿੱਚ 'ਯੁੱਗਮ' ਇਨੋਵੇਸ਼ਨ ਸੰਮੇਲਨ ਨੂੰ ਸੰਬੋਧਨ ਕਰ ਰਹੇ ਸਨ। ਏਆਈ, ਕੁਆਂਟਮ ਕੰਪਿਊਟਿੰਗ, ਐਡਵਾਂਸਡ ਐਨਾਲਿਟਿਕਸ, ਪੁਲਾੜ ਤਕਨਾਲੋਜੀ, ਸਿਹਤ ਤਕਨਾਲੋਜੀ ਅਤੇ ਸਿੰਥੈਟਿਕ ਜੀਵ ਵਿਗਿਆਨ ਨੂੰ ਲਗਾਤਾਰ ਉਤਸ਼ਾਹਿਤ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਮੋਦੀ ਨੇ ਮਸਨੂਈ ਬੌਧਿਕਤਾ (ਏਆਈ) ਦੇ ਵਿਕਾਸ ਅਤੇ ਇਸ ਨੂੰ ਅਪਣਾਉਣ ਵਿੱਚ ਭਾਰਤ ਦੀ ਮੋਹਰੀ ਸਥਿਤੀ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ, "ਕਿਸੇ ਵੀ ਦੇਸ਼ ਦਾ ਭਵਿੱਖ ਉਸਦੀ ਨੌਜਵਾਨ ਪੀੜ੍ਹੀ 'ਤੇ ਨਿਰਭਰ ਹੁੰਦਾ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਭਵਿੱਖ ਲਈ ਅਤੇ ਉਨ੍ਹਾਂ ਨੂੰ ਭਾਰਤ ਦੇ ਉੱਜਲ ਭਵਿੱਖ ਲਈ ਤਿਆਰ ਕਰੀਏ।"

ਪ੍ਰਧਾਨ ਮੰਤਰੀ ਨੇ ਕਿਹਾ, "ਦੇਸ਼ ਦੀ ਸਿੱਖਿਆ ਪ੍ਰਣਾਲੀ ਵੀ ਇਸ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ, ਇਸ ਲਈ ਅਸੀਂ 21ਵੀਂ ਸਦੀ ਦੀਆਂ ਲੋੜਾਂ ਮੁਤਾਬਕ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਆਧੁਨਿਕ ਬਣਾ ਰਹੇ ਹਾਂ।"




ਪ੍ਰਧਾਨ ਮੰਤਰੀ ਨੇ ਇੱਕ ਮਜ਼ਬੂਤ ਖੋਜ ਤੰਤਰ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਅਕਾਦਮਿਕ ਸੰਸਥਾਵਾਂ, ਨਿਵੇਸ਼ਕਾਂ ਅਤੇ ਉਦਯੋਗ ਨੂੰ ਖੋਜਕਾਰਾਂ ਦਾ ਸਮਰਥਨ ਕਰਨ ਦਾ ਸੱਦਾ ਦਿੱਤਾ। ਮੋਦੀ ਨੇ ਇਹ ਵੀ ਕਿਹਾ ਕਿ ਖੋਜ ਅਤੇ ਵਿਕਾਸ 'ਤੇ 2013-14 ਵਿੱਚ ਕੁੱਲ ਖਰਚ ਸਿਰਫ਼ 60,000 ਕਰੋੜ ਰੁਪਏ ਸੀ, ਜਿਸ ਨੂੰ ਹੁਣ 1.25 ਲੱਖ ਕਰੋੜ ਰੁਪਏ ਤੱਕ ਵਧਾ ਦਿੱਤਾ ਗਿਆ ਹੈ।

ਉਨ੍ਹਾਂ ਕਾਨਫਰੰਸ ਵਿੱਚ ਕਿਹਾ, "ਅੱਜ ਇੱਥੇ ਸਰਕਾਰ, ਸਿੱਖਿਆ, ਵਿਗਿਆਨ ਅਤੇ ਖੋਜ ਨਾਲ ਜੁੜੇ ਵੱਖ-ਵੱਖ ਖੇਤਰਾਂ ਦੇ ਲੋਕ ਇੰਨੀ ਵੱਡੀ ਗਿਣਤੀ ਵਿੱਚ ਮੌਜੂਦ ਹਨ। ਇਸ ਏਕਤਾ ਨੂੰ 'ਯੁਗਮ' ਕਹਿੰਦੇ ਹਨ।"

# ਪ੍ਰਧਾਨ ਮੰਤਰੀ ਮੋਦੀ ਨੇ ਆਪਣਾ ਰੂਸ ਦੌਰਾ ਕੀਤਾ ਰੱਦ

ਨਵੀਂ ਦਿੱਲੀ : ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣਾ ਰੂਸ ਦਾ ਦੌਰਾ ਰੱਦ ਕਰ ਦਿੱਤਾ ਹੈ। ਉਨ੍ਹਾਂ ਨੂੰ ਮਾਸਕੋ, ਰੂਸ ਵਿਚ ਵਿਜੇ ਦਿਵਸ ਪਰੇਡ (9 ਮਈ) ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਰੂਸੀ ਪੱਖ ਨੂੰ ਪਹਿਲਾਂ ਸੂਚਿਤ ਕੀਤਾ ਗਿਆ ਸੀ ਕਿ ਭਾਰਤ ਦੀ ਨੁਮਾਇੰਦਗੀ ਰੱਖਿਆ ਮੰਤਰੀ ਰਾਜਨਾਥ ਸਿੰਘ ਕਰਨਗੇ।



# ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ



ਅੰਮ੍ਰਿਤਸਰ : ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸ਼ਰਧਾ ਸਤਿਕਾਰ ਸਹਿਤ ਮਨਾਇਆ ਗਿਆ। ਸਵੇਰ ਤੋਂ ਰਾਤ ਤੱਕ ਵੱਡੀ ਗਿਣਤੀ ਵਿਚ ਸੰਗਤਾਂ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਇਸ਼ਨਾਨ ਕਰਨ ਤੇ ਨਤਮਸਤਕ ਹੋਣ ਪੁੱਜੀਆਂ। ਸ਼ਾਮ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਸ਼੍ਰੋਮਣੀ ਕਮੇਟੀ ਤੇ ਸ਼ਰਧਾਲੂਆਂ ਵਲੋਂ ਦੀਪਮਾਲਾ ਕੀਤੀ ਗਈ ਤੇ ਸ੍ਰੀ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਆਤਿਸ਼ਬਾਜ਼ੀ ਚਲਾਈ ਗਈ। ਪ੍ਰਧਾਨ ਧਾਮੀ ਵਲੋਂ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਵਧਾਈ-ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੂਜੇ ਪਾਤਿਸ਼ਾਹ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਪ੍ਰਚੱਲਤ ਕਰਨ ਦੇ ਨਾਲ-ਨਾਲ ਸੰਗਤ ਤੇ ਪੰਗਤ ਦਾ ਸਿਧਾਂਤ ਦਿੱਤਾ, ਜੋ ਮਨੁੱਖਤਾ ਨੂੰ ਬਰਾਬਰੀ ਤੇ ਭਾਈਚਾਰਕ ਏਕਤਾ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਣਾ ਲੈਂਦਿਆਂ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਅਪਣਾਈਏ ਅਤੇ ਗੁਰਮਤਿ ਰਹਿਣੀ ਦੇ ਧਾਰਨੀ ਬਣ ਕੇ ਕੌਮ ਦੀ ਚੜ੍ਹਦੀ ਕਲਾ ਵਾਸਤੇ ਹਿੱਸਾ ਪਾਈਏ।

## ਜਗਮੀਤ ਸਿੰਘ ਨੇ ਬਰਨਬੀ ਸੈਂਟਰਲ ਸੀਟ ਹਾਰਨ ਤੋਂ ਬਾਅਦ NDP ਨੇਤਾ ਵਜੋਂ ਅਸਤੀਫ਼ਾ ਦੇਣ ਦਾ ਕੀਤਾ ਐਲਾਨ

ਬਰਨਬੀ : ਜਗਮੀਤ ਸਿੰਘ ਨੇ ਬਰਨਬੀ ਸੈਂਟਰਲ ਤੋਂ ਆਪਣੀ ਹੀ ਸੀਟ ਤੋਂ ਹਾਰਨ ਤੋਂ ਬਾਅਦ ਐਨਡੀਪੀ ਨੇਤਾ ਵਜੋਂ ਅਸਤੀਫਾ ਦੇਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ।

ਸਿੰਘ ਨੇ ਕਿਹਾ, 'ਬਰਨਬੀ ਸੈਂਟਰਲ ਦੇ ਲੋਕਾਂ ਦੀ ਨੁਮਾਇੰਦਗੀ ਕਰਨਾ ਮੇਰੀ ਜ਼ਿੰਦਗੀ ਦਾ ਸਨਮਾਨ ਰਿਹਾ ਹੈ। ਉਨ੍ਹਾਂ ਨੇ ਸੰਸਦ ਦਾ ਇੱਕ ਨਵਾਂ ਮੈਂਬਰ ਚੁਣਿਆ, ਅਤੇ ਮੈਂ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੰਦਾ ਹਾਂ ਕਿਉਂਕਿ ਉਹ ਇਸ ਭਾਈਚਾਰੇ ਲਈ ਸਖ਼ਤ ਮਿਹਨਤ ਕਰਦੇ ਰਹਿੰਦੇ ਹਨ।'

ਸਪੱਸ਼ਟ ਤੌਰ 'ਤੇ ਮੈਂ ਜਾਣਦਾ ਹਾਂ ਕਿ ਇਹ ਨਿਊ ਡੈਮੋਕਰੇਟਸ ਲਈ ਇੱਕ ਨਿਰਾਸ਼ਾਜਨਕ ਹੈ। ਸਾਡੇ ਕੋਲ ਸੱਚਮੁੱਚ ਚੰਗੇ ਉਮੀਦਵਾਰ ਸਨ ਜੋ ਅੱਜ ਹਾਰ ਗਏ। ਮੈਂ ਜਾਣਦਾ ਹਾਂ ਕਿ



ਤੁਸੀਂ ਕਿੰਨੀ ਮਿਹਨਤ ਕੀਤੀ। ਮੈਂ ਤੁਹਾਡੇ ਨਾਲ ਸਮਾਂ ਬਿਤਾਇਆ, ਤੁਸੀਂ ਸ਼ਾਨਦਾਰ ਹੋ।

ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਨੂੰ ਸੂਚਿਤ ਕੀਤਾ ਸੀ ਕਿ ਇੱਕ ਅੰਤਰਿਮ ਨੇਤਾ ਚੁਣੇ ਜਾਣ ਤੋਂ ਬਾਅਦ ਉਹ ਅਸਤੀਫ਼ਾ ਦੇ ਦੇਣਗੇ।

ਸਿੰਘ ਪਹਿਲੀ ਵਾਰ ਸਾਬਕਾ ਬਰਨਬੀ ਸਾਊਥ ਰਾਈਡਿੰਗ ਵਿੱਚ 2019 ਦੀ ਉਪ-ਚੋਣ ਵਿੱਚ ਸੰਸਦ ਲਈ ਚੁਣੇ ਗਏ ਸਨ। 2021 ਦੀਆਂ ਚੋਣਾਂ ਵਿੱਚ, ਉਹ 40 ਪ੍ਰਤੀਸ਼ਤ ਤੋਂ ਵੱਧ ਵੋਟਾਂ ਨਾਲ ਦੁਬਾਰਾ ਚੁਣੇ ਗਏ ਸਨ, ਜਦੋਂ ਕਿ ਲਿਬਰਲ ਉਪ ਜੇਤੂ ਲਈ ਸਿਰਫ਼ 30 ਪ੍ਰਤੀਸ਼ਤ ਤੋਂ ਵੱਧ ਵੋਟਾਂ ਸਨ।

2025 ਦੀਆਂ ਚੋਣਾਂ ਲਈ ਇਸ ਹਲਕੇ ਨੂੰ ਦੁਬਾਰਾ ਬਣਾਇਆ ਗਿਆ ਅਤੇ ਬਰਨਬੀ ਸੈਂਟਰਲ ਦਾ ਨਾਮ ਦਿੱਤਾ ਗਿਆ, ਜਿਸ ਵਿੱਚ ਤਬਦੀਲੀਆਂ ਨੇ ਜ਼ਿਲ੍ਹੇ ਨੂੰ ਨਿਊ ਡੈਮੋਕਰੇਟਸ ਲਈ ਥੋੜ੍ਹਾ ਘੱਟ ਅਨੁਕੂਲ ਬਣਾ ਦਿੱਤਾ।

# ਕਾਰਨੀ ਦੀ ਕਰਾਮਾਤ

ਲਿਬਰਲ ਪਾਰਟੀ ਦੇ ਨਵੇਂ ਆਗੂ ਮਾਰਕ ਕਾਰਨੀ ਨੇ ਕੈਨੇਡਾ ਦੀਆਂ ਆਮ ਚੋਣਾਂ ਵਿੱਚ ਜ਼ਬਰਦਸਤ ਜਿੱਤ ਦਰਜ ਕਰ ਕੇ ਦੇਸ਼ ਹੀ ਨਹੀਂ ਸਗੋਂ ਕੌਮਾਂਤਰੀ ਪਿੜ ਵਿੱਚ ਵੀ ਜ਼ੋਰਦਾਰ ਦਸਤਕ ਦਿੱਤੀ ਹੈ।



ਲਿਬਰਲ ਪਾਰਟੀ ਨੂੰ 168 ਸੀਟਾਂ ਮਿਲੀਆਂ ਹਨ ਜੋ ਬਹੁਮਤ ਦੇ ਅੰਕੜੇ (172) ਤੋਂ ਚਾਰ ਸੀਟਾਂ ਹੀ ਘੱਟ ਹਨ। ਪਿਛਲੀ ਵਾਰ ਦੀਆਂ ਇਸ ਦੀਆਂ ਸੀਟਾਂ ਨਾਲੋਂ ਤਿੰਨ ਵੱਧ ਹਨ। 343 ਮੈਂਬਰੀ ਹਾਊਸ ਆਫ ਕਾਮਨਜ਼ ਵਿੱਚ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਨੂੰ 144 ਸੀਟਾਂ ਹਾਸਲ ਹੋਈਆਂ ਹਨ; ਇਸ ਦੇ ਆਗੂ ਪੋਲੀਵਰ ਪੀਅਰੇ ਆਪਣੀ ਸੀਟ ਹਾਰ ਗਏ ਹਨ। ਬਲਾਕ ਕਿਊਬੈੱਕ ਨੇ 23 ਅਤੇ ਐਨਡੀਪੀ ਨੇ 7 ਸੀਟਾਂ ਹਾਸਲ ਕੀਤੀਆਂ ਹਨ। ਇਕ ਸੀਟ ਉੱਤੇ ਗਰੀਨ ਪਾਰਟੀ ਦੀ ਜਿੱਤ ਹੋਈ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਜਦੋਂ ਜਸਟਿਨ ਟਰੂਡੋ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ ਤਾਂ ਉਦੋਂ ਹਰ ਕੋਈ ਕਿਆਸ ਲਾ ਰਿਹਾ ਸੀ ਕਿ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਆਮ ਚੋਣਾਂ ਵਿੱਚ ਪਾਰਟੀ ਦੀ ਕਿੰਨੀ ਕੁ ਦੁਰਗਤ ਹੋ ਸਕਦੀ ਹੈ ਪਰ ਟਰੂਡੋ ਦੀ ਥਾਂ ਪਾਰਟੀ ਅਤੇ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ਮਾਰਕ ਕਾਰਨੀ ਨੇ ਅਜਿਹਾ ਕ੍ਰਿਸ਼ਮਾ ਕਰ ਦਿਖਾਇਆ ਜਿਸ ਦੀ ਬਹੁਤੇ ਲੋਕਾਂ ਨੇ ਆਸ ਨਹੀਂ ਕੀਤੀ ਸੀ। ਕੈਨੇਡਾ ਦੀਆਂ ਚੋਣਾਂ ਵਿੱਚ ਦੋ ਪ੍ਰਮੁੱਖ ਮੁੱਦੇ ਸਨ- ਟਰੰਪ ਅਤੇ ਅਰਥਚਾਰਾ। ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਨੂੰ ਆਪਣਾ 51ਵਾਂ ਸੂਬਾ ਬਣਾਉਣ ਦੀਆਂ ਰੀਝਾਂ ਪਾਲੀਆਂ ਜਾ ਰਹੀਆਂ ਸਨ ਅਤੇ ਫਿਰ ਕੈਨੇਡਾ 'ਤੇ ਕਰੀਬ 60 ਅਰਬ ਕੈਨੇਡੀਅਨ ਡਾਲਰ ਦੇ ਟੈਰਿਫ ਲਗਾ ਦਿੱਤੇ ਸਨ ਜਿਸ ਕਰ ਕੇ ਕੈਨੇਡਾ ਦੇ ਲੋਕਾਂ ਵਿੱਚ ਟਰੰਪ ਪ੍ਰਤੀ ਤਿੱਖਾ ਰੋਹ ਪੈਦਾ ਹੋ ਗਿਆ ਸੀ। ਜਨਵਰੀ ਮਹੀਨੇ ਲਿਬਰਲ ਪਾਰਟੀ ਦੀ ਲੋਕਪ੍ਰਿਅਤਾ 20 ਫ਼ੀਸਦੀ ਤੱਕ ਡਿੱਗ ਪਈ ਸੀ ਅਤੇ ਹੁਣ ਚੋਣਾਂ ਵਿੱਚ ਇਸ ਨੇ 43.5 ਫ਼ੀਸਦੀ ਵੋਟਾਂ ਹਾਸਿਲ ਕੀਤੀਆਂ ਹਨ। ਟਰੂਡੋ ਦੀ ਥਾਂ ਕਾਰਨੀ ਵੱਲੋਂ ਵਾਗਡੋਰ ਸੰਭਾਲਣ ਤੋਂ ਕੁਝ ਹਫ਼ਤਿਆਂ ਵਿੱਚ ਹੀ ਇਹ ਕ੍ਰਿਸ਼ਮਾ ਕਰ ਕੇ ਦਿਖਾ ਦਿੱਤਾ ਹੈ। ਕੈਨੇਡਾ ਦਾ ਅਰਥਚਾਰਾ ਦਿੱਕਤਾਂ ਵਿੱਚ ਘਿਰਿਆ ਹੋਇਆ ਹੈ। ਮਾਰਕ ਕਾਰਨੀ ਬੈਂਕ ਆਫ ਇੰਗਲੈਂਡ ਅਤੇ ਬੈਂਕ ਆਫ ਕੈਨੇਡਾ ਦੇ ਗਵਰਨਰ ਰਹਿ ਚੁੱਕੇ ਹਨ ਜਿਸ ਕਰ ਕੇ ਲੋਕਾਂ ਨੂੰ ਉਮੀਦ ਹੈ ਕਿ ਉਹ ਦੇਸ਼ ਦੇ ਅਰਥਚਾਰੇ ਨੂੰ ਸੰਕਟ 'ਚੋਂ ਕੱਢਣ ਲਈ ਸਭ ਤੋਂ ਢੁੱਕਵੀਂ ਚੋਣ ਹਨ। ਇਸ ਸਾਲ ਜੀ7 ਦੀ ਪ੍ਰਧਾਨਗੀ ਕੈਨੇਡਾ ਕੋਲ ਆ ਰਹੀ ਹੈ ਅਤੇ ਅਗਲੇ ਮਹੀਨੇ ਅਲਬਰਟਾ ਵਿੱਚ ਹੋਣ ਵਾਲੇ ਸਿਖ਼ਰ ਸੰਮੇਲਨ ਵਿੱਚ ਉਹ ਟਰੰਪ ਨੂੰ ਮਿਲ ਸਕਦੇ ਹਨ।

ਟਰੂਡੋ ਸਰਕਾਰ ਵੇਲੇ ਭਾਰਤ ਨਾਲ ਵੀ ਕੈਨੇਡਾ ਦੇ ਸਬੰਧਾਂ ਵਿੱਚ ਤਣਾਅ ਆ ਗਿਆ ਸੀ ਅਤੇ ਕਾਰਨੀ ਕੋਲ ਦੁਵੱਲੇ ਸਬੰਧਾਂ ਨੂੰ ਮੁੜ ਲੀਹ 'ਤੇ ਲਿਆਉਣ ਦਾ ਮੌਕਾ ਹੋਵੇਗਾ। ਉਨ੍ਹਾਂ ਚੋਣਾਂ ਵਿੱਚ ਮਜ਼ਬੂਤ ਕੈਨੇਡਾ ਤੇ ਆਜ਼ਾਦ ਕੈਨੇਡਾ ਦੇ ਨਾਅਰੇ 'ਤੇ ਜ਼ੋਰ ਦਿੱਤਾ ਸੀ ਜੋ ਉਨ੍ਹਾਂ ਦੇ ਘਰੋਗੀ ਸਥਿਰਤਾ ਅਤੇ ਕੌਮਾਂਤਰੀ ਸਬੰਧਾਂ ਦੀ ਬਹਾਲੀ ਦੀ ਖ਼ਾਹਿਸ਼ ਨੂੰ ਦਰਸਾਉਂਦਾ ਹੈ। ਕੈਨੇਡਾ ਵਿੱਚ ਲੱਖਾਂ ਭਾਰਤੀ ਵਿਦਿਆਰਥੀ ਅਤੇ ਹੋਰ ਲੋਕ ਰਹਿ ਰਹੇ ਹਨ ਅਤੇ ਹਾਲੀਆ ਸਾਲਾਂ ਵਿੱਚ ਉਨ੍ਹਾਂ ਅੰਦਰ ਵੀਜ਼ੇ ਅਤੇ ਕੰਮ ਨੂੰ ਲੈ ਕੇ ਬੇਯਕੀਨੀ ਵਧੀ ਹੈ। ਬਿਨਾਂ ਸ਼ੱਕ, ਕਾਰਨੀ ਦਾ ਮੁੱਖ ਜ਼ੋਰ ਕੈਨੇਡਾ ਦੇ ਅਰਥਚਾਰੇ ਨੂੰ ਹੁਲਾਰਾ ਦੇਣ 'ਤੇ ਕੇਂਦਰਿਤ ਰਹੇਗਾ ਪਰ ਇਸ ਦੇ ਨਾਲ ਹੀ ਉਹ ਕੌਮਾਂਤਰੀ ਸਬੰਧਾਂ ਵਿੱਚ ਵੀ ਅਸਰਦਾਰ ਭੂਮਿਕਾ ਨਿਭਾਉਣ ਦੇ ਇੱਛਕ ਜਾਪ ਰਹੇ ਹਨ।

# ਰਾਹੁਲ ਵੱਲੋਂ ਸ਼ੁਭਮ ਦਿਵੇਦੀ ਦੇ ਪਰਿਵਾਰ ਨਾਲ ਮੁਲਾਕਾਤ

## ਕਾਂਗਰਸੀ ਸੰਸਦ ਮੈਂਬਰ ਨੇ ਘਟਨਾ ਦੇ ਮੱਦੇਨਜ਼ਰ ਸੰਸਦ ਦਾ ਵਿਸ਼ੇਸ਼ ਸ਼ੈਸਨ ਸੱਦਣ ਦੀ ਮੰਗ; ਲੋਕ ਸਭਾ ਚੋਣਾਂ ਮਗਰੋਂ ਪਹਿਲੀ ਵਾਰ ਅਮੇਠੀ ਪਹੁੰਚੇ

ਕਾਨਪੁਰ/ਅਮੇਠੀ : ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸੀ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਦਹਿਸ਼ਤੀ ਹਮਲੇ 'ਚ ਮਾਰੇ ਗਏ ਕਾਨਪੁਰ ਵਾਸੀ ਸ਼ੁਭਮ ਦਿਵੇਦੀ ਦੇ ਪਰਿਵਾਰ ਨਾਲ ਅੱਜ ਮੁਲਾਕਾਤ ਕੀਤੀ ਤੇ ਕਿਹਾ ਕਿ ਇਸ ਘਟਨਾ ਦੇ ਮੱਦੇਨਜ਼ਰ ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਣਾ ਚਾਹੀਦਾ ਹੈ। ਹਮਲੇ 'ਚ 26 ਵਿਅਕਤੀ ਮਾਰੇ ਗਏ ਸਨ। ਰਾਹੁਲ ਨੇ ਐਕਸ 'ਤੇ ਪੋਸਟ 'ਚ ਕਿਹਾ, "ਪਹਿਲਗਾਮ ਦਹਿਸ਼ਤੀ ਹਮਲੇ 'ਚ ਜਾਨ ਗੁਆਉਣ ਵਾਲੇ ਸ਼ੁਭਮ ਦਿਵੇਦੀ ਦੇ ਪਰਿਵਾਰ ਨਾਲ ਅੱਜ ਮੁਲਾਕਾਤ ਕਰਕੇ ਉਨ੍ਹਾਂ ਨੂੰ ਢਾਰਸ ਦਿੱਤੀ।" ਕਾਂਗਰਸੀ ਆਗੂ ਨੇ ਕਿਹਾ, "ਇਸ ਦੁੱਖ ਦੀ ਘੜੀ 'ਚ ਪੂਰਾ ਮੁਲਕ ਉਨ੍ਹਾਂ ਦੇ ਨਾਲ ਖੜ੍ਹਾ ਹੈ। ਦਹਿਸ਼ਤਗਰਦਾਂ ਖ਼ਿਲਾਫ਼ ਠੋਸ ਕਾਰਵਾਈ ਹੋਣੀ ਚਾਹੀਦੀ ਹੈ ਤੇ ਪੀੜਤਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ। ਇਸੇ ਮਕਸਦ ਨਾਲ ਸਾਰੀ ਵਿਰੋਧੀ



ਧਿਰ ਨੇ ਸਰਕਾਰ ਨੂੰ ਪੂਰਾ ਸਮਰਥਨ ਦਿੱਤਾ ਹੈ ਤੇ ਸੰਸਦ ਦਾ ਵਿਸ਼ੇਸ਼ ਸ਼ੈਸਨ ਸੱਦਣ ਦੀ ਮੰਗ ਕੀਤੀ ਹੈ।" ਇਸ ਤੋਂ ਪਹਿਲਾਂ ਰਾਹੁਲ ਗਾਂਧੀ ਲੋਕ ਸਭਾ ਚੋਣਾਂ ਮਗਰੋਂ ਅੱਜ ਪਹਿਲੀ ਵਾਰ ਅਮੇਠੀ ਪਹੁੰਚੇ ਤੇ ਮੁਨਸ਼ੀਗੰਜ 'ਚ ਅਸਲਾ (ਆਰਡਨੈਂਸ) ਕਾਰਖਾਨੇ ਦਾ ਨਿਰੀਖਣ ਕੀਤਾ। ਰਾਹੁਲ ਨੇ 2007 'ਚ ਯੂਪੀਏ ਸਰਕਾਰ ਦੌਰਾਨ ਇਸ ਦਾ ਕਾਰਖਾਨੇ ਦਾ ਨੀਂਹ ਪੱਥਰ ਰੱਖਿਆ ਸੀ। ਉਨ੍ਹਾਂ ਨੇ ਇਸੇ ਕੰਪਲੈਕਸ 'ਚ ਇੰਡੋ-ਏਸ਼ੀਅਨ ਰਾਈਫਲਸ ਪ੍ਰਾਈਵੇਟ ਲਿਮਟਿਡ ਦੀ ਯੂਨਿਟ, ਜਿਸ ਦਾ ਉਦਘਾਟਨ 2019 'ਚ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਸੀ, ਦਾ ਨਿਰੀਖਣ ਵੀ ਕੀਤਾ।

# ਪੰਜਾਬੀ ਭਾਈਚਾਰੇ ਨੇ ਰਚਿਆ ਇਤਿਹਾਸ

# ਕੈਨੇਡਾ ਸੰਸਦੀ ਚੋਣਾਂ 'ਚ 22 ਪੰਜਾਬੀਆਂ ਨੇ ਗੱਡਿਆ ਜਿੱਤ ਦਾ ਝੰਡਾ

ਟੋਰਾਂਟੋ : ਕੈਨੇਡਾ ਵਿੱਚ ਹਾਲ ਹੀ ਵਿੱਚ ਹੋਈਆਂ ਫ਼ੈਡਰਲ ਚੋਣਾਂ ਵਿੱਚ ਪੰਜਾਬੀਆਂ ਨੇ ਇਤਿਹਾਸ ਰਚਿਆ ਹੈ। ਇਸ ਵਾਰ ਕੁੱਲ 22 ਪੰਜਾਬੀ ਉਮੀਦਵਾਰ ਸੰਸਦ ਲਈ ਚੁਣੇ ਗਏ ਜੋ ਕਿ ਹੁਣ ਤੱਕ ਦਾ ਰਿਕਾਰਡਤੋੜ ਅੰਕੜਾ ਹੈ। ਇਹ ਪ੍ਰਾਪਤੀ ਨਾ ਸਿਰਫ਼ ਪੰਜਾਬੀ ਭਾਈਚਾਰੇ ਦੇ ਵਧ ਰਹੇ ਰਾਜਨੀਤਿਕ ਪ੍ਰਭਾਵ ਨੂੰ ਦਰਸਾਉਂਦੀ ਹੈ ਬਲਕਿ ਕੈਨੇਡਾ ਦੀ ਵਿਭਿੰਨਤਾ ਅਤੇ ਸਮਾਵੇਸ਼ੀ ਰਾਜਨੀਤੀ ਦਾ ਵੀ ਪ੍ਰਤੀਕ ਹੈ। ਇਸ ਵਾਰ ਹਾਊਸ ਆਫ਼ ਕਾਮਨਜ਼ (ਸੰਸਦ) ਲਈ 22 ਪੰਜਾਬੀ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਇਸ ਤੋਂ ਪਹਿਲਾਂ 2021 ਵਿੱਚ, 18 ਪੰਜਾਬੀ ਉਮੀਦਵਾਰ ਸੰਸਦ ਵਿੱਚ ਪਹੁੰਚੇ ਸਨ, ਜਦੋਂ ਕਿ 2019 ਵਿੱਚ 20 ਉਮੀਦਵਾਰ ਚੁਣੇ ਗਏ ਸਨ। ਇਸ ਵਾਰ ਕੁੱਲ 65 ਪੰਜਾਬੀ ਉਮੀਦਵਾਰ ਚੋਣ ਮੈਦਾਨ ਵਿੱਚ ਸਨ।

**ਬ੍ਰੈਂਪਟਨ ਵਿੱਚ 5 ਵਿੱਚੋਂ 5 ਸੀਟਾਂ 'ਤੇ ਪੰਜਾਬੀ ਜਿੱਤੇ**

ਸੁਖਦੀਪ ਕੰਗ (ਕੰਜ਼ਰਵੇਟਿਵ) ਨੇ ਬਰੈਂਪਟਨ ਸਾਊਥ ਤੋਂ ਸੋਨੀਆ ਸਿੱਧੂ (ਲਿਬਰਲ) ਨੂੰ ਹਰਾਇਆ, ਅਮਰਜੀਤ ਗਿੱਲ (ਕੰਜ਼ਰਵੇਟਿਵ) ਨੇ ਬਰੈਂਪਟਨ ਵੈਸਟ ਤੋਂ ਮੌਜੂਦਾ ਮੰਤਰੀ ਕਮਲ ਖੇੜਾ ਨੂੰ ਹਰਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ, ਰੂਬੀ ਸਹੋਤਾ (ਲਿਬਰਲ) ਨੇ ਬ੍ਰੈਂਪਟਨ ਨੌਰਥ ਤੋਂ ਅਮਨਦੀਪ ਜੱਜ (ਕੰਜ਼ਰਵੇਟਿਵ) ਨੂੰ ਹਰਾਇਆ, ਮਨਿੰਦਰ ਸਿੱਧੂ (ਲਿਬਰਲ) ਨੇ ਬ੍ਰੈਂਪਟਨ ਈਸਟ ਤੋਂ ਬੌਬ ਦੋਸਾਂਝ (ਕੰਜ਼ਰਵੇਟਿਵ) ਨੂੰ ਹਰਾਇਆ, ਅਮਨਦੀਪ ਸੋਹੀ (ਲਿਬਰਲ) ਨੇ ਬ੍ਰੈਂਪਟਨ ਸੈਂਟਰਲ ਤੋਂ ਤਰਨ ਚਾਹਲ ਨੂੰ ਹਰਾਇਆ।

**ਲਿਬਰਲ ਪਾਰਟੀ ਤੋਂ ਮੁੱਖ ਪੰਜਾਬੀ ਜੇਤੂ**

ਇਕਵਿੰਦਰ ਸਿੰਘ ਗਹਿਰ - ਮਿਸੀਸਾਗਾ-ਮਾਲਟਨ, ਰਣਦੀਪ ਸਰੀ - ਸਰੀ-ਸੈਂਟਰਲ, ਗੁਰਬੈਕਸ ਸੈਣੀ - ਫਲੀਟਵੁੱਡ-ਪੋਰਟ ਕੈਲਸ, ਪਰਮ ਬੈਂਸ - ਰਿਚਮੰਡ ਈਸਟ-ਸਟੀਵਨਸਟਨ, ਅਨੀਤਾ ਆਨੰਦ - ਓਕਵਿਲ ਈਸਟ, ਬਰਦੀਸ਼ ਚੱਗਰ - ਵਾਟਰਲੂ, ਅੰਜੂ ਢਿੱਲੋਂ - ਡੋਰਵਲ-ਲਾਚੀਨ, ਸੁਖ ਧਾਲੀਵਾਲ - ਸਰੀ-ਨਿਊਟਨ, ਕੰਜ਼ਰਵੇਟਿਵ ਪਾਰਟੀ ਤੋਂ ਮੁੱਖ ਪੰਜਾਬੀ ਜੇਤੂ, ਜਸਰਾਜ ਹਾਲਨ - ਕੈਲਗਰੀ ਈਸਟ, ਦਲਵਿੰਦਰ ਗਿੱਲ - ਕੈਲਗਰੀ ਮੈਕਨਾਈਟ, ਅਮਨਪ੍ਰੀਤ ਗਿੱਲ - ਕੈਲਗਰੀ ਸਕਾਈਵਿਊ, ਅਰਪਨ ਖੰਨਾ - ਆਕਸਫੋਰਡ,

ਟਿਮ ਉੱਪਲ - ਐਡਮਿੰਟਨ ਗੇਟਵੇ, ਪਰਮ ਗਿੱਲ - ਮਿਲਟਨ ਈਸਟ, ਸੁਖਮਨ ਗਿੱਲ - ਐਬਟਸਫੋਰਡ ਸਾਊਥ-ਲੈਂਗਲੀ, ਜਗਸ਼ਰਨ ਸਿੰਘ ਮਾਹਲ - ਐਡਮਿੰਟਨ ਸਾਊਥਈਸਟ, ਹਰਬ ਗਿੱਲ - ਵਿੰਡਸਰ ਵੈਸਟ। ਇਸ ਚੋਣ ਵਿੱਚ ਐਨਡੀਪੀ ਮੁਖੀ ਜਗਮੀਤ ਸਿੰਘ ਨੂੰ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ। ਉਹ ਆਪਣੀ ਬਰਨਬੀ ਸੈਂਟਰਲ ਸੀਟ ਤੋਂ ਤੀਜੇ ਸਥਾਨ 'ਤੇ ਰਹੇ। ਹਾਰ ਤੋਂ ਬਾਅਦ ਉਨ੍ਹਾਂ ਨੇ ਐਨਡੀਪੀ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਇਸ ਤੋਂ ਇਲਾਵਾ ਸਿਹਤ ਮੰਤਰੀ ਕਮਲ ਖੇੜਾ ਨੂੰ ਵੀ ਬਰੈਂਪਟਨ ਵੈਸਟ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ, ਉਨ੍ਹਾਂ ਨੂੰ ਕੰਜ਼ਰਵੇਟਿਵ ਉਮੀਦਵਾਰ ਅਮਰਜੀਤ ਗਿੱਲ ਨੇ ਹਰਾਇਆ।



ਅਨੀਤਾ ਆਨੰਦ | ਬਰਦੀਸ਼ ਚੱਗਰ | ਅੰਜੂ ਢਿੱਲੋਂ | ਸੁਖਦੀਪ ਕੰਗ | ਰੂਬੀ ਸਹੋਤਾ | ਅਮਨਦੀਪ ਕੌਰ ਸੋਢੀ | ਮਨਿੰਦਰ ਸਿੱਧੂ



ਹਰਬ ਗਿੱਲ | ਅਰਪਨ ਖੰਨਾ | ਪਰਮ ਗਿੱਲ | ਇਕਵਿੰਦਰ ਸਿੰਘ ਗਹੀਰ | ਗੁਰਬਖਸ਼ ਸਿੰਘ ਸੈਣੀ | ਸੁਖਮਨ ਸਿੰਘ ਗਿੱਲ | ਰਣਦੀਪ ਸਿੰਘ ਸਰਾਏ



ਸੁੱਖ ਧਾਲੀਵਾਲ | ਪਰਮ ਬੈਂਸ | ਜਸਰਾਜ ਸਿੰਘ ਹੱਲਣ | ਅਮਨਪ੍ਰੀਤ ਸਿੰਘ ਗਿੱਲ | ਦਲਵਿੰਦਰ ਗਿੱਲ | ਟਿਪ ਉਪਲ | ਜਗਸ਼ਰਨ ਸਿੰਘ ਮਾਹਲ | ਅਮਰਜੀਤ ਗਿੱਲ

## ਕੈਨੇਡਾ ਚੋਣਾਂ ਜਿੱਤਣ ਵਾਲੇ 22 ਪੰਜਾਬੀਆਂ 'ਚੋਂ 3 ਜਗਰਾਓਂ ਤੇ ਰਾਏਕੋਟ ਤੋਂ

### ਛੇਵੀਂ ਵਾਰ ਐਮਪੀ ਬਣੇ ਸੁੱਖ ਧਾਲੀਵਾਲ ਦੇ ਪਿੰਡ ਵਿਆਹ ਵਰਗਾ ਮਾਹੌਲ



ਜਗਰਾਓਂ : ਕੈਨੇਡਾ 'ਚ ਫੈਡਰਲ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੇ 22 ਪੰਜਾਬੀ ਹਨ। ਇਨ੍ਹਾਂ 22 ਪੰਜਾਬੀਆਂ 'ਚੋਂ 3 ਜਗਰਾਓਂ ਅਤੇ ਰਾਏਕੋਟ ਇਲਾਕੇ ਦੇ ਮੈਂਬਰ ਪਾਰਲੀਮੈਂਟ ਬਣੇ ਹਨ। ਇਨ੍ਹਾਂ ਦੀ ਸ਼ਾਨਦਾਰ ਜਿੱਤ 'ਤੇ ਜਗਰਾਓਂ ਅਤੇ ਰਾਏਕੋਟ ਦੇ ਤਿੰਨੇ ਪਿੰਡਾਂ ਵਿਚ ਵਿਆਹ ਵਰਗਾ ਮਾਹੌਲ ਹੈ। ਜਗਰਾਓਂ ਦੇ ਪਿੰਡ ਸੂਜਾਪੁਰ ਦੇ ਜੰਮਪਲ ਸੁੱਖ ਧਾਲੀਵਾਲ ਜੋ ਕੈਨੇਡਾ ਦੇ ਨਿਊਟਨ-ਨਾਰਥ ਤੋਂ 6ਵੀਂ ਵਾਰ ਮੈਂਬਰ ਪਾਰਲੀਮੈਂਟ ਬਣੇ ਹਨ। ਇਸੇ ਤਰ੍ਹਾਂ ਸਿੱਧਵਾਂ ਬੇਟ ਦੇ ਸੋਨੀਆ ਸਿੱਧੂ ਅਤੇ ਰਾਏਕੋਟ ਦੇ ਪਿੰਡ ਬੱਸੀਆਂ ਤੋਂ ਟਿਮ ਉਪਲ ਮੈਂਬਰ ਪਾਰਲੀਮੈਂਟ ਚੋਣ ਜਿੱਤੇ ਹਨ। ਸੂਜਾਪੁਰ 'ਚ ਸੁੱਖ ਧਾਲੀਵਾਲ ਦੀ ਸ਼ਾਨਦਾਰ ਜਿੱਤ ਦੇ ਐਲਾਨ ਦੇ ਨਾਲ ਹੀ ਪੂਰਾ ਪਿੰਡ ਜਸ਼ਨ 'ਚ ਖੁਸ਼ੀ ਨਾਲ ਝੂਮ ਉਠਿਆ। ਉਨ੍ਹਾਂ ਦੇ ਬਚਪਨ ਦੇ ਜਿਗਰੀ ਯਾਰ ਸ਼ ?ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਜਿੱਤ ਦੀ ਖ਼ਬਰ ਦੇ ਨਾਲ ਹੀ ਲੱਡੂ ਲੈ ਕੇ ਪਿੰਡ ਪਹੁੰਚੇ।

ਇਸ ਮੌਕੇ ਭਾਈ ਗਰੇਵਾਲ ਸੁੱਖ ਧਾਲੀਵਾਲ ਨਾਲ ਬਚਪਨ ਦੀਆਂ ਯਾਦਾਂ ਦੀ ਸਾਂਝ ਪਾਉਂਦੇ ਭਾਵੁਕ ਵੀ ਹੋਏ। ਉਨ੍ਹਾਂ ਕਿਹਾ ਕਿ ਸੁੱਖ ਧਾਲੀਵਾਲ 'ਤੇ ਪਿੰਡ ਹੀ ਨਹੀਂ ਪੂਰੇ ਪੰਜਾਬ ਨੂੰ ਮਾਣ ਹੈ। ਸੁੱਖ ਧਾਲੀਵਾਲ ਦੇ ਚਚੇਰੇ ਤੇ ਵੱਡੇ ਭਰਾ ਜਰਨੈਲ ਸਿੰਘ ਨੇ ਸੁੱਖ ਧਾਲੀਵਾਲ ਦੀ ਜਿੱਤ 'ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਸੁੱਖ ਨੇ ਪੰਜਾਬ ਦੇ ਪਿੰਡ ਸੂਜਾਪੁਰ ਦਾ ਨਾਮ ਦੇਸ਼ ਦੁਨੀਆ ਵਿਚ ਉੱਚਾ ਕੀਤਾ ਹੈ। ਖੁਸ਼ੀ ਦੀ ਗੱਲ ਹੈ ਕਿ ਪਿੰਡ ਵਾਂਗ ਹੀ ਉਸ ਨੇ ਕੈਨੇਡਾ ਵਿਚ ਵੀ ਆਪਣੀਆਂ ਵਿਸ਼ੇਸ਼ਤਾਵਾਂ ਆਪਸੀ ਭਾਈਚਾਰਕ ਸਾਂਝ, ਚੰਗਾ ਮਿਲਵਰਤਨ ਸਦਕਾ ਇੱਕ ਵੱਖਰਾ ਮੁਕਾਮ ਹਾਸਲ ਕੀਤਾ ਹੈ। ਪਿੰਡ ਸੂਜਾਪੁਰ ਦੇ ਜੰਮਪਲ ਸੁਖਮੰਦਰ ਸਿੰਘ ਰੋਜ਼ੀ ਰੋਟੀ ਦੀ ਭਾਲ 'ਚ 1984 'ਚ ਕੈਨੇਡਾ ਚਲੇ ਗਏ ਸਨ ਤੇ 1987 'ਚ ਪੱਕੇ ਤੌਰ 'ਤੇ ਕੈਨੇਡੀਅਨ ਹੋ ਕੇ ਕੈਨੇਡਾ ਦੇ ਫੈਡਰਲ ਢਾਂਚੇ ਦੀ ਸਿਆਸਤ ਵਿਚ ਸਰਗਰਮ ਹੋ ਗਏ ਸਨ। ਉਹ ਚਾਹੇ ਪਹਿਲੀ ਵਾਰ ਮਿਊਂਸੀਪਲ ਚੋਣ ਲੜਦੇ ਹਾਰ ਗਏ ਸਨ ਪਰ 6 ਵਾਰ ਮੈਂਬਰ ਪਾਰਲੀਮੈਂਟ ਦੀ ਚੋਣ ਜਿੱਤ ਕੇ ਇਤਿਹਾਸ ਰਚਿਆ ਹੈ। ਰਾਏਕੋਟ ਦੇ ਪਿੰਡ ਬੱਸੀਆਂ ਦੇ ਟਿਮ ਉਪਲ ਦੀ ਚੋਣ ਜਿੱਤਣ ਦੀ ਖੁਸ਼ੀ ਪੂਰੇ ਪਿੰਡ ਵਿਚ ਦੇਖਣ ਨੂੰ ਮਿਲੀ। ਪਰਿਵਾਰਕ ਮੈਂਬਰਾਂ ਨੇ ਸ਼ਾਮਾਂ ਪੈਂਦਿਆਂ ਹੀ ਇਕੱਠਿਆਂ ਹੋ ਕੇ ਪਿੰਡ ਨਾਲ ਖੁਸ਼ੀ ਸਾਂਝੀ ਕੀਤੀ। ਸਿੱਧਵਾਂ ਬੇਟ ਤੋਂ ਸੋਨੀਆ ਸਿੱਧੂ ਦੇ ਮੈਂਬਰ ਪਾਰਲੀਮੈਂਟ ਬਣਨ 'ਤੇ ਪਰਿਵਾਰਕ ਮੈਂਬਰਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਪੂਰੇ ਪਿੰਡ ਵਿਚ ਸੋਨੀਆ ਸਿੱਧੂ ਦੀ ਜਿੱਤ ਦੇ ਚਰਚੇ ਹਨ।

## ਕੈਨੇਡਾ 'ਚ ਬਣੀ ਰਹੇਗੀ ਲਿਬਰਲ ਪਾਰਟੀ ਦੀ ਸਰਕਾਰ, ਮਾਰਕ ਕਾਰਨੀ ਹੋਣਗੇ ਪ੍ਰਧਾਨ ਮੰਤਰੀ

### • ਕੰਜ਼ਰਵੇਟਿਵ ਆਗੂ ਪੋਲੀਐਵ ਵੀ ਆਪਣੀ ਸੀਟ ਹਾਰੇ • ਹਾਰ ਮਗਰੋਂ ਜਗਮੀਤ ਸਿੰਘ ਨੇ ਦਿੱਤਾ ਅਸਤੀਫ਼ਾ



ਟੋਰਾਂਟੋ : ਕੈਨੇਡਾ 'ਚ ਸੰਸਦੀ ਚੋਣਾਂ ਲਈ ਸਾਰੇ 343 ਹਲਕਿਆਂ 'ਚ ਲੋਕਾਂ ਨੇ ਵੋਟਾਂ ਪਾਈਆਂ ਤੇ ਨਤੀਜਿਆਂ ਦੇ ਐਲਾਨ ਮਗਰੋਂ ਸੱਤਾਧਾਰੀ ਲਿਬਰਲ ਪਾਰਟੀ ਦੀ ਸਭ ਤੋਂ ਵੱਧ ਸੀਟਾਂ 'ਤੇ ਜਿੱਤ ਹੋਈ ਹੈ, ਜਿਸ ਤੋਂ ਬਾਅਦ ਮਾਰਕ ਕਾਰਨੀ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਹੋਣਗੇ। ਜਿੱਤ ਮਗਰੋਂ ਮਾਰਕ ਕਾਰਨੀ ਨੇ ਆਖਿਆ ਕਿ ਉਹ ਦੇਸ਼ ਦੀ ਮਜ਼ਬੂਤੀ ਲਈ ਸਾਰੇ ਲੋਕਾਂ ਲਈ ਕੰਮ ਕਰਨਗੇ। ਲਿਬਰਲ ਪਾਰਟੀ 2015 ਤੋਂ ਕੈਨੇਡਾ 'ਚ ਸਰਕਾਰ ਚਲਾ ਰਹੀ ਹੈ ਜਦਕਿ 2019, 2021 'ਚ ਸਰਕਾਰ ਘੱਟ ਗਿਣਤੀ 'ਚ ਰਹਿ ਗਈ ਸੀ ਤੇ ਹੁਣ 2025 'ਚ ਇਕ ਵਾਰ ਫਿਰ ਘੱਟ-ਗਿਣਤੀ ਦੀ ਸਰਕਾਰ ਹੀ ਬਣੇਗੀ। ਵੋਟਾਂ ਪਵਾਉਣ ਤੇ ਗਿਣਤੀ ਵਾਸਤੇ ਮਸ਼ੀਨਾਂ ਦੀ ਵਰਤੋਂ ਨਹੀਂ ਕੀਤੀ ਗਈ, ਜਿਸ ਕਰਕੇ ਨਤੀਜੇ ਸਪੱਸ਼ਟ ਹੋਣ ਨੂੰ ਲੰਬਾ ਸਮਾਂ ਲੱਗਾ। ਹੁਣ ਤੱਕ ਲਿਬਰਲ ਪਾਰਟੀ ਨੂੰ 168 ਸੀਟਾਂ ਮਿਲੀਆਂ ਹਨ। 144 ਸੀਟਾਂ ਨਾਲ ਕੰਜ਼ਰਵੇਟਿਵ ਪਾਰਟੀ ਪਹਿਲਾਂ ਵਾਂਗ ਵਿਰੋਧੀ ਧਿਰ 'ਚ ਰਹੇਗੀ। ਬਹੁਮਤ ਲਈ 172 ਸੀਟਾਂ ਦਾ ਅੰਕੜਾ ਲੋੜੀਂਦਾ ਹੈ। 2021 ਦੀਆਂ ਚੋਣਾਂ ਨਾਲੋਂ ਲਿਬਰਲ ਤੇ ਕੰਜ਼ਰਵੇਟਿਵ ਪਾਰਟੀ ਨੇ ਆਪਣੀਆਂ

ਸੀਟਾਂ 'ਚ ਵਾਧਾ ਕੀਤਾ ਹੈ ਜਦਕਿ ਬਲਾਕ ਕਿਊਬਕ ਤੇ ਨਿਊ ਡੈਮੋਕਰੇਟਿਕ ਪਾਰਟੀ (ਐਨ. ਡੀ. ਪੀ.) ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉੱਘੇ ਅਰਥਸ਼ਾਸਤਰੀ ਮੰਨੇ ਜਾਂਦੇ ਮਾਰਕ ਕਾਰਨੀ (60) ਬੈਂਕ ਆਫ ਕੈਨੇਡਾ ਤੇ ਬੈਂਕ ਆਫ ਇੰਗਲੈਂਡ ਦੇ ਗਵਰਨਰ ਰਹਿ ਚੁੱਕੇ ਹਨ। ਉਨ੍ਹਾਂ ਜੀਵਨ 'ਚ ਪਹਿਲੀ ਚੋਣ ਲੜੀ ਤੇ ਰਾਜਧਾਨੀ ਓਟਾਵਾ ਨੇੜੇ ਆਪਣੇ ਹਲਕੇ ਨਿਪੀਅਨ ਤੋਂ 15000 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ। ਜਿੱਤ ਦਾ ਐਲਾਨ ਹੋਣ ਮਗਰੋਂ ਵਧਾਈ ਦੇਣ ਵਾਲੇ ਵਿਦੇਸ਼ੀ ਆਗੂਆਂ 'ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸ਼ਾਮਿਲ ਹਨ। ਕਾਰਲਟਨ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਐਵ ਲਿਬਰਲ ਉਮੀਦਵਾਰ ਬਰੂਸ ਫੰਜੋਈ ਤੋਂ ਪੱਛੜੇ ਰਹੇ। ਕੰਜਰਵੇਟਿਵ ਪਾਰਟੀ ਨੇ 2021 ਦੇ ਮੁਕਾਬਲੇ ਸੀਟਾਂ ਭਾਵੇਂ ਵੱਧ ਜਿੱਤੀਆਂ ਹਨ, ਪਰ ਬੀਤੇ 20 ਕੁ ਸਾਲਾਂ ਤੋਂ ਲਗਾਤਾਰ ਸੰਸਦ ਮੈਂਬਰ ਰਹੇ ਪੋਲੀਐਵ ਦੀ ਸੀਟ ਦਾ ਖੁੱਸਣਾ ਪਾਰਟੀ ਦਾ ਵੱਡਾ ਨੁਕਸਾਨ ਸਮਝਿਆ ਜਾ ਰਿਹਾ ਹੈ। ਇਸ ਵਾਰ ਐਨ.ਡੀ.ਪੀ. ਦੀ ਸਭ ਤੋਂ ਵੱਧ ਨਮੋਸ਼ੀਜਨਕ ਹਾਰ ਹੋਈ ਹੈ ਤੇ ਪਾਰਟੀ ਦੇ ਆਗੂ ਜਗਮੀਤ ਸਿੰਘ ਬਰਨਬੀ ਸੈਂਟਰਲ ਦੀ ਆਪਣੀ ਸੀਟ ਵੀ ਹਾਰ ਗਏ ਹਨ। 2021 'ਚ ਇਸ ਪਾਰਟੀ ਨੇ 25 ਸੀਟਾਂ ਜਿੱਤੀਆਂ ਸਨ ਤੇ ਲਿਬਰਲ ਪਾਰਟੀ ਨੂੰ ਸਮਰਥਨ ਦੇ ਕੇ ਦੇਸ਼ 'ਚ ਘੱਟ-ਗਿਣਤੀ ਸਰਕਾਰ ਨੂੰ ਹੋਂਦ 'ਚ ਰੱਖਣ ਦੀ ਭੂਮਿਕਾ ਨਿਭਾਈ ਸੀ। ਇਸ ਵਾਰ ਐਨ.ਡੀ.ਪੀ. ਨੂੰ 7 ਸੀਟਾਂ ਮਿਲੀਆਂ ਹਨ। ਚੋਣ ਨਤੀਜੇ ਤੋਂ ਬਾਅਦ ਆਪਣੀ ਤੇ ਪਾਰਟੀ ਦੀ ਹਾਰ ਸਵਿਕਾਰ ਕਰਦੇ ਹੋਏ ਜਗਮੀਤ ਨੇ ਭਾਵੁਕ ਹੁੰਦਿਆਂ ਐਨ.ਡੀ.ਪੀ. ਆਗੂ ਵਜੋਂ ਆਪਣਾ ਅਸਤੀਫ਼ਾ ਦੇਣ ਦਾ ਐਲਾਨ ਕੀਤਾ। ਕਿਊਬਕ ਤੋਂ ਖੇਤਰੀ ਪਾਰਟੀ ਬਲਾਕ ਕਿਊਬਕ ਨੂੰ 23 ਸੀਟਾਂ ਮਿਲੀਆਂ ਹਨ ਜਦਕਿ 2021 'ਚ ਇਸ ਪਾਰਟੀ ਨੂੰ 33 ਸੀਟਾਂ ਪ੍ਰਾਪਤ ਹੋਈਆਂ ਸਨ। 1 ਸੀਟ ਗਰੀਨ ਪਾਰਟੀ ਨੂੰ ਮਿਲੀ ਹੈ। ਪ੍ਰੰਪਰਾ ਅਨੁਸਾਰ ਕੈਨੇਡਾ 'ਚ ਪਾਰਟੀਆਂ ਦੇ ਆਗੂ ਚੋਣ ਜਿੱਤ ਜਾਂਦੇ ਹਨ, ਪਰ ਇਸ ਵਾਰੀ ਲਿਬਰਲ ਤੇ ਬਲਾਕ ਕਿਊਬਕ ਤੋਂ ਇਲਾਵਾ ਸਾਰੀਆਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਆਪਣੀਆਂ ਸੀਟਾਂ 'ਤੇ ਸਖ਼ਤ ਵਿਰੋਧ ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਧਰ ਪੰਜਾਬੀਆਂ ਦੇ ਗੜ੍ਹ ਬਰੈਂਪਟਨ ਦੇ 6 ਹਲਕਿਆਂ 'ਚ ਫਸਵੇਂ ਮੁਕਾਬਲੇ ਹੋਏ ਤੇ ਪੋਲਿੰਗ ਬੰਦ ਹੋਣ ਮਗਰੋਂ ਰਾਤ ਭਰ ਵੋਟਾਂ ਦੀ ਗਿਣਤੀ ਚੱਲਦੀ ਰਹੀ, ਪਰ ਸਵੇਰ ਹੋਣ ਤੱਕ ਕਿਸੇ ਵੀ ਹਲਕੇ ਦਾ ਨਤੀਜਾ ਨਹੀਂ ਐਲਾਨਿਆ ਜਾ ਸਕਿਆ। ਬਰੈਂਪਟਨ ਦੱਖਣੀ 'ਚ 1817 ਵੋਟਾਂ ਦੇ ਫਰਕ ਨਾਲ ਮਨਿੰਦਰ ਸਿੱਧੂ ਜੇਤੂ ਰਹੇ। ਬਰੈਂਪਟਨ ਚਿੰਕੂਜੀ ਪਾਰਕ ਤੋਂ 1829 ਵੋਟਾਂ ਦੇ ਫਰਕ ਨਾਲ ਲਹਿੰਦੇ ਪੰਜਾਬ ਮੂਲ ਦੇ ਸ਼ਫਕਤ ਅਲੀ ਜਿੱਤੇ ਹਨ। ਬਰੈਂਪਟਨ ਦੱਖਣੀ ਤੋਂ ਸੁਖਦੀਪ ਕੰਗ ਨਾਲ ਫਸਵੇਂ ਮੁਕਾਬਲੇ 'ਚ ਸੋਨੀਆ ਸਿੱਧੂ ਇਕ ਵਾਰ ਫਿਰ ਜਿੱਤੇ ਹਨ। ਬਰੈਂਟਨ ਪੱਛਮੀ ਤੋਂ ਕਮਲ ਖਹਿਰਾ (ਸਿਹਤ ਮੰਤਰੀ) ਵੋਟਾਂ ਦੀ ਗਿਣਤੀ ਦੌਰਾਨ ਕੰਜ਼ਰਵੇਟਿਵ ਅਮਰਜੀਤ ਗਿੱਲ ਤੋਂ 1000 ਕੁ ਵੋਟਾਂ ਦੇ ਫਰਕ ਨਾਲ ਲਗਾਤਾਰ ਪੱਛੜੇ ਰਹੇ।

# ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਵਲੋਂ ਪਹਿਲਗਾਮ ਅੱਤਵਾਦੀ ਹਮਲੇ ਦੀ ਸਖਤ ਨਿਖੇਧੀ

## ਹਮਲੇ ਦੇ ਮ੍ਰਿਤਕਾਂ ਦੀ ਯਾਦ 'ਚ ਸ਼ਰਧਾ ਦੇ ਫੁੱਲ ਭੇਟ ਕੀਤੇ, ਪਰਿਵਾਰਾਂ ਨਾਲ ਹਮਦਰਦੀ ਅਤੇ ਦੁੱਖ ਸਾਂਝਾ ਕੀਤਾ





ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਸੁਚੱਜਾ ਪ੍ਰਸ਼ਾਸਨ, ਸੂਚਨਾ ਤਕਨਾਲੋਜੀ ਤੇ ਰੁਜ਼ਗਾਰ ਉਤਪਤੀ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਸਖਤ ਨਿਖੇਧੀ ਕਰਦਿਆਂ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਾਹਰ ਕਰਦਿਆਂ ਉਨ੍ਹਾਂ ਨੂੰ ਕਦੇ ਵੀ ਨਾ ਪੂਰਾ ਹੋਣ ਵਾਲੇ ਪਏ ਘਾਟੇ ਲਈ ਦੁੱਖ ਸਾਂਝਾ ਕੀਤਾ।

ਸਥਾਨਕ ਸ੍ਰੀ ਬੜੇ ਹਨੂੰਮਾਨ ਜੀ ਮੰਦਰ ਅਤੇ ਸ੍ਰੀ ਕੇਸ਼ੋ ਮੰਦਰ ਵਿਖੇ ਮ੍ਰਿਤਕਾਂ ਦੀ ਯਾਦ ਵਿਚ ਪ੍ਰਾਰਥਨਾ ਅਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀਆਂ ਰੂਹਾਂ ਨੂੰ ਚਰਨਾਂ ਵਿਚ ਨਿਵਾਸ ਅਤੇ ਪਰਿਵਾਰਾਂ ਨੂੰ ਏਡਾ ਵੱਡਾ ਦੁੱਖ ਸਹਿਣ ਕਰਨ ਲਈ ਬਲ ਬਖਸ਼ਣ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਅੱਤਵਾਦੀ ਗਤੀਵਿਧੀਆਂ ਅਤੇ ਪਹਿਲਗਾਮ ਦੇ ਹਮਲਾਵਰਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਵੜਕੇ ਮਾਰਿਆ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਪਾਂਸਰਡ ਇਸ ਹਮਲੇ ਅਤੇ ਇਸ ਦੇ ਸਾਜਿਸ਼ਘਾੜਿਆਂ ਨੂੰ ਖਤਮ ਕਰਨਾ ਸਮੇਂ ਦੀ ਮੁੱਖ ਮੰਗ ਹੈ।

ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਕਰਮਬੀਰ ਸਿੰਘ ਘੁੰਮਣ ਅਤੇ ਹੋਰਨਾਂ ਸ਼ਖਸੀਅਤਾਂ ਸਮੇਤ ਪਹਿਲਗਾਮ ਹਮਲੇ ਦੇ 26 ਮ੍ਰਿਤਕਾਂ ਨੂੰ ਯਾਦ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਦੇਸ਼ ਵਾਸੀਆਂ ਲਈ ਇਹ ਬਹੁਤ ਹੀ ਦੁੱਖਦਾਈ ਅਤੇ ਅਸਹਿ ਘਟਨਾ ਹੈ ਜਿਸ ਲਈ ਸਾਰਾ ਦੇਸ਼ ਦੁੱਖ ਦੀ ਘੜੀ ਵਿਚ ਪੀੜਤ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਹਮਲੇ ਦੇ ਸਾਜਿਸ਼ਕਰਤਾਵਾਂ ਅਤੇ ਹਮਲਾਵਰਾਂ ਨੂੰ ਸਬਕ ਸਿਖਾਉਣ ਦਾ ਵੇਲਾ ਆ ਗਿਆ ਹੈ । ਉਨ੍ਹਾਂ ਕਿਹਾ ਕਿ ਕਸ਼ਮੀਰ ਘੁੰਮਣ-ਫਿਰਨ ਗਏ ਸੈਲਾਨੀਆਂ 'ਤੇ ਬਹੁਤ ਮਾੜਾ ਹਮਲਾ ਹੋਇਆ ਹੈ ਜਿਸ ਦੀ ਦੇਸ਼-ਵਿਦੇਸ਼ ਵਿਚ ਸਖਤ ਨਿਖੇਧੀ ਹੋ ਰਹੀ ਹੈ।

ਮੰਦਰਾਂ ਵਿਚ ਨਤਮਸਤਕ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਹਮਲੇ ਸਬੰਧੀ ਸਾਡੀਆਂ ਖੁਫੀਆ ਏਜੰਸੀਆਂ ਕੋਲ ਜਾਣਕਾਰੀ ਦੀ ਘਾਟ ਅਤੇ ਘਾਟੀ ਵਿਚ ਲੋੜੀਂਦੀ ਗਿਣਤੀ ਵਿਚ ਫੋਰਸ ਦੀ ਤਾਇਨਾਤੀ ਨਹੀਂ ਸੀ। ਉਨ੍ਹਾਂ ਕਿਹਾ ਕਿ ਦੇਸ਼ ਦੀ ਫੌਜ ਵਿਚ 1,80,000 ਆਸਾਮੀਆਂ ਖਾਲੀ ਹਨ ਜਿਹੜੀਆਂ ਕਿ ਸੁਰੱਖਿਆ ਦੇ ਮੱਦੇਨਜ਼ਰ ਭਰੀਆਂ ਜਾਣੀਆਂ ਚਾਹੀਦੀਆਂ ਸਨ ਤਾਂ ਜੋ ਦੇਸ਼ ਅਤੇ ਨਾਗਰਿਕਾਂ ਨੂੰ ਅੰਦਰੂਨੀ ਅਤੇ ਬਾਹਰੀ ਖਤਰਿਆਂ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸਿਰਫ਼ ਬਿਆਨਬਾਜ਼ੀ ਨਾਲ ਕੰਮ ਨਹੀਂ ਚੱਲਣਾ ਕਿਸੇ ਨਾ ਕਿਸੇ ਨੂੰ ਤਾਂ ਜ਼ਿੰਮੇਵਾਰੀ ਲੈਣੀ ਪਵੇਗੀ।

ਉਨ੍ਹਾਂ ਕਿਹਾ ਕਿ ਪਹਿਲਗਾਮ ਹਮਲੇ ਦੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਸਵਾਲ ਚੁੱਕੇ ਹਨ ਕਿ ਹਮਲੇ ਉਪਰੰਤ ਸੁਰੱਖਿਆ ਫੋਰਸਾਂ ਵਲੋਂ ਤੁਰੰਤ ਪਹੁੰਚ ਨਹੀਂ ਯਕੀਨੀ ਬਣਾਈ ਗਈ ਜਦਕਿ ਸੈਲਾਨੀਆਂ ਦੀ ਭਾਰੀ ਗਿਣਤੀ ਵਾਲੀ ਏਹੋ ਜਿਹੀ ਥਾਂ 'ਤੇ ਲੋੜੀਂਦੀ ਗਿਣਤੀ ਵਿਚ ਨਫਰੀ ਤਾਇਨਾਤ ਹੋਣੀ ਚਾਹੀਦੀ ਸੀ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕ ਲੈਂਦੀ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਫੁੱਲ ਟਾਈਮ ਗ੍ਰਹਿ ਮੰਤਰੀ ਦੀ ਲੋੜ ਹੈ ਕਿਉਂਕਿ ਮੌਜੂਦਾ ਗ੍ਰਹਿ ਮੰਤਰੀ ਸਰਕਾਰਾਂ ਦੇ ਜੋੜ-ਤੋੜ ਵਿਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਦੀ 140 ਕਰੋੜ ਦੀ ਆਬਾਦੀ ਦੀ ਸੁਰੱਖਿਆ ਨੂੰ ਯਕੀਨੀ ਬਣਾਏ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵਾਈਸ ਚੇਅਰਮੈਨ ਐਚ.ਐਸ. ਬਖਸ਼ੀ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ ਅਤੇ ਹੋਰ ਮੌਜੂਦ ਸਨ।

# ਨਸ਼ਾ ਤਸਕਰ ਵੱਲੋਂ ਉਸਾਰੀਆਂ ਚਾਰ ਦੁਕਾਨਾਂ ਢਾਹੀਆਂ

## ਵੱਖ-ਵੱਖ ਕੇਸਾਂ ਤਹਿਤ ਕੇਂਦਰੀ ਜੇਲ੍ਹ ਬਠਿੰਡਾ 'ਚ ਬੰਦ ਹੈ ਮੁਲਜ਼ਮ



ਪਟਿਆਲਾ : ਨਸ਼ਾ ਤਸਕਰੀ ਦੇ ਕੇਸ ਤਹਿਤ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਥਾਣਾ ਅਰਬਨ ਅਸਟੇਟ ਦੇ ਖ਼ੇਤਰ ਵਿੱਚ ਪੈਂਦੇ ਬਾਬਾ ਦੀਪ ਸਿੰਘ ਨਗਰ ਵਾਸੀ ਦੇ ਘਰ ਵਿਚਲੀਆਂ ਚਾਰ ਦੁਕਾਨਾਂ ਨੂੰ ਅੱਜ ਢਾਹ ਦਿੱਤਾ ਗਿਆ ਹੈ। ਇਸ ਕਾਰਵਾਈ ਨੂੰ ਨਗਰ ਨਿਗਮ ਦੀ ਟੀਮ ਨੇ ਪੁਲੀਸ ਦੀ ਮੌਜੂਦਗੀ ਵਿੱਚ ਅੰਜਾਮ ਦਿੱਤਾ। ਨਿਗਮ ਅਧਿਕਾਰੀਆਂ ਨੇ ਕਿਹਾ ਕਿ ਗੁਰਤੇਜ ਸਿੰਘ ਵੱਲੋਂ ਘਰ 'ਚ ਨਾਜਾਇਜ਼ ਢੰਗ ਨਾਲ ਚਾਰ ਦੁਕਾਨਾਂ ਬਣਾਈਆਂ ਗਈਆਂ ਸਨ। ਉਧਰ, ਇਸ ਮੌਕੇ ਮੌਜੂਦ ਥਾਣਾ ਅਰਬਨ ਅਸਟੇਟ ਦੇ ਐੱਸਐੱਚਓ ਇੰਸਪੈਕਟਰ ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਗੁਰਤੇਜ ਸਿੰਘ ਵਿਰੁੱਧ ਨਸ਼ਾ ਤਸਕਰੀ ਦੇ ਮਾਮਲੇ 'ਚ ਦੋ ਐੱਫਆਈਆਰ ਦਰਜ ਸਨ। ਇਸ ਸਮੇਂ ਉਹ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਬੰਦ ਹੈ। ਪਟਿਆਲਾ ਦੇ ਐੱਸਐੱਸਪੀ ਡਾ. ਨਾਨਕ ਸਿੰਘ ਨੇ ਕਿਹਾ ਕਿ ਨਸ਼ਾ ਤਸਕਰਾਂ ਦੀਆਂ ਨਾਜਾਇਜ਼ ਉਸਾਰੀਆਂ ਵਿਰੁੱਧ ਕਾਰਵਾਈ ਜਾਰੀ ਰਹੇਗੀ।

# ਸਰਕਾਰੀ ਸਕੂਲਾਂ ਦੇ ਸਿੱਖਿਆ ਦੇ ਖੇਤਰ ਚ ਕ੍ਰਾਂਤੀ ਲਿਆਉਣਾ ਪੰਜਾਬ ਸਰਕਾਰ ਦਾ ਸ਼ਲਾਘਾਯੋਗ ਕਦਮ : ਜਸਵੀਰ ਸਿੰਘ ਰਾਜਾ

## ਪਿੰਡ ਝਾਵਾਂ 'ਚ 40 ਲੱਖ ਦੀ ਲਾਗਤ ਨਾਲ ਬਣਨ ਜਾ ਰਿਹਾ ਹੈਪੀਨਸ ਸਕੂਲ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਵਿਧਾਇਕ ਜਸਵੀਰ ਸਿੰਘ ਰਾਜਾ ਵਲੋਂ ਪਿੰਡ ਝਾਵਾਂ ਦੇ ਸਰਕਾਰੀ ਸਕੂਲ ਨੂੰ 10 ਲੱਖ ਦੀ ਪਹਿਲੀ ਕਿਸ਼ਤ ਹੈਪੀਨਸ ਸਕੂਲ ਲਈ ਦਿੱਤੀ ਗਈ ਅਤੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਜਿਸ ਨਾਲ ਸਿੱਖਿਆ ਦੀ ਗੁਣਵੱਤਾ ਵਿੱਚ ਭਾਰੀ ਸੁਧਾਰ ਹੋ ਰਿਹਾ ਹੈ। ਇਸ ਦੇ ਨਤੀਜੇ ਵਜੋਂ ਸਰਕਾਰੀ ਸਕੂਲਾਂ ਵਿੱਚ ਦਾਖਲਿਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਇਹ ਨਿਵੇਸ਼ ਸੂਬੇ ਦੇ ਉੱਜਵਲ ਭਵਿੱਖ ਦੀ ਨੀਂਹ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਵਿਧਾਇਕ ਰਾਜਾ ਨੇ ਪੰਚਾਇਤ ਮੈਂਬਰਾਂ ਅਤੇ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਕੰਮ ਸਾਰਿਆਂ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਭਵਿੱਖ ਵਿੱਚ ਵੀ ਸੂਬਾ ਸਰਕਾਰ ਸਿੱਖਿਆ ਖੇਤਰ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਸੰਭਵ ਸਹਾਇਤਾ ਦਿੰਦੀ ਰਹੇਗੀ।

ਇਸ ਮੌਕੇ ਸੁੱਖਵਿੰਦਰ ਸਿੰਘ ਝਾਵਰ ਸਰਪੰਚ ਝਾਵਾਂ, ਮਨਵੀਰ ਸਿੰਘ ਝਾਵਰ, ਪ੍ਰਵੀਨ ਕੁਮਾਰ ਮੈਂਬਰ ਪੰਚਾਇਤ, ਹਰਦੇਵ ਸਿੰਘ ਮੈਂਬਰ ਪੰਚਾਇਤ, ਜਸਵਿੰਦਰ ਸਿੰਘ ਮੈਂਬਰ ਪੰਚਾਇਤ, ਸਤਵੰਤ ਕੌਰ ਮੈਂਬਰ ਪੰਚਾਇਤ, ਗੁਰਮਿੰਦਰ ਕੌਰ ਮੈਂਬਰ ਪੰਚਾਇਤ, ਰਣਜੀਤ ਕੌਰ ਮੈਂਬਰ ਪੰਚਾਇਤ, ਚਰਨਜੀਤ ਸਿੰਘ ਲੰਬੜਦਾਰ, ਰਵਿੰਦਰ ਸਿੰਘ, ਪ੍ਰਸ਼ੋਤਮ ਲਾਲ ਸਾਬਕਾ ਸਰਪੰਚ, ਭਾਗ ਸਿੰਘ, ਹਰਭਜਨ ਸਿੰਘ, ਕਰਮਜੀਤ ਸਿੰਘ, ਪਰਮਿੰਦਰ ਸਿੰਘ, ਹਰਦੀਪ ਸਿੰਘ, ਰੁਪਿੰਦਰਜੀਤ ਸਿੰਘ, ਮੋਹਨ ਲਾਲ, ਰਾਜੇਸ਼ ਕੁਮਾਰ ਖੰਨਾ, ਡਾ ਪੰਮਾ, ਬਲਵੰਤ ਸਿੰਘ ਸ਼ਾਹ, ਜਸਵੰਤ ਸਿੰਘ, ਪ੍ਰਗਟ ਸਿੰਘ, ਓਂਕਾਰ ਸਿੰਘ, ਬਿੱਟੂ ਜੈਲਦਾਰਾ, ਬਲਵਿੰਦਰ ਸਿੰਘ, ਜਸਵੀਰ ਸਿੰਘ, ਜਸਵਿੰਦਰ ਕੌਰ ਸੀ ਐਚ ਟੀ, ਹਰਿੰਦਰਪਾਲ ਸਿੰਘ ਐਚ ਟੀ, ਮੇਜਰ ਸਿੰਘ, ਬਿੱਟੂ ਸਰਪੰਚ ਜੌਹਲ, ਜਰਨੈਲ ਸਿੰਘ, ਅਵਤਾਰ ਸਿੰਘ, ਗੁਰਨੇਕ ਸਿੰਘ ਆਦਿ ਸ਼ਾਮਲ ਸਨ।

# 2 ਨਸ਼ਾ ਤਸਕਰਾਂ ਦੇ ਘਰ ਚੱਲਿਆ ਬੁਲਡੋਜ਼ਰ



ਜਲੰਧਰ : ਜਲੰਧਰ ਦੇ ਥਾਣਾ-1 ਅਧੀਨ ਆਉਂਦੇ ਸਲੇਮਪੁਰ ਵਿਚ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦੇ ਹੋਏ, ਪ੍ਰਸ਼ਾਸਨ ਨੇ ਦੋ ਘਰਾਂ ਨੂੰ ਬੁਲਡੋਜ਼ਰ ਨਾਲ ਢਾਹ ਦਿੱਤਾ, ਜਿਸ ਵਿਚ ਇਕ ਘਰ ਅਸ਼ੋਕ ਵਿਹਾਰ ਵਿਚ ਮਹਿਲਾ ਤਸਕਰ ਨਿਸ਼ਾ ਖਾਨ ਦਾ ਹੈ ਅਤੇ ਦੂਜਾ ਘਰ ਗੁਰੂ ਅਮਰਦਾਸ ਵਿਚ ਦੀਪ ਸਿੰਘ ਦੀਪ ਦਾ ਹੈ। ਦੋਵਾਂ ਤਸਕਰਾਂ ਵਿਰੁੱਧ ਪਹਿਲਾਂ ਵੀ ਤਸਕਰੀ ਦੇ ਕਈ ਮਾਮਲੇ ਦਰਜ ਹਨ। ਅੱਜ ਪੁਲਿਸ ਕਮਿਸ਼ਨਰ ਅਤੇ ਨਗਰ ਨਿਗਮ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਦੋਵਾਂ ਘਰਾਂ 'ਤੇ ਬੁਲਡੋਜ਼ਰ ਚਲਾਏ ਗਏ।

ਗੁਰਮੁਖ ਜਨਮ ਸਵਾਰ ਦਰਗਹ ਚਲਿਆ ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥

# ਸਵੱਦੀ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਪਿਤਾ ਜਥੇਦਾਰ ਮੇਜਰ ਸਿੰਘ ਸਵੱਦੀ ਨਹੀਂ ਰਹੇ



**ਸਵ. ਜਥੇਦਾਰ ਮੇਜਰ ਸਿੰਘ ਸਵੱਦੀ**
**10 ਦਸੰਬਰ 1930 - 24 ਅਪ੍ਰੈਲ 2025**

ਸੈਨਹੋਜ਼ੇ/ਕੈਲੀਫੋਰਨੀਆ : ਸਵੱਦੀ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸਵਰਗਵਾਸੀ ਜਥੇਦਾਰ ਮੇਜਰ ਸਿੰਘ ਸਵੱਦੀ ਜੋ ਕਿ ਮਿਤੀ 24 ਅਪ੍ਰੈਲ ਦਿਨ ਵੀਰਵਾਰ ਨੂੰ ਅਕਾਲ ਚਲਾਣਾ ਕਰ ਗਏ। ਜਥੇਦਾਰ ਮੇਜਰ ਸਿੰਘ ਸਵੱਦੀ ਐਸ.ਜੀ.ਪੀ.ਸੀ. ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਨ। ਜਿਨ੍ਹਾਂ ਨੇ ਸਾਰੀ ਉਮਰ ਸ਼੍ਰੋਮਣੀ ਅਕਾਲੀ ਦਲ ਵਿਚ ਰਹਿ ਕੇ ਪੰਥ ਦੀ ਸੇਵਾ ਕੀਤੀ। ਉਨ੍ਹਾਂ ਨੇ ਆਖਰੀ ਸਾਹ ਆਪਣੇ ਪੁੱਤਰ ਉਘੇ ਸਿੱਖ ਆਗੂ ਸ੍ਰ. ਸਰਬਜੋਤ ਸਿੰਘ ਸਵੱਦੀ ਕੋਲ ਸੈਨਹੋਜ਼ੇ ਕੈਲੀਫੋਰਨੀਆ ਵਿਖੇ ਲਿਆ। ਜ਼ਿਕਰਯੋਗ ਹੈ ਕਿ ਜਥੇਦਾਰ ਮੇਜਰ ਸਿੰਘ ਸਵੱਦੀ ਅਮਰੀਕਾ ਦੇ ਉਘੇ ਸਿੱਖ ਆਗੂ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰ. ਜਸਵੰਤ ਸਿੰਘ ਹੋਠੀ ਦੇ ਸਹੁਰਾ ਸਾਹਿਬ ਸਨ।

ਜਥੇਦਾਰ ਮੇਜਰ ਸਿੰਘ ਸਵੱਦੀ ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬੁਲਾਉਣ ਵਾਲੇ ਇੱਕ ਸੱਚੇ ਸੁੱਚੇ ਅਤੇ ਨੇਕ ਸੁਭਾਅ ਦੇ ਮਾਲਕ ਸਨ। ਭਾਵੇਂ ਅੱਜ ਜਥੇਦਾਰ ਮੇਜਰ ਸਿੰਘ ਸਵੱਦੀ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

**ਉਨ੍ਹਾਂ ਦਾ ਅੰਤਿਮ ਸਸਕਾਰ 4 ਮਈ ਦਿਨ ਐਤਵਾਰ ਨੂੰ ਸਵੇਰੇ 9.30 ਤੋਂ 11.00 ਹੋਵੇਗਾ।**

**Funeral**
CHAPEL OF CHIMES
32992 MISSION BLVD
HAYWARD, CA 94544
9.30 AM-11.00 AM
SUNDAY, MAY 4, 2025

**Antim Ardas**
GURDWARA SAHIB SINGH SABHA
362 S. MILPITAS BLVD
MILPITAS, CA 95035
12 PM ONWARDS
SUNDAY, MAY 4, 2025

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ**
**ਸਪੁੱਤਰ ਸ੍ਰ. ਸਰਬਜੋਤ ਸਿੰਘ ਸਵੱਦੀ (408) 449-1639**

# ਕਸ਼ਮੀਰ 'ਚ 50 ਸੈਰ ਸਪਾਟਾ ਸਥਾਨ ਬੰਦ

ਸ੍ਰੀਨਗਰ : ਪਹਿਲਗਾਮ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਕਸ਼ਮੀਰ ਘਾਟੀ ਦੇ ਸੰਵੇਦਨਸ਼ੀਲ ਇਲਾਕਿਆਂ 'ਚ ਸਥਿਤ ਕਰੀਬ 50 ਜਨਤਕ ਪਾਰਕਾਂ ਅਤੇ ਬਾਗਾਂ ਨੂੰ ਸਾਵਧਾਨੀ ਦੇ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੈਲਾਨੀਆਂ



ਨੂੰ ਖਤਰੇ ਦੇ ਮੱਦੇਨਜ਼ਰ ਕਸ਼ਮੀਰ ਦੇ 87 ਜਨਤਕ ਪਾਰਕਾਂ ਅਤੇ ਬਾਗਾਂ 'ਚੋਂ 48 ਦੇ ਗੇਟ ਬੰਦ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਸਮੀਖਿਆ ਇਕ ਨਿਰੰਤਰ ਪ੍ਰਕਿਰਿਆ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਸੂਚੀ ਵਿਚ ਹੋਰ ਸਥਾਨ ਸ਼ਾਮਿਲ ਕੀਤੇ ਜਾ ਸਕਦੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜਿਹੜੇ ਸੈਰ-ਸਪਾਟਾ ਸਥਾਨ ਸੈਲਾਨੀਆਂ ਲਈ ਬੰਦ ਕੀਤੇ ਗਏ ਹਨ, ਉਹ ਕਸ਼ਮੀਰ ਦੇ ਦੂਰ-ਦੁਰਾਡੇ ਦੇ ਇਲਾਕਿਆਂ 'ਚ ਹਨ ਅਤੇ ਇਨ੍ਹਾਂ 'ਚੋਂ ਪਿਛਲੇ 10 ਸਾਲਾਂ 'ਚ ਖੋਲ੍ਹੇ ਗਏ ਕੁਝ ਨਵੇਂ ਸਥਾਨ ਵੀ ਸ਼ਾਮਿਲ ਹਨ। ਸੈਲਾਨੀਆਂ ਲਈ ਸੀਮਾ ਤੋਂ ਹਟਾਏ ਗਏ ਸਥਾਨਾਂ ਵਿਚ ਦੂਸ਼ਪਥਰੀ, ਕੋਕਰਨਾਗ, ਡੁਕਸੁਮ, ਸਿੰਥਨ ਟਾਪ, ਅੱਛਬਲ, ਬੰਗਸ ਘਾਟੀ, ਮਾਰਗਨ ਟਾਪ ਅਤੇ ਤੋਸਾਮੈਦਾਨ ਸ਼ਾਮਿਲ ਹਨ। ਹਾਲਾਂਕਿ ਅਧਿਕਾਰੀਆਂ ਨੇ ਇਸ ਬਾਰੇ ਕੋਈ ਰਸਮੀ ਆਦੇਸ਼ ਜਾਰੀ ਨਹੀਂ ਕੀਤਾ ਹੈ ਪਰ ਇਨ੍ਹਾਂ ਥਾਵਾਂ 'ਤੇ ਦਾਖਲੇ 'ਤੇ ਰੋਕ ਲਗਾ ਦਿੱਤੀ ਗਈ ਹੈ। ਦੱਖਣੀ ਕਸ਼ਮੀਰ ਦੇ ਕਈ ਮੁਗਲ ਗਾਰਡਨ ਦੇ ਮਾਮਲੇ 'ਚ ਇਨ੍ਹਾਂ ਥਾਵਾਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ। ਸੈਰ-ਸਪਾਟਾ ਸਥਾਨਾਂ ਨੂੰ ਬੰਦ ਕਰਨ ਦਾ ਫ਼ੈਸਲਾ ਪਹਿਲਗਾਮ ਰਿਜ਼ਾਰਟ ਦੇ ਬੈਸਰਨ ਘਾਹ ਦੇ ਮੈਦਾਨ 'ਚ ਅੱਤਵਾਦੀਆਂ ਵਲੋਂ 26 ਲੋਕਾਂ ਦੀ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਦੇ ਇਕ ਹਫਤੇ ਬਾਅਦ ਲਿਆ ਗਿਆ ਹੈ।

# ਹਥਿਆਰਬੰਦ ਬਲਾਂ ਨੂੰ ਜਵਾਬੀ ਕਾਰਵਾਈ ਬਾਰੇ ਫੈਸਲਾ ਲੈਣ ਦੀ ਪੂਰੀ ਖੁੱਲ੍ਹ : ਨਰਿੰਦਰ ਮੋਦੀ

## ਰੱਖਿਆ ਮੰਤਰੀ, ਐਨ.ਐਸ.ਏ. ਤੇ ਤਿੰਨੇ ਸੈਨਾਵਾਂ ਦੇ ਮੁਖੀਆਂ ਨਾਲ ਉਚ ਪੱਧਰੀ ਮੀਟਿੰਗ



ਨਵੀਂ ਦਿੱਲੀ : ਪਹਿਲਗਾਮ ਹਮਲੇ ਦੇ ਪਿਛੋਕੜ ਵਿਚ ਭਾਰਤ ਵੱਲੋਂ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਪੁਸ਼ਤਪਨਾਹ ਪਾਕਿਸਤਾਨ ਖ਼ਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਦੇ ਲਾਏ ਜਾ ਰਹੇ ਕਿਆਸਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਹਥਿਆਰਬੰਦ ਬਲਾਂ ਨੂੰ ਭਾਰਤ ਦੀ ਜਵਾਬੀ ਕਾਰਵਾਈ ਦਾ ਢੰਗ ਤਰੀਕਾ, ਟੀਚਾ ਤੇ ਸਮਾਂ ਨਿਰਧਾਰਤ ਕਰਨ ਦੀ ਪੂਰੀ ਖੁੱਲ੍ਹ ਹੈ। ਅਧਿਕਾਰੀਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਉੱਚ-ਪੱਧਰੀ ਸੁਰੱਖਿਆ ਮੀਟਿੰਗ ਦੌਰਾਨ ਕਿਹਾ ਕਿ 'ਅਤਿਵਾਦ ਨੂੰ ਕਰਾਰਾ ਝਟਕਾ ਦੇਣਾ ਸਾਡਾ ਕੌਮੀ ਅਹਿਦ ਹੈ।' ਸ੍ਰੀ ਮੋਦੀ ਨੇ ਬੁੱਧਵਾਰ ਨੂੰ ਸੁਰੱਖਿਆ ਬਾਰੇ ਕੈਬਨਿਟ ਕਮੇਟੀ (CCS) ਦੀ ਅਹਿਮ ਮੀਟਿੰਗ ਤੋਂ ਪਹਿਲਾਂ ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਪਾਕਿਸਤਾਨ ਵਿਰੁੱਧ ਅਗਲੀ ਕਾਰਵਾਈ ਦਾ ਫੈਸਲਾ ਕਰਨ ਲਈ ਫੌਜੀ ਅਤੇ ਸੁਰੱਖਿਆ ਸਥਾਪਨਾ ਨਾਲ ਜੁੜੇ ਅਧਿਕਾਰੀਆਂ ਨਾਲ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਸ ਮੀਟਿੰਗ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਰੱਖਿਆ ਸਟਾਫ ਦੇ ਮੁਖੀ ਜਨਰਲ ਅਨਿਲ ਚੌਹਾਨ ਸ਼ਾਮਲ ਹੋਏ। ਮੀਟਿੰਗ ਵਿਚ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਜਲ ਸੈਨਾ ਮੁਖੀ ਐਡਮਿਰਲ ਦਿਨੇਸ਼ ਕੇ ਤ੍ਰਿਪਾਠੀ ਅਤੇ ਏਅਰ ਚੀਫ ਮਾਰਸ਼ਲ ਅਮਰ ਪ੍ਰੀਤ ਸਿੰਘ ਨੇ ਵੀ ਸ਼ਿਰਕਤ ਕੀਤੀ। ਇਸ ਤੋਂ ਪਹਿਲਾਂ ਅੱਜ ਦਿਨੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਸਾਡੇ ਕੋਲ ਬਹੁਤ ਘੱਟ ਸਮਾਂ ਹੈ ਅਤੇ ਬਹੁਤ ਵੱਡੇ ਟੀਚੇ ਹਨ।' ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੋਮਵਾਰ ਨੂੰ 7, ਲੋਕ ਕਲਿਆਣ ਮਾਰਗ 'ਤੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਸੀ। ਇਹ ਮੀਟਿੰਗ ਚੀਫ਼ ਆਫ਼ ਡਿਫੈਂਸ ਸਟਾਫ ਅਨਿਲ ਚੌਹਾਨ ਵੱਲੋਂ ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਕੁਝ ਫੈਸਲਿਆਂ ਬਾਰੇ ਰੱਖਿਆ ਮੰਤਰੀ ਨੂੰ ਜਾਣਕਾਰੀ ਦੇਣ ਤੋਂ ਇੱਕ ਦਿਨ ਬਾਅਦ ਹੋਈ। ਪਹਿਲਗਾਮ ਦਹਿਸ਼ਤੀ ਹਮਲੇ ਵਿਚ 26 ਲੋਕ ਮਾਰੇ ਗਏ ਸਨ।

ਸਰਕਾਰ ਨੇ ਕਿਹਾ ਹੈ ਕਿ ਅੱਤਵਾਦੀ ਹਮਲੇ ਲਈ ਜ਼ਿੰਮੇਵਾਰ ਅੱਤਵਾਦੀਆਂ ਅਤੇ ਇਸ ਦੇ ਪਿੱਛੇ ਸਾਜ਼ਿਸ਼ ਰਚਣ ਵਾਲਿਆਂ ਨੂੰ ਸਖ਼ਤ ਸਜ਼ਾ ਮਿਲੇਗੀ। ਇਸ ਦੇ ਮੱਦੇਨਜ਼ਰ ਇਸ ਮੀਟਿੰਗ ਨੂੰ ਬਹੁਤ ਅਹਿਮ ਸਮਝਿਆ ਜਾ ਰਿਹਾ ਹੈ। ਸਰਕਾਰ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਇੱਕ ਸਰਬ-ਪਾਰਟੀ ਮੀਟਿੰਗ ਬੁਲਾਈ ਸੀ। ਵਿਰੋਧੀ ਪਾਰਟੀਆਂ ਨੇ ਅੱਤਵਾਦੀ ਹਮਲੇ ਦੇ ਦੋਸ਼ੀਆਂ ਵਿਰੁੱਧ ਸਰਕਾਰ ਵੱਲੋਂ ਕੀਤੀ ਗਈ ਕਿਸੇ ਵੀ ਕਾਰਵਾਈ ਲਈ ਆਪਣਾ ਪੂਰਾ ਸਮਰਥਨ ਪ੍ਰਗਟ ਕੀਤਾ ਹੈ। ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀਸੀਐਸ) ਦੀ ਪਹਿਲਗਾਮ ਅੱਤਵਾਦੀ ਹਮਲੇ ਤੋਂ ਇੱਕ ਦਿਨ ਬਾਅਦ ਮੀਟਿੰਗ ਹੋਈ। ਸੀਸੀਐਸ ਨੂੰ ਦਿੱਤੀ ਗਈ ਬ੍ਰੀਫਿੰਗ ਵਿੱਚ, ਅੱਤਵਾਦੀ ਹਮਲੇ ਦੇ ਸਰਹੱਦ ਪਾਰ ਸਬੰਧਾਂ ਨੂੰ ਸਾਹਮਣੇ ਲਿਆਂਦਾ ਗਿਆ। ਸਰਕਾਰ ਨੇ ਸਰਹੱਦ ਪਾਰ ਅੱਤਵਾਦ ਨੂੰ ਸਮਰਥਨ ਦੇਣ ਲਈ ਪਾਕਿਸਤਾਨ ਨੂੰ ਇੱਕ ਸਖ਼ਤ ਸੰਦੇਸ਼ ਭੇਜਣ ਲਈ ਸਿੰਧੂ ਜਲ ਸੰਧੀ ਨੂੰ ਮੁਲਤਵੀ ਕਰਨ ਸਮੇਤ ਹੋਰ ਕਈ ਉਪਾਵਾਂ ਦਾ ਵੀ ਐਲਾਨ ਕੀਤਾ ਹੈ।

# ਪਹਿਲਗਾਮ ਹਮਲਾ: ਜਾਂਚ 'ਤੇ ਨਜ਼ਰਸਾਨੀ ਲਈ ਐੱਨਆਈਏ ਮੁਖੀ ਸਦਾਨੰਦ ਦਾਤੇ ਪਹਿਲਗਾਮ ਪੁੱਜੇ



ਸ੍ਰੀਨਗਰ : ਕੌਮੀ ਜਾਂਚ ਏਜੰਸੀ (NIA) ਦੇ ਮੁਖੀ ਸਦਾਨੰਦ ਦਾਤੇ ਵੀਰਵਾਰ ਨੂੰ ਪਹਿਲਗਾਮ ਪਹੁੰਚ ਗਏ ਹਨ। ਐੱਨਆਈਏ ਵੱਲੋਂ ਪਹਿਲਗਾਮ ਦਹਿਸ਼ਤੀ ਹਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਵਿਚ 25 ਸੈਲਾਨੀਆਂ ਤੇ ਇਕ ਮੁਕਾਮੀ ਵਿਅਕਤੀ ਦੀ ਮੌਤ ਹੋ ਗਈ ਸੀ। ਅਧਿਕਾਰੀਆਂ ਨੇ ਦੱਸਿਆ ਕਿ ਐੱਨਆਈਏ ਦੇ ਡੀਜੀ ਸਦਾਨੰਦ ਦਾਤੇ ਵੀਰਵਾਰ ਸਵੇਰੇ ਦੱਖਣੀ ਕਸ਼ਮੀਰ ਦੇ ਟੂਰਿਸਟ ਰਿਜ਼ੋਰਟ ਪਹਿਲਗਾਮ ਪਹੁੰਚੇ ਤਾਂ ਜੋ ਹਮਲੇ ਦੀ ਚੱਲ ਰਹੀ ਜਾਂਚ ਦੀ ਨਿਗਰਾਨੀ ਕੀਤੀ ਜਾ ਸਕੇ। ਏਜੰਸੀ ਦੀਆਂ ਕਈ ਟੀਮਾਂ ਪਹਿਲਾਂ ਹੀ ਪਹਿਲਗਾਮ ਨੇੜੇ ਬੈਸਰਨ ਮੈਦਾਨ ਦਾ ਦੌਰਾ ਕਰ ਚੁੱਕੀਆਂ ਹਨ ਅਤੇ ਇੱਥੇ ਸਿਰਫ਼ ਪੈਦਲ ਹੀ ਪਹੁੰਚ ਕੀਤੀ ਜਾ ਸਕਦੀ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਵੀਰਵਾਰ ਨੂੰ ਕਿਹਾ ਕਿ ਐੱਨਆਈਏ ਡੀਜੀ ਦਾ ਪਹਿਲਗਾਮ ਦੌਰਾ ਚੱਲ ਰਹੀ ਜਾਂਚ ਦਾ ਹਿੱਸਾ ਹੈ ਅਤੇ ਡੀਜੀ ਸਥਿਤੀ ਦਾ ਜਾਇਜ਼ਾ ਲੈਣਗੇ। ਸੂਤਰਾਂ ਨੇ ਕਿਹਾ ਕਿ ਐੱਨਆਈਏ ਮੁਖੀ ਨੂੰ ਹਮਲੇ ਦੀ ਚੱਲ ਰਹੀ ਜਾਂਚ ਅਤੇ ਹੁਣ ਤੱਕ ਹੋਈ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਐੱਨਆਈਏ ਦੇ ਸੀਨੀਅਰ ਅਧਿਕਾਰੀ ਪਹਿਲਗਾਮ ਜਾਂਚ ਦਾ ਹਿੱਸਾ ਹਨ, ਜੋ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਸੂਤਰਾਂ ਨੇ ਦੱਸਿਆ ਕਿ ਏਜੰਸੀ ਨੇ ਚਸ਼ਮਦੀਦ ਗਵਾਹਾਂ ਅਤੇ ਇਲਾਕੇ ਵਿੱਚ ਮੌਜੂਦ ਲੋਕਾਂ ਦੇ ਬਿਆਨ ਪਹਿਲਾਂ ਹੀ ਦਰਜ ਕਰ ਲਏ ਹਨ, ਜੋ 22 ਅਪਰੈਲ ਨੂੰ ਹਮਲੇ ਮੌਕੇ ਆਸ-ਪਾਸ ਹੀ ਮੌਜੂਦ ਸਨ। ਜਿਨ੍ਹਾਂ ਲੋਕਾਂ ਤੋਂ ਪੁੱਛਗਿੱਛ ਕੀਤੀ ਗਈ ਹੈ ਉਨ੍ਹਾਂ ਵਿੱਚ ਇਲਾਕੇ ਦੇ ਆਲੇ-ਦੁਆਲੇ ਮੌਜੂਦ ਘੋੜੇ ਖੱਚਰ ਵਾਲੇ ਵੀ ਸ਼ਾਮਲ ਹਨ। ਹਮਲਾਵਰਾਂ ਵਿੱਚ ਦੋ ਪਾਕਿਸਤਾਨੀ ਨਾਗਰਿਕ ਅਤੇ ਲਸ਼ਕਰ-ਏ-ਤੋਇਬਾ ਸੰਗਠਨ ਨਾਲ ਸਬੰਧਤ ਇੱਕ ਸਥਾਨਕ ਅਤਿਵਾਦੀ ਸ਼ਾਮਲ ਹੈ। ਉਨ੍ਹਾਂ ਦੀ ਪਛਾਣ ਅਨੰਤਨਾਗ ਜ਼ਿਲ੍ਹੇ ਦੇ ਆਦਿਲ ਹੁਸੈਨ ਠੋਕਰ, ਅਲੀ ਬਈ ਉਰਫ ਤਲਹਾ ਬਈ ਅਤੇ ਹਾਸ਼ਿਮ ਮੂਸਾ ਉਰਫ ਸੁਲੇਮਾਨ ਵਜੋਂ ਹੋਈ ਹੈ ਤੇ ਇਹ ਦੋਵੇਂ ਪਾਕਿਸਤਾਨ ਤੋਂ ਹਨ। ਘਟਨਾ ਦੇ ਸਬੰਧ ਵਿੱਚ ਪੁੱਛਗਿੱਛ ਲਈ ਵਾਦੀ ਭਰ ਵਿੱਚ 2000 ਤੋਂ ਵੱਧ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

# ਪਾਕਿਸਤਾਨ 'ਚ 600 ਫੌਜੀ ਅਫ਼ਸਰਾਂ ਨੇ ਦਿੱਤਾ ਅਸਤੀਫ਼ਾ




ਇਸਲਾਮਾਬਾਦ: ਪਾਕਿਸਤਾਨੀ ਫੌਜ ਵਿੱਚ ਵੱਡੇ ਪੱਧਰ 'ਤੇ ਬਗਾਵਤ ਦੀ ਸਥਿਤੀ ਪੈਦਾ ਹੋ ਗਈ ਹੈ। ਫੌਜੀ ਕਮਾਂਡਰਾਂ ਦੇ ਵਾਰ-ਵਾਰ ਬਦਲਦੇ ਹੁਕਮਾਂ, ਮਾਨਸਿਕ ਥਕਾਵਟ ਅਤੇ ਪਰਿਵਾਰਕ ਦਬਾਅ ਦੇ ਕਾਰਨ, 100 ਤੋਂ ਵੱਧ ਫੌਜੀ ਅਧਿਕਾਰੀਆਂ ਅਤੇ 500 ਤੋਂ ਵੱਧ ਸੈਨਿਕਾਂ ਨੇ ਅਸਤੀਫਾ ਦੇ ਦਿੱਤਾ ਹੈ। ਇਸ ਸਮੂਹਿਕ ਅਸਤੀਫੇ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਪਾਕਿਸਤਾਨ ਦੀ ਸੁਰੱਖਿਆ ਪ੍ਰਣਾਲੀ ਨੂੰ ਡੂੰਘੇ ਸੰਕਟ ਵਿੱਚ ਪਾ ਦਿੱਤਾ ਹੈ। ਭਾਰਤ-ਪਾਕਿਸਤਾਨ ਸਰਹੱਦ ਦੀ ਸੁਰੱਖਿਆ ਲਈ ਜ਼ਿੰਮੇਵਾਰੀ ਸੰਭਾਲ ਰਹੀ 11ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਉਮਰ ਅਹਿਮਦ ਬੁਖਾਰੀ ਨੇ ਫੌਜ ਹੈੱਡਕੁਆਰਟਰ ਨੂੰ ਇੱਕ ਪੱਤਰ ਲਿਖ ਕੇ ਇਸ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦ 'ਤੇ ਵਧਦੇ ਤਣਾਅ ਕਾਰਨ ਪਾਕਿਸਤਾਨੀ ਫੌਜ 'ਤੇ ਭਾਰੀ ਦਬਾਅ ਪੈ ਰਿਹਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਫੌਜੀ ਕਮਾਂਡਰ ਸਪੱਸ਼ਟ ਨਿਰਦੇਸ਼ ਦੇਣ ਵਿੱਚ ਅਸਫਲ ਰਹੇ ਹਨ, ਜਿਸ ਕਾਰਨ ਫੌਜਾਂ ਵਿੱਚ ਭੰਬਲਭੂਸਾ ਅਤੇ ਤਣਾਅ ਵੱਧ ਹੈ। ਮਨਮਾਨੇ ਢੰਗ ਨਾਲ ਇੱਕ ਕੋਰ ਤੋਂ ਦੂਜੀ ਕੋਰ ਨੂੰ ਰਿਪੋਰਟਿੰਗ ਦੇ ਆਰਡਰ ਦਿੱਤੇ ਜਾ ਰਹੇ ਹਨ, ਅਤੇ ਚੁਣ-ਚੁਣ ਕੇ ਅਫਸਰਾਂ ਅਤੇ ਸੈਨਿਕਾਂ ਨੂੰ ਟਰਾਂਸਫਰ ਕੀਤਾ ਜਾ ਰਿਹਾ ਹੈ। ਇਸ ਨਾਲ ਸੈਨਿਕਾਂ ਵਿੱਚ ਅਸੰਤੁਸ਼ਟੀ ਅਤੇ ਮਾਨਸਿਕ ਦਬਾਅ ਵੱਧ ਗਿਆ ਹੈ।

**ਪਾਕਿਸਤਾਨੀ ਫੌਜ ਵਿੱਚ ਅਸਤੀਫਿਆਂ ਦਾ ਦੌਰ**

ਪਿਛਲੇ ਹਫ਼ਤੇ, ਭਾਰਤ-ਪਾਕਿ ਤਣਾਅ ਦੇ ਵਿਚਕਾਰ, ਪਾਕਿਸਤਾਨੀ ਫੌਜ ਹੈੱਡਕੁਆਰਟਰ ਨੇ ਕਵੇਟਾ ਅਤੇ ਬਲੋਚਿਸਤਾਨ ਵਿੱਚ ਤਾਇਨਾਤ 12ਵੀਂ ਕੋਰ ਸਮੇਤ ਹੋਰ ਕੋਰ ਦੇ ਫੌਜੀ ਅਧਿਕਾਰੀਆਂ ਅਤੇ ਜਵਾਨਾਂ ਨੂੰ ਤੁਰੰਤ 11ਵੀਂ ਕੋਰ ਨੂੰ ਰਿਪੋਰਟ ਕਰਨ ਦਾ ਆਦੇਸ਼ ਜਾਰੀ ਕੀਤਾ ਸੀ। 11ਵੀਂ ਕੋਰ, ਜਿਸਦੀ ਕਮਾਨ ਲੈਫਟੀਨੈਂਟ ਜਨਰਲ ਉਮਰ ਅਹਿਮਦ ਬੁਖਾਰੀ ਕਰਦੇ ਹਨ, ਮੁੱਖ ਤੌਰ 'ਤੇ ਭਾਰਤ-ਪਾਕਿ ਸਰਹੱਦ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ। ਬੁਖਾਰੀ 2024 ਤੋਂ ਇਸ ਕੋਰ ਦੀ ਅਗਵਾਈ ਕਰ ਰਹੇ ਹਨ। 26 ਅਪ੍ਰੈਲ 2025 ਨੂੰ, ਜਦੋਂ ਬੁਖਾਰੀ ਨੇ ਦੂਜੀਆਂ ਕੋਰਾਂ ਤੋਂ ਆਏ ਸੈਨਿਕਾਂ ਦੀ ਹਾਲਤ ਦੀ ਜਾਂਚ ਕੀਤੀ, ਤਾਂ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਸਾਹਮਣੇ ਆਇਆ। ਲਗਭਗ 100 ਫੌਜੀ ਅਧਿਕਾਰੀਆਂ ਅਤੇ 500 ਤੋਂ ਵੱਧ ਹੇਠਲੇ ਰੈਂਕ ਦੇ ਸੈਨਿਕਾਂ ਨੇ ਆਪਣੇ ਅਸਤੀਫ਼ੇ ਸੌਂਪ ਦਿੱਤੇ ਸਨ, ਜਿਸ ਦੇ ਚੱਲਦਿਆਂ 11ਵੀਂ ਕੋਰ ਵਿੱਚ ਸੈਨਾ ਬਲ ਦੀ ਭਾਰੀ ਘਾਟ ਪੈਦਾ ਹੋ ਗਈ। ਅਸਤੀਫ਼ਾ ਦੇਣ ਵਾਲਿਆਂ ਨੇ ਮੁੱਖ ਕਾਰਨਾਂ ਵਿੱਚ ਫੌਜੀ ਕਮਾਂਡਰਾਂ ਦੇ ਵਾਰ-ਵਾਰ ਬਦਲਦੇ ਆਦੇਸ਼ , ਮਾਨਸਿਕ ਥਕਾਵਟ ਅਤੇ ਪਰਿਵਾਰ 'ਤੇ ਵਧਦੇ ਦਬਾਅ ਨੂੰ ਦੱਸਿਆ। ਇਸ ਸੰਕਟ ਦਾ ਅਸਰ ਸਿੱਧੇ ਤੌਰ 'ਤੇ ਭਾਰਤ-ਪਾਕਿਸਤਾਨ ਸਰਹੱਦ 'ਤੇ ਦਿਖਾਈ ਦੇ ਰਿਹਾ ਹੈ, ਜਿੱਥੇ ਪੈਦਲ ਸੈਨਾ ਰੈਜੀਮੈਂਟ, ਉੱਤਰੀ ਖੇਤਰ ਦੀ ਪਹਾੜੀ ਬਟਾਲੀਅਨ ਅਤੇ ਫਰੰਟ ਲਾਈਨ 'ਤੇ ਤਾਇਨਾਤ ਤੋਪਖਾਨਾ ਰੈਜੀਮੈਂਟ ਵਿੱਚ ਸੈਨਿਕਾਂ ਦੀ ਗਿਣਤੀ ਵਿੱਚ ਭਾਰੀ ਕਮੀ ਆਈ ਹੈ। ਲੈਫਟੀਨੈਂਟ ਜਨਰਲ ਬੁਖਾਰੀ ਨੇ ਇਸ ਗੰਭੀਰ ਸਥਿਤੀ ਬਾਰੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਜਾਣਕਾਰੀ ਦਿੱਤੀ। ਇਸ ਦੇ ਜਵਾਬ ਵਿੱਚ, ਫੌਜ ਹੈੱਡਕੁਆਰਟਰ ਨੇ ਸਖ਼ਤ ਰੁਖ਼ ਅਪਣਾਇਆ ਅਤੇ ਕਿਹਾ ਕਿ ਇਸ ਸੰਕਟ ਦੌਰਾਨ ਅਸਤੀਫ਼ੇ ਸਵੀਕਾਰ ਨਹੀਂ ਕੀਤੇ ਜਾਣਗੇ ਕਿਉਂਕਿ ਇਹ ਫੌਜੀ ਨਿਯਮਾਂ ਦੀ ਉਲੰਘਣਾ ਹੈ। ਅਸਤੀਫ਼ਾ ਦੇਣ ਵਾਲੇ ਅਧਿਕਾਰੀਆਂ ਅਤੇ ਸੈਨਿਕਾਂ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ ਹੈ। ਹਾਲਾਂਕਿ, ਹੈੱਡਕੁਆਰਟਰ ਨੇ ਅਸਤੀਫ਼ੇ ਆਂ ਦੀ ਸਹੀ ਗਿਣਤੀ ਜਨਤਕ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਨਾਲ ਸਥਿਤੀ ਦੀ ਗੰਭੀਰਤਾ ਬਾਰੇ ਹੋਰ ਸਵਾਲ ਖੜ੍ਹੇ ਹੋ ਗਏ ਹਨ। ਇਹ ਸੰਕਟ ਪਾਕਿਸਤਾਨੀ ਫੌਜ ਦੇ ਅੰਦਰ ਡੂੰਘੀ ਅਸੰਤੋਸ਼, ਕਮਜ਼ੋਰ ਲੀਡਰਸ਼ਿਪ ਅਤੇ ਘੱਟ ਫੌਜੀ ਮਨੋਬਲ ਨੂੰ ਉਜਾਗਰ ਕਰਦਾ ਹੈ ।

# ਹਰਪਾਲ ਸਿੰਘ ਚੀਮਾ ਨੇ ਪੰਜਾਬ ਨਾਲ ਲੱਗਦੀ ਪਾਕਿਸਤਾਨੀ ਸਰਹੱਦ 'ਤੇ ਤਾਇਨਾਤ ਕੀਤੇ ਜਾਣ ਵਾਲੇ ਐਂਟੀ-ਡਰੋਨ ਸਿਸਟਮ ਦਾ ਕੀਤਾ ਨਿਰੀਖਣ



ਚੰਡੀਗੜ੍ਹ : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਨੂੰ ਪੰਜਾਬ ਨਾਲ ਲੱਗਦੀ ਪਾਕਿਸਤਾਨੀ ਸਰਹੱਦ 'ਤੇ ਡਰੋਨਾਂ ਨੂੰ ਡੇਗਣ ਲਈ ਤਾਇਨਾਤ ਕੀਤੇ ਜਾਣ ਵਾਲੇ ਐਂਟੀ-ਡਰੋਨ ਸਿਸਟਮ ਦਾ ਨਿਰੀਖਣ ਕੀਤਾ।

# ਜੰਮੂ ਦੇ ਨੇੜੇ ਮੁੱਖ ਸੈਰ-ਸਪਾਟਾ ਸਥਾਨਾਂ 'ਤੇ ਅਧਿਕਾਰੀਆਂ ਨੇ ਸੁਰੱਖਿਆ ਪ੍ਰਬੰਧਾਂ ਦੀ ਕੀਤੀ ਸਮੀਖਿਆ



ਜੰਮੂ : ਪਹਿਲਗਾਮ ਅਤਿਵਾਦੀ ਹਮਲੇ ਤੋਂ ਇਕ ਹਫ਼ਤੇ ਬਾਅਦ ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਜੰਮੂ ਦੇ ਨੇੜੇ ਪ੍ਰਸਿੱਧ ਸੈਰ-ਸਪਾਟਾ ਸਥਾਨਾਂ ਦਾ ਦੌਰਾ ਕੀਤਾ ਅਤੇ ਸੁਰੱਖਿਆ ਸਥਿਤੀ ਦੀ ਵਿਆਪਕ ਸਮੀਖਿਆ ਕੀਤੀ। ਇਕ ਅਧਿਕਾਰੀ ਨੇ ਕਿਹਾ ਡੋਡਾ-ਕਿਸ਼ਤਵਾੜ-ਰਾਮਬਨ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲੀਸ ਸ਼੍ਰੀਧਰ ਪਾਟਿਲ ਨੇ ਪਤਨੀਟੌਪ ਅਤੇ ਨਾਲ ਲੱਗਦੇ ਨਥਾਟੌਪ ਅਤੇ ਸਨਾਸਰ ਦਾ ਦੌਰਾ ਕੀਤਾ, ਜੋ ਊਧਮਪੁਰ ਅਤੇ ਰਾਮਬਨ ਜ਼ਿਲ੍ਹਿਆਂ ਦੇ ਵਿਚਕਾਰ ਜੰਮੂ-ਸ੍ਰੀਨਗਰ ਰਾਸ਼ਟਰੀ ਰਾਜਮਾਰਗ ਦੇ ਪੁਰਾਣੇ ਅਲਾਈਨਮੈਂਟ 'ਤੇ ਸਥਿਤ ਹਨ। ਇਥੇ ਸਾਲ ਭਰ ਵੱਡੀ ਗਿਣਤੀ ਵਿਚ ਛੁੱਟੀਆਂ ਮਨਾਉਣ ਵਾਲੇ ਆਉਂਦੇ ਹਨ।

ਇਕ ਪੁਲੀਸ ਬੁਲਾਰੇ ਨੇ ਕਿਹਾ ਕਿ ਡੀਆਈਜੀ ਨੇ ਰਾਮਬਨ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲੀਸ ਕੁਲਬੀਰ ਸਿੰਘ ਅਤੇ ਹੋਰ ਅਧਿਕਾਰੀਆਂ ਨਾਲ ਸੈਲਾਨੀਆਂ ਦੀ ਸੁਰੱਖਿਆ ਲਈ ਕੀਤੇ ਉਪਾਵਾਂ ਦੀ ਸਮੀਖਿਆ ਕੀਤੀ। ਇਸ ਉਪਰੰਤ ਪਾਟਿਲ ਨੇ ਵੱਖ-ਵੱਖ ਹੋਟਲ ਐਸੋਸੀਏਸ਼ਨਾਂ, ਟਰੈਕਿੰਗ ਐਸੋਸੀਏਸ਼ਨਾਂ ਦੇ ਪ੍ਰਤੀਨਿਧੀਆਂ ਅਤੇ ਸਾਬਕਾ ਸਰਪੰਚਾਂ ਸਮੇਤ ਸਥਾਨਕ ਨਿਵਾਸੀਆਂ ਨਾਲ ਇਕ ਇੰਟਰਐਕਟਿਵ ਮੀਟਿੰਗ ਵੀ ਕੀਤੀ

# ਨਵਾਜ਼ ਸ਼ਰੀ.ਫ ਨੇ ਪ੍ਰਧਾਨ ਮੰਤਰੀ ਨੂੰ ਕੂਟਨੀਤਕ ਤਰੀਕਿਆਂ ਨਾਲ ਤਣਾਅ ਘਟਾਉਣ ਦੀ ਦਿੱਤੀ ਸਲਾਹ

ਅੰਮ੍ਰਿਤਸਰ : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਮੁਖੀ ਨਵਾਜ਼ ਸ਼ਰੀ.ਫ ਨੇ ਆਪਣੇ ਛੋਟੇ ਭਰਾ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀ.ਫ ਨੂੰ ਸਲਾਹ ਦਿੱਤੀ ਹੈ ਕਿ ਪਹਿਲਗਾਮ ਹਮਲੇ ਤੋਂ ਬਣੇ ਤਣਾਅ



ਨੂੰ ਘਟਾਉਣ ਲਈ ਕੂਟਨੀਤਕ ਤਰੀਕਿਆਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀ.ਫ ਆਪਣੇ ਵੱਡੇ ਭਰਾ ਨਵਾਜ਼ ਸ਼ਰੀ.ਫ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਪਹੁੰਚੇ। ਸ਼ਾਹਬਾਜ਼ ਸ਼ਰੀ.ਫ ਨੇ ਉਨ੍ਹਾਂ ਨੂੰ ਭਾਰਤ ਵਲੋਂ ਲਗਾਈਆਂ ਗਈਆਂ ਸਖ਼ਤ ਪਾਬੰਦੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪਾਕਿ ਦੀ ਨੈਸ਼ਨਲ ਸੁਰੱਖਿਆ ਕਮੇਟੀ (ਐੱਨ. ਐੱਸ. ਸੀ.) ਦੀ ਮੀਟਿੰਗ 'ਚ ਲਏ ਗਏ ਫ਼ੈਸਲਿਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਦੌਰਾਨ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਨੇ ਪਾਰਟੀ ਮੁਖੀ ਨੂੰ ਕਿਸੇ ਵੀ ਹਮਲੇ ਦਾ ਜਵਾਬ ਦੇਣ ਦੀਆਂ ਕੀਤੀਆਂ ਗਈਆਂ ਤਿਆਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਸ਼ਾਹਬਾਜ਼ ਸ਼ਰੀ.ਫ ਨੇ ਕਿਹਾ ਕਿ ਇਹ ਅੱਤਵਾਦੀ ਹਮਲਾ ਭਾਰਤੀ ਅੱਤਵਾਦੀਆਂ ਵਲੋਂ ਪਹਿਲਗਾਮ ਇਲਾਕੇ 'ਚ ਅਸਥਿਰਤਾ ਪੈਦਾ ਕਰਨ ਲਈ ਕੀਤਾ ਗਿਆ ਸੀ। ਇਸ ਦੇ ਨਾਲ ਹੀ ਭਾਰਤ ਦੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਇਕਪਾਸੜ ਫ਼ੈਸਲੇ ਨੇ ਖੇਤਰ 'ਚ ਯੁੱਧ ਦਾ ਖ਼ਤਰਾ ਵਧਾ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿ ਸ਼ਾਂਤੀ ਲਈ ਵਚਨਬੱਧ ਹੈ ਪਰ ਦੇਸ਼ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਇਸ 'ਤੇ ਨਵਾਜ਼ ਸ਼ਰੀ.ਫ ਨੇ ਕਿਹਾ ਕਿ ਸਰਕਾਰ ਨੂੰ ਸ਼ਾਂਤੀ ਬਹਾਲ ਕਰਨ ਲਈ ਸਾਰੇ ਉਪਲਬਧ ਕੂਟਨੀਤਕ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕੂਟਨੀਤਕ ਤਰੀਕਿਆਂ ਰਾਹੀਂ ਤਣਾਅ ਘਟਾਉਣ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

## ਭਾਰਤ ਪਾਕਿਸਤਾਨ ਦਾ ਕਿੰਨਾ ਪਾਣੀ ਰੋਕ ਸਕਦਾ ਹੈ ?

# 'ਸਿੰਧੂ ਸਟਰਾਈਕ' ਨਾਲ ਨੁਕਸਾਨ ਕਿਵੇਂ ਹੋਵੇਗਾ



ਨਵੀਂ ਦਿੱਲੀ : ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੰਧੂ ਜਲ ਸੰਧੀ ਨੂੰ ਪਾਣੀ ਦੀ ਵੰਡ ਲਈ ਇਕ ਸਫਲ ਸਮਝੌਤੇ ਵਜੋਂ ਦੇਖਿਆ ਜਾਂਦਾ ਹੈ। ਹੁਣ ਭਾਰਤ ਨੇ ਪਾਕਿਸਤਾਨ ਦੀ ਆਰਥਿਕਤਾ ਨੂੰ ਸਿੱਧਾ ਝਟਕਾ ਦਿੱਤਾ ਹੈ। ਆਓ ਜਾਣਦੇ ਹਾਂ ਕਿ ਕੀ ਸਾਡੇ ਕੋਲ ਜ਼ਰੂਰੀ ਬੁਨਿਆਦੀ ਢਾਂਚਾ ਹੈ ਜਿਸ ਰਾਹੀਂ ਅਸੀਂ ਪਾਕਿਸਤਾਨ ਦੇ ਪਾਣੀ ਦੇ ਹਿੱਸੇ ਨੂੰ ਰੋਕ ਸਕਦੇ ਹਾਂ ਅਤੇ ਇਹ ਪਾਕਿਸਤਾਨ ਦੀ ਆਰਥਿਕਤਾ ਨੂੰ ਕਿਵੇਂ ਪ੍ਰਭਾਵਤ ਕਰੇਗਾ ?

ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਕੇ ਪਾਕਿਸਤਾਨ ਵਿਰੁੱਧ ਸਖ਼ਤ ਕਦਮ ਚੁੱਕਿਆ ਹੈ। ਇਸ ਕਦਮ ਰਾਹੀਂ, ਭਾਰਤ ਨੇ ਪਾਕਿਸਤਾਨ ਦੀ ਆਰਥਿਕਤਾ ਨੂੰ ਸਿੱਧਾ ਝਟਕਾ ਦਿੱਤਾ ਹੈ। ਆਓ ਜਾਣਦੇ ਹਾਂ ਕਿ ਕੀ ਸਾਡੇ ਕੋਲ ਜ਼ਰੂਰੀ ਬੁਨਿਆਦੀ ਢਾਂਚਾ ਹੈ ਜਿਸ ਰਾਹੀਂ ਅਸੀਂ ਪਾਕਿਸਤਾਨ ਦੇ ਪਾਣੀ ਦੇ ਹਿੱਸੇ ਨੂੰ ਰੋਕ ਸਕਦੇ ਹਾਂ ਅਤੇ ਇਹ ਪਾਕਿਸਤਾਨ ਦੀ ਆਰਥਿਕਤਾ ਨੂੰ ਕਿਵੇਂ ਪ੍ਰਭਾਵਤ ਕਰੇਗਾ ?

ਇਸ ਵੇਲੇ ਭਾਰਤ 5-10% ਤੋਂ ਵੱਧ ਪਾਣੀ ਨਹੀਂ ਰੱਖ ਸਕਦਾ। ਡੈਮ ਅਤੇ ਜਲ ਭੰਡਾਰ ਬਣਾਉਣ ਵਿੱਚ ਸਮਾਂ ਲੱਗਦਾ ਹੈ। ਭਾਰਤ ਕੋਲ 5,334 ਵੱਡੇ ਡੈਮ ਹਨ ਅਤੇ ਲਗਪਗ 447 ਡੈਮ ਨਿਰਮਾਣ ਅਧੀਨ ਹਨ।

ਪਾਕਿਸਤਾਨ ਪਣ-ਬਿਜਲੀ ਤੋਂ ਬਿਜਲੀ ਦਾ 1/3 ਹਿੱਸਾ ਪੈਦਾ ਕਰਦਾ ਹੈ। ਪਾਕਿਸਤਾਨ ਇਸ ਦਾ 93% ਸਿੰਚਾਈ ਲਈ ਵਰਤਦਾ ਹੈ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਿੰਧੂ ਜਲ ਸੰਧੀ ਨੂੰ ਪਾਣੀ ਦੀ ਵੰਡ ਲਈ ਇੱਕ ਸਫਲ ਸਮਝੌਤੇ ਵਜੋਂ ਦੇਖਿਆ ਜਾਂਦਾ ਹੈ। ਇਹ ਇਸ ਲਈ ਵੀ ਹੈ ਕਿਉਂਕਿ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਤਣਾਅ ਦਾ ਇੱਕ ਲੰਮਾ ਇਤਿਹਾਸ ਹੈ।

1960 ਵਿੱਚ ਸਿੰਧੂ ਜਲ ਸੰਧੀ ਤੋਂ ਬਾਅਦ, ਭਾਰਤ-ਪਾਕਿਸਤਾਨ ਨੇ 1965, 1971 ਅਤੇ 1999 ਵਿੱਚ ਕਾਰਗਿਲ ਯੁੱਧ ਲੜੇ ਹਨ। ਇਸ ਤੋਂ ਇਲਾਵਾ, ਭਾਰਤ ਪਿਛਲੇ 35 ਸਾਲਾਂ ਤੋਂ ਪਾਕਿਸਤਾਨ ਦੁਆਰਾ ਸਪਾਂਸਰ ਕੀਤੇ ਅੱਤਵਾਦ ਦਾ ਸ਼ਿਕਾਰ ਰਿਹਾ ਹੈ।

# 'ਮੱਥੇ ਤੋਂ ਬਿੰਦੀ ਵੀ ਉਤਾਰੀ, ਅੱਲ੍ਹਾ ਹੂ ਅਕਬਰ ਵੀ ਕਿਹਾ ਗਿਆ, ਫਿਰ ਵੀ ਅੱਤਵਾਦੀਆਂ ਨੇ ਪਤੀ ਨੂੰ ਨਹੀਂ ਬਖਸ਼ਿਆ..' ਪਹਿਲਗਾਮ ਹਮਲੇ 'ਤੇ ਔਰਤ ਦਾ ਦਰਦ



ਨਵੀਂ ਦਿੱਲੀ : ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਪਾਕਿਸਤਾਨ ਸਮਰਥਿਤ ਖ਼ੂਨ ਦੇ ਪਿਆਸੇ ਅੱਤਵਾਦੀਆਂ ਨੇ ਜਿਸ ਤਰ੍ਹਾਂ ਬੇਕਸੂਰ ਲੋਕਾਂ ਦਾ ਖ਼ੂਨ ਵਹਾਇਆ, ਉਸ ਦਾ ਹਿਸਾਬ-ਕਿਤਾਬ ਤਾਂ ਕਦੇ ਵੀ ਹੋ ਸਕਦਾ ਹੈ ਪਰ ਉਨ੍ਹਾਂ ਔਰਤਾਂ ਦਾ ਖ਼ਾਲੀ ਜੀਵਨ ਕਿਵੇਂ ਭਰੇਗਾ ਜਿਨ੍ਹਾਂ ਦੀ ਜ਼ਿੰਦਗੀ ਹੁਣ ਪੂਰੀ ਤਰ੍ਹਾਂ ਹਨੇਰੇ ਵਾਲੀ ਹੋ ਗਈ ਹੈ। ਉਨ੍ਹਾਂ ਮਾਵਾਂ ਦਾ ਕੀ ਹੋਵੇਗਾ ਜਿਨ੍ਹਾਂ ਦੇ ਬੁਢਾਪੇ ਦੀ ਲਾਠੀ ਹੀ ਟੁੱਟ ਗਈ। ਉਨ੍ਹਾਂ ਬੱਚਿਆਂ ਦਾ ਕੀ ਹੋਵੇਗਾ ਜਿਹੜੇ ਅਨਾਥ ਹੋ ਗਏ। ਖ਼ੌਫ਼ ਤੇ ਤਬਾਹੀ ਦਾ ਉਹ ਅਜਿਹਾ ਮੰਜ਼ਰ ਸੀ ਕਿ ਹਤਾਸ਼ਾ 'ਚ ਔਰਤਾਂ ਵੱਲੋਂ 'ਅੱਲ੍ਹਾ ਹੂ ਅਕਬਰ' ਦਾ ਨਾਅਰਾ ਲਗਾਉਣਾ ਵੀ ਕੰਮ ਨਾ ਆਇਆ। ਉਨ੍ਹਾਂ ਦੀਆਂ ਅੱਖਾਂ ਸਾਹਮਣੇ ਹੀ ਪਤੀਆਂ ਨੂੰ ਗੋਲੀ ਮਾਰ ਦਿੱਤੀ ਗਈ।

ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ 'ਚ ਮਹਾਰਾਸ਼ਟਰ ਦੇ ਵੀ ਕਈ ਲੋਕ ਮਾਰੇ ਗਏ ਹਨ। ਮਿ ?ਰਤਕਾਂ 'ਚ ਪੁਣੇ ਦੇ ਦੋ ਲੋਕ ਕੌਸਤੁਭ ਗਣਬੋਟੇ ਤੇ ਸੰਤੋਸ਼ ਜਗਦਾਲੇ ਸ਼ਾਮਲ ਹਨ। ਕੌਸਤੁਭ ਗਣਬੋਟੇ ਦੇ ਪਤਨੀ ਨੇ ਅਜਿਹੀ ਭਿਆਨਕ ਸਥਿਤੀ ਸਾਂਝੀ ਕੀਤੀ। ਅੱਤਵਾਦੀਆਂ ਨੇ ਪੁੱਛਿਆ ਕਿ ਕੀ ਅਸੀਂ ਅਜ਼ਾਨ ਪੜ੍ਹ ਸਕਦੇ ਹਾਂ। ਹਤਾਸ਼ਾ 'ਚ ਅਸੀਂ 'ਅੱਲ੍ਹਾ ਹੂ ਅਕਬਰ' ਦਾ ਨਾਅਰਾ ਲਗਾਉਣਾ ਸ਼ੁਰੂ ਕਰ ਦਿੱਤਾ। ਫਿਰ ਵੀ ਉਨ੍ਹਾਂ ਨੇ ਸਾਡੇ ਪਤੀਆਂ ਨੂੰ ਗੋਲੀ ਮਾਰ ਦਿੱਤੀ।

ਭਾਜਪਾ ਯੁਵਾ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਤੇ ਸੰਸਦ ਮੈਂਬਰ ਤੇਜਸਵੀ ਸੂਰਿਆ ਨੇ ਪਹਿਲਗਾਮ ਅੱਤਵਾਦੀ ਹਮਲੇ 'ਚ ਪ੍ਰਭਾਵਿਤ ਪਰਿਵਾਰਾਂ ਦੀਆਂ ਦਿਲ ਨੂੰ ਛੂਹ ਲੈਣ ਵਾਲੀਆਂ ਗੱਲਾਂ ਕੀਤੀਆਂ ਹਨ। ਸੂਰਿਆ ਨੇ ਕਿਹਾ ਕਿ ਕਿਵੇਂ ਮੰਜੂਨਾਥ ਰਾਓ ਦੀ ਪਤਨੀ ਪੱਲਵੀ ਦੇ ਸਾਹਮਣੇ ਅੱਤਵਾਦੀਆਂ ਨੇ ਉਨ੍ਹਾਂ ਦੀ ਗੋਲ ?ੀ ਮਾਰ ਕੇ ਹੱਤਿਆ ਕਰ ਦਿੱਤੀ। ਆਪਣੇ ਪਤੀ ਦੀਆਂ ਯਾਦਾਂ ਨੂੰ ਸਾਂਭਣ ਲਈ ਉਨ੍ਹਾਂ ਦੀ ਖ਼ੂਨ ਨਾਲ ਲਥਪਥ ਜੈਕੇਟ ਨੂੰ ਪੱਲਵੀ ਨੇ ਆਪਣੇ ਕੋਲ ਰੱਖ ਲਿਆ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਇਕ ਹੋਰ ਪੀੜਤ ਭਾਰਤ ਭੂਸ਼ਣ ਦੇ ਤਿੰਨ ਸਾਲਾ ਬੇਟੇ ਨਾਲ ਜੁੜੀਆਂ ਭਾਵਨਾਤਮਕ ਗੱਲਾਂ ਵੀ ਸਾਂਝੀਆਂ ਕੀਤੀਆ। ਆਪਣੇ ਪਿਤਾ ਦੀ ਮੌਤ ਤੋਂ ਅਣਜਾਣ ਭਾਰਤ ਭੂਸ਼ਣ ਦਾ ਤਿੰਨ ਸਾਲਾ ਬੇਟਾ ਮੌਤ ਨੂੰ ਸਮਝਣ ਲਈ ਬਹੁਤ ਛੋਟਾ ਹੈ। ਉਹ ਉਸੇ ਫਲਾਈਟ 'ਚ ਸੀ, ਜਿਸ ਵਿਚ ਉਸ ਦੇ ਪਿਤਾ ਦੀ ਲਾਸ਼ ਲਿਆਂਦੀ ਗਈ। ਉਹ ਉਸੇ ਫਲਾਈਟ 'ਚ ਬੈਠ ਕੇ ਮੋਬਾਈਲ ਨਾਲ ਖੇਡਦੇ ਹੋਏ ਆਪਣੀ ਮਾਂ ਨੂੰ ਖਿੜਕੀ ਤੋਂ ਦੂਜੇ ਹਵਾਈ ਜਹਾਜ਼ ਦਿਖਾ ਰਿਹਾ ਹੈ।

ਇਸ ਅੱਤਵਾਦੀ ਹਮਲੇ 'ਚ ਗੁਜਰਾਤ ਦੇ ਇਕ ਪਿਤਾ-ਪੁੱਤਰ ਨੂੰ ਇਕੱਠੇ ਆਪਣੀ ਜਾਨ ਗੁਆਉਣੀ ਪਈ। ਉਹ ਅਧਿਆਤਮਕ ਯਾਤਰਾ 'ਤੇ ਕਸ਼ਮੀਰ ਗਏ ਸਨ। ਯਤੀਸ਼ ਪਰਮਾਰ ਤੇ ਉਨ੍ਹਾਂ ਦੇ ਬੇਟੇ ਸਮਿਤ ਭਾਵਨਗਰ ਦੇ ਉਨ੍ਹਾਂ 19 ਲੋਕਾਂ 'ਚ ਸ਼ਾਮਲ ਹਨ, ਜਿਹੜੇ 16 ਅਪ੍ਰੈਲ ਨੂੰ ਸ੍ਰੀਨਗਰ 'ਚ ਮੋਰਾਰੀ ਬਾਪੂ ਦੇ ਪ੍ਰਵਚਨ 'ਚ ਹਿੱਸਾ ਲੈਣ ਲਈ ਕਸ਼ਮੀਰ ਗਏ ਸਨ। ਪ੍ਰਵਚਨ 'ਚ ਹਿੱਸਾ ਲੈਣ ਤੋਂ ਬਾਅਦ ਉਹ ਮੰਗਲਵਾਰ ਨੂੰ ਦੱਖਣੀ ਕਸ਼ਮੀਰ ਦੇ ਪਹਿਲਗਾਮ ਗਏ ਸਨ। ਉੱਥੇ ਉਹ ਅੱਤਵਾਦੀਆਂ ਦੀ ਗੋਲ ?ੀ ਦੇ ਸ਼ਿਕਾਰ ਹੋ ਗਏ। ਸੂਰਤ ਦੇ ਰਹਿਣ ਵਾਲੇ ਇਕ ਹੋਰ ਵਿਅਕਤੀ ਸੁਰੇਸ਼ ਕਲਥੀਆ ਵੀ ਆਪਣੀ ਪਤਨੀ ਤੇ ਦੋ ਬੱਚਿਆਂ ਨਾਲ ਪਹਿਲਗਾਮ 'ਚ ਛੁੱਟੀਆਂ ਮਨਾ ਰਹੇ ਸਨ। ਅੱਤਵਾਦੀਆਂ ਨੇ ਉਨ੍ਹਾਂ ਦੀ ਗੋਲ ?ੀ ਮਾਰ ਕੇ ਹੱਤਿਆ ਕਰ ਦਿੱਤੀ। ਉਨ੍ਹਾਂ ਦੀ ਪਤਨੀ ਤੇ ਬੱਚੇ ਬਚ ਗਏ।

# ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ 1,000 ਤੋਂ ਵੱਧ ਭਾਰਤੀਆਂ ਨੇ ਛੱਡਿਆ ਪਾਕਿਸਤਾਨ

ਲਾਹੌਰ : ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਵੀਜ਼ਾ ਰੱਦ ਹੋਣ ਕਾਰਨ ਆਪਣੀਆਂ ਯਾਤਰਾਵਾਂ ਵਿਚ ਛੱਡਣ ਲਈ ਮਜਬੂਰ ਹੋਣ ਤੋਂ ਬਾਅਦ ਪਿਛਲੇ ਛੇ ਦਿਨਾਂ ਵਿਚ 1,000 ਤੋਂ ਵੱਧ ਭਾਰਤੀ ਵਾਹਗਾ ਸਰਹੱਦ ਰਾਹੀਂ ਆਪਣੇ ਘਰ ਰਵਾਨਾ ਹੋਣ ਲਈ ਪਾਕਿਸਤਾਨ ਛੱਡ ਕੇ ਚਲੇ ਗਏ ਹਨ। ਇਕ ਸਰਕਾਰੀ ਅਧਿਕਾਰੀ ਨੇ ਸੋਮਵਾਰ ਨੂੰ ਦੱਸਿਆ, ''ਪਿਛਲੇ ਛੇ ਦਿਨਾਂ ਵਿੱਚ ਵਾਹਗਾ ਸਰਹੱਦ ਰਾਹੀਂ 1,000 ਤੋਂ ਵੱਧ ਭਾਰਤੀ ਪਾਕਿਸਤਾਨ ਛੱਡ ਕੇ ਆਪਣੇ ਘਰ ਚਲੇ ਗਏ ਹਨ।'' ਇਸੇ ਤਰ੍ਹਾਂ ਸੋਮਵਾਰ ਤੱਕ 800 ਤੋਂ ਵੱਧ ਪਾਕਿਸਤਾਨੀ ਘਰ ਵਾਪਸ ਆਏ ਹਨ। ਉਨ੍ਹਾਂ ਅੱਗੇ ਕਿਹਾ ਕਿ ਦੋਵਾਂ ਦੇਸ਼ਾਂ ਤੋਂ ਲੰਬੇ ਸਮੇਂ ਦੇ ਵੀਜ਼ੇ ਰੱਖਣ ਵਾਲਿਆਂ ਨੂੰ ਵਾਪਸੀ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਐਤਵਾਰ ਨੂੰ 236 ਪਾਕਿਸਤਾਨੀ ਘਰ ਵਾਪਸ ਆਏ ਅਤੇ 115 ਭਾਰਤੀ ਆਪਣੇ ਵਤਨ ਪਰਤੇ।



# ਅਸੀਂ ਭਾਰਤ ਤੇ ਪਾਕਿਸਤਾਨ ਦੇ ਸੰਪਰਕ 'ਚ ਹਾਂ : ਅਮਰੀਕਾ



ਵਾਸ਼ਿੰਗਟਨ : ਵਿਦੇਸ਼ ਵਿਭਾਗ ਦੀ ਬੁਲਾਰਾ ਟੈਮੀ ਬਰੂਸ ਨੇ ਕਿਹਾ ਕਿ ਅਮਰੀਕਾ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਕਸ਼ਮੀਰ 'ਚ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਦੋਵਾਂ ਗੁਆਂਢੀ ਦੇਸ਼ਾਂ ਵਿਚਕਾਰ ਤਣਾਅ ਦੌਰਾਨ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਦੇ ਸੰਪਰਕ ਵਿੱਚ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਦੇਸ਼ ਮੰਤਰੀ ਮਾਰਕੋ ਰੂਬੀਓ "ਅੱਜ ਜਾਂ ਕੱਲ੍ਹ" ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਗੱਲ ਕਰਨਗੇ। ਬਰੂਸ ਨੇ ਬੁੱਧਵਾਰ ਨੂੰ ਇੱਕ ਬ੍ਰੀਫਿੰਗ ਵਿੱਚ ਕਿਹਾ, "ਅਸੀਂ ਉਸ ਖੇਤਰ ਦੇ ਸਾਰੇ ਖੇਤਰਾਂ 'ਚ ਹੋ ਰਹੇ ਸਾਰੇ ਘਟਨਾਕ੍ਰਮ 'ਤੇ ਨਜ਼ਰ ਰੱਖ ਰਹੇ ਹਾਂ ਅਤੇ ਜਿਵੇਂ ਕਿ ਤੁਸੀਂ ਜਾਣਦੇ ਹੋ, ਅਸੀਂ ਕਈ ਪੱਧਰਾਂ 'ਤੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੇ ਸੰਪਰਕ ਵਿੱਚ ਹਾਂ।"

ਉਨ੍ਹਾਂ ਨੂੰ ਜਦੋਂ ਪੁੱਛਿਆ ਗਿਆ ਕਿ ਪਾਕਿਸਤਾਨੀ ਮੰਤਰੀ ਦੇ ਉਸ ਬਿਆਨ 'ਤੇ ਵਿਦੇਸ਼ ਵਿਭਾਗ ਦੀ ਕੀ ਪ੍ਰਤੀਕਿਰਿਆ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਉਹ ਅਮਰੀਕਾ ਲਈ "ਗੰਦਾ ਕੰਮ" ਕਰ ਰਹੇ ਹਨ ਅਤੇ ਪਾਕਿਸਤਾਨ ਵਿੱਚ ਲਸ਼ਕਰ-ਏ-ਤੋਇਬਾ ਦੀ ਹੋਂਦ ਤੋਂ ਵੀ ਇਨਕਾਰ ਕਰ ਰਹੇ ਹਨ ਤਾਂ ਉਨ੍ਹਾਂ ਨੇ ਜਵਾਬ ਦਿੰਦਿਆਂ ਕਿਹਾ, "ਸਿਰਫ਼ ਵਿਦੇਸ਼ ਮੰਤਰੀ ਪੱਧਰ 'ਤੇ ਹੀ ਨਹੀਂ, ਸਗੋਂ ਕਈ ਪੱਧਰਾਂ 'ਤੇ। ਅਸੀਂ, ਬੇਸ਼ੱਕ, ਸਾਰੀਆਂ ਧਿਰਾਂ ਨੂੰ ਇੱਕ ਜ਼ਿੰਮੇਵਾਰ ਹੱਲ ਲੱਭਣ ਲਈ ਇਕੱਠੇ ਕੰਮ ਕਰਨ ਲਈ ਉਤਸ਼ਾਹਿਤ ਕਰ ਰਹੇ ਹਾਂ। ਦੁਨੀਆ ਇਸ ਨੂੰ ਦੇਖ ਰਹੀ ਹੈ, ਪਰ ਮੇਰੇ ਕੋਲ ਇਸ ਸਬੰਧ ਵਿੱਚ ਕੋਈ ਵਾਧੂ ਵੇਰਵੇ ਨਹੀਂ ਹਨ।"

ਇਸ ਤੋਂ ਇਲਾਵਾ, ਉਨ੍ਹਾਂ ਕਿਹਾ ਕਿ ਵਿਦੇਸ਼ ਮੰਤਰੀ ਰੂਬੀਓ ਨੇ ਦੋਵਾਂ ਦੇਸ਼ਾਂ ਨੂੰ "ਸਥਿਤੀ ਨੂੰ ਹੋਰ ਨਾ ਵਧਾਉਣ" ਲਈ ਕਿਹਾ ਹੈ। ਰੂਬੀਓ ਨੇ ਕਿਹਾ, "ਅਸੀਂ ਦੋਵਾਂ ਧਿਰਾਂ ਤੱਕ ਪਹੁੰਚ ਕਰ ਰਹੇ ਹਾਂ ਅਤੇ ਉਨ੍ਹਾਂ ਨੂੰ ਸਥਿਤੀ ਨੂੰ ਹੋਰ ਨਾ ਵਧਾਉਣ ਲਈ ਕਹਿ ਰਹੇ ਹਾਂ। ਵਿਦੇਸ਼ ਮੰਤਰੀ ਨੂੰ ਉਮੀਦ ਹੈ ਕਿ ਉਹ ਅੱਜ ਜਾਂ ਕੱਲ੍ਹ ਪਾਕਿਸਤਾਨ ਅਤੇ ਭਾਰਤ ਦੇ ਵਿਦੇਸ਼ ਮੰਤਰੀਆਂ ਨਾਲ ਗੱਲ ਕਰਨਗੇ।

# ਭਾਰਤ-ਪਾਕਿ ਜੰਗ ਦੇ ਹੋਣਗੇ 'ਭਿਆਨਕ ਨਤੀਜੇ'

## ਦੋਵਾਂ ਦੇਸ਼ਾਂ ਵਿਚਕਾਰ ਤਣਾਅ ਘਟਾਉਣ ਦੀ ਕੀਤੀ ਅਪੀਲ

ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ, ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟਾਰੇਸ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਭਾਰਤੀ ਵਿਦੇਸ਼ ਮੰਤਰੀ ਸੁਬ੍ਰਮਣੀਅਮ ਜੈਸ਼ੰਕਰ ਨਾਲ ਗੱਲ ਕੀਤੀ ਅਤੇ ਨਿਆਂ ਅਤੇ ਜਵਾਬਦੇਹੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਧ ਰਹੇ ਤਣਾਅ 'ਤੇ ਵੀ ਚਿੰਤਾ ਪ੍ਰਗਟ ਕੀਤੀ ਅਤੇ ਚੇਤਾਵਨੀ ਦਿੱਤੀ ਕਿ 'ਟਕਰਾਅ ਦੇ ਭਿਆਨਕ ਨਤੀਜੇ ਹੋ ਸਕਦੇ ਹਨ।'





ਇੱਕ ਪ੍ਰੈਸ ਬ੍ਰੀਫਿੰਗ ਨੂੰ ਸੰਬੋਧਨ ਕਰਦੇ ਹੋਏ ਸਕੱਤਰ-ਜਨਰਲ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ, "ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਾਲ ਵੱਖਰੇ ਤੌਰ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੇ ਭਾਰਤ ਦੇ ਵਿਦੇਸ਼ ਮੰਤਰੀ ਸੁਬ੍ਰਮਣੀਅਮ ਜੈਸ਼ੰਕਰ ਨਾਲ ਵੀ ਗੱਲ ਕੀਤੀ। ਆਪਣੇ ਫ਼ੋਨ ਕਾਲ ਵਿੱਚ ਸਕੱਤਰ-ਜਨਰਲ ਨੇ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਵਿੱਚ ਹੋਏ ਅਤਿਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ। ਸਕੱਤਰ-ਜਨਰਲ ਨੇ ਇਨ੍ਹਾਂ ਹਮਲਿਆਂ ਲਈ ਕਾਨੂੰਨੀ ਤਰੀਕਿਆਂ ਰਾਹੀਂ ਨਿਆਂ ਅਤੇ ਜਵਾਬਦੇਹੀ ਨੂੰ ਅੱਗੇ ਵਧਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।"

ਦੁਜਾਰਿਕ ਨੇ ਕਿਹਾ, "ਸੈਕਟਰੀ-ਜਨਰਲ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵਧਣ 'ਤੇ ਆਪਣੀ ਡੂੰਘੀ ਚਿੰਤਾ ਵੀ ਪ੍ਰਗਟ ਕੀਤੀ ਅਤੇ ਟਕਰਾਅ ਤੋਂ ਬਚਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਜਿਸ ਦੇ ਨਤੀਜੇ ਦੁਖਦਾਈ ਹੋ ਸਕਦੇ ਹਨ। ਸੈਕਟਰੀ-ਜਨਰਲ ਨੇ ਕਿਸੇ ਵੀ ਤਣਾਅ ਨੂੰ ਘੱਟ ਕਰਨ ਦੇ ਯਤਨਾਂ ਦਾ ਸਮਰਥਨ ਕਰਨ ਲਈ ਆਪਣੇ ਚੰਗੇ ਅਧਿਕਾਰੀਆਂ ਦੀ ਪੇਸ਼ਕਸ਼ ਕੀਤੀ।" ਉਨ੍ਹਾਂ ਕਿਹਾ, "ਸੈਕਟਰੀ-ਜਨਰਲ ਦੋਵਾਂ ਦੇਸ਼ਾਂ ਵਿਚਕਾਰ ਉੱਚ ਪਧਰੀ ਤਣਾਅ ਤੋਂ ਚਿੰਤਤ ਹਨ... ਉਹ ਦੋਵੇਂ ਧਿਰਾਂ ਨੂੰ ਤਣਾਅ ਘਟਾਉਣ ਵੱਲ ਵਧਦੇ ਦੇਖਣਾ ਚਾਹੁੰਦੇ ਹਨ। ਦੁਜਾਰਿਕ ਨੇ ਕਿਹਾ, "ਖੇਤਰ ਅਤੇ ਦੁਨੀਆਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਜੋ ਦੋਵਾਂ ਦੇਸ਼ਾਂ ਅਤੇ ਪੂਰੀ ਦੁਨੀਆ ਲਈ ਵਿਨਾਸ਼ਕਾਰੀ ਹੋਵੇਗਾ।"

# ਪਾਕਿਸਤਾਨੀ ਰੱਖਿਆ ਮੰਤਰੀ ਦਾ X ਅਕਾਊਂਟ ਭਾਰਤ 'ਚ ਬੰਦ, ਲਗਾਤਾਰ ਉਗਲ ਰਿਹਾ ਸੀ ਜ਼ਹਿਰ

ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜ਼ਾ ਮੁਹੰਮਦ ਆਸਿਫ਼ ਦਾ ਐਕਸ ਅਕਾਊਂਟ ਭਾਰਤ 'ਚ ਬੰਦ ਕਰ ਦਿੱਤਾ ਗਿਆ ਹੈ। ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਅੱਤਵਾਦੀ ਹਮਲੇ ਤੋਂ ਬਾਅਦ ਉਹ ਲਗਾਤਾਰ ਭਾਰਤ ਖ਼ਿਲਾਫ਼ ਜ਼ਹਿਰ ਉਗਲ ਰਹੇ ਸਨ। ਖ਼ਵਾਜ਼ਾ ਆਸੀਫ ਨੇ ਭਾਰਤ ਦੇ ਫ਼ੌਜੀ ਹਮਲੇ ਦੇ ਡਰ ਨੂੰ ਵੀ ਸਵੀਕਾਰ ਕੀਤਾ ਸੀ। ਆਸੀਫ ਨੇ ਸੋਮਵਾਰ ਨੂੰ ਕਿਹਾ ਸੀ ਕਿ ਭਾਰਤ ਵੱਲੋਂ ਹਮਲਾ ਨਿਸ਼ਚਿਤ ਹੈ ਤੇ ਇਹ ਬੇਹੱਦ ਕਰੀਬ ਹੈ। ਭਾਰਤ ਦੇ ਹਮਲੇ ਦੇ ਖ਼ਤਰੇ ਨੂੰ ਦੇਖਦਿਆਂ ਖ਼ਵਾਜ਼ਾ ਆਸੀਫ ਨੇ ਕਿਹਾ, 'ਅਸੀਂ ਆਪਣੇ ਸੁਰੱਖਿਆ ਬਲਾਂ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ ਹੈ, ਕਿਉਂਕਿ ਭਾਰਤ ਵੱਲੋਂ ਹਮਲਾ ਤੈਅ ਹੈ। ਇਨ੍ਹਾਂ ਹਾਲਾਤ 'ਚ ਕੁਝ ਕੂਟਨੀਤਕ ਫੈਸਲੇ ਲੈਣੇ ਪੈਣਗੇ ਅਤੇ ਇਹ ਫੈਸਲੇ ਲਏ ਜਾ ਰਹੇ ਹਨ।'



**ਹਮਲੇ ਦੀ ਸੰਭਾਵਨਾ ਦਾ ਜ਼ਿਕਰ** : ਇਹ ਜਾਣਕਾਰੀ ਮਹੱਤਵਪੂਰਨ ਹੈ ਕਿ ਖ਼ਵਾਜਾ ਮੁਹੰਮਦ ਆਸਿਫ ਦੇ ਖ਼ਿਲਾਫ਼ ਇਹ ਕਾਰਵਾਈ ਉਨ੍ਹਾਂ ਦੇ ਪਿਛਲੇ ਦਿਨ ਦੇ ਬਿਆਨ ਤੋਂ ਬਾਅਦ ਕੀਤੀ ਗਈ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਨੇ ਸੋਮਵਾਰ ਨੂੰ ਕਿਹਾ ਸੀ ਕਿ 'ਪਿਛਲੇ ਹਫ਼ਤੇ ਕਸ਼ਮੀਰ ਵਿਚ ਸੈਰ ਕਰਨ ਵਾਲਿਆਂ 'ਤੇ ਹੋਏ ਖ਼ਤਰਨਾਕ ਆਤੰਕੀ ਹਮਲੇ ਦੇ ਬਾਅਦ ਭਾਰਤ ਕਿਸੇ ਵੀ ਸਮੇਂ ਹਮਲਾ ਕਰ ਸਕਦਾ ਹੈ। ਅਸੀਂ ਆਪਣੀ ਫੌਜ ਨੂੰ ਮਜ਼ਬੂਤ ਕੀਤਾ ਹੈ, ਕਿਉਂਕਿ ਇਹ (ਹਮਲਾ) ਇਕ ਐਸੀ ਚੀਜ਼ ਹੈ, ਜੋ ਹੁਣ ਕਰੀਬ ਹੈ। ਇਸ ਲਈ ਇਸ ਸਥਿਤੀ ਵਿਚ ਕੁਝ ਰਣਨੀਤਿਕ ਫੈਸਲੇ ਲੈਣੇ ਪੈਣਗੇ। ਉਹ ਫੈਸਲੇ ਲੈ ਲਏ ਗਏ ਹਨ।'

# ਭਾਰਤ ਮੇਰਾ ਘਰ ਹੈ, ਵਾਪਸ ਨਹੀਂ ਜਾਣਾ ਚਾਹੁੰਦੀ : ਯੂ.ਪੀ. ਦੇ ਵਿਅਕਤੀ ਦੀ ਪਾਕਿ ਪਤਨੀ

## ਇਸਲਾਮਾਬਾਦ ਦੀ ਰਹਿਣ ਵਾਲੀ ਮਰੀਅਮ ਨੇ ਕੇਂਦਰ ਸਰਕਾਰ ਨੂੰ ਕੀਤੀ ਅਪੀਲ

ਬੁਲੰਦ ਸ਼ਹਿਰ : ਉੱਤਰ ਪ੍ਰਦੇਸ਼ ਸਰਕਾਰ ਵਲੋਂ ਪਾਕਿਸਤਾਨ ਦੀ ਆਖ਼ਰੀ ਨਾਗਰਿਕ ਮਰੀਅਮ ਨੂੰ ਵਾਪਸ ਭੇਜੇ ਜਾਣ 'ਚ ਸਿਰਫ ਇਕ ਦਿਨ ਬਚਿਆ ਹੈ ਅਤੇ ਇਸਲਾਮਾਬਾਦ ਦੀ ਰਹਿਣ ਵਾਲੀ ਮਰੀਅਮ ਨੇ ਮੰਗਲਵਾਰ ਨੂੰ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਪਣੇ ਭਾਰਤੀ ਪਤੀ ਨਾਲ ਸੂਬੇ 'ਚ ਹੀ ਰਹਿਣਾ ਚਾਹੁੰਦੀ ਹੈ।



ਅਜੇ ਇਹ ਸਪੱਸ਼ਟ ਨਹੀਂ ਹੈ ਕਿ ਮਰੀਅਮ ਹੀ ਉੱਤਰ ਪ੍ਰਦੇਸ਼ 'ਚ ਆਖ਼ਰੀ ਪਾਕਿਸਤਾਨੀ ਹੈ, ਜਿਸ ਨੂੰ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਕੇਂਦਰ ਦੇ ਹੁਕਮਾਂ ਤਹਿਤ ਦੇਸ਼ ਤੋਂ ਕਢਿਆ ਗਿਆ ਹੈ ਜਾਂ ਨਹੀਂ। ਮਰੀਅਮ ਦੀ ਅਪੀਲ ਅਜਿਹੇ ਸਮੇਂ ਆਈ ਹੈ ਜਦੋਂ ਇਕ ਅਧਿਕਾਰਤ ਬਿਆਨ ਮੁਤਾਬਕ ਉੱਤਰ ਪ੍ਰਦੇਸ਼ 24 ਘੰਟਿਆਂ ਦੇ ਅੰਦਰ ਪਾਕਿਸਤਾਨੀ ਨਾਗਰਿਕਾਂ ਦੀ ਤਕਰੀਬਨ 100 ਫ਼ੀ ਸਦੀ ਵਾਪਸੀ ਹਾਸਲ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ।

ਸੂਬਾ ਸਰਕਾਰ ਨੇ ਵਾਪਸ ਭੇਜੇ ਗਏ ਪਾਕਿਸਤਾਨੀ ਨਾਗਰਿਕਾਂ ਦੀ ਸਹੀ ਗਿਣਤੀ ਜਾਂ ਉਨ੍ਹਾਂ ਦੇ ਵੀਜ਼ਾ ਵੇਰਵਿਆਂ (ਥੋੜ੍ਹੀ ਮਿਆਦ ਜਾਂ ਲੰਬੀ ਮਿਆਦ) ਦਾ ਜ਼ਿਕਰ ਨਹੀਂ ਕੀਤਾ। ਇਸ ਵਿਚ ਇਹ ਵੀ ਸਪੱਸ਼ਟ ਨਹੀਂ ਕੀਤਾ ਗਿਆ ਕਿ 30 ਅਪ੍ਰੈਲ ਨੂੰ ਕੱਢੇ ਜਾਣ ਵਾਲੇ ਆਖ਼ਰੀ ਪਾਕਿਸਤਾਨੀ ਨਾਗਰਿਕ ਕੌਣ ਬਚੇ ਹਨ।

ਮਰੀਅਮ ਦਾ ਵਿਆਹ ਤਿੰਨ ਸਾਲ ਪਹਿਲਾਂ ਬੁਲੰਦਸ਼ਹਿਰ ਜ਼ਿਲ੍ਹੇ ਦੇ ਖੁਰਜਾ ਦੇ ਰਹਿਣ ਵਾਲੇ ਆਮਿਰ ਨਾਲ ਹੋਇਆ ਸੀ। ਪਾਕਿਸਤਾਨੀ ਔਰਤ ਦੋ ਮਹੀਨੇ ਪਹਿਲਾਂ ਥੋੜ੍ਹੀ ਮਿਆਦ ਦਾ ਵੀਜ਼ਾ ਮਿਲਣ ਤੋਂ ਬਾਅਦ ਖੁਰਜਾ 'ਚ ਰਹਿ ਰਹੀ ਹੈ।

ਮਰੀਅਮ ਨੇ ਕਿਹਾ, "ਮੈਂ ਇਸਲਾਮਾਬਾਦ ਤੋਂ ਹਾਂ ਪਰ ਮੇਰਾ ਵਿਆਹ ਇੱਥੇ ਹੋਇਆ ਹੈ। ਮੈਂ ਅਪਣਾ ਦੇਸ਼ ਛੱਡ ਕੇ ਇਸ ਦੇਸ਼ 'ਚ ਆਈ ਹਾਂ। ਹੁਣ ਇਹ ਮੇਰਾ ਦੇਸ਼ ਹੈ। ਮੈਂ ਵਾਪਸ ਨਹੀਂ ਜਾਣਾ ਚਾਹੁੰਦੀ ਅਤੇ ਇੱਥੇ ਪਹੁੰਚਣ ਤੋਂ ਤੁਰਤ ਬਾਅਦ ਉਨ੍ਹਾਂ ਨੇ ਅਪਣੇ ਪਤੀ ਨਾਲ ਦੇਸ਼ 'ਚ ਰਹਿਣ ਲਈ ਲੰਬੀ ਮਿਆਦ ਦੇ ਵੀਜ਼ਾ ਲਈ ਅਰਜ਼ੀ ਦਿਤੀ ਸੀ। ਜਿੱਥੇ ਮੇਰਾ ਪਤੀ ਰਹਿੰਦਾ ਹੈ, ਉਹ ਮੇਰਾ ਘਰ ਹੈ। ਮੈਂ ਇੱਥੇ ਉਸ ਦੇ ਨਾਲ ਰਹਿਣਾ ਚਾਹੁੰਦੀ ਹਾਂ।"

ਮਰੀਅਮ ਨੇ 22 ਅਪ੍ਰੈਲ ਨੂੰ ਪਹਿਲਗਾਮ ਅਤਿਵਾਦੀ ਹਮਲੇ 'ਤੇ ਦੁੱਖ ਜ਼ਾਹਰ ਕੀਤਾ, ਜਿਸ 'ਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ 'ਚ ਜ਼ਿਆਦਾਤਰ ਸੈਲਾਨੀ ਸਨ। ਮਰੀਅਮ ਨੇ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

ਸਥਿਤੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਪੁਲਿਸ ਸੁਪਰਡੈਂਟ (ਦਿਹਾਤੀ) ਤੇਜਵੀਰ ਸਿੰਘ ਨੇ ਕਿਹਾ, "ਮਰੀਅਮ ਨੇ ਅਰਜ਼ੀ ਦਿਤੀ ਹੈ। ਉੱਚ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।"

ਪੁਲਿਸ ਸੂਤਰਾਂ ਅਨੁਸਾਰ ਕੇਂਦਰ ਦੇ ਹੁਕਮ ਤੋਂ ਬਾਅਦ ਚਾਰ ਪਾਕਿਸਤਾਨੀ ਔਰਤਾਂ ਜੋ ਥੋੜ੍ਹੀ ਮਿਆਦ ਦੇ ਵੀਜ਼ੇ 'ਤੇ ਬੁਲੰਦਸ਼ਹਿਰ 'ਚ ਸਨ, ਨੂੰ ਪਹਿਲਾਂ ਹੀ ਵਾਪਸ ਭੇਜ ਦਿਤਾ ਗਿਆ ਹੈ। ਮਰੀਅਮ ਇਸ ਜ਼ਿਲ੍ਹੇ ਵਿਚ ਇਕਲੌਤੀ ਪਾਕਿਸਤਾਨੀ ਨਾਗਰਿਕ ਹੈ ਜੋ ਇਸ ਸਮੇਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਨਿਗਰਾਨੀ ਹੇਠ ਹੈ। ਪਹਿਲਗਾਮ ਅਤਿਵਾਦੀ ਹਮਲੇ ਦੇ ਜਵਾਬ 'ਚ ਕੇਂਦਰ ਸਰਕਾਰ ਨੇ ਸਾਰੇ ਸੂਬਿਆਂ ਨੂੰ ਪਾਕਿਸਤਾਨੀ ਨਾਗਰਿਕਾਂ ਨੂੰ ਵਾਪਸ ਭੇਜਣ ਲਈ ਤੁਰਤ ਸਲਾਹ ਜਾਰੀ ਕੀਤੀ ਸੀ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਤੁਰਤ ਕਾਰਵਾਈ ਕਰਦਿਆਂ ਗ੍ਰਹਿ ਵਿਭਾਗ ਦੇ ਅਧਿਕਾਰੀਆਂ ਅਤੇ ਹੋਰ ਏਜੰਸੀਆਂ ਨਾਲ ਇਕ ਉੱਚ ਪੱਧਰੀ ਬੈਠਕ ਬੁਲਾਈ ਅਤੇ ਸਾਰੇ ਜ਼ਿਲ੍ਹਿਆਂ ਨੂੰ ਪਾਕਿਸਤਾਨੀ ਨਾਗਰਿਕਾਂ ਨੂੰ ਲੱਭਣ ਅਤੇ ਸਰਹੱਦ 'ਤੇ ਪਹੁੰਚਾਉਣ ਦੇ ਹੁਕਮ ਦਿਤੇ।

# ਭਾਰਤ ਛੱਡਣ ਵੇਲੇ ਅਟਾਰੀ ਬਾਰਡਰ 'ਤੇ ਭਾਵੁਕ ਹੋਈ ਪਾਕਿਸਤਾਨੀ ਮਹਿਲਾ ਰਕਸ਼ੰਦਾ

ਭਾਰਤ ਛੱਡਣ ਵੇਲੇ ਅਟਾਰੀ ਬਾਰਡਰ 'ਤੇ ਭਾਵੁਕ ਹੋਈ ਪਾਕਿਸਤਾਨੀ ਮਹਿਲਾ ਰਕਸ਼ੰਦਾ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ "ਮੈਨੂੰ ਬਾਰਡਰ ਕਰਾਸ ਕਰਨ ਲਈ ਕਿਹਾ ਗਿਆ ਹੈ। ਜੰਮੂ ਕਸ਼ਮੀਰ 'ਚ ਰਹਿੰਦੇ ਮੈਨੂੰ 35 ਸਾਲ ਹੋ ਗਏ, ਨਾਗਿਰਕਤਾ ਲਈ ਮੈਂ ਅਪਲਾਈ ਕੀਤਾ ਹੋਇਆ ਹੈ, ਪਰ ਅੱਜ ਤੱਕ ਮੈਨੂੰ ਨਾਗਰਿਕਤਾ ਨਹੀਂ ਮਿਲੀ। ਇਸ ਵਿਚ ਮੇਰਾ ਕੀ ਕਸੂਰ ਹੈ, ਮੈਂ ਭਾਰਤ ਸਰਕਾਰ ਤੋਂ ਮੰਗ ਕਰਦੀ ਹਾਂ ਕਿ ਮੇਰੇ ਇਥੇ ਬੱਚੇ ਹਨ ਤਾਂ ਇਹ ਹਾਲਾਤ ਸਾਡੀ ਵਜ ?ਹਾ ਨਾਲ ਨਹੀਂ ਬਣੇ। " ਭਾਵੁਕ ਹੁੰਦਿਆ ਰਕਸ਼ੰਦਾਂ ਨੇ ਕਿਹਾ ਮੈਂ 35 ਸਾਲਾਂ ਤੋਂ ਜੰਮੂ ਕਸ਼ਮੀਰ 'ਚ ਰਹਿ ਰਹੀ ਹਾਂ ਇਸ ਵਿਚ ਮੇਰਾ ਕੀ ਕਸੂਰ ਹੈ । ਪਾਕਿਸਤਾਨੀ ਪਾਸਪੋਰਟ ਧਾਰਕ ਰਕਸ਼ੰਦਾ ਨੂੰ ਜੰਮੂ ਪੁਲਿਸ ਨੇ ਪਾਕਿਸਤਾਨ ਦੇ ਇਸਲਾਮਾਬਾਦ ਭੇਜ ਦਿੱਤਾ ਹੈ। ਦੱਸ ਦੇਈਏ ਕਿ ਭਾਰਤ ਸਰਕਾਰ ਵਲੋਂ ਜੰਮੂ ਕਸ਼ਮੀਰ ਦੇ ਪਹਿਲਗਾਮ ਹਮਲੇ 'ਚ 28 ਲੋਕਾਂ ਦੀ ਮੌਤ ਤੋਂ ਬਾਅਦ ਪਾਕਿਸਤਾਨੀ ਨਾਗਰਿਕਾਂ ਲਈ ਭਾਰਤ ਛੱਡਣ ਦਾ ਆਦੇਸ਼ ਦਿੱਤਾ ਗਿਆ ਹੈ। ਜਿਨ੍ਹਾਂ ਦਾ ਵੀਜ਼ਾ ਖ਼ਤਮ ਹੋ ਚੁੱਕਿਆ ਹੈ। ਇਹ ਕਾਰਵਾਈ ਪਹਿਲਗਾਮ ਹਮਲੇ ਤੋਂ ਬਾਅਦ ਕੀਤੀ ਗਈ ਹੈ।



# ਪਾਕਿ 'ਤੇ ਇਕ ਹੋਰ ਆਰਥਿਕ ਹਮਲੇ ਦੀ ਤਿਆਰੀ 'ਚ ਭਾਰਤ, ਗੁਆਂਢੀ ਮੁਲਕ ਨੂੰ ਲੱਗੇਗਾ 1 ਅਰਬ ਦਾ ਝਟਕਾ

## ਸਰਕਾਰ ਨੂੰ ਵਿਰੋਧੀ ਧਿਰ ਦਾ ਸਮਰਥਨ ਵੀ ਮਿਲਿਆ

ਨਵੀਂ ਦਿੱਲੀ : ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਦੇ ਬੁਰੇ ਦਿਨ ਸ਼ੁਰੂ ਹੋ ਗਏ ਹਨ। ਭਾਰਤ ਸਰਕਾਰ ਨੇ ਸਖ਼ਤ ਫ਼ੈਸਲੇ ਲਏ ਅਤੇ ਸਿੰਧੂ ਜਲ ਸੰਧੀ ਅਤੇ ਦੁਵੱਲੇ ਵਪਾਰ ਸਮੇਤ ਕਈ ਫ਼ੈਸਲਿਆਂ ਨੂੰ ਮੁਅੱਤਲ ਕਰ ਦਿਤਾ। ਇਸ ਪੂਰੇ ਮਾਮਲੇ ਵਿਚ ਸਰਕਾਰ ਨੂੰ ਵਿਰੋਧੀ ਧਿਰ ਦਾ ਸਮਰਥਨ ਮਿਲਿਆ ਹੈ। ਇਸ ਦੌਰਾਨ ਕਾਂਗਰਸ ਨੇ ਭਾਰਤ ਸਰਕਾਰ ਨੂੰ ਪਾਕਿਸਤਾਨ ਨੂੰ ਦਿਤੀ ਜਾਣ ਵਾਲੀ IMF ਸਹਾਇਤਾ ਰੋਕਣ ਲਈ ਕਿਹਾ ਹੈ। ਦਰਅਸਲ, ਅਗਲੇ ਮਹੀਨੇ ਹੋਣ ਵਾਲੀ ਅੰਤਰਰਾਸ਼ਟਰੀ ਮੁਦਰਾ ਫੰਡ (IMF) ਦੀ ਮੀਟਿੰਗ ਦਾ ਹਵਾਲਾ ਦਿੰਦੇ ਹੋਏ, ਕਾਂਗਰਸ ਨੇ ਸਰਕਾਰ ਨੂੰ ਪਾਕਿਸਤਾਨ ਲਈ IMF ਦੁਆਰਾ ਪ੍ਰਸਤਾਵਿਤ ਸਹਾਇਤਾ ਦਾ ਸਖ਼ਤ ਵਿਰੋਧ ਕਰਨ ਦੀ ਅਪੀਲ ਕੀਤੀ।



ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਇਹ ਮੰਗ ਉਠਾਈ। 22 ਅਪ੍ਰੈਲ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਇਸ ਹਮਲੇ 'ਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸੈਲਾਨੀ ਸਨ।

ਜੈਰਾਮ ਰਮੇਸ਼ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਪੋਸਟ ਕੀਤਾ, "ਅੰਤਰਰਾਸ਼ਟਰੀ ਮੁਦਰਾ ਫੰਡ ਨੇ ਐਲਾਨ ਕੀਤਾ ਹੈ ਕਿ ਇਸ ਦੇ ਕਾਰਜਕਾਰੀ ਬੋਰਡ ਦੀ ਮੀਟਿੰਗ 9 ਮਈ, 2025 ਨੂੰ ਹੋਵੇਗੀ, ਜਿਸ ਵਿਚ ਪਾਕਿਸਤਾਨ ਦੀ 1.3 ਬਿਲੀਅਨ ਡਾਲਰ ਦੇ ਨਵੇਂ ਕਰਜ਼ੇ ਦੀ ਬੇਨਤੀ 'ਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ, "ਇੰਡੀਅਨ ਨੈਸ਼ਨਲ ਕਾਂਗਰਸ ਉਮੀਦ ਕਰਦੀ ਹੈ ਕਿ ਭਾਰਤ ਪਾਕਿਸਤਾਨ ਲਈ ਆਈਐਮਐਫ ਦੁਆਰਾ ਪ੍ਰਸਤਾਵਿਤ ਇਸ ਇਮਦਾਦ ਦਾ ਸਖ਼ਤ ਵਿਰੋਧ ਕਰੇਗਾ।" ਤੁਹਾਨੂੰ ਦਸ ਦੇਈਏ ਕਿ ਪਾਕਿਸਤਾਨ ਪਿਛਲੇ 3-4 ਸਾਲਾਂ ਤੋਂ ਆਰਥਿਕ ਸੰਕਟ ਅਤੇ ਮਹਿੰਗਾਈ ਨਾਲ ਜੂਝ ਰਿਹਾ ਹੈ। ਇਸ ਸਮੱਸਿਆ ਤੋਂ ਬਾਹਰ ਨਿਕਲਣ ਲਈ, ਪਾਕਿਸਤਾਨ ਸਰਕਾਰ ਨੇ ਆਈਐਮਐਫ ਸਮੇਤ ਕਈ ਦੇਸ਼ਾਂ ਦੀਆਂ ਸਰਕਾਰਾਂ ਤੋਂ ਵਿੱਤੀ ਮਦਦ ਮੰਗੀ ਹੈ। ਦਸ ਦਈਏ ਕਿ ਹਾਲ ਹੀ 'ਚ ਆਈਐਮਐਫ ਨੇ ਪਾਕਿਸਤਾਨ ਨੂੰ 1.3 ਅਰਬ ਡਾਲਰ ਦੀ ਮਦਦ ਦੇਣ ਦਾ ਐਲਾਨ ਕੀਤਾ ਸੀ, ਜਿਸ 'ਤੇ 9 ਮਈ ਨੂੰ ਮੀਟਿੰਗ ਹੋਣ ਜਾ ਰਹੀ ਹੈ।

# ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵਦੀ-ਸੁਦੀ ਦਾ ਭੁਲੇਖਾ

ਚੰਦ ਦੇ ਧਰਤੀ ਦੁਵਾਲੇ ਇਕ ਚੱਕਰ ਪੂਰਾ ਕਰਨ ਦੇ ਸਮੇਂ ਨੂੰ, ਚੰਦ ਦਾ ਮਹੀਨਾ ਮੰਨਿਆ ਜਾਂਦਾ ਹੈ। ਚੰਦ ਦੇ ਮਹੀਨੇ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਇਕ ਹਨੇਰਾ ਪੱਖ ਭਾਵ ਵਦੀ ਅਤੇ ਦੂਜਾ ਚਾਨਣਾ ਪੱਖ ਭਾਵ ਸੁਦੀ। ਪੁੰਨਿਆ ਤੋਂ ਪਿਛੋਂ ਵਦੀ ਪੱਖ ਦਾ ਅਤੇ ਮੱਸਿਆ ਤੋਂ ਪਿਛੋਂ ਸੁਦੀ ਪੱਖ ਦਾ ਆਰੰਭ ਹੁੰਦਾ ਹੈ। ਇਕ ਪੱਖ ਵਿਚ 15 ਤਿੱਥਾਂ ਹੁੰਦੀਆਂ ਹਨ। ਉਹ ਸਮਾਂ, ਜੋ ਚੰਦ ਨੂੰ ਧਰਤੀ ਦੁਵਾਲੇ ਆਪਣੇ ਚੱਕਰ ਵਿੱਚ, 12 ਦਾ ਸਫਰ ਤਹਿ ਕਰਨ ਨੂੰ ਲਗਦਾ ਹੈ, ਉਸ ਨੂੰ ਤਿੱਥ ਕਹਿੰਦੇ ਹਨ। ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਇਕ ਚੱਕਰ ਵਿੱਚ 360 ਹੁੰਦੀਆਂ ਹਨ। ਇਸ ਦੌਰਾਨ ਚੰਦ ਦੀਆਂ 30 ਤਿੱਥਾਂ ਮੰਨੀਆਂ ਗਈਆਂ ਹਨ। ਇਸ ਲਈ ਇਕ ਤਿੱਥ 12 ਦੇ ਬਰਾਬਰ ਹੁੰਦੀ ਹੈ। ਚੰਦ ਦੀ ਧਰਤੀ ਤੋਂ ਦੂਰੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਚੰਦ ਦਾ 12 ਸਫਰ ਪੂਰਾ ਹੋਣ ਦਾ ਸਮਾਂ ਵੀ ਵੱਧਦਾ-ਘੱਟਦਾ ਰਹਿੰਦਾ ਹੈ। ਜੋ ਲੱਗ ਭੱਗ 19.98 ਘੰਟੇ ਤੋਂ 26.78 ਘੰਟੇ ਦਾ ਹੁੰਦਾ ਹੈ। ਤਿੱਥ ਦਾ ਆਰੰਭ ਤਾਂ ਭਾਵੇਂ ਹਰ ਰੋਜ ਵੱਖ-ਵੱਖ ਸਮੇਂ ਤੇ ਹੁੰਦਾ ਹੈ ਪਰ ਬਿਕ੍ਰਮੀ ਕੈਲੰਡਰ ਮੁਤਾਬਕ ਇਸ ਦੀ ਗਿਣਤੀ ਸਵੇਰ ਨੂੰ ਸੂਰਜ ਚੜਨ ਤੋਂ ਅਗਲੇ ਦਿਨ ਦੇ ਸੂਰਜ ਚੜਨ ਤੱਕ ਕੀਤੀ ਜਾਂਦੀ ਹੈ।

ਗੁਰੂ ਕਾਲ ਵੇਲੇ ਆਪਣੇ ਖਿੱਤੇ ਵਿੱਚ ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ-365.2587 ਦਿਨ) ਕੈਲੰਡਰ ਲਾਗੂ ਸੀ। ਜਿਵੇ ਕਿ ਨਾਮ ਤੋਂ ਹੀ ਸਪੱਸ਼ਟ ਹੈ, ਇਸ ਵਿੱਚ ਚੰਦ ਅਤੇ ਸੂਰਜ ਦਾ ਭਾਵ ਦੋਵੇਂ ਕੈਲੰਡਰ ਇਕੱਠੇ ਚਲਦੇ ਹਨ। ਇਹ ਹੀ ਕਾਰਨ ਹੈ ਕਿ ਸਿੱਖ ਇਤਿਹਾਸ ਦੀਆਂ ਤਾਰੀਖਾਂ ਦੋਵਾਂ ਮੁਤਾਬਕ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਹੀ ਲਿਖੀਆਂ ਮਿਲਦੀਆਂ ਹਨ। ਸੂਰਜੀ ਮਹੀਨੇ ਦਾ ਆਰੰਭ, ਸੂਰਜ ਦੇ ਨਵੀਂ ਰਾਸ਼ੀ ਵਿੱਚ ਪ੍ਰਵੇਸ਼ ਤੋਂ ਮੰਨਿਆ ਜਾਂਦਾ ਹੈ। ਚੰਦ ਦਾ ਮਹੀਨਾ ਮੱਸਿਆ ਤੋਂ ਮੱਸਿਆ (ਅਮੰਤਾ) ਅਤੇ ਪੁੰਨਿਆ ਤੋਂ ਪੁੰਨਿਆ (ਪੂਰਨਮੰਤਾ) ਦੋਵੇਂ ਤਰ੍ਹਾਂ ਹੀ ਗਿਣਿਆ ਜਾਂਦਾ ਹੈ। ਇਤਿਹਾਸਕ ਤਾਰੀਖਾਂ ਦੇ ਵੱਖ-ਵੱਖ ਹੋਣ ਦਾ ਇਕ ਕਾਰਨ ਇਹ ਵੀ ਹੈ। ਪਰ ਸਭ ਤੋਂ ਵੱਡਾ ਕਾਰਨ ਹੈ ਵਦੀ-ਸੁਦੀ ਦਾ ਭੁਲੇਖਾ। ਜੇ ਤਾਰੀਖ ਲਿਖਣ ਵੇਲੇ ਧਿਆਨ ਨਾ ਰਖਿਆ ਜਾਵੇ ਤਾਂ 15 ਦਿਨਾਂ ਦਾ ਫਰਕ ਪੈ ਜਾਂਦਾ ਹੈ। ਸਿੱਖ ਇਤਿਹਾਸ ਦੀਆਂ ਤਾਰੀਖਾਂ ਵਿੱਚ ਇਹ ਗਲਤੀ ਆਮ ਮਿਲਦੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਮੁਤਾਬਕ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼, ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿਕ੍ਰਮੀ (31 ਮਾਰਚ 1504 ਈ: ਜੂਲੀਅਨ) ਨੂੰ ਹੋਇਆ ਸੀ। T Sri Guru Angad Dev ji (Bhai Lahna ji) was born in village named Sarai naga (Matte Di Sarai) district Muktsar (Punjab) , on Vaisakh Vadi 1st , (5th Vaisakh) Samvat 1516, (march 31,1504)". (sgpc.net)

ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਗਏ ਇਸ ਸਾਲ ਦੇ ਕੈਲੰਡਰ ਵਿੱਚ ਇਹ ਦਿਹਾੜਾ, 16 ਵੈਸਾਖ , 28 ਅਪ੍ਰੈਲ, ਵੈਸਾਖ ਸੁਦੀ 1 ਦਾ ਦਰਜ ਹੈ। ਜੇ ਇਹ ਦਿਹਾੜਾ, ਸ਼੍ਰੋਮਣੀ ਕਮੇਟੀ ਦੀ ਵੈਬਸਾਈਟ ਉੱਪਰ ਦਰਜ ਤਾਰੀਖ ਮੁਤਾਬਕ ਹੀ ਕੈਲੰਡਰ ਵਿੱਚ ਦਰਜ ਕੀਤਾ ਜਾਂਦਾ ਤਾਂ ਇਹ ਵੈਸਾਖ ਵਦੀ 1, 1 ਵੈਸਾਖ, 13 ਅਪ੍ਰੈਲ ਦਾ ਹੋਣਾ ਸੀ। ਇਥੇ ਇਕ ਬਹੁਤ ਦੀ ਦਿਲਚਸਪ ਨੁਕਤਾ ਵੀ ਪਾਠਕਾਂ ਨਾਲ ਸਾਂਝਾ ਕਰਨਾ ਜਰੂਰੀ ਸਮਝਦਾ ਹਾਂ, ਉਹ ਇਹ ਕਿ, ਚੰਦ ਦੇ ਕੈਲੰਡਰ ਵਿੱਚ, ਦੋ ਦਿਨ ਇਕ ਤਿੱਥ ਅਤੇ ਇਕ ਦਿਨ ਵਿੱਚ ਦੋ ਤਿੱਥਾਂ ਅਕਸਰ ਹੀ ਆਉਂਦੀਆਂ ਰਹਿੰਦੀਆਂ ਹਨ। ਇਕ ਅਤੇ ਦੋ ਵੈਸਾਖ ਨੂੰ ਦੋਵੇਂ ਦਿਨ ਵੈਸਾਖ ਵਦੀ 1 ਹੈ ਅਤੇ 14 ਵੈਸਾਖ ਨੂੰ ਵੈਸਾਖ ਵਦੀ 13 ਅਤੇ 14 ਹਨ।



ਸਰਵਜੀਤ ਸਿੰਘ
ਸੈਕਰਾਮੈਂਟੋ
Isarbjits@gmail.com

ਹੁਣ ਸਵਾਲ ਇਹ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਿਹੜੀ ਤਾਰੀਖ, (ਵੈਸਾਖ ਵਦੀ ਏਕਮ ਜਾਂ ਵੈਸਾਖ ਸੁਦੀ ਏਕਮ) ਸਹੀ ਹੈ?

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬਸਾਈਟ ਮੁਤਾਬਕ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼, ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿਕ੍ਰਮੀ (31 ਮਾਰਚ 1504 ਈ: ਜੂਲੀਅਨ) ਨੂੰ ਹੋਇਆ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ "ਗੁਰਮਤਿ ਗਿਆਨ; ਭਾਗ ਪਹਿਲਾ" (ਡਾ. ਇੰਦਰਜੀਤ ਸਿੰਘ ਗੋਗੋਆਣੀ) ਵਿੱਚ ਗੁਰੂ ਜੀ ਦੇ ਜਨਮ ਦੀ ਤਾਰੀਖ 31 ਮਾਰਚ 1504 ਈ: ਦਰਜ ਹੈ। ਹੁਣ ਜਦੋਂ 31 ਮਾਰਚ 1504 ਈ: (ਜੂਲੀਅਨ) ਨੂੰ ਬਿਕ੍ਰਮੀ ਤਾਰੀਖ ਵਿੱਚ ਬਦਲੀ ਕਰੀਏ ਤਾਂ ਇਹ ਵੈਸਾਖ ਵਦੀ ਏਕਮ, 5 ਵੈਸਾਖ, ਸੰਮਤ 1561 ਬਿਕ੍ਰਮੀ ਬਣਦੀ ਹੈ।

ਪ੍ਰੋ. ਕਰਤਾਰ ਸਿੰਘ ਵੱਲੋਂ ਲਿਖੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ, "ਸਿੱਖ ਇਤਿਹਾਸ ਭਾਗ?" ਵਿੱਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ, "ਵੈਸਾਖ ਵਦੀ ੧, (5 ਵੈਸਾਖ) ਸੰਮਤ 1561 ਬਿਕ੍ਰਮੀ ਮੁਤਾਬਕ 31 ਮਾਰਚ 1501 ਈਸਵੀ" ਹੀ ਦਰਜ ਹੈ।

"ਗੁਰੂ ਅੰਗਦ ਦੇਵ ਜੀ ਦਾ ਜਨਮ ਵੈਸਾਖ ਵਦੀ ਇਕ, ਸੰਮਤ 1561 ਬਿ; ਅਨੁਸਾਰ ਦਿਨ ਐਤਵਾਰ, 31 ਮਾਰਚ , 1504 ਨੂੰ ਮਾਤਾ ਭਿਰਾਈ ਜੀ ਦੀ ਪਵਿੱਤਰ ਕੁੱਖ ਵਿਚੋਂ, ਪਿਤਾ ਫੇਰੂ ਮਲ ਜੀ ਦੇ ਘਰ ਪਿੰਡ ਮੱਤੇ ਦੀ ਸਰਾਏ ਵਿਖੇ ਹੋਇਆ। (ਡਾ ਸੁਖਦਿਆਲ ਸਿੰਘ, ਸ਼੍ਰੋਮਣੀ ਸਿੱਖ ਇਤਿਹਾਸ ਪੰਨਾ 76)

"Guru Angad was born at matte di Sarae in Firozpur district on March 31, 1504." (History of the Sikhs, Hari ram Gupta. Page 113)

ਡਾ ਹਰਜਿੰਦਰ ਸਿੰਘ ਦਿਲਗੀਰ ਵੀ 31 ਮਾਰਚ 1504 ਈ:, ਭਾਵ 5 ਵੈਸਾਖ, ਵੈਸਾਖ ਵਦੀ ਏਕਮ, ਨਾਲ ਸਹਿਮਤ ਹਨ। (ਸਿੱਖ ਤਵਾਰੀਖ਼ ਪੰਨਾ 185)

'ਸਿੱਖ ਇਤਿਹਾਸ ਰੀਸਰਚ ਬੋਰਡ' (ਸ਼੍ਰੋਮਣੀ ਕਮੇਟੀ) ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿੱਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ, "5 ਵੈਸਾਖ 1561 ਸੰਮਤ, 31 ਮਾਰਚ 1504 ਹੀ ਦਰਜ ਹੈ।

ਸ਼੍ਰੋਮਣੀ ਡਾਇਰੀ 1969 ਈ: ਵਿੱਚ, "ਜਨਮ ਦਿਨ 17 ਅਪ੍ਰੈਲ ਦਾ ਦਰਜ ਹੈ। 17 ਅਪ੍ਰੈਲ 1969 ਈ: ਦਿਨ ਵੀਰਵਾਰ ਨੂੰ 5 ਵੈਸਾਖ ਹੀ ਸੀ।

ਸ਼੍ਰੋਮਣੀ ਡਾਇਰੀ 1976 "ਵਿਸਾਖ ਵਦੀ 1, ਵਿਸਾਖ ਪ੍ਰਵਿਸ਼ਟੇ 5 ਸੰਮਤ 1561 ਬਿ: 31 ਮਾਰਚ ਸੰਨ 1504 ਈ: ਐਤਵਾਰ"

ਸ਼੍ਰੋਮਣੀ ਡਾਇਰੀ 1991 "ਵਿਸਾਖ ਵਦੀ 1, ਸੰਮਤ 1561 ਬਿ: ਮੁਤਾਬਿਕ 31 ਮਾਰਚ ਸੰਨ 1504 ਈ:" ਐਤਵਾਰ

ਸ਼੍ਰੋਮਣੀ ਡਾਇਰੀ 1992, ਵਿਸਾਖ ਸੁਦੀ 1 ਸੰਮਤ 1561 ਬਿ: ਮੁਤਾਬਿਕ 31 ਮਾਰਚ ਸੰਨ 1504 ਈ:

ਇਥੋਂ ਆਰੰਭ ਹੁੰਦੀ ਹੈ ਸਮੱਸਿਆ! 1992 ਈ: ਦੀ ਡਾਇਰੀ ਵਿੱਚ ਗੁਰੂ ਅੰਗਦ ਦੇਵ ਜੀ ਦੀ ਜਨਮ ਤਾਰੀਖ ਲਿਖਣ ਵੇਲੇ ਵਿਸਾਖ ਵਦੀ 1 ਨੂੰ ਭੁਲੇਖੇ ਨਾਲ ਜਾਂ ਜਾਣਬੁਝ ਕੇ ਵਿਸਾਖ ਸੁਦੀ 1 ਤਾਂ ਲਿਖ ਦਿੱਤਾ ਪਰ, ਅੰਗਰੇਜੀ ਤਾਰੀਖ ਬਦਲੀ ਕਰਨੀ ਭੁੱਲ ਗਏ। ਇਹ 31 ਮਾਰਚ ਸੰਨ 1504 ਈ: ਹੀ ਲਿਖੀ ਹੋਈ ਹੈ। ਜੇ ਵਿਸਾਖ ਸੁਦੀ 1, ਸੰਮਤ 1561 ਨੂੰ ਅੰਗਰੇਜੀ ਤਾਰੀਖ ਵਿੱਚ ਬਦਲੀ ਕਰੀਏ ਤਾਂ ਇਹ 15 ਅਪ੍ਰੈਲ 1504 ਈ: (ਜੂਲੀਅਨ) ਦਿਨ ਸੋਮਵਾਰ ਬਣਦੀ ਹੈ। ਸਪੱਸ਼ਟ ਹੈ ਇਹ ਇਨ੍ਹਾਂ ਦੋਵਾਂ ਤਾਰੀਖਾਂ ਵਿੱਚੋਂ (ਵਿਸਾਖ ਸੁਦੀ 1, 31 ਮਾਰਚ) ਇਕ ਤਾਰੀਖ ਗਲਤ ਹੈ। ਉਪਰ ਦਿੱਤੇ ਹਵਾਲਿਆਂ ਤੋਂ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ 1992 ਈ: ਦੀ ਡਾਇਰੀ ਵਿੱਚ ਦਰਜ ਵਿਸਾਖ ਸੁਦੀ 1 ਸਹੀ ਨਹੀਂ ਹੈ। ਇਥੇ ਵਿਸਾਖ ਵਦੀ 1 (31 ਮਾਰਚ) ਹੋਣੀ ਚਾਹੀਦੀ ਸੀ।

ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਵਿੱਚ ਇਹ ਦਰਜ ਹੈ ਕਿ ਵਦੀ-ਸੁਦੀ ਜਾਂ ਅੰਗਰੇਜੀ ਤਾਰੀਖਾਂ ਦੀ ਬਿਜਾਏ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ। ਇਸ ਲਈ ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼, 5 ਵੈਸਾਖ ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸੰਮਤ 541 ਨਾਨਕਸ਼ਾਹੀ (2009-10 ਈ:) ਤੀਕ ਇਹ ਦਿਹਾੜਾ 5 ਵੈਸਾਖ (18 ਅਪ੍ਰੈਲ) ਨੂੰ ਹੀ ਮਨਾਇਆ ਜਾਂਦਾ ਰਿਹਾ ਹੈ। ਮਾਰਚ 2010 ਵਿੱਚ ਸ਼੍ਰੋਮਣੀ ਕਮੇਟੀ ਨੇ, ਨਾਨਕਸ਼ਾਹੀ ਕੈਲੰਡਰ ਨੂੰ ਤਿਆਗ ਕੇ ਬਿਕ੍ਰਮੀ ਕੈਲੰਡਰ (ਧੁਮੱਕੜਸ਼ਾਹੀ ਕੈਲੰਡਰ) ਲਾਗੂ ਕਰ ਦਿੱਤਾ ਸੀ। ਉਸ ਸਾਲ (542 ਨ: ਸ:) ਦੇ ਕੈਲੰਡਰ ਵਿੱਚ ਇਹ ਦਿਹਾੜਾ 18 ਅਪ੍ਰੈਲ ਦਾ ਦਰਜ ਹੈ। ਹੁਣ ਜੇ ਇਸ ਤਾਰੀਖ ਨੂੰ ਬਿਕ੍ਰਮੀ ਕੈਲੰਡਰ ਵਿੱਚ ਵੇਖੀਏ ਤਾਂ ਇਹ 5 ਵੈਸਾਖ (ਅਧਿਕ-ਵੈਸਾਖ ਸੁਦੀ 4) ਹੀ ਬਣਦੀ ਹੈ। ਇਸ ਤੋਂ ਅੱਗੇ 546 ਨ:ਸ: (2014-15 ਈ:) ਤੀਕ 18 ਅਪ੍ਰੈਲ ਹੀ ਦਰਜ ਹੈ। ਸੰਮਤ 547 ਨਾਨਕਸ਼ਾਹੀ (2015-16 ਈ:) ਦੇ ਕੈਲੰਡਰ ਵਿੱਚ ਇਹ ਦਿਹਾੜਾ 6 ਵੈਸਾਖ (19 ਅਪ੍ਰੈਲ) ਦਾ ਦਰਜ ਹੈ। ਇਹ ਵੈਸਾਖ ਸੁਦੀ 1 ਬਣਦੀ ਹੈ। ਸੰਮਤ 548 (2016-17 ਈ:) ਦੇ ਕੈਲੰਡਰ ਵਿੱਚ ਇਹ ਦਿਹਾੜਾ 25 ਵੈਸਾਖ (7 ਮਈ/ ਵੈਸਾਖ ਸੁਦੀ 1) ਦਾ ਦਰਜ ਸੀ। ਇਸ ਤੋਂ ਅੱਗੇ ਹਰ ਸਾਲ ਇਹ ਦਿਹਾੜਾ ਧੁਮੱਕੜਸ਼ਾਹੀ ਕੈਲੰਡਰ ਵਿੱਚ ਵੈਸਾਖ ਸੁਦੀ 1 ਮੁਤਾਬਕ, ਬਦਲਵੇਂ ਪ੍ਰਵਿਸ਼ਟੇ ਅਤੇ ਤਾਰੀਖ ਨੂੰ ਦਰਜ ਕੀਤਾ ਜਾਂਦਾ ਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਹ ਦਿਹਾੜਾ ਸਦਾ ਵਾਸਤੇ ਹੀ, 5 ਵੈਸਾਖ (18 ਅਪ੍ਰੈਲ) ਨੂੰ ਆਵੇਗਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਮੁਤਾਬਕ (1969 ਤੋਂ 2014 ਈ:) ਗੁਰੂ ਅੰਗਦ ਦੇਵ ਜੀ ਦੀ ਜਨਮ ਤਾਰੀਖ ਵੈਸਾਖ ਵਦੀ ਇਕ, 5 ਵੈਸਾਖ ਸੰਮਤ 1561 ਬਿ: ਦਿਨ ਐਤਵਾਰ, (31 ਮਾਰਚ 1504 ਈ: ਜੂਲੀਅਨ) ਸਹੀ ਸੀ ਤਾਂ 2015 ਈ: ਵਿੱਚ ਇਹ ਤਾਰੀਖ, ਵੈਸਾਖ ਸੁਦੀ ਇਕ, 20 ਵੈਸਾਖ ਸੰਮਤ 1561 ਬਿ:, ਦਿਨ ਸੋਮਵਾਰ (15 ਅਪ੍ਰੈਲ 1504 ਜੂਲੀਅਨ) ਕਿਵੇਂ ਹੋ ਗਈ? ਸਪੱਸ਼ਟ ਹੈ ਕਿ ਇਹ ਵਦੀ ਨੂੰ ਸੁਦੀ ਲਿਖਣ ਕਰਕੇ ਹੀ 15 ਦਿਨਾਂ ਦਾ ਫ਼ਰਕ ਪਿਆ ਹੈ।

## ਨਾਨਕਸ਼ਾਹੀ ਜੰਤਰੀ ਸੰਮਤ ੫੫੭

### ਅਪ੍ਰੈਲ-ਮਈ 2025

**ਵੈਸਾਖ**

ਸੰਗਰਾਂਦ – ੦੧ ਵੈਸਾਖ / 13 ਅਪ੍ਰੈਲ
ਮੱਸਿਆ – ੧੫ ਵੈਸਾਖ / 27 ਅਪ੍ਰੈਲ
ਪੂਰਨਮਾਸੀ – ੩੦ ਵੈਸਾਖ / 12 ਮਈ

| | | | | | |
|---|---|---|---|---|---|
| ਐਤਵਾਰ Sunday | ੧ 13 ਅਪ੍ਰੈਲ ਵੈਸਾਖ ਵਦੀ ੧ | ੮ 20 ਅਪ੍ਰੈਲ ਵੈਸਾਖ ਵਦੀ ੭ | ੧੫ 27 ਅਪ੍ਰੈਲ ਮੱਸਿਆ | ੨੨ 4 ਮਈ ਵੈਸਾਖ ਸੁਦੀ ੭ | ੨੯ 11 ਮਈ ਵੈਸਾਖ ਸੁਦੀ ੧੪ |
| ਸੋਮਵਾਰ Monday | ੨ 14 ਅਪ੍ਰੈਲ ਵੈਸਾਖ ਵਦੀ ੧ | ੯ 21 ਅਪ੍ਰੈਲ ਵੈਸਾਖ ਵਦੀ ੮ | ੧੬ 28 ਅਪ੍ਰੈਲ ਵੈਸਾਖ ਸੁਦੀ ੧ | ੨੩ 5 ਮਈ ਵੈਸਾਖ ਸੁਦੀ ੮ | ੩੦ 12 ਮਈ ਪੂਰਨਮਾਸੀ |
| ਮੰਗਲਵਾਰ Tuesday | ੩ 15 ਅਪ੍ਰੈਲ ਵੈਸਾਖ ਵਦੀ ੨ | ੧੦ 22 ਅਪ੍ਰੈਲ ਵੈਸਾਖ ਵਦੀ ੯ | ੧੭ 29 ਅਪ੍ਰੈਲ ਵੈਸਾਖ ਸੁਦੀ ੨ | ੨੪ 6 ਮਈ ਵੈਸਾਖ ਸੁਦੀ ੯ | ੩੧ 13 ਮਈ ਜੇਠ ਵਦੀ ੧ |
| ਬੁੱਧਵਾਰ Wednesday | ੪ 16 ਅਪ੍ਰੈਲ ਵੈਸਾਖ ਵਦੀ ੩ | ੧੧ 23 ਅਪ੍ਰੈਲ ਵੈਸਾਖ ਵਦੀ ੧੦ | ੧੮ 30 ਅਪ੍ਰੈਲ ਵੈਸਾਖ ਸੁਦੀ ੩ | ੨੫ 7 ਮਈ ਵੈਸਾਖ ਸੁਦੀ ੧੦ | |
| ਵੀਰਵਾਰ Thursday | ੫ 17 ਅਪ੍ਰੈਲ ਵੈਸਾਖ ਵਦੀ ੪ | ੧੨ 24 ਅਪ੍ਰੈਲ ਵੈਸਾਖ ਵਦੀ ੧੧ | ੧੯ 1 ਮਈ ਵੈਸਾਖ ਸੁਦੀ ੪ | ੨੬ 8 ਮਈ ਵੈਸਾਖ ਸੁਦੀ ੧੧ | |
| ਸ਼ੁੱਕਰਵਾਰ Friday | ੬ 18 ਅਪ੍ਰੈਲ ਵੈਸਾਖ ਵਦੀ ੫ | ੧੩ 25 ਅਪ੍ਰੈਲ ਵੈਸਾਖ ਵਦੀ ੧੨ | ੨੦ 2 ਮਈ ਵੈਸਾਖ ਸੁਦੀ ੫ | ੨੭ 9 ਮਈ ਵੈਸਾਖ ਸੁਦੀ ੧੨ | |
| ਸ਼ਨਿੱਚਰਵਾਰ Saturday | ੭ 19 ਅਪ੍ਰੈਲ ਵੈਸਾਖ ਵਦੀ ੬ | ੧੪ 26 ਅਪ੍ਰੈਲ ਵੈਸਾਖ ਵਦੀ ੧੩-੧੪ | ੨੧ 3 ਮਈ ਵੈਸਾਖ ਸੁਦੀ ੬ | ੨੮ 10 ਮਈ ਵੈਸਾਖ ਸੁਦੀ ੧੩ | |

# ਵਾਦੀ ਵਿਚ ਪੈਦਾ ਹੋਈ ਨਵੀਂ ਚੇਤਨਾ

ਪਹਿਲਗਾਮ ਦੇ ਖ਼ੂਨੀ ਤੇ ਭਿਆਨਕ ਘਟਨਾਕ੍ਰਮ ਤੋਂ ਬਾਅਦ ਜਿੱਥੇ ਦੇਸ਼ ਅਤੇ ਪੂਰੀ ਦੁਨੀਆ ਭਰ ਵਿਚ ਸੋਗ ਦੀ ਲਹਿਰ ਉੱਠੀ ਹੈ, ਉੱਥੇ ਜੰਮੂ-ਕਸ਼ਮੀਰ ਵਿਚ ਵੀ ਆਮ ਲੋਕਾਂ ਨੇ ਇਸ ਦਰਦ ਨੂੰ ਮਹਿਸੂਸ ਕੀਤਾ ਹੈ। ਘਾਟੀ ਵਿਚ 35 ਸਾਲ ਤੋਂ ਗੜਬੜ ਵਾਲੇ ਹਾਲਾਤ ਬਣੇ ਰਹੇ ਹਨ। ਸਾਢੇ ਤਿੰਨ ਦਹਾਕਿਆਂ ਵਿਚ ਇਸ ਸੁੰਦਰ ਘਾਟੀ ਨੇ ਲਗਾਤਾਰ ਮਨੁੱਖੀ ਖ਼ੂਨ ਡੁੱਲ੍ਹਦਾ ਵੇਖਿਆ ਹੈ। ਇੱਥੋਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਹਿਜਰਤ ਕਰਨ ਲਈ ਵੀ ਮਜਬੂਰ ਹੋਣਾ ਪਿਆ ਹੈ। ਅੱਜ ਤੱਕ ਵੀ ਜੰਮੂ-ਕਸ਼ਮੀਰ ਤੋਂ ਦੇਸ਼ ਦੇ ਹੋਰ ਹਿੱਸਿਆਂ ਨੂੰ ਕਸ਼ਮੀਰੀ ਪੰਡਿਤ ਹਿਜਰਤ ਕਰਦੇ ਆ ਰਹੇ ਹਨ। ਕਸ਼ਮੀਰੀ ਪੰਡਿਤ ਬਦਹਵਾਸੀ ਵਿਚ ਘੁੰਮਦੇ ਨਜ਼ਰ ਆ ਰਹੇ ਹਨ। ਕਦੀ ਇਹ ਵੀ ਮੰਜ਼ਰ ਦਿਖਾਈ ਦਿੰਦਾ ਸੀ ਕਿ ਜਦੋਂ ਲਸ਼ਕਰ-ਏ-ਤਾਇਬਾ ਜਾਂ ਹੋਰ ਕਿਸੇ ਅੱਤਵਾਦੀ ਜਥੇਬੰਦੀ ਦਾ ਵੱਡਾ-ਛੋਟਾ ਕਮਾਂਡਰ ਮਾਰਿਆ ਜਾਂਦਾ ਸੀ ਤਾਂ ਘਾਟੀ ਵਿਚ ਵੱਡੀ ਗਿਣਤੀ ਵਿਚ ਲੋਕ ਰੋਸ ਵਜੋਂ ਗਲੀਆਂ-ਬਾਜ਼ਾਰਾਂ ਵਿਚ ਆ ਜਾਂਦੇ ਸਨ। ਵਾਦੀ ਨੇ ਕਈ ਸਾਲਾਂ ਤੱਕ ਪੱਥਰਬਾਜ਼ੀ ਦੀਆਂ ਘਟਨਾਵਾਂ ਨੂੰ ਵੀ ਦੇਖਿਆ ਹੈ।

ਪਿਛਲੇ ਕੁਝ ਸਾਲਾਂ ਤੋਂ ਇੱਥੋਂ ਦੇ ਹਾਲਾਤ ਬਦਲੇ ਨਜ਼ਰ ਆਉਣ ਲੱਗੇ ਹਨ। ਪਿਛਲੇ 4-5 ਸਾਲਾਂ ਤੋਂ ਇੱਥੇ ਵੱਡੀ ਗਿਣਤੀ ਵਿਚ ਦੇਸ਼ ਭਰ ਤੋਂ ਸੈਲਾਨੀ ਆਉਣ ਲੱਗੇ ਹਨ। ਇਕ ਅੰਕੜੇ ਅਨੁਸਾਰ ਪਿਛਲੇ ਸਾਲ 30 ਲੱਖ ਦੇ ਲਗਭਗ ਸੈਲਾਨੀਆਂ ਨੇ ਕਸ਼ਮੀਰ ਵਾਦੀ ਦਾ ਦੌਰਾ ਕੀਤਾ, ਜਿਸ ਕਰਕੇ ਵਾਦੀ ਵਿਚ ਜੀਵਨ ਮੁੜ ਧੜਕਣ ਲੱਗਾ ਸੀ। ਇੱਥੋਂ ਦੇ ਬਹੁਤੇ ਲੋਕਾਂ ਲਈ ਰੁਜ਼ਗਾਰ ਦੇ ਵੱਡੇ ਸਾਧਨ ਪੈਦਾ ਹੋਏ ਸਨ। ਕੇਂਦਰ ਤੇ ਇੱਥੋਂ ਦੀ ਚੁਣੀ ਹੋਈ ਉਮਰ ਅਬਦੁੱਲਾ ਦੀ ਸਰਕਾਰ ਨੇ ਵੀ ਇੱਥੇ ਨਵੀਆਂ ਯੋਜਨਾਵਾਂ ਨੂੰ ਲਾਗੂ ਕਰਨ ਦੀ ਤੱਤਪਰਤਾ ਦਿਖਾਈ ਹੈ। ਇਕ ਤਰ੍ਹਾਂ ਨਾਲ ਵਾਦੀ ਮੁੜ ਤੋਂ ਚਹਿਕਣ ਲੱਗੀ ਸੀ ਤੇ ਲੋਕਾਂ ਦੇ ਮਨਾਂ ਵਿਚ ਨਵੀਆਂ ਉਮੰਗਾਂ ਪੈਦਾ ਹੋਈਆਂ ਸਨ। ਪਰ ਪਹਿਲਗਾਮ ਦੀ ਘਟਨਾ ਤੋਂ ਬਾਅਦ ਇੱਥੇ ਇਕਦਮ ਸਾਰਾ ਕੁਝ ਬਦਲ ਗਿਆ ਲਗਦਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਕਸ਼ਮੀਰ ਵਾਦੀ ਮੁਕੰਮਲ ਤੌਰ 'ਤੇ ਬੰਦ ਰਹੀ ਹੋਵੇ। ਲੋਕ ਆਪਣੇ ਤੌਰ 'ਤੇ ਗਲੀਆਂ, ਬਾਜ਼ਾਰਾਂ ਤੇ ਸੜਕਾਂ 'ਤੇ ਨਿਕਲੇ। ਬਾਰਾਮੂਲਾ, ਅਨੰਤਨਾਗ ਤੇ ਸ਼ੋਪੀਆਂ ਜਿੱਥੇ ਕਦੀ ਦਹਿਸ਼ਤਗਰਦਾਂ ਦਾ ਪੂਰਾ ਪ੍ਰਭਾਵ ਰਿਹਾ ਸੀ, ਵਿਚ ਰੋਸ ਵਜੋਂ ਵੱਡੇ ਮੁਜ਼ਾਹਰੇ ਕੀਤੇ ਗਏ। ਉਮਰ ਅਬਦੁੱਲਾ ਨੇ ਇਸ ਘਟਨਾਕ੍ਰਮ 'ਤੇ ਇਹ ਕਿਹਾ ਸੀ ਕਿ ਸੈਲਾਨੀਆਂ ਨੂੰ ਵਾਪਸ ਜਾਂਦੇ ਵੇਖਦਿਆਂ ਉਨ੍ਹਾਂ ਦਾ ਦਿਲ ਰੋਂਦਾ ਹੈ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਸ੍ਰੀਨਗਰ ਵਿਚ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ ਲੋਕਾਂ ਦੇ ਰੋਸ ਮਾਰਚ ਦੀ ਅਗਵਾਈ ਕੀਤੀ। ਛੋਟੇ-ਛੋਟੇ ਦੁਕਾਨਦਾਰਾਂ ਅਤੇ ਹੋਟਲਾਂ ਵਾਲਿਆਂ ਨੇ ਇਸ ਘਟਨਾਕ੍ਰਮ 'ਤੇ ਵੱਡਾ ਦੁੱਖ ਪ੍ਰਗਟਾਇਆ। ਹੁਰੀਅਤ ਕਾਨਫ਼ਰੰਸ ਦੇ ਚੇਅਰਮੈਨ ਮੀਰਵਾਈਜ਼ ਉਮਰ ਫ਼ਾਰੂਕ ਨੇ ਪ੍ਰਤੀਕਰਮ ਵਜੋਂ ਇਹ ਕਿਹਾ ਸੀ ਕਿ ਜੋ ਬੇਗੁਨਾਹਾਂ ਨੂੰ ਮਾਰਦਾ ਹੈ, ਉਹ ਸਮੁੱਚੀ ਇਨਸਾਨੀਅਤ ਦਾ ਕਾਤਿਲ ਹੈ। ਇਸ ਦੁੱਖਦਾਈ ਘਟਨਾ ਦੇ ਰੋਸ ਵਿਚ ਜੰਮੂ-ਕਸ਼ਮੀਰ ਦੀਆਂ ਸਾਰੀਆਂ ਪਾਰਟੀਆਂ ਨੇ ਇਕਸੁਰ ਹੋ ਕੇ ਇਸ ਦੇ ਖ਼ਿਲਾਫ਼ ਮਤਾ ਪਾਸ ਕੀਤਾ ਤੇ ਇਸ ਵਿਚ ਕਿਹਾ ਕਿ ਅਜਿਹਾ ਕੁਝ ਕਸ਼ਮੀਰੀਅਤ ਅਤੇ ਸਾਂਝੇ ਭਾਰਤ ਦੀ ਭਾਵਨਾ 'ਤੇ ਹਮਲਾ ਹੈ। ਇਸ ਘਟਨਾਕ੍ਰਮ ਦੌਰਾਨ ਇਕ ਘੋੜੇ ਵਾਲਾ ਸਈਅਦ ਆਦਿਲ ਹੁਸੈਨ ਸ਼ਾਹ ਵੀ ਸੈਲਾਨੀਆਂ ਨੂੰ ਬਚਾਉਂਦਾ ਹੋਇਆ ਹਮਲੇ ਵਿਚ ਸ਼ਹੀਦ ਹੋ ਗਿਆ ਸੀ। ਇਸ ਸਾਂਝੇ ਮਤੇ ਵਿਚ ਇਹ ਵੀ ਕਿਹਾ ਗਿਆ ਕਿ ਸਾਰੀਆਂ ਪਾਰਟੀਆਂ ਇਸ ਅਣਮਨੁੱਖੀ ਕਾਰੇ ਦੀ ਭਰਪੂਰ ਸ਼ਬਦਾਂ ਨਾਲ ਨਿੰਦਾ ਕਰਦੀਆਂ ਹਨ ਅਤੇ ਭਾਰਤ ਦੀ ਏਕਤਾ, ਸ਼ਾਂਤੀ ਅਤੇ ਆਪਸੀ ਭਾਈਚਾਰੇ 'ਤੇ ਇਸ ਨੂੰ ਵੱਡਾ ਹਮਲਾ ਕਰਾਰ ਦਿੰਦੀਆਂ ਹਨ।

ਇਸ ਦੁਖਾਂਤ ਕਾਰਨ ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਆਪਸੀ ਗੰਭੀਰ ਸਥਿਤੀ ਦਾ ਛੇਤੀ ਹੱਲ ਤਾਂ ਨਹੀਂ ਹੋਵੇਗਾ, ਪਰ ਇਸ ਨੇ ਘਾਟੀ ਦੇ ਲੋਕਾਂ ਵਿਚ ਨਵੀਂ ਚੇਤਨਾ ਅਤੇ ਦੇਸ਼ ਨਾਲ ਖੜ੍ਹੇ ਹੋਣ ਦੀ ਕਸ਼ਮੀਰੀਅਤ ਦੀ ਭਾਵਨਾ ਨੂੰ ਵੱਡੀ ਹੱਦ ਤੱਕ ਉਜਾਗਰ ਜ਼ਰੂਰ ਕਰ ਦਿੱਤਾ ਹੈ।

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ
ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ

## ਗਦਰੀ ਬਾਬਿਆਂ ਦੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਪਵਿੱਤਾਰ ਵਿਸਾਖੀ ਨੂੰ ਸਮਰਪਿਤ

# 26ਵੇਂ ਮਹਾਨ ਨਗਰ ਕੀਰਤਨ ਉਪਰ ਮਨਟੀਕਾ ਦੀਆਂ ਸਮੂਹ ਸੰਗਤਾਂ ਵਲੋਂ ਗੁਰੂ ਕੀਆਂ ਸੰਗਤਾਂ ਦੀ ਸ਼ਰਧਾ ਤੇ ਨਿਮਰਤਾ ਨਾਲ ਸੇਵਾ








# ਪ੍ਰਾਪਰਟੀ ਟੈਕਸ ਮਾਮਲੇ 'ਤੇ ਚੰਡੀਗੜ੍ਹ ਨਿਗਮ ਹਾਊਸ ਦੀ ਮੀਟਿੰਗ ਵਿੱਚ ਹੰਗਾਮਾ

## ਕਾਂਗਰਸ ਤੇ 'ਆਪ' ਕੌਂਸਲਰਾਂ ਵੱਲੋਂ ਬਾਈਕਾਟ; ਭਾਜਪਾ ਖ਼ਿਲਾਫ਼ ਨਾਅਰੇਬਾਜ਼ੀ

ਚੰਡੀਗੜ੍ਹ : ਚੰਡੀਗੜ੍ਹ ਨਗਰ ਨਿਗਮ ਦੀ ਅੱਜ ਹੋਈ ਹਾਊਸ ਮੀਟਿੰਗ ਹੰਗਾਮਾ ਭਰਪੂਰ ਰਹੀ। ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਪ੍ਰਾਪਰਟੀ ਟੈਕਸ ਦੇ ਮੁੱਦੇ ਉਤੇ ਭਾਜਪਾ ਨੂੰ ਘੇਰਿਆ ਅਤੇ ਤਖ਼ਤੀਆਂ ਦਿਖਾਉਂਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਤੋਂ ਪਹਿਲਾਂ ਪਹਿਲਗਾਮ ਅਤਿਵਾਦੀ ਹਮਲੇ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਮਗਰੋਂ ਮੇਅਰ ਹਰਪ੍ਰੀਤ ਕੌਰ ਬਬਲਾ ਨੇ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ। ਜਦੋਂ ਮੇਅਰ ਨੇ ਕਿਹਾ ਕਿ ਪ੍ਰਸ਼ਾਸਕ ਵੱਲੋਂ ਬਹੁਤ ਜਲਦੀ 238 ਕਰੋੜ ਦੇ ਫੰਡ ਆਉਣ ਵਾਲੇ ਹਨ ਤਾਂ ਕਾਂਗਰਸ ਅਤੇ 'ਆਪ' ਕੌਂਸਲਰਾਂ ਨੇ ਉਨ੍ਹਾਂ ਨੂੰ 'ਫਲਾਪ ਮੇਅਰ' ਕਹਿ ਕੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਭਾਜਪਾ ਦੀ ਜੁਮਲੇਬਾਜ਼ੀ ਤੋਂ ਸ਼ਹਿਰ ਵਾਸੀ ਤੰਗ ਆ ਚੁੱਕੇ ਹਨ। ਉਨ੍ਹਾਂ ਸਵਾਲ ਕੀਤਾ ਕਿ ਜੇਕਰ 238 ਕਰੋੜ ਆ ਰਹੇ ਹਨ ਤਾਂ ਸ਼ਹਿਰ ਵਾਸੀਆਂ ਉਤੇ ਟੈਕਸਾਂ ਦਾ ਬੋਝ ਕਿਉਂ ਪਾਇਆ ਜਾ ਰਿਹਾ ਹੈ? ਉਨ੍ਹਾਂ ਪ੍ਰਾਪਰਟੀ ਟੈਕਸ ਸਮੇਤ ਕਈ ਮੁੱਦਿਆਂ ਨੂੰ ਲੈ ਕੇ 'ਭਾਜਪਾ ਸਰਕਾਰ ਹਾਏ-ਹਾਏ', 'ਵਧੇ ਹੋਏ ਪ੍ਰਾਪਰਟੀ ਟੈਕਸ ਵਾਪਸ ਲਓ', 'ਭਾਜਪਾ ਆਈ ਟੈਕਸ ਲਿਆਈ' ਵਰਗੇ ਲਗਾ ਕੇ ਸੱਤਾਧਾਰੀ ਧਿਰ ਨੂੰ ਘੇਰਿਆ। ਨਿਗਮ ਦੀ ਡਿਪਟੀ ਮੇਅਰ ਤਰੁਣਾ ਮਹਿਤਾ ਅਤੇ 'ਆਪ' ਦੀ ਕੌਂਸਲਰ ਪ੍ਰੇਮ ਲਤਾ ਨੇ ਕਿਹਾ ਕਿ ਭਾਜਪਾ ਦੇ ਇਸ ਮੇਅਰ ਦੇ ਆਉਣ ਮਗਰੋਂ ਨਿਗਮ ਦੇ ਫੰਡਾਂ ਨੂੰ ਗ੍ਰਹਿਣ ਲੱਗ ਗਿਆ ਹੈ। ਉਨ੍ਹਾਂ ਨੇ ਮੇਅਰ ਦੇ ਟੇਬਲ 'ਤੇ ਨਿੰਬੂ ਅਤੇ ਮਿਰਚਾਂ ਟੰਗਣ ਦੀ ਕੋਸ਼ਿਸ਼ ਵੀ ਕੀਤੀ। ਕੌਂਸਲਰ ਹਰਦੀਪ ਸਿੰਘ ਬੁਟੇਰਲਾ, ਜਸਵਿੰਦਰ ਕੌਰ, ਦਮਨਪ੍ਰੀਤ ਸਿੰਘ, ਸੀਨੀਅਰ ਡਿਪਟੀ ਮੇਅਰ ਜਸਬੀਰ ਸਿੰਘ ਬੰਟੀ, ਸਚਿਨ ਗਾਲਵ, ਗੁਰਪ੍ਰੀਤ ਗਾਬੀ ਸਮੇਤ ਸਮੁੱਚੇ ਵਿਰੋਧੀ ਕੌਂਸਲਰਾਂ ਨੇ ਕਾਲ਼ੀਆਂ ਪੱਟੀਆਂ ਬੰਨ੍ਹ ਕੇ ਰੋਸ ਦਾ ਪ੍ਰਗਟਾਵਾ ਕੀਤਾ ਅਤੇ ਨਾਅਰੇ ਲਗਾਉਂਦੇ ਹੋਏ ਮੀਟਿੰਗ ਦਾ ਬਾਈਕਾਟ ਕਰ ਗਏ। ਹਾਲ ਦੇ ਬਾਹਰ ਧਰਨਾ ਦੇ ਰਹੇ ਕੌਂਸਲਰਾਂ ਨੇ ਨਿਗਮ ਵੱਲੋਂ ਨੌਕਰੀ ਤੋਂ ਕੱਢੇ ਜਾ ਰਹੇ ਆਊਟਸੋਰਸਡ ਕਾਮਿਆਂ ਦੀ ਵਕਾਲਤ ਕੀਤੀ। ਵਿਰੋਧੀ ਧਿਰ ਦੀ ਗੈਰ-ਮੌਜੂਦਗੀ ਵਿੱਚ ਮੇਅਰ ਬਬਲਾ ਨੇ ਭਾਜਪਾ ਕੌਂਸਲਰਾਂ ਨਾਲ ਮੀਟਿੰਗ ਦੀ ਕਾਰਵਾਈ ਅੱਗੇ ਚਲਾਈ। ਟਿਊਬਵੈੱਲਾਂ ਤੋਂ ਸਟਾਫ਼ ਘਟਾਉਣ ਦੀ ਪ੍ਰਸ਼ਾਸਨਿਕ ਤਜਵੀਜ਼ ਨੂੰ ਕੌਂਸਲਰ ਕੰਵਰਜੀਤ ਸਿੰਘ ਰਾਣਾ ਤੇ ਹੋਰਨਾਂ ਦੇ ਵਿਰੋਧ ਸਦਕਾ ਇਸ ਨੂੰ ਅਗਲੀ ਮੀਟਿੰਗ ਤੱਕ ਮੁਲਤਵੀ ਕੀਤਾ ਗਿਆ। ਕੌਂਸਲਰ ਸੌਰਭ ਜੋਸ਼ੀ ਨੇ ਸ਼ਹਿਰ ਵਿੱਚ ਪਲਾਸਟਿਕ ਦੀ ਧੜੱਲੇ ਨਾਲ ਹੋ ਰਹੀ ਵਰਤੋਂ ਉਤੇ ਨਕੇਲ ਕੱਸਣ ਦਾ ਮੁੱਦਾ ਚੁੱਕਦਿਆਂ ਸਖ਼ਤੀ ਕਰਨ ਦੀ ਮੰਗ ਕੀਤੀ। ਜੋਸ਼ੀ ਨੇ ਪਾਰਕਿੰਗਾਂ ਵਿੱਚ ਖੜ੍ਹਨ ਵਾਲੇ ਅਣਅਧਿਕਾਰਤ ਮੋਡੀਫਾਈਡ ਵਹੀਕਲਾਂ ਉਤੇ ਸ਼ਿਕੰਜਾ ਕਸਣ ਦੀ ਵੀ ਮੰਗ ਕੀਤੀ।




# 1984 ਦੇ ਸਿੱਖ ਵਿਰੋਧੀ ਦੰਗੇ-ਸੁਪਰੀਮ ਕੋਰਟ ਵਲੋਂ ਕਾਨਪੁਰ 'ਚ 11 ਮਾਮਲਿਆਂ ਦੀ ਤੇਜ਼ੀ ਨਾਲ ਸੁਣਵਾਈ ਦੇ ਹੁਕਮ

- 130 ਸਿੱਖਾਂ ਦੇ ਕਤਲੇਆਮ ਨਾਲ ਸਬੰਧਤ ਮਾਮਲੇ
- 40 ਸਾਲ ਪੁਰਾਣੀ ਐਫ.ਆਈ.ਆਰ. ਪੜ੍ਹਨਯੋਗ ਨਹੀਂ ਰਹੀ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਕਾਨਪੁਰ 'ਚ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸੰਬੰਧਿਤ 11 ਲੰਬਿਤ ਮਾਮਲਿਆਂ ਦਾ ਜਲਦੀ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੋਮਵਾਰ ਨੂੰ ਇਹ ਹੁਕਮ ਦਿੰਦੇ ਹੋਏ ਜਸਟਿਸ ਸੂਰਿਆਕਾਂਤ ਤੇ ਜਸਟਿਸ ਐਨ. ਕੋਟੀਸ਼ਵਰ ਸਿੰਘ ਦੇ ਬੈਂਚ ਨੇ ਇਨ੍ਹਾਂ ਮਾਮਲਿਆਂ 'ਚ ਹੁਣ ਤੱਕ ਹੋਈ ਦੇਰੀ 'ਤੇ ਚਿੰਤਾ ਪ੍ਰਗਟਾਈ। ਇਨ੍ਹਾਂ ਮਾਮਲਿਆਂ ਨੂੰ ਮੁੜ ਜਾਂਚ ਤੋਂ ਬਾਅਦ ਦੁਬਾਰਾ ਖੋਲ੍ਹਿਆ ਗਿਆ, ਜਿਸ ਦੇ ਨਤੀਜੇ ਵਜੋਂ ਨਵੇਂ ਦੋਸ਼ ਪੱਤਰ ਦਾਇਰ ਕੀਤੇ ਗਏ ਸਨ। ਇਨ੍ਹਾਂ ਮਾਮਲਿਆਂ ਦੀ ਇਤਿਹਾਸਕ ਮਹੱਤਤਾ ਨੂੰ ਧਿਆਨ 'ਚ ਰੱਖਦੇ ਹੋਏ ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਇਨ੍ਹਾਂ ਦੀ ਸੁਣਵਾਈ ਹੁਣ ਬਿਨਾਂ ਕਿਸੇ ਦੇਰੀ ਦੇ ਪੂਰੀ ਕੀਤੀ ਜਾਵੇ। ਉੱਤਰ ਪ੍ਰਦੇਸ਼ ਸਰਕਾਰ ਵਲੋਂ ਵਿਸ਼ੇਸ਼ ਸਰਕਾਰੀ ਵਕੀਲ ਵਜੋਂ ਨਿਯੁਕਤ ਕੀਤੇ ਗਏ ਕਮਲੇਸ਼ ਕੁਮਾਰ ਪਾਠਕ ਤੇ ਰਣਜੀਤ ਸਿੰਘ ਨੂੰ ਸਮੇਂ ਸਿਰ ਅਦਾਲਤ 'ਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂ ਜੋ ਕਾਰਵਾਈ ਨੂੰ ਤੇਜ਼ ਕੀਤਾ ਜਾ ਸਕੇ। ਬੈਂਚ ਨੇ ਇਕ ਖਾਸ ਮੁੱਦੇ ਦਾ ਵੀ ਨੋਟਿਸ ਲਿਆ ਜਿੱਥੇ 40 ਸਾਲ ਪੁਰਾਣੀ ਐਫ.ਆਈ.ਆਰ. ਸਮੇਂ ਦੇ ਨਾਲ ਪੜ੍ਹਨਯੋਗ ਨਹੀਂ ਰਹੀ ਸੀ। ਐਫ.ਆਈ.ਆਰ. ਨੂੰ ਦੁਬਾਰਾ ਪੜ੍ਹਨ ਲਈ ਕੇਂਦਰੀ ਫੋਰੈਂਸਿਕ ਸਾਇੰਸ ਲੈਬਾਰਟਰੀ (ਸੀ.ਐਫ.ਐਸ.ਐਲ.) ਨੂੰ ਭੇਜਿਆ ਗਿਆ ਸੀ, ਪਰ ਰਿਪੋਰਟ ਅਜੇ ਤੱਕ ਜਮ੍ਹਾਂ ਨਹੀਂ ਕਰਵਾਈ ਗਈ ਹੈ। ਇਸ 'ਤੇ ਸੁਪਰੀਮ ਕੋਰਟ ਨੇ ਸੀ.ਐਫ.ਐਸ.ਐਲ. ਨੂੰ ਜਲਦੀ ਹੀ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਹੈ। ਸੁਪਰੀਮ ਕੋਰਟ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਾਨਪੁਰ 'ਚ ਲਗਭਗ 130 ਸਿੱਖਾਂ ਦੇ ਕਤਲੇਆਮ ਨਾਲ ਸੰਬੰਧਿਤ ਮਾਮਲਿਆਂ ਦੀ ਮੁੜ ਜਾਂਚ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ।

# ਜੇਲ੍ਹ 'ਚ 30 ਸਾਲ ਤੋਂ ਬੰਦ ਪਰ ਨਹੀਂ ਮਿਲਿਆ ਇਨਸਾਫ਼ : ਭਾਈ ਬਲਵੰਤ ਸਿੰਘ ਰਾਜੋਆਣਾ



ਪਟਿਆਲਾ : ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਕਤਲ ਕੇਸ ਦੇ ਅਧੀਨ 30 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਅੱਖਾਂ ਦੀ ਜਾਂਚ ਲਈ ਅੱਜ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਲਿਆਂਦਾ ਗਿਆ। ਇਸ ਮਗਰੋਂ ਪੁਲੀਸ ਉਨ੍ਹਾਂ ਨੂੰ ਮੁੜ ਤੋਂ ਜੇਲ੍ਹ 'ਚ ਛੱਡ ਆਈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀ ਰਾਜੋਆਣਾ ਨੇ ਕਿਹਾ ਕਿ ਸੂਬੇ ਵਿੱਚ ਅਗਲੀ ਸਰਕਾਰ ਅਕਾਲੀ ਦਲ ਦੀ ਬਣੇਗੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਉਨ੍ਹਾਂ ਦੇ ਕੇਸ ਦਾ ਫ਼ੌਰੀ ਨਿਬੇੜਾ ਕਰੇ। ਇਹ ਉਨ੍ਹਾਂ ਨਾਲ ਬੇਇਨਸਾਫ਼ੀ ਹੈ ਕਿਉਂਕਿ ਕਈ ਵਾਰ ਲਿਖਣ ਦੇ ਬਾਵਜੂਦ ਸਰਕਾਰ ਉਨ੍ਹਾਂ ਦੀ ਫਾਂਸੀ ਸਬੰਧੀ ਕੋਈ ਵੀ ਫ਼ੈਸਲਾ ਨਹੀਂ ਲੈ ਰਹੀ। ਇਸ ਕਾਰਨ ਉਹ ਕਈ ਵਰ੍ਹਿਆਂ ਤੋਂ ਫਾਂਸੀ ਚੱਕੀ 'ਚ ਬੰਦ ਹਨ। 31 ਅਗਸਤ 1995 'ਚ ਵਾਪਰੀ ਕਤਲ ਦੀ ਇਸ ਘਟਨਾ ਸਬੰਧੀ 2007 'ਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਕੁਝ ਸਾਲ ਬਾਅਦ ਜਦੋਂ ਫਾਂਸੀ 'ਤੇ ਅਮਲ ਕਰਨ ਦੇ ਹੁਕਮ ਆਏ ਤਾਂ ਰਾਜੋਆਣਾ ਖ਼ੁਦ ਕੋਈ ਵੀ ਕਾਨੂੰਨੀ ਚਾਰਾਜੋਈ ਕਰਨ ਤੋਂ ਇਨਕਾਰੀ ਹੋ ਗਿਆ ਸੀ। ਇਸ ਉਪਰੰਤ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਰਹਿਮ ਦੀ ਅਪੀਲ 'ਤੇ ਹੀ ਰਾਸ਼ਟਰਪਤੀ ਨੇ ਫਾਂਸੀ 'ਤੇ ਰੋਕ ਲਾ ਕੇ ਉਸ ਦੇ ਕੇਸ ਦੀ ਫਾਈਲ ਗ੍ਰਹਿ ਮੰਤਰਾਲੇ ਕੋਲ਼ ਭੇਜ ਦਿੱਤੀ ਸੀ। ਉਦੋਂ ਤੋਂ ਹੀ ਉਹ ਫਾਈਲ ਕੇਂਦਰੀ ਗ੍ਰ ?ਗਹਿ ਮੰਤਰਾਲੇ ਕੋਲ਼ ਪਈ ਹੈ।

# ਸਾਨੂੰ ਆਪਣੇ ਖ਼ੂਨ ਨਾਲੋਂ ਜ਼ਿਆਦਾ ਪਿਆਰਾ ਹੈ ਪੰਜਾਬ ਦਾ ਪਾਣੀ : ਅਮਨ ਅਰੋੜਾ



ਚੰਡੀਗੜ੍ਹ : ਕੈਬਨਿਟ ਮੰਤਰੀ ਤੇ 'ਆਪ' ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਬੀ.ਬੀ.ਐਮ.ਬੀ. ਦੇ ਪਾਣੀ ਵਿਚੋਂ ਪੰਜਾਬ ਦਾ ਹਿੱਸਾ ਹਰਿਆਣਾ ਨੂੰ ਦੇਣਾ ਗਲਤ ਹੈ। ਉਨ੍ਹਾਂ ਕਿਹਾ ਕਿ ਹਰ ਵਾਰ ਵਾਂਗ, ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਨਾਲ ਧੋਖਾ ਕੀਤਾ ਹੈ। ਪੰਜਾਬ ਸਰਕਾਰ, ਆਮ ਆਦਮੀ ਪਾਰਟੀ ਅਤੇ 3 ਕਰੋੜ ਪੰਜਾਬੀ ਕਿਸੇ ਵੀ ਹੱਦ ਤੱਕ ਜਾਣਗੇ ਪਰ ਇਸ ਵਿਸ਼ਵਾਸਘਾਤ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਖ਼ੂਨ ਨਾਲੋਂ ਪਾਣੀ ਜ਼ਿਆਦਾ ਪਿਆਰਾ ਹੈ। ਪੰਜਾਬ ਸਰਕਾਰ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਪੂਰੇ ਪੰਜਾਬ ਵਿਚ ਭਾਜਪਾ ਖਿਲਾਫ਼ ਪ੍ਰਦਰਸ਼ਨ ਕਰੇਗੀ। ਪੰਜਾਬ ਦਾ ਪਾਣੀ ਬੀ.ਬੀ.ਐਮ.ਬੀ. ਰਾਹੀਂ ਹਰਿਆਣਾ ਨੂੰ ਦੇਣ ਦਾ ਹੁਕਮ ਪੰਜਾਬ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ ਤੇ ਅਸੀਂ ਪੰਜਾਬ ਦੇ ਹਿੱਸੇ ਦਾ ਪਾਣੀ ਛੱਡਣ ਦਾ ਵਿਰੋਧ ਕਰਾਂਗੇ। ਉਨ੍ਹਾਂ ਕਿਹਾ ਕਿ ਭਾਜਪਾ ਆਗੂਆਂ ਦੇ ਘਰਾਂ ਅਤੇ ਦਫ਼ਤਰਾਂ ਦਾ ਘਿਰਾਓ ਕੀਤਾ ਜਾਵੇਗਾ ਤੇ ਆਮ ਆਦਮੀ ਪਾਰਟੀ ਦੇ ਵਰਕਰ, ਮੰਤਰੀ, ਸੰਸਦ ਮੈਂਬਰ ਅਤੇ ਵਿਧਾਇਕ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਵਿਰੋਧ ਪ੍ਰਦਰਸ਼ਨ ਕਰਨਗੇ।

# ਡੀਆਈਜੀ ਮਨਦੀਪ ਸਿੱਧੂ ਨੂੰ ਸੇਵਾਮੁਕਤੀ 'ਤੇ ਵਿਦਾਇਗੀ ਪਾਰਟੀ

## 37 ਸਾਲ ਦੀ ਸੇਵਾ ਨਿਭਾਅ ਕੇ ਸੇਵਾਮੁਕਤ ਹੋਏ ਸਿੱਧੂ, ਨੌਕਰੀ ਦੌਰਾਨ ਹਮੇਸ਼ਾਂ ਟੀਮ ਵਰਕ ਨੂੰ ਪਹਿਲ ਦਿੱਤੀ: ਸਿੱਧੂ






ਪਟਿਆਲਾ : ਡੀਆਈਜੀ ਮਨਦੀਪ ਸਿੰਘ ਸਿੱਧੂ 37 ਸਾਲ ਦੀ ਸੇਵਾ ਨਿਭਾਅ ਕੇ ਸੇਵਾਮੁਕਤ ਹੋ ਗਏ। ਇਸ ਮੌਕੇ ਉਨ੍ਹਾਂ ਨੂੰ ਪਟਿਆਲਾ ਰੇਂਜ ਦੇ ਚਾਰੇ ਜ਼ਿਲ੍ਹਿਆਂ ਦੇ ਐੱਸਐੱਸਪੀਜ਼ ਡਾ. ਨਾਨਕ ਸਿੰਘ, ਸਰਤਾਜ ਚਹਿਲ, ਸਰਫ਼ਰਾਜ਼ ਆਲਮ ਤੇ ਗਗਨਅਜੀਤ ਸਿੰਘ ਦੀ ਅਗਵਾਈ ਹੇਠ ਪੁਲੀਸ ਲਾਈਨ ਵਿੱਚ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਮਨਦੀਪ ਸਿੱਧੂ ਨੇ ਕਿਹਾ ਕਿ ਸਧਾਰਨ ਪਰਿਵਾਰ ਵਿੱਚੋਂ ਉਠ ਕੇ ਉੱਚ ਅਧਿਕਾਰੀ ਤੱਕ ਦਾ ਸਫ਼ਰ ਕਰਦਿਆਂ ਉਨ੍ਹਾਂ ਨੂੰ ਗੋਲੀਆਂ ਦਾ ਵੀ ਸਾਹਮਣਾ ਕੀਤਾ ਪਰ ਹਮੇਸ਼ਾ ਬੁਲੰਦ ਹੌਸਲੇ ਨਾਲ ਲੋਕਾਂ ਵਿੱਚ ਵਿਚਰਦੇ ਹੋਏ ਟੀਮ ਵਰਕ ਨੂੰ ਪਹਿਲ ਦਿੱਤੀ। ਇਸ ਮੌਕੇ ਉਨ੍ਹਾਂ ਦੀ ਪਤਨੀ ਡਾ. ਸੁਖਮੀਨ ਸਿੱਧੂ, ਭਰਾ ਸਰਬੀਰ ਇੰਦਰ ਸਿੱਧੂ, ਪੁੱਤਰ ਅਮਿਤੇਸ਼ਵਰ ਸਿੱਧੂ ਹਾਜ਼ਰ ਸਨ। ਇਸ ਮੌਕੇ ਗੁਰਿੰਦਰ ਢਿੱਲੋਂ, ਪਰਮਜੀਤ ਗਿੱਲ, ਗੁਰਪ੍ਰੀਤ ਗਿੱਲ, ਗੁਰਿੰਦਰ ਢਿੱਲੋਂ, ਅਮਰ ਚਾਹਲ, ਬਲਕਾਰ ਸਿੱਧੂ, ਰਣਜੀਤ ਢਿੱਲੋਂ, ਰਾਜਪਾਲ ਸਿੰਘ, ਗੁਰਮੀਤ ਸਿੰਘ, ਦਿਲਪ੍ਰੀਤ ਸਿੰਘ, ਪਲਵਿੰਦਰ ਚੀਮਾ ਤੇ ਪਰਮਜੀਤ ਸ਼ਰਮਾ ਮੌਜੂਦ ਸਨ।

### ਸ਼ੰਭੂ-ਖਨੌਰੀ ਮੋਰਚੇ ਦੇ ਆਗੂਆਂ 'ਤੇ ਲੱਗੇ ਕਰੋੜਾਂ ਦੇ ਘਪਲੇ ਦੇ ਇਲਜ਼ਾਮ

# ਡੱਲੇਵਾਲ, ਕਾਕਾ ਕੋਟੜਾ ਤੇ ਕੋਹਾੜ ਨੇ ਅੰਦੋਲਨ ਦੇ ਨਾਂ 'ਤੇ ਕਰੋੜਾਂ ਦਾ ਕੀਤਾ ਗਬਨ : ਇੰਦਰਜੀਤ ਸਿੰਘ ਕੋਟ ਬੁੱਢਾ

ਚੰਡੀਗੜ੍ਹ : ਤਿੰਨ ਖੇਤੀ ਕਾਨੂੰਨਾਂ ਬਾਰੇ ਇਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਅੰਦੋਲਨ 'ਚ ਦੇਸ਼-ਵਿਦੇਸ਼ ਤੋਂ ਆਈ ਡੋਨੇਸ਼ਨ ਬਾਰੇ ਕਿਸਾਨ ਜਥੇਬੰਦੀਆਂ 'ਚ ਉੱਠੇ ਮਤਭੇਦਾਂ ਤੋਂ ਬਾਅਦ ਹੁਣ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਲਈ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਇਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਅੰਦੋਲਨ 'ਚ ਵੀ ਉਸੇ ਤਰ੍ਹਾਂ ਦੇ ਦੋਸ਼ ਦੁਹਰਾਏ ਜਾਣ ਲੱਗੇ ਹਨ। ਵੱਡੀ ਗੱਲ ਇਹ ਹੈ ਕਿ ਲੰਗਰ ਦੀ ਰਸਦ ਵੇਚਣ ਤੇ ਲੋਕਾਂ ਤੋਂ ਕੀਤੀ ਉਗਰਾਹੀ ਦੇ ਪੈਸਿਆਂ ਦਾ ਹਿਸਾਬ ਨਾ ਮਿਲਣ ਵਰਗੇ ਦੋਸ਼ ਬਾਹਰੋਂ ਨਹੀਂ ਲੱਗ ਰਹੇ ਬਲਕਿ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਨੇਤਾ ਹੀ ਆਪਸ 'ਚ ਲਗਾ ਰਹੇ ਹਨ ਜਿਨ੍ਹਾਂ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ 125 ਤੋਂ ਵੱਧ ਦਿਨਾਂ ਤੱਕ ਭੁੱਖ ਹੜਤਾਲ 'ਤੇ ਬੈਠੇ ਰਹੇ। ਏਨਾ ਹੀ ਨਹੀਂ ਇਕ ਕਿਸਾਨ ਨੇਤਾ ਨੇ ਤਾਂ ਡੱਲੇਵਾਲ ਦੀ ਭੁੱਖ ਹੜਤਾਲ ਦੀ ਸੱਚਾਈ 'ਤੇ ਹੀ ਸਵਾਲ ਉਠਾ ਦਿੱਤਾ ਹੈ।

ਜਾਣਕਾਰੀ ਅਨੁਸਾਰ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਦੋ ਮੋਰਚੇ ਚਲਾਏ ਜਾ ਰਹੇ ਸਨ। ਖਨੌਰੀ ਬਾਰਡਰ ਦੇ ਮੋਰਚੇ ਤੇ ਜਿੱਥੇ ਸੰਯੁਕਤ ਕਿਸਾਨ ਮੋਰਚੇ ਗ਼ੈਰ-ਸਿਆਸੀ ਦੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ 'ਤੇ ਬੈਠੇ ਸਨ। ਉਥੇ ਉਨ੍ਹਾਂ ਨਾਲ ਕਿਸਾਨ ਆਗੂ ਇੰਦਰਜੀਤ ਸਿੰਘ ਕੋਟਬੁੱਢਾ ਵੀ ਉਨ੍ਹਾਂ ਨਾਲ ਉਸ ਮੋਰਚੇ 'ਚ ਸ਼ਾਮਲ ਸਨ। ਹੁਣ ਉਨ੍ਹਾਂ ਵਲੋਂ ਜਗਜੀਤ ਸਿੰਘ ਡੱਲੇਵਾਲ ਸਮੇਤ ਕਾਕਾ ਕੋਟੜਾ





ਤੇ ਅਭਿਮਨਿਊ ਕੋਹਾੜ 'ਤੇ ਕਰੋੜਾਂ ਦਾ ਘਪਲਾ ਕਰਨ ਦਾ ਦੋਸ਼ ਲਾਇਆ ਹੈ। ਨਾਲ ਹੀ ਕੋਟਬੁੱਢਾ ਨੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਮੋਰਚੇ ਦਾ ਘਾਣ ਵੀ ਕੀਤਾ।

ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਇੰਦਰਜੀਤ ਸਿੰਘ ਕੋਟਬੁੱਢਾ ਨੇ ਦੋਸ਼ ਲਗਾਏ ਹਨ ਕਿ ਅੰਦੋਲਨ ਚਲਾਉਣ ਲਈ ਜਿੰਨੇ ਵੀ ਪੈਸੇ ਦੀ ਉਗਰਾਹੀ ਹੋਈ ਹੈ, ਉਸ ਦਾ ਕੋਈ ਹਿਸਾਬ ਨਹੀਂ ਦਿੱਤਾ ਜਾ ਰਿਹਾ। ਜਿੰਨਾ ਪੈਸਾ ਇਕੱਠਾ ਹੋਇਆ, ਓਨਾ ਪੈਸਾ ਤਾਂ ਕਿਸਾਨਾਂ ਦਾ ਕਰਜ਼ ਉਤਾਰਨ 'ਚ ਖ਼ਰਚ ਕੀਤਾ ਜਾਂਦਾ ਤਾਂ ਕਰਜ਼ ਉਤਰ ਸਕਦਾ ਸੀ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਲੰਗਰ ਚਲਾਉਣ ਲਈ ਜਿਹੜੀ ਰਸਤ ਕਿਸਾਨਾਂ ਨੂੰ ਮਿਲਦੀ ਰਹੀ ਹੈ, ਉਹ ਵੀ ਵੇਚੀ ਜਾਂਦੀ ਰਹੀ ਹੈ ਭਾਵੇਂ ਉਹ ਦੁੱਧ ਹੋਵੇ ਜਾਂ ਕਣਕ। ਇਨ੍ਹਾਂ ਦੋਸ਼ਾਂ ਬਾਰੇ ਕੋਈ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।

ਐੱਸਕੇਐੱਮ ਦੇ ਹੀ ਇਕ ਹੋਰ ਨੇਤਾ ਜੰਗਵੀਰ ਸਿੰਘ ਚੌਹਾਨ ਨੇ ਡੱਲੇਵਾਲ ਦੇ 125 ਤੋਂ ਵੱਧ ਦਿਨਾਂ ਤੱਕ ਬਗ਼ੈਰ ਕੁਝ ਖਾਧੇ ਪੀਤੇ ਰਹਿਣ ਬਾਰੇ ਕਿਹਾ ਕਿ ਏਨੇ ਦਿਨਾਂ ਤੱਕ ਭੁੱਖੇ ਰਹਿਣ ਤੋਂ ਵਿਗਿਆਨ ਵੀ ਹੈਰਾਨ ਹੈ।

### ਸੂਈ ਦੇ ਨੱਕੇ ਜਿੰਨੀ ਵੀ ਗੜਬੜੀ ਨਹੀਂ, ਭੁੱਖ ਹੜਤਾਲ ਦੀਆਂ ਟੈਸਟ ਰਿਪੋਰਟਾਂ ਦੇਖ ਲਓ : ਡੱਲੇਵਾਲ

ਡੱਲੇਵਾਲ ਨੇ ਕੋਟਬੁੱਢਾ ਤੇ ਜੰਗਵੀਰ ਚੌਹਾਨ ਦੇ ਦੋਸ਼ਾਂ ਦਾ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਚਾਰ ਮਈ ਨੂੰ ਹੋਣ ਵਾਲੀ ਬੈਠਕ 'ਚ ਉਨ੍ਹਾਂ ਨੂੰ ਨਾ ਲੈ ਕੇ ਜਾਣ ਕਾਰਨ ਇਹ ਕਿਸਾਨ ਆਗੂ ਨਾਰਾਜ਼ ਹਨ। ਉਨ੍ਹਾਂ ਦੱਸਿਆ ਕਿ ਜਥੇਬੰਦੀ ਵੱਲੋਂ ਸੀਨੀਅਰ ਨੇਤਾਵਾਂ ਨੂੰ ਰੋਟੇਸ਼ਨ 'ਚ ਲਿਜਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਡੋਨੇਸ਼ਨ 'ਚ ਇਕ ਸੂਈ ਦੇ ਨੱਕੇ ਦੇ ਬਾਰਾਬਰ ਵੀ ਗੜਬੜੀ ਨਹੀਂ ਹੋਈ। ਇਹ ਸਭ ਛੋਟੀਆਂ ਗੱਲਾਂ ਹਨ, ਅਸੀਂ ਛੇਤੀ ਰੀਵਿਊ ਬੈਠਕ ਸੱਦ ਕੇ ਇਨ੍ਹਾਂ ਗੱਲਾਂ 'ਤੇ ਚਰਚਾ ਕਰਾਂਗੇ। ਲੰਗਰ ਦੀ ਰਸਦ ਵੇਚਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਕਈ ਵਾਰ ਜ਼ਰੂਰਤ ਤੋਂ ਵੱਧ ਕਣਕ ਜਾਂ ਦੁੱਧ ਆ ਜਾਣ 'ਤੇ ਉਸ ਨੂੰ ਦੇ ਕੇ ਲੰਗਰ ਲਈ ਹੋਰ ਜ਼ਰੂਰੀ ਸਾਮਾਨ ਜਿਵੇਂ ਆਲੂ, ਪਿਆਜ਼, ਸਬਜ਼ੀਆਂ, ਦਾਲ ਆਦਿ ਲਈ ਜਾਂਦੀ ਰਹੀ ਹੈ। ਭੁੱਖ ਹੜਤਾਲ 'ਤੇ ਉਨ੍ਹਾਂ ਕਿਹਾ ਕਿ ਡਾਕਟਰਾਂ ਦੀਆਂ ਟੈਸਟ ਰਿਪੋਰਟਾਂ ਮੌਜੂਦ ਹਨ, ਉਹ ਦੇਖੀਆਂ ਜਾ ਸਕਦੀਆਂ ਹਨ।

# ਮੋਰਚੇ ਉੱਠਣ ਬਾਅਦ ਕਿਸਾਨਾਂ ਦਾ ਵੱਡਾ ਐਲਾਨ, 13 ਮਈ ਨੂੰ ਤਿੰਨ ਥਾਵਾਂ 'ਤੇ ਕਰਨਗੇ ਵੱਡਾ ਪ੍ਰਦਰਸ਼ਨ

ਸੰਗਰੂਰ : ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ 13 ਮਈ ਨੂੰ ਪੰਜਾਬ ਦੇ ਸੰਗਰੂਰ, ਬਠਿੰਡਾ ਅਤੇ ਜਗਰਾਓਂ ਵਿਖੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਐੱਸਕੇਐੱਮ 20 ਮਈ ਕੌਮੀ ਪੱਧਰ ਤੇ ਮਜ਼ਦੂਰ ਜੱਥੇਬੰਦੀਆਂ ਵਲੋ ਕੀਤੇ ਜਾ ਰਹੇ ਧਰਨੇ ਪ੍ਰਦਰਸ਼ਨਾਂ ਦਾ ਸਮਰਥਨ ਕਰਨ ਦਾ ਐਲਾਨ ਵੀ ਕੀਤਾ ਹੈ। ਜਦਕਿ 4 ਮਈ ਨੂੰ ਜਲੰਧਰ ਵਿਖੇ ਕਨਵੈਨਸ਼ਨ ਵੀ ਹੋਵੇਗੀ।



ਲੁਧਿਆਣਾ ਵਿੱਚ ਐੱਸਕੇਐਮ ਦੀ ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਕਿਸਾਨ ਆਗੂਆਂ ਅਮਰੀਕ ਸਿੰਘ ਭਦੌੜ, ਅਵਤਾਰ ਸਿੰਘ ਮੇਹਲੋਂ, ਰੂਪ ਬਸੰਤ ਸਿੰਘ ਆਦਿ ਨੇ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦੀ ਗੱਲ ਆਖੀ। ਉਨ੍ਹਾਂ ਸਰਕਾਰ ਨੂੰ ਸੀਐਨਜੀ ਪਲਾਂਟਾਂ ਦੇ ਮਾਮਲੇ ਵਿਚ ਪੰਜਾਬ ਅੰਦਰ ਲੱਗਣ ਵਾਲੀਆਂ ਫੈਕਟਰੀਆਂ ਦੇ ਮਾਮਲੇ ਵਿਚ ਹੋਣ ਵਾਲੇ ਪ੍ਰਦੂਸ਼ਣ ਸਬੰਧੀ ਜਾਣਕਾਰੀ ਦੇਣ ਲਈ ਕਿਹਾ। ਉਨ੍ਹਾਂ ਨੇ ਸਰਕਾਰਾਂ ਉਪਰ ਕਾਰਪੋਰੇਟ ਘਰਾਣਿਆਂ ਦਾ ਸਮਰਥਨ ਕਰਨ ਦਾ ਇਲਜ਼ਾਮ ਵੀ ਲਗਾਇਆ।

# ਜੰਮੂ-ਕਸ਼ਮੀਰ ਵਿਧਾਨ ਸਭਾ ਨੇ ਪਹਿਲਗਾਮ ਹਮਲੇ ਦੀ ਨਿੰਦਾ ਕਰਦਿਆਂ ਮਤਾ ਕੀਤਾ ਪਾਸ

## ਸਮੁੱਚੇ ਕਸ਼ਮੀਰ ਦੇ ਲੋਕ ਅੱਤਵਾਦ ਖਿਲਾਫ਼ ਪਹਿਲੀ ਵਾਰ ਇਕਜੁਟ ਹੋਏ : ਉਮਰ ਅਬਦੁੱਲਾ







ਜੰਮੂ : ਜੰਮੂ-ਕਸ਼ਮੀਰ ਵਿਧਾਨ ਸਭਾ ਨੇ ਪਹਿਲਗਾਮ 'ਚ ਪਿਛਲੇ ਹਫ਼ਤੇ ਹੋਏ ਵਹਿਸ਼ੀ ਅੱਤਵਾਦੀ ਹਮਲੇ 'ਤੇ ਦੁੱਖ ਪ੍ਰਗਟ ਕਰਦੇ ਹੋਏ ਇਕ ਮਤਾ ਪੇਸ਼ ਕੀਤਾ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਅਤੇ ਤਰੱਕੀ 'ਚ ਰੁਕਾਵਟ ਪਾਉਣ ਦੇ ਉਦੇਸ਼ ਨਾਲ ਕੀਤੇ ਗਏ ਨਾਪਾਕ ਮਨਸੂਬਿਆਂ ਨੂੰ ਹਰਾਉਣ ਲਈ ਦ੍ਰਿੜ੍ਹਤਾ ਨਾਲ ਲੜਨ ਦਾ ਸੰਕਲਪ ਲਿਆ। ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਉਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਨੇ ਇਹ ਪ੍ਰਸਤਾਵ ਪੇਸ਼ ਕੀਤਾ। ਸੈਸ਼ਨ ਦੀ ਸ਼ੁਰੂਆਤ ਪਿਛਲੇ ਹਫ਼ਤੇ ਇਸ ਤ੍ਰਾਸਦੀ 'ਚ ਮਾਰੇ ਗਏ ਲੋਕਾਂ ਨੂੰ ਕੁਝ ਪਲ ਦਾ ਮੌਨ ਰੱਖ ਕੇ ਸ਼ਰਧਾਂਜਲੀ ਦੇਣ ਦੇ ਨਾਲ ਹੋਈ। ਪ੍ਰਸਤਾਵ 'ਚ ਕਿਹਾ ਗਿਆ ਹੈ ਕਿ ਜੰਮੂ-ਕਸ਼ਮੀਰ ਵਿਧਾਨ ਸਭਾ ਆਪਣੇ ਸਾਰੇ ਨਾਗਰਿਕਾਂ ਲਈ ਸ਼ਾਂਤੀ, ਵਿਕਾਸ ਅਤੇ ਖ਼ੁਸ਼ਹਾਲੀ ਦਾ ਮਾਹੌਲ ਬਣਾਉਣ ਅਤੇ ਰਾਸ਼ਟਰ ਅਤੇ ਜੰਮੂ-ਕਸ਼ਮੀਰ ਦੀ ਫਿਰਕੂ ਸਦਭਾਵਨਾ ਅਤੇ ਤਰੱਕੀ ਨੂੰ ਵਿਗਾੜਨ ਦੀ ਕੋਸ਼ਿਸ਼ ਕਰਨ ਵਾਲਿਆਂ ਦੇ ਨਾਪਾਕ ਮਨਸੂਬਿਆਂ ਨੂੰ ਮਜ਼ਬੂਤੀ ਨਾਲ ਹਰਾਉਣ ਲਈ ਆਪਣੀ ਅਟੁੱਟ ਵਚਨਬੱਧਤਾ ਦੀ ਪੁਸ਼ਟੀ ਕਰਦੀ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਮੇਜ਼ਬਾਨ ਹੋਣ ਦੇ ਨਾਤੇ ਮੈਂ ਸੁਰੱਖਿਆ ਲਈ ਜ਼ਿੰਮੇਵਾਰ ਸੀ। ਇਨ੍ਹਾਂ ਲੋਕਾਂ ਦੇ ਪਰਿਵਾਰਕ ਮੈਂਬਰਾਂ ਤੋਂ ਮੈਂ ਕਿਸ ਤਰ੍ਹਾਂ ਮੁਆਫ਼ੀ ਮੰਗਾ। ਮੇਰੇ ਕੋਲ ਕੋਈ ਸ਼ਬਦ ਨਹੀਂ ਹਨ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੀ ਸੁਰੱਖਿਆ ਲੋਕਾਂ ਦੀ ਚੁਣੀ ਹੋਈ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ ਪਰ ਮੁੱਖ ਮੰਤਰੀ ਅਤੇ ਸੈਰ-ਸਪਾਟਾ ਮੰਤਰੀ ਹੋਣ ਦੇ ਨਾਤੇ ਮੈਂ ਇਨ੍ਹਾਂ ਨੂੰ ਸੱਦਿਆ ਸੀ। ਮੇਜ਼ਬਾਨ ਹੋਣ ਦੇ ਨਾਤੇ ਮੇਰੀ ਜ਼ਿੰਮੇਵਾਰੀ ਸੀ ਕਿ ਇਨ੍ਹਾਂ ਨੂੰ ਸੁਰੱਖਿਅਤ ਵਾਪਸ ਭੇਜਾਂ ਪਰ ਭੇਜ ਨਹੀਂ ਸਕਿਆ। ਉਮਰ ਨੇ ਕਿਹਾ ਕਿ ਉਨ੍ਹਾਂ ਬੱਚਿਆਂ ਨੂੰ ਕੀ ਕਹਾਂ ਜਿਨ੍ਹਾਂ ਨੇ ਆਪਣੇ ਪਿਤਾ ਨੂੰ ਖ਼ੂਨ ਨਾਲ ਲੱਥਪੱਥ ਹੋਏ ਦੇਖਿਆ। ਉਸ ਨੇਵੀ ਅਫ਼ਸਰ ਦੀ ਵਿਧਵਾ ਨੂੰ ਕੀ ਕਹਾਂ, ਜਿਨ੍ਹਾਂ ਦੇ ਵਿਆਹ ਹੋਏ ਨੂੰ ਕੁਝ ਦਿਨ ਹੋਏ ਸਨ। ਕੁਝ ਲੋਕਾਂ ਨੇ ਪੁੱਛਿਆ ਕੀ ਕਸੂਰ ਸੀ ਸਾਡਾ। ਅਸੀਂ ਪਹਿਲੀ ਵਾਰ ਕਸ਼ਮੀਰ ਆਏ ਸੀ ਛੁੱਟੀਆਂ ਮਨਾਉਣ। ਇਨ੍ਹਾਂ ਛੁੱਟੀਆਂ ਦਾ ਖ਼ਮਿਆਜ਼ਾ ਜ਼ਿੰਦਗੀ ਭਰ ਭੁਗਤਣਾ ਪਵੇਗਾ। ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਜੰਮੂ-ਕਸ਼ਮੀਰ ਦੇ ਲੋਕਾਂ 'ਚ ਪੈਦਾ ਹੋਏ ਬੇਮਿਸਾਲ ਗੁੱਸੇ ਨੇ ਉਮੀਦ ਦੀ ਕਿਰਨ ਜਗਾਈ ਹੈ ਅਤੇ ਇਸ ਤਰ੍ਹਾਂ ਲੋਕਾਂ ਦੀ ਮਦਦ ਨਾਲ ਅੱਤਵਾਦ ਛੇਤੀ ਹੀ ਖ਼ਤਮ ਹੋ ਸਕਦਾ ਹੈ। ਉਮਰ ਅਬਦੁੱਲਾ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਅੱਤਵਾਦ ਦੇ ਖ਼ਤਰੇ ਵਿਰੁੱਧ ਲੋਕਾਂ ਦੀ ਲੜਾਈ ਨੂੰ ਮਜ਼ਬੂਤ ਕਰਨ ਲਈ ਕੰਮ ਕਰੇਗੀ ਅਤੇ ਉਨ੍ਹਾਂ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਕਦਮਾਂ ਤੋਂ ਪਰਹੇਜ਼ ਕਰੇ, ਜੋ 22 ਅਪ੍ਰੈਲ ਨੂੰ ਬੈਸਰਨ ਘਾਹ ਦੇ ਮੈਦਾਨ 'ਚ ਹੋਏ ਹਮਲੇ ਤੋਂ ਬਾਅਦ ਲੋਕਾਂ ਨੂੰ ਅਲੱਗ-ਥਲੱਗ ਕਰ ਦੇਣ। ਉਨ੍ਹਾਂ ਕਿਹਾ ਕਿ ਵੱਖਵਾਦ ਅਤੇ ਅੱਤਵਾਦ ਉਦੋਂ ਖ਼ਤਮ ਹੋਵੇਗੀ ਜਦੋਂ ਲੋਕ ਸਾਡੇ ਨਾਲ ਹੋਣਗੇ। ਜੰਮੂ-ਕਸ਼ਮੀਰ 'ਚ ਹੋਏ ਬੇਮਿਸਾਲ ਅਤੇ ਸਵੈ-ਇੱਛਤ ਵਿਰੋਧ ਪ੍ਰਦਰਸ਼ਨਾਂ ਦਾ ਹਵਾਲਾ ਦਿੰਦੇ ਹੋਏ ਅਬਦੁੱਲਾ ਨੇ ਕਿਹਾ ਕਿ ਸ੍ਰੀਨਗਰ ਦੀ ਜਾਮੀਆ ਮਸਜਿਦ ਅਤੇ ਹੋਰ ਮਸਜਿਦਾਂ 'ਚ ਪਹਿਲੀ ਵਾਰ ਸ਼ੁੱਕਰਵਾਰ ਦੀ ਨਮਾਜ਼ ਤੋਂ ਪਹਿਲਾਂ ਦੋ ਮਿੰਟ ਦਾ ਮੌਨ ਰੱਖਿਆ ਗਿਆ।















ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਪੰਚਕੂਲਾ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਜਾਨਾਂ ਗੁਆਉਣ ਵਾਲੇ ਲੋਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ




ਪੁਜਾਰੀਆਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ




ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਮੁੰਬਈ ਦੇ ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਸ (ਸੀਐਸਐਮਟੀ) ਵਿਖੇ ਸੁਰੱਖਿਆ ਕਰਮਚਾਰੀ ਸੁਰੱਖਿਆ ਜਾਂਚ ਕਰਦੇ ਹੋਏ।




ਪੈਰਿਸ 'ਚ ਪਹਿਲਗਾਮ ਅੱਤਵਾਦੀ ਹਮਲੇ ਦੇ ਖਿਲਾਫ ਭਾਰਤੀ ਪ੍ਰਵਾਸੀਆਂ ਨੇ ਪ੍ਰਦਰਸ਼ਨ ਕੀਤਾ




ਕੋਲਕਾਤਾ 'ਚ ਪਹਿਲਗਾਮ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਘੱਟ ਗਿਣਤੀ ਯੁਵਾ ਫੈਡਰੇਸ਼ਨ ਦੇ ਮੈਂਬਰ ਮੋਮਬੱਤੀ ਜਗਾਉਂਦੇ ਹੋਏ ਰੋਸ ਮਾਰਚ ਵਿੱਚ ਹਿੱਸਾ ਲੈਂਦੇ ਹਨ।




ਵਾਸ਼ਿੰਗਟਨ, ਡੀ.ਸੀ. ਵਿੱਚ ਭਾਰਤੀ ਪ੍ਰਵਾਸੀਆਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਦੀ ਯਾਦ ਵਿੱਚ ਇੱਕ ਸ਼ਾਂਤੀਪੂਰਨ ਪ੍ਰਦਰਸ਼ਨ ਕੀਤਾ।

# ਪਹਿਲਗਾਮ 'ਚ ਦਹਿਸ਼ਤਗਰਦਾਂ ਵਲੋਂ ਇਸਲਾਮ ਦੇ ਨਾਮ ਤੇ ਕੁਹਰਾਮ

## ਧਰਤੀ ਤੋਂ ਜਿਹਾਦ ਦੇ ਕੈਂਸਰ ਨੂੰ ਖਤਮ ਕਰਨ ਲਈ ਸਾਰੀ ਦੁਨੀਆਂ ਨੂੰ ਇੱਕਜੁੱਟ ਹੋਣ ਦੀ ਜ਼ਰੂਰਤ



22 ਅਪ੍ਰੈਲ 2025 ਨੂੰ ਪਹਿਲਗਾਮ ਵਿਚ ਚੱਲੀਆਂ ਗੋਲੀਆਂ ਨੇ ਨਾ ਸਿਰਫ਼ 28 ਮਾਸੂਮ ਅਤੇ ਬੇਕਸੂਰ ਲੋਕਾਂ ਦੀ ਜਾਨ ਲਈ ਹੈ ਸਗੋਂ ਅਮਨ ਅਤੇ ਭਾਈਚਾਰੇ ਦੇ ਵਿਚ ਪੁੰਗਰਦੇ ਫੁੱਲਾਂ ਨੂੰ ਵੀ ਮਸਲਣ ਦੀ ਕੋਸ਼ਿਸ਼ ਕੀਤੀ ਹੈ। ਇਸ ਅੱਤਵਾਦੀ ਹਮਲੇ ਦੇ ਵਿਚ ਪਾਕਿਸਤਾਨ ਵਲੋਂ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਗਿਆ। ਪਹਿਲਾਂ ਉਨ੍ਹਾਂ ਦੀ ਧਾਰਮਿਕ ਸ਼ਨਾਖਤ ਕੀਤੀ ਗਈ ਅਤੇ ਫਿਰ ਉਨ੍ਹਾਂ ਦੇ ਪਰਿਵਾਰ ਦੇ ਸਾਹਮਣੇ ਹੀ ਸਿਰਾਂ ਵਿਚ ਗੋਲੀਆਂ ਮਾਰ ਕੇ ਮਾਰਿਆ ਗਿਆ। ਮ੍ਰਿਤਕਾਂ ਦੇ ਪਰਿਵਾਰਾਂ ਵਲੋਂ ਦੱਸੀ ਅਪ ਬੀਤੀ ਅਨੁਸਾਰ ਪਹਿਲਾਂ ਉਨ੍ਹਾਂ ਦਾ ਧਰਮ ਪੁੱਛਿਆ ਗਿਆ ਅਤੇ ਫਿਰ ਕਲਮਾ ਪੜ੍ਹਨ ਲਈ ਕਿਹਾ ਗਿਆ ਕਿਉਂਕਿ ਮਰਨ ਵਾਲੇ ਸਾਰੇ ਸੈਲਾਨੀ ਹਿੰਦੂ ਹੀ ਸਨ ਅਤੇ ਕਲਮਾ ਸਿਰਫ਼ ਮੁਸਲਮਾਨ ਹੀ ਪੜ੍ਹਦੇ ਹਨ ਅਤੇ ਹਿੰਦੂਆਂ, ਸਿੱਖਾਂ, ਇਸਾਈਆਂ, ਬੋਧੀਆਂ ਅਤੇ ਯਹੂਦੀਆਂ ਨੂੰ ਇਸ ਦਾ ਇਲਮ ਨਹੀਂ ਹੈ। ਇਸ ਤਰ੍ਹਾਂ ਜੋ ਵੀ ਹਿੰਦੂ ਕਲਮਾ ਨਹੀਂ ਪੜ੍ਹ ਸਕਿਆ ਉਸ ਨੂੰ ਗੋਲੀ ਮਾਰ ਦਿੱਤੀ ਗਈ।

ਜਿਸ ਦਰਿੰਦਗੀ ਨਾਲ ਪਾਕਿਸਤਾਨ ਨੇ ਇਹ ਕਤਲੇਆਮ ਕਰਵਾਇਆ ਹੈ, ਉਹ 16ਵੀਂ ਅਤੇ 17ਵੀਂ ਸਦੀ ਦੇ ਵਿਚ ਮੁਗਲਾਂ ਵਲੋਂ ਕੀਤੇ ਅੱਤਿਆਚਾਰ ਨਾਲ ਮੇਲ ਖਾਂਦਾ ਹੈ।

ਇਹ ਇਸਲਾਮਿਕ ਜਿਹਾਦ ਇਕ ਸਭਿਅਕ ਸਮਾਜ ਦਾ ਵੈਰੀ ਹੈ, ਸ਼ਾਂਤੀ ਅਤੇ ਅਮਨ ਦਾ ਵੈਰੀ ਹੈ, ਇਨਸਾਨੀਅਤ ਦਾ ਵੈਰੀ ਹੈ ਅਤੇ ਹੋਰ ਤਾਂ ਹੋਰ ਇਹ ਇਸਲਾਮ ਦਾ ਵੀ ਵੈਰੀ ਹੈ।

ਪੁਰਾਤਨ ਸਮੇਂ ਦੇ ਵਿਚ ਸਾਡੇ ਗੁਰੂ ਸਾਹਿਬਾਨਾਂ ਨੇ ਇਸ ਜਿਹਾਦੀ ਸੋਚ ਦੇ ਖਿਲਾਫ਼ ਕਲਮ ਅਤੇ ਤਲਵਾਰ ਚੁੱਕ ਕੇ ਵੰਗਾਰਿਆ ਸੀ। ਸਾਡੇ ਪੰਜਾਬ ਦੀ ਧਰਤੀ ਦੇ ਬੇਸ਼ੁਮਾਰ ਸੂਰਵੀਰਾਂ ਨੇ ਇਸ ਦੇ ਖਿਲਾਫ਼ ਜੰਗ ਲੜੀ ਅਤੇ ਗਜਵਾ-ਏ-ਹਿੰਦ ਦੇ ਮਨਸੂਬਿਆਂ ਨੂੰ ਨੇਪਰੇ ਨਹੀਂ ਚੜ੍ਹਨ ਦਿੱਤਾ। ਹੁਣ ਸਮਾਂ ਹੈ ਕਿ ਅਸੀਂ ਇਨ੍ਹਾਂ ਮਨਸੂਬਿਆਂ ਨੂੰ ਪਛਾਣੀਏ ਅਤੇ ਸੁਚੇਤ ਹੋਈਏ।

ਪਾਕਿਸਤਾਨ ਦੇ ਪਾਲਤੂ ਲਸ਼ਕਰ-ਏ-ਤੋਇਬਾ ਅਤੇ ਉਸਦੇ ਹੀ ਇਕ ਹੋਰ ਫਰੰਟ TRF ਵਲੋਂ ਇਕ ਯੋਜਨਾਬੱਧ ਤਰੀਕੇ ਨਾਲ ਇਹ ਹਮਲਾ ਕੀਤਾ ਗਿਆ।

ਧਾਰਾ 370 ਖਤਮ ਹੋਣ ਤੋਂ ਬਾਅਦ ਕਸ਼ਮੀਰ ਵਿਚ ਲਗਾਤਾਰ ਸ਼ਾਂਤੀ ਹੋਣਾ ਅਤੇ ਸੈਲਾਨੀਆਂ ਦਾ ਵੱਡੀ ਗਿਣਤੀ ਵਿਚ ਹਰ ਸਾਲ ਕਸ਼ਮੀਰ ਘੁੰਮਣ ਲਈ ਆਉਣਾ ਇਕ ਬਹੁਤ ਵੱਡਾ ਕਾਰਨ ਹੈ। ਸੰਨ 2020 ਵਿਚ 34.7 ਲੱਖ ਸੈਲਾਨੀ ਜੰਮੂ-ਕਸ਼ਮੀਰ ਘੁੰਮਣ ਲਈ ਗਏ ਸਨ ਅਤੇ ਸੰਨ 2024 ਵਿਚ ਇਹ ਨੰਬਰ ਵੱਧ ਕੇ 2.36 ਕਰੋੜ ਹੋ ਗਿਆ। ਇਸ ਦਾ ਮਤਲਬ ਹੈ ਕਿ ਜੰਮੂ-ਕਸ਼ਮੀਰ ਦੇ ਮੂਲ ਵਸਨੀਕਾਂ ਦੀ ਆਮਦਨ ਵੱਧ ਰਹੀ ਸੀ ਅਤੇ ਨੌਜਵਾਨਾਂ ਬੰਦੂਕ ਦੀ ਥਾਂ ਇਕ ਸੋਹਣਾ ਭਵਿੱਖ ਚੁਣ ਰਹੇ ਸਨ ਜੋ ਕਿ ਪਾਕਿਸਤਾਨ ਨੂੰ ਬਿਲਕੁਲ ਮਨਜ਼ੂਰ ਨਹੀਂ ਸੀ।

**ਸ਼੍ਰੀ ਪੰਕਜ ਆਂਸਲ**
**ਪ੍ਰਧਾਨ**



**Punjab Unity Alliance**
Unite. Empower. Transform.

ਪਾਕਿਸਤਾਨ ਦੇ ਅੰਦਰੂਨੀ ਹਾਲਾਤ ਕਦੇ ਵੀ ਚੰਗੇ ਨਹੀਂ ਰਹੇ ਅਤੇ ਹੁਣ ਉਥੇ ਦਾ ਅਵਾਮ ਫੌਜ ਨੂੰ ਸਵਾਲ ਪੁੱਛਣ ਲੱਗ ਪਿਆ ਹੈ।

ਬਲੋਚਿਸਤਾਨ ਦੇ ਹਾਲਾਤ ਵੀ ਹੱਥੋਂ ਬਾਹਰ ਨਿਕਲਦੇ ਜਾ ਰਹੇ ਹਨ ਅਤੇ ਉਨ੍ਹਾਂ ਨੇ ਪਾਕਿਸਤਾਨੀ ਫੌਜ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਇਹ ਆਸਾਰ ਜਤਾਏ ਜਾ ਰਹੇ ਹਨ ਕਿ ਬਲੋਚਿਸਤਾਨ ਆਪਣੀ ਅਜ਼ਾਦੀ ਦੀ ਜੰਗ ਨੂੰ ਹੋਰ ਸ਼ਿੱਦਤ ਦੇ ਨਾਲ ਤੇਜ਼ ਕਰ ਰਿਹਾ ਹੈ। ਇਸ ਦੇ ਨਾਲ-ਨਾਲ ਲੋਕਲ ਤਾਲਿਬਾਨ ਵੀ ਪਾਕਿਸਤਾਨ ਦੇ ਸੁਰੱਖਿਆ ਤੰਤਰ 'ਤੇ ਭਾਰੀ ਪੈ ਰਹੇ ਹਨ ਅਤੇ ਅਫ਼ਗਾਨਿਸਤਾਨ ਨੇ ਕਿਸੇ ਵੀ ਤਰ੍ਹਾਂ ਦੀ ਪਾਕਿਸਤਾਨ ਦੀ ਮਦਦ ਕਰਨ ਤੋਂ ਮਨਾਂ ਕਰ ਦਿੱਤਾ ਹੈ।

ਇਨ੍ਹਾਂ ਜਿਹਾਦੀਆਂ ਨੇ ਕਤਲੇਆਮ ਕਰਕੇ ਅਮਰੀਕਾ ਦੇ ਉਪ ਰਾਸ਼ਟਰਪਤੀ ਸ੍ਰੀ ਜੇ.ਡੀ. ਵੈਂਸ ਦੀ ਭਾਰਤ ਫੇਰੀ ਅਤੇ ਵਪਾਰਕ ਅਤੇ ਸਮਾਜਿਕ ਰਿਸ਼ਤਿਆਂ ਨੂੰ ਲੀਹੋਂ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਹਮਲੇ ਨੂੰ ਅਮਰੀਕੀ ਉਪ ਰਾਸ਼ਟਰਪਤੀ ਦੀ ਫੇਰੀ ਦੇ ਸਮੇਂ ਕਰਕੇ ਅੰਤਰਰਾਸ਼ਟਰੀ ਮੀਡੀਆ ਕਵਰੇਜ਼ ਅਤੇ ਮਾਈਲੇਜ਼ ਲੈਣ ਦੀ ਕੋਸ਼ਿਸ਼ ਕੀਤੀ ਹੈ।

ਪਾਕਿਸਤਾਨ ਇਸ ਜਿਹਾਦੀ ਅੱਤਵਾਦ ਦਾ ਧੁਰਾ ਬਣ ਚੁੱਕਿਆ ਹੈ ਅਤੇ ਹਾਲ ਹੀ ਵਿਚ ਹਮਾਸ ਦੇ ਪ੍ਰਵਕਤਾ (ਸਪੋਕਸਮੈਨ) ਖਾਲਿਦ ਅਲ-ਕੋਦਾਸੀ ਫਰਵਰੀ ਮਹੀਨੇ ਦੇ ਵਿਚ ਪਾਕਿਸਤਾਨ ਮਕਬੂਜਾ ਕਸ਼ਮੀਰ ਵਿਚ ਇਕ ਕਾਨਫਰੰਸ ਵਿਚ ਸ਼ਾਮਲ ਸੀ ਅਤੇ ਉਸਤੋਂ ਬਾਅਦ ਹੀ ਪਹਿਲਗਾਮ ਵਾਲਾ ਹਾਦਸਾ ਹੋਇਆ ਜਿਸ ਨੂੰ ਇਜਰਾਇਲ 'ਤੇ ਹੋਏ ਹਮਲੇ ਵਾਂਗ ਅੰਜਾਮ ਦਿੱਤਾ ਗਿਆ।

Punjab Unity Alliance, ਅਮਰੀਕਾ ਅਤੇ ਪੂਰੇ ਸੰਸਾਰ ਨੂੰ ਅਪੀਲ ਕਰਦਾ ਹੈ ਕਿ ਇਸ ਜਿਹਾਦੀ ਕੱਟੜਵਾਦਤਾ ਦੇ ਖਿਲਾਫ਼ ਖੁੱਲ੍ਹ ਕੇ ਅਵਾਜ਼ ਬੁਲੰਦ ਕਰੇ ਅਤੇ ਇਕਜੁਟ ਹੋ ਕੇ ਇਸ ਨੂੰ ਜੜ੍ਹੋਂ ਖਤਮ ਕਰੇ। ਅਸੀਂ ਕੈਲੀਫੋਰਨੀਆ ਦੀ ਅਸੈਂਬਲੀ ਅਤੇ ਅਮਰੀਕਾ ਦੀ ਕਾਂਗਰਸ ਨੂੰ ਅਪੀਲ ਕਰਦੇ ਹਾਂ ਕਿ ਉਹ ਭਾਰਤ ਦੇ ਹੱਕ ਵਿਚ ਅਤੇ ਅੱਤਵਾਦ ਦੇ ਖਿਲਾਫ ਮਤਾ ਪਾਸ ਕਰੇ।

ਵੈਸੇ ਤਾਂ ਅਮਰੀਕੀ ਰਾਸ਼ਟਰਪਤੀ ਤੋਂ ਲੈ ਕੇ ਉਪ ਰਾਸ਼ਟਰਪਤੀ, ਕਾਂਗਰਸਮੈਨਾਂ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਭਾਰਤ ਦੇ ਮੋਢੇ ਨਾਲ ਮੋਢਾ ਲਾ ਕੇ ਸਾਥ ਦੇਣ ਦਾ ਵਾਅਦਾ ਕੀਤਾ ਹੈ ਪਰ ਭਾਰਤੀ ਮੂਲ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਭਾਰਤ ਦੇ ਹੱਕ ਵਿਚ ਇਸ ਅੱਤਵਾਦ ਦੇ ਖਿਲਾਫ਼ ਖੁੱਲ੍ਹ ਕੇ ਬੋਲਣਾ ਚਾਹੀਦਾ ਹੈ।

ਇਸਦੇ ਨਾਲ-ਨਾਲ ਅਸੀਂ ਭਾਰਤ ਸਰਕਾਰ ਨੂੰ ਵੀ ਸੁਚੇਤ ਕਰਦੇ ਹਾਂ ਕਿ ਸੁਰੱਖਿਆ ਦੇ ਵਿਚ ਹੋਈ ਢਿੱਲ ਲਈ ਜ਼ਿੰਮੇਵਾਰਾਂ ਨੂੰ ਵੀ ਸਜ਼ਾ ਦਿੱਤੀ ਜਾਵੇ ਤਾਂ ਕਿ ਅੱਗੇ ਤੋਂ ਬੇਕਸੂਰ ਲੋਕਾਂ ਦਾ ਖੂਨ ਨਾ ਵਹੇ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਦੀ ਰੋਜ਼ੀ ਰੋਟੀ ਨੂੰ ਵੀ ਲੱਤ ਨਾ ਵੱਜੇ। ਹਰ ਉਹ ਥਾਂ ਜੋ ਸੈਲਾਨੀਆ ਦੇ ਆਕਰਸ਼ਨ ਦਾ ਕੇਂਦਰ ਹੈ ਉਸ ਥਾਂ 'ਤੇ ਮੈਡੀਕਲ ਅਤੇ ਸੁਰੱਖਿਆ ਪ੍ਰਬੰਧ ਪੁਖਤਾ ਕੀਤੇ ਜਾਣ।

# ਰਾਹੁਲ ਗਾਂਧੀ ਨੇ ਹੈਦਰਾਬਾਦ ਵਿਖੇ ਭਾਰਤ ਸੰਮੇਲਨ 'ਚ ਪਿਆਰ ਅਤੇ ਸਨੇਹ ਦੀ ਨਵੀਂ ਰਾਜਨੀਤੀ ਦਾ ਦਿੱਤਾ ਸੱਦਾ







ਹੈਦਰਾਬਾਦ : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੇ ਰਾਜਨੀਤੀ ਦੇ ਇੱਕ ਨਵੇਂ ਕ੍ਰਮ ਦਾ ਸੱਦਾ ਦਿੱਤਾ, ਜੋ ਦੇਸ਼ ਅਤੇ ਬਾਕੀ ਦੁਨੀਆ ਦੇ ਲੋਕਾਂ ਦੇ ਮੁੱਦਿਆਂ ਨੂੰ ਸਮਝ ਕੇ ਪਿਆਰ ਅਤੇ ਸਨੇਹ ਨਾਲ ਗੁੱਸੇ, ਡਰ ਅਤੇ ਨਫ਼ਰਤ ਦਾ ਮੁਕਾਬਲਾ ਕਰ ਸਕੇ। ਉਹ ਹੈਦਰਾਬਾਦ ਵਿੱਚ ਹੋ ਰਹੇ ਭਾਰਤ ਸੰਮੇਲਨ ਦੇ ਪੂਰਨ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਦੁਨੀਆ ਭਰ ਵਿੱਚ ਇੱਕ ਗਲੋਬਲ ਪ੍ਰਗਤੀਸ਼ੀਲ ਲਹਿਰ ਦਾ ਸੱਦਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਹਾਕਿਆਂ ਦੌਰਾਨ ਲੋਕਤੰਤਰੀ ਰਾਜਨੀਤੀ ਬੁਨਿਆਦੀ ਤੌਰ 'ਤੇ ਬਦਲ ਗਈ ਹੈ ਅਤੇ ਇੱਕ ਨਵੀਂ ਕਿਸਮ ਦੀ ਰਾਜਨੀਤੀ ਦਾ ਨਿਰਮਾਣ ਕਰਨਾ ਪਵੇਗਾ। ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਆਪਣੀ ਪਦਯਾਤਰਾ ਦੇ ਤਜ਼ਰਬਿਆਂ ਨੂੰ ਸਾਂਝਾ ਕਰਦੇ ਹੋਏ, ਉਨ੍ਹਾਂ ਕਿਹਾ ਕਿ ਲੋਕਾਂ ਦੇ ਮੁੱਦਿਆਂ ਨੂੰ ਸੁਣਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਘੱਟ ਰਹੀਆਂ ਲੋਕਤੰਤਰੀ ਥਾਵਾਂ ਨੂੰ ਮੁੜ ਪ੍ਰਾਪਤ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਇਸ ਤੋਂ ਪਹਿਲਾਂ, ਮੁੱਖ ਮੰਤਰੀ ਏ ਰੇਵੰਤ ਰੈਡੀ ਨੇ ਕਿਹਾ ਕਿ ਸਰਕਾਰ ਦਾ ਮੰਤਰ ਸਾਰੇ ਵਰਗਾਂ ਦੇ ਲੋਕਾਂ ਦੇ ਸੁਪਨਿਆਂ ਨੂੰ ਪੂਰਾ ਕਰਨਾ ਹੈ। ਇਹ ਦੱਸਦੇ ਹੋਏ ਕਿ ਨੌਜਵਾਨ, ਔਰਤਾਂ ਅਤੇ ਕਿਸਾਨ ਰਾਜ ਵਿੱਚ ਸਰਕਾਰ ਲਈ ਮੁੱਖ ਹਿੱਸੇਦਾਰ ਹਨ, ਉਨ੍ਹਾਂ ਨੇ ਰਾਜ ਵਿੱਚ ਵੱਖ-ਵੱਖ ਵਰਗਾਂ ਲਈ ਲਾਗੂ ਕੀਤੇ ਜਾ ਰਹੇ ਵੱਖ-ਵੱਖ ਉਪਾਵਾਂ, ਪ੍ਰੋਗਰਾਮਾਂ ਅਤੇ ਯੋਜਨਾਵਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਬੀਸੀ ਜਨਗਣਨਾ ਅਤੇ ਐਸਸੀ ਉਪ-ਵਰਗੀਕਰਨ ਨੂੰ ਸਮਾਜਿਕ ਨਿਆਂ ਲਈ ਕਾਂਗਰਸ ਦੇ ਦ੍ਰਿਸ਼ਟੀਕੋਣ ਦੇ ਹਿੱਸੇ ਵਜੋਂ ਲਾਗੂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ, ਭਾਰਤ ਸੰਮੇਲਨ ਨੇ ਵਿਚਾਰ-ਵਟਾਂਦਰੇ ਦੇ ਦੂਜੇ ਦਿਨ ਇੱਕ ਜ਼ਰੂਰੀ ਅਤੇ ਬਰਾਬਰ ਜਲਵਾਯੂ ਕਾਰਵਾਈ ਦਾ ਸੱਦਾ ਦਿੱਤਾ। ਸੰਮੇਲਨ ਦੇ ਦੂਜੇ ਦਿਨ, ਚੋਣਵੇਂ ਜਲਵਾਯੂ ਪਰਿਵਰਤਨ ਚੈਂਪੀਅਨਾਂ ਨੇ 'ਜਲਵਾਯੂ ਨਿਆਂ ਨੂੰ ਤੇਜ਼ ਕਰਨਾ' ਵਿਸ਼ੇ 'ਤੇ ਸੈਸ਼ਨ ਵਿੱਚ ਹਿੱਸਾ ਲਿਆ। ਇੱਕ ਹੋਰ ਪੈਨਲ ਚਰਚਾ ਵਿੱਚ, ਸੰਮੇਲਨ ਨੇ ਬਹੁਲਵਾਦ, ਵਿਭਿੰਨਤਾ ਅਤੇ ਧਰੁਵੀਕਰਨ ਨੂੰ ਦੂਰ ਕਰਨ ਲਈ ਸਤਿਕਾਰ 'ਤੇ ਚਰਚਾ ਕੀਤੀ। ਸੰਮੇਲਨ ਵਿੱਚ ਬਾਅਦ ਵਿੱਚ ਹੈਦਰਾਬਾਦ ਐਲਾਨਨਾਮੇ ਦਾ ਐਲਾਨ ਕੀਤਾ ਜਾਵੇਗਾ।

# ਸਲੋਹ ਵਿੱਚ ਵਿਸਾਖੀ ਦਾ ਤਿਉਹਾਰ ਹਮੇਸ਼ਾ ਵਾਂਗ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ










ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਜਾਏ ਖਾਲਸਾ ਸਾਜਨਾ ਦਿਵਸ ਸਲੋਹ ਵਿੱਚ ਵਿਸਾਖੀ ਦਾ ਤਿਉਹਾਰ ਹਮੇਸ਼ਾ ਵਾਂਗ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ, ਵਲੰਟੀਅਰਾਂ ਦੇ ਯਤਨਾਂ ਅਤੇ ਵਿਸ਼ਾਲ ਭਾਈਚਾਰੇ ਦੇ ਸਮਰਥਨ ਸਦਕਾ ਨਗਰ ਕੀਰਤਨ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਇਸ ਨਗਰ ਕੀਰਤਨ ਵਿਚ ਵਿਸ਼ੇਸ਼ ਤੌਰ 'ਤੇ ਬਰਤਾਨੀਆ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਸ਼ਾਮਲ ਹੋਏ।

## ਮਨੀਸ਼ ਸਿਸੋਦੀਆ ਤੇ ਸਤੇਂਦਰ ਜੈਨ ਖਿਲਾਫ਼ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ

ਨਵੀਂ ਦਿੱਲੀ : ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਖਿਲਾਫ਼ 2 ਹਜ਼ਾਰ ਕਰੋੜ ਰੁਪਏ ਦੇ ਵੱਡੇ ਘੁਟਾਲੇ ਦਾ ਮਾਮਲਾ ਦਰਜ ਕੀਤਾ ਗਿਆ ਹੈ। ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਵਲੋਂ ਐਫ.ਆਈ.ਆਰ. ਦਰਜ ਕੀਤੀ ਗਈ ਹੈ।



ਜਾਣਕਾਰੀ ਅਨੁਸਾਰ, ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ 'ਆਪ' ਨੇਤਾ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਦਿੱਲੀ ਦੇ ਸਾਬਕਾ ਲੋਕ ਨਿਰਮਾਣ ਮੰਤਰੀ ਸਤੇਂਦਰ ਜੈਨ ਵਿਰੁੱਧ ਜ਼ਿਆਦਾ ਲਾਗਤ 'ਤੇ ਕਲਾਸਰੂਮਾਂ ਦੀ ਉਸਾਰੀ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕੇਸ ਦਰਜ ਕੀਤਾ ਗਿਆ ਹੈ। ਇਹ ਮਾਮਲਾ 12,748 ਕਲਾਸਰੂਮਾਂ ਅਤੇ ਇਮਾਰਤਾਂ ਦੇ ਨਿਰਮਾਣ ਵਿਚ 2000 ਕਰੋੜ ਰੁਪਏ ਦੇ ਕਥਿਤ ਘੁਟਾਲੇ ਨਾਲ ਸੰਬੰਧਿਤ ਹੈ। ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਦਿੱਲੀ ਵਿਚ 'ਆਪ' ਸਰਕਾਰ ਦੇ ਰਾਜ ਦੌਰਾਨ 12,748 ਕਲਾਸਰੂਮਾਂ ਅਤੇ ਇਮਾਰਤਾਂ ਦੇ ਨਿਰਮਾਣ ਵਿਚ 2,000 ਕਰੋੜ ਰੁਪਏ ਦਾ ਵੱਡਾ ਘੁਟਾਲਾ ਸਾਹਮਣੇ ਆਇਆ ਹੈ। ਇਹ ਪ੍ਰੋਜੈਕਟ ਕਥਿਤ ਤੌਰ 'ਤੇ ਆਮ ਆਦਮੀ ਪਾਰਟੀ ਨਾਲ ਜੁੜੇ ਕੁਝ ਠੇਕੇਦਾਰਾਂ ਨੂੰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ, ਇਕ ਵੀ ਕੰਮ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਨਹੀਂ ਹੋਇਆ। ਚਾਰਜਸ਼ੀਟ ਦੇ ਅਨੁਸਾਰ, ਇਨ੍ਹਾਂ ਕਲਾਸਰੂਮਾਂ ਦੇ ਨਿਰਮਾਣ ਵਿਚ ਘਟੀਆ ਗੁਣਵੱਤਾ ਵਾਲੀ ਸਮੱਗਰੀ ਦੀ ਵਰਤੋਂ ਕੀਤੀ ਗਈ ਸੀ ਪਰ ਇਸ ਦੇ ਲਈ ਪੈਸੇ ਬਿਹਤਰ ਆਰ.ਸੀ.ਸੀ. ਨਿਰਮਾਣ ਤਕਨਾਲੋਜੀ ਦੀ ਦਰ 'ਤੇ ਲਏ ਗਏ ਸਨ। ਏਜੰਸੀ ਦਾ ਦੋਸ਼ ਹੈ ਕਿ ਇਸ ਮਾਮਲੇ ਵਿਚ ਵੱਡੀਆਂ ਵਿੱਤੀ ਬੇਨਿਯਮੀਆਂ ਕੀਤੀਆਂ ਗਈਆਂ ਹਨ।

## ਰਾਜਾ ਇਕਬਾਲ ਸਿੰਘ ਨੇ ਰੇਖਾ ਗੁਪਤਾ ਨਾਲ ਕੀਤੀ ਮੁਲਾਕਾਤ




ਨਵੀਂ ਦਿੱਲੀ : ਦਿੱਲੀ ਨਗਰ ਨਿਗਮ ਦੇ ਨਵੇਂ ਚੁਣੇ ਗਏ ਮੇਅਰ ਰਾਜਾ ਇਕਬਾਲ ਸਿੰਘ ਨੇ ਸ਼ਨੀਵਾਰ ਨੂੰ ਨਵੀਂ ਦਿੱਲੀ ਵਿੱਚ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨਾਲ ਮੁਲਾਕਾਤ ਕੀਤੀ।

ਜ਼ਿਕਰਯੋਗ ਹੈ ਕਿ ਭਾਜਪਾ ਦੇ ਰਾਜਾ ਇਕਬਾਲ ਸਿੰਘ ਦਿੱਲੀ ਦੇ ਨਵੇਂ ਮੇਅਰ ਬਣ ਗਏ ਹਨ। ਭਾਜਪਾ ਦੋ ਸਾਲਾਂ ਮਗਰੋਂ ਮਿਉਂਸਿਪਲ ਕਾਰਪੋਰੇਸ਼ਨ ਆਫ ਦਿੱਲੀ (ਐੱਮਸੀਡੀ) 'ਤੇ ਕਾਬਜ਼ ਹੋਈ ਹੈ। ਇਕਬਾਲ ਸਿੰਘ ਨੇ ਕਾਂਗਰਸੀ ਉਮੀਦਵਾਰ ਮਨਦੀਪ ਸਿੰਘ ਨੂੰ 125 ਵੋਟਾਂ ਦੇ ਫ਼ਰਕ ਨਾਲ ਹਰਾਇਆ। ਜ਼ਿਕਰਯੋਗ ਹੈ ਕਿ 'ਆਪ' ਨੇ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਹੋਇਆ ਸੀ। ਕਾਂਗਰਸੀ ਉਮੀਦਵਾਰ ਅਰੀਬਾ ਖ਼ਾਨ ਵੱਲੋਂ ਅਬੁਲ ਫ਼ਜ਼ਲ ਐਨਕਲੇਵ, ਵਾਰਡ ਨੰਬਰ 188 ਤੋਂ ਨਾਮਜ਼ਦਗੀ ਵਾਪਸ ਲੈਣ ਕਰ ਕੇ ਭਾਜਪਾ ਦੇ ਜੈ ਭਗਵਾਨ ਯਾਦਵ ਦਾ ਡਿਪਟੀ ਮੇਅਰ ਬਣਨ ਦਾ ਰਾਹ ਪੱਧਰਾ ਹੋ ਗਿਆ ਸੀ।

ਰਾਜਾ ਇਕਬਾਲ ਦੀ ਜਿੱਤ ਮਗਰੋਂ ਭਾਜਪਾ ਕਾਰਕੁਨਾਂ ਨੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਗਾਏ। ਮੇਅਰ ਦੇ ਅਹੁਦੇ ਲਈ ਪਈਆਂ ਕੁੱਲ 142 ਵੋਟਾਂ ਵਿੱਚੋਂ ਇੱਕ ਵੋਟ ਨੂੰ ਰੱਦ ਕਰ ਦਿੱਤਾ ਗਿਆ। ਇਨ੍ਹਾਂ ਵਿੱਚੋਂ ਇਕਬਾਲ ਨੂੰ 133 ਜਦੋਂਕਿ ਕਾਂਗਰਸ ਦੇ ਉਮੀਦਵਾਰ ਮਨਦੀਪ ਸਿੰਘ ਨੂੰ ਅੱਠ ਵੋਟਾਂ ਮਿਲੀਆਂ। ਇਸ ਦੌਰਾਨ ਭਾਜਪਾ ਦੇ ਸੰਸਦ ਮੈਂਬਰ ਮਨੋਜ ਤਿਵਾੜੀ ਗ਼ੈਰਹਾਜ਼ਰ ਰਹੇ। 'ਆਪ' ਨੇ ਸੋਮਵਾਰ ਨੂੰ ਚੋਣ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਸੀ। ਇਹ ਚੋਣ ਐੱਮਸੀਡੀ ਦੀ ਜਨਰਲ ਮੀਟਿੰਗ ਦੌਰਾਨ ਕੀਤੀ ਗਈ।

ਇਸ ਮਗਰੋਂ ਇਕਬਾਲ ਸਿੰਘ ਨੇ ਕਿਹਾ ਕਿ ਇੱਕ ਮਹੀਨੇ ਦੇ ਅੰਦਰ ਸਟੈਂਡਿੰਗ ਕਮੇਟੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਨਾ ਮਿਲ ਕੇ ਕੰਮ ਕੀਤਾ ਜਾਵੇਗਾ ਤਾਂ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਹੋਵੇਗੀ ਕਿ ਰਾਜਧਾਨੀ ਦੇ ਪਾਰਕਾਂ ਵਿੱਚ ਹਰਿਆਲੀ 'ਚ ਵਾਧਾ ਕੀਤਾ ਜਾਵੇ, ਭ੍ਰਿਸ਼ਟਾਚਾਰ ਅਤੇ ਪ੍ਰਦੂਸ਼ਣ ਨੂੰ ਖ਼ਤਮ ਕੀਤਾ ਜਾਵੇ। ਇਕਬਾਲ ਸਿੰਘ ਨੇ ਕਿਹਾ ਪਾਰਟੀ ਅਧਿਆਪਕਾਂ ਨੂੰ ਕਾਰਗੁਜ਼ਾਰੀ 'ਚ ਸੁਧਾਰ ਲਈ ਪ੍ਰੇਰਿਤ ਕਰੇਗੀ, ਵਿਦਿਆਰਥੀਆਂ ਦੀਆਂ ਵਰਦੀਆਂ ਲਈ ਫੰਡ ਮੁਹੱਈਆ ਕਰਵਾਏ ਜਾਣਗੇ ਅਤੇ ਸਕੂਲ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਵਿੱਚ ਵਿਸ਼ਵਾਸ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਐੱਮਸੀਡੀ ਰਾਹੀਂ ਸ਼ਹਿਰ ਵਾਸੀਆਂ ਦੀ ਸੇਵਾ ਕਰਨ ਸਣੇ ਆਪਣੇ ਵਾਅਦੇ ਪੂਰੇ ਕਰਨ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਬੀਐੱਮਪੀ ਅਧੀਨ ਠੇਕੇ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਨਿਯਮਾਂ ਅਨੁਸਾਰ ਪੱਕਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਢਾਈ ਸਾਲਾਂ ਦੌਰਾਨ ਦਿੱਲੀ ਦੇ ਵਿਕਾਸ ਵਿੱਚ ਖੜੋਤ ਆਈ ਹੈ।

# ਭਾਜਪਾ ਵਰਕਰਾਂ ਨੇ ਅਖਿਲੇਸ਼ ਯਾਦਵ ਵਿਰੁੱਧ ਕੀਤਾ ਪ੍ਰਦਰਸ਼ਨ




ਲਖਨਊ : ਬੁੱਧਵਾਰ ਨੂੰ ਲਖਨਊ ਦੇ ਹਜ਼ਰਤਗੰਜ ਕਰਾਸਿੰਗ ਨੇੜੇ ਅੰਬੇਡਕਰ ਪ੍ਰਤਿਮਾ ਵਿਖੇ ਇੱਕ ਹੋਰਡਿੰਗ ਵਿੱਚ ਡਾ. ਬੀ.ਆਰ. ਅੰਬੇਡਕਰ ਦੀ ਅੱਧੀ ਤਸਵੀਰ ਨੂੰ ਅਖਿਲੇਸ਼ ਯਾਦਵ ਨਾਲ ਬਦਲਣ ਦੇ ਦੋਸ਼ ਵਿੱਚ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਵਿਰੁੱਧ ਭਾਜਪਾ ਵਰਕਰਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ।

# ਵਕਫ਼ ਐਕਟ ਵਿਰੁੱਧ ਏਆਈਐਮਪੀਐਲਬੀ ਵੱਲੋਂ 'ਲਾਈਟਸ ਆਫ ਪ੍ਰੋਟੈਸਟ' ਦੌਰਾਨ ਚਾਰਮੀਨਾਰ ਨੂੰ ਕੀਤਾ ਗਿਆ ਰੌਸ਼ਨ



ਹੈਦਰਾਬਾਦ : ਬੁੱਧਵਾਰ ਨੂੰ ਹੈਦਰਾਬਾਦ ਵਿੱਚ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ (ਏਆਈਐਮਪੀਐਲਬੀ) ਵੱਲੋਂ ਵਕਫ਼ (ਸੋਧ) ਐਕਟ 2025 ਵਿਰੁੱਧ ਆਯੋਜਿਤ 'ਲਾਈਟਸ ਆਫ ਪ੍ਰੋਟੈਸਟ' ਦੌਰਾਨ ਚਾਰਮੀਨਾਰ ਨੂੰ ਰੌਸ਼ਨ ਕੀਤਾ ਗਿਆ।

# ਗੁਰਦਰਸ਼ਨ ਸਿੰਘ ਸੈਣੀ ਆਪਣੇ ਪਰਿਵਾਰ ਸਮੇਤ ਭਾਜਪਾ ਵਿੱਚ ਹੋਏ ਸ਼ਾਮਲ



ਡੇਰਾ ਬੱਸੀ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਸ਼ਨੀਵਾਰ ਨੂੰ ਡੇਰਾ ਬੱਸੀ ਵਿੱਚ ਇੱਕ ਸਮਾਗਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਜਿੱਥੇ ਅਕਾਲੀ ਦਲ ਦੇ ਸਾਬਕਾ ਸੀਨੀਅਰ ਆਗੂ ਗੁਰਦਰਸ਼ਨ ਸਿੰਘ ਸੈਣੀ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋਏ।

# ਅਟਾਰੀ ਵਿਖੇ ਬੀਟਿੰਗ ਰਿਟਰੀਟ ਸਮਾਰੋਹ ਵਿੱਚ ਗੁਜਰਾਤ ਦੀਆਂ ਔਰਤਾਂ ਹੋਈਆਂ ਸ਼ਾਮਲ





ਅੰਮ੍ਰਿਤਸਰ: ਅੰਮ੍ਰਿਤਸਰ ਨੇੜੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ, ਬੀਐਸਐਫ ਵੱਲੋਂ ਭਾਰਤ-ਪਾਕਿਸਤਾਨ ਸਰਹੱਦ 'ਤੇ ਇਸ ਨੂੰ ਘਟਾਉਣ ਤੋਂ ਬਾਅਦ ਗੁਜਰਾਤ ਦੀਆਂ ਔਰਤਾਂ ਬੀਟਿੰਗ ਰਿਟਰੀਟ ਸਮਾਰੋਹ ਵਿੱਚ ਸ਼ਾਮਲ ਹੋਈਆਂ।

# ਹੱਸਦੇ-ਵੱਸਦੇ ਪਰਿਵਾਰ ਛੱਡਣ ਲਈ ਮਜਬੂਰ ਹੋਏ ਲੋਕ

## 220 ਤੋਂ ਵੱਧ ਪਾਕਿਸਤਾਨ ਗਏ, 138 ਤੋਂ ਵੱਧ ਭਾਰਤ ਪਰਤੇ

ਅਟਾਰੀ, (ਅੰਮ੍ਰਿਤਸਰ) : ਭਾਰਤ ਆਏ ਪਾਕਿਸਤਾਨੀ ਨਾਗਰਿਕਾਂ ਦੀ ਆਪਣੇ ਦੇਸ਼ ਵਾਪਸ ਜਾਣ ਦੀ ਸਮਾਂ ਸੀਮਾ 30 ਅਪ੍ਰੈਲ ਖਤਮ ਹੋਣ ਦੇ ਆਖਰੀ ਦਿਨ ਭਾਰਤ ਤੋਂ 220 ਤੋਂ ਵੱਧ ਪਾਕਿਸਤਾਨੀ ਨਾਗਰਿਕ ਤੇ ਪਾਕਿਸਤਾਨ ਤੋਂ 138 ਤੋਂ ਵੱਧ ਭਾਰਤੀ ਨਾਗਰਿਕ ਦੇਰ ਰਾਤ ਆਪੋ-ਆਪਣੇ ਵਤਨ ਪਰਤੇ। ਪਾਕਿਸਤਾਨ ਭੇਜੇ ਗਏ ਜ਼ਿਆਦਾਤਰ ਲੋਕਾਂ 'ਚ ਔਰਤਾਂ ਤੇ ਬੱਚਿਆਂ ਨੂੰ ਜੰਮੂ-ਕਸ਼ਮੀਰ ਪੁਲਿਸ ਨੇ ਜ਼ਬਰੀ ਚੁੱਕ ਕੇ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਭੇਜਿਆ ਹੈ। ਜੰਮੂ-ਕਸ਼ਮੀਰ ਪੁਲਿਸ ਵਲੋਂ ਵੱਡੀ ਗਿਣਤੀ 'ਚ ਲਿਆਂਦੇ ਗਏ 2 ਪਾਕਿਸਤਾਨੀ ਨਾਗਰਿਕ, ਜੋ ਪਿਛਲੇ ਕਈ ਸਾਲਾਂ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਜੰਮੂ-ਕਸ਼ਮੀਰ 'ਚ ਰਹਿ ਰਹੇ ਸਨ, ਤੇ ਇਕ ਹੋਰ ਨੇ 25 ਸਾਲ ਜੰਮੂ-ਕਸ਼ਮੀਰ ਪੁਲਿਸ 'ਚ ਡਿਊਟੀ ਵੀ ਨਿਭਾਈ ਹੈ, ਨੂੰ ਵੀ ਅੱਜ ਭਾਰਤ ਤੋਂ ਪਾਕਿਸਤਾਨ ਭੇਜ ਦਿੱਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਹਸਪਤਾਲਾਂ 'ਚ ਇਲਾਜ਼ ਕਰਵਾ ਰਹੇ ਲੋਕਾਂ ਨੂੰ ਵੀ ਜੰਮੂ-ਕਸ਼ਮੀਰ ਪੁਲਿਸ ਨੇ ਜ਼ਬਰੀ ਚੁੱਕ ਕੇ ਇਥੇ ਲਿਆਂਦਾ। ਕਈਆਂ ਨੂੰ ਘਰਾਂ ਤੇ ਦੁਕਾਨਾਂ 'ਤੇ ਕੰਮ ਕਰਦਿਆਂ ਨੰਗੇ ਪੈਰੀਂ ਗੰਦੇ ਕੱਪੜਿਆਂ 'ਚ ਹੀ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਭੇਜਿਆ ਗਿਆ। ਇਸ ਮੌਕੇ ਪਾਕਿਸਤਾਨ ਜਾਂਦਿਆ ਬੇਗਮ ਸੁਮੇਰਾ ਪਤਨੀ ਜ਼ੁਬੇਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਦਾ ਵਿਆਹ ਭਾਰਤ 'ਚ ਹੋਇਆ ਸੀ ਤੇ ਉਸ ਦੇ ਕੁਝ ਮਹੀਨਿਆਂ ਦੇ ਬੇਟੇ, ਜੋ ਭਾਰਤ 'ਚ ਪੈਦਾ ਹੋਇਆ ਹੈ, ਨੂੰ ਪਾਕਿਸਤਾਨੀ ਪਾਸਪੋਰਟ ਨਾ ਹੋਣ ਕਰਕੇ ਵਾਪਸ ਨਹੀਂ ਭੇਜਿਆ ਗਿਆ। ਤਨਵੀਰ ਵਾਸੀ ਰਾਜੌਰੀ (ਜੰਮੂ-ਕਸ਼ਮੀਰ) ਦਾ ਵਿਆਹ ਸਾਲ 2020 'ਚ ਹੋਇਆ ਸੀ। ਤੀਆ ਅਸਲਮ ਪਾਕਿਸਤਾਨ ਦੇ ਗੁੱਜਰਾਂਵਾਲਾ ਸ਼ਹਿਰ ਦੀ ਰਹਿਣ ਵਾਲੀ ਹੈ। ਦੇਸ਼ ਦੀ ਵੰਡ ਸਮੇਂ ਉਨ੍ਹਾਂ ਦੇ ਵੱਡ-ਵਡੇਰੇ ਵਿੱਛੜ ਗਏ ਸਨ। ਦੋਵਾਂ ਪਰਿਵਾਰਾਂ ਨੇ ਰਿਸ਼ਤੇਦਾਰੀ ਜ਼ਿੰਦਾ ਰੱਖਣ ਲਈ ਰਿਸ਼ਤੇਦਾਰੀ 'ਚ ਹੀ ਵਿਆਹ ਕਰ ਦਿੱਤੇ। ਅੱਜ ਉਨ੍ਹਾਂ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਜਦੋਂ ਬੱਚੀ ਦੀ ਮਾਂ ਤੇ ਪਰਿਵਾਰ ਵਿੱਛੜ ਗਿਆ। ਇਨ੍ਹਾਂ ਦੀ ਦੋ ਸਾਲ ਦੀ ਲੜਕੀ ਦਾ ਨਾਂਅ ਆਇਜ਼ਾ ਅੰਜਮ ਹੈ, ਜਿਸ ਨੂੰ ਪਾਕਿਸਤਾਨ ਨਹੀਂ ਜਾਣ ਦਿੱਤਾ ਗਿਆ। ਉਸ ਦਾ ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਉਸ ਦੇ ਪਿਤਾ ਨੇ ਭਾਰਤ ਸਰਕਾਰ ਅੱਗੇ ਫਰਿਆਦ ਕੀਤੀ ਹੈ ਕਿ ਲੜਕੀ ਦੀ ਮਾਂ ਨੂੰ ਭਾਰਤ ਆਉਣ ਦੀ ਇਜਾਜ਼ਤ ਦਿੱਤੀ ਜਾਵੇ ਕਿਉਂਕਿ ਬੱਚੀ ਮਾਂ ਤੋਂ ਬਿਨਾਂ ਰੋ ਕੁਰਲਾ ਰਹੀ ਹੈ। ਦੇਰ ਰਾਤ ਸਰਹੱਦ 'ਤੇ ਗੱਲਬਾਤ ਕਰਦਿਆਂ ਆਮਿਰ, ਜੋ ਸ੍ਰੀਨਗਰ ਦਾ ਰਹਿਣ ਵਾਲਾ ਹੈ, ਨੇ ਦੱਸਿਆ ਕਿ 27 ਅਪ੍ਰੈਲ ਨੂੰ ਉਸ ਦਾ ਵਿਆਹ ਪਾਕਿਸਤਾਨੀ ਲੜਕੀ ਨਾਲ ਹੋਇਆ ਸੀ ਤੇ ਅਜੇ ਘਰ 'ਚ ਖੁਸ਼ੀ ਦਾ ਮਾਹੌਲ ਸੀ ਕਿ ਜੰਮੂ-ਕਸ਼ਮੀਰ ਪੁਲਿਸ ਨੇ ਉਸ ਦੀ ਪਤਨੀ ਨੂੰ ਜ਼ਬਰੀ ਘਰੋਂ ਚੁੱਕ ਕੇ 29 ਅਪ੍ਰੈਲ ਨੂੰ ਪਾਕਿਸਤਾਨ ਭੇਜ ਦਿੱਤਾ। ਉਸ ਨੇ ਕਿਹਾ ਕਿ ਹੁਣ ਉਹ ਆਪਣੀ ਪਤਨੀ ਦੀ ਉਡੀਕ 'ਚ ਅਟਾਰੀ ਸਰਹੱਦ 'ਤੇ ਬੈਠਾ ਹੈ। ਆਮਿਰ ਨੇ ਕਿਹਾ ਕਿ ਉਸ ਦੇ ਘਰ 'ਚ ਇਕਦਮ ਮਾਤਮ ਛਾ ਗਿਆ ਹੈ ਤੇ ਉਸ ਦੀ ਮਾਤਾ ਦਰਗਾਹਾਂ 'ਤੇ ਜਾ ਕੇ ਮੱਥੇ ਟੇਕ ਰਹੀ ਹੈ ਕਿ ਮੇਰੇ ਪੁੱਤਰ ਦੀ ਨਵੀਂ ਵਿਆਹੀ ਪਤਨੀ ਜਲਦ ਘਰ ਭਾਰਤ ਆਵੇ। ਉਧਰ ਪਾਕਿਸਤਾਨ ਤੋਂ ਭਾਰਤ ਆਏ ਕਈ ਲੋਕ ਸਰਹੱਦ 'ਤੇ ਮੀਡੀਆ ਨਾਲ ਗੱਲਬਾਤ ਕਰਨ ਦੇ ਡਰੋਂ ਲੁਕਦੇ ਲੁਕਾਉਂਦੇ ਆਪਣੀਆਂ ਮੰਜ਼ਿਲਾਂ ਵੱਲ ਰਵਾਨਾ ਹੋਏ।



ਅਟਾਰੀ ਸਰਹੱਦ 'ਤੇ ਆਪਣੇ ਬੱਚੇ ਨੂੰ ਛੱਡ ਕੇ ਜਾਣ 'ਤੇ ਰੋਂਦੀ ਹੋਈ ਪਾਕਿਸਤਾਨੀ ਮਾਂ।

# ਐਕਸਪ੍ਰੈਸ ਹਾਈਵੇਅ ਲਈ ਐਕੁਆਇਰ ਜ਼ਮੀਨ ਦਾ ਕਬਜ਼ਾ ਲੈਣ ਪੁੱਜਿਆ ਪ੍ਰਸ਼ਾਸਨ, ਕਿਸਾਨ ਆਗੂ ਹਿਰਾਸਤ ਵਿਚ ਲਏ

## ਕਿਸਾਨਾਂ ਨੇ ਮੱਕੀ ਦੀ ਫ਼ਸਲ ਤਬਾਹ ਕਰਨ ਅਤੇ ਸਰਵਿਸ ਰੋਡ ਨਾ ਛੱਡਣ ਦੇ ਦੋਸ਼ ਲਾਏ

ਸ੍ਰੀ ਗੋਇੰਦਵਾਲ ਸਾਹਿਬ : ਜੰਮੂ ਕੱਟੜਾ ਨੈਸ਼ਨਲ ਐਕਸਪ੍ਰੈੱਸ ਹਾਈਵੇਅ ਲਈ ਐਕੁਆਇਰ ਕੀਤੀ ਜ਼ਮੀਨ ਦਾ ਕਬਜ਼ਾ ਲੈਣ ਲਈ ਅੱਜ ਪੁਲੀਸ ਪ੍ਰਸ਼ਾਸਨ ਵੱਲੋਂ ਭਾਰੀ ਫੋਰਸ ਨਾਲ ਹਲਕਾ ਖਡੂਰ ਸਾਹਿਬ ਨਾਲ ਸਬੰਧਤ ਪਿੰਡ ਵੜਿੰਗ ਸੂਬਾ ਸਿੰਘ, ਕੰਗ, ਜਹਾਂਗੀਰ, ਖਡੂਰ ਸਾਹਿਬ, ਖਵਾਸਪੁਰ ਅਤੇ ਭੰਡੇਰ ਮਹਾਂਪੁਰਖ ਵਿਖੇ ਵੱਡੀ ਕਾਰਵਾਈ ਕੀਤੀ ਗਈ। ਇਸ ਦੌਰਾਨ ਪੁਲੀਸ ਵੱਲੋਂ ਵਿਰੋਧ ਕਰ ਰਹੇ ਦਰਜਨਾਂ ਕਿਸਾਨਾਂ ਨੂੰ ਹਿਰਾਸਤ ਵਿਚ ਲਿਆ ਗਿਆ। ਉੱਥੇ ਹੀ ਇਸ ਕਾਰਵਾਈ ਦੌਰਾਨ ਪੁਲਿਸ ਵੱਲੋਂ ਕਥਿਤ ਤੌਰ 'ਤੇ ਕਿਸਾਨਾਂ ਦੀ ਖੜ੍ਹੀ ਮੱਕੀ ਦੀ ਫਸਲ ਨੂੰ ਵਾਹ ਦਿੱਤਾ ਗਿਆ ਹੈ।



ਕਾਰਵਾਈ ਦੌਰਾਨ ਹਲਕਾ ਖਡੂਰ ਸਾਹਿਬ ਦੇ ਵੱਖ-ਵੱਖ ਪਿੰਡ ਪੁਲੀਸ ਛਾਉਣੀ 'ਚ ਤਬਦੀਲ ਹੋਏ ਦਿਖਾਈ ਦਿੱਤੇ। ਪੁਲਿਸ ਕਾਰਵਾਈ ਦਾ ਵਿਰੋਧ ਕਰਨ ਰਹੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਆਗੂ ਦਿਆਲ ਸਿੰਘ ਮਿਆਵਿੰਡ ਅਤੇ ਹਰਬਿੰਦਰਜੀਤ ਸਿੰਘ ਨੇ ਕਿਹਾ ਕਿ ਪੁਲੀਸ ਪ੍ਰਸ਼ਾਸ਼ਨ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਸਰਕਾਰ ਨਾਲ ਰਲ ਕੇ ਕਿਸਾਨਾਂ ਨਾਲ ਧੱਕੇਸ਼ਾਹੀ ਕਰ ਰਹੀ ਹੈ।

### ਮਜ਼ਦੂਰ ਦਿਵਸ ਤੇ ਵਿਸ਼ੇਸ਼

# ਮਜ਼ਦੂਰਾਂ ਪ੍ਰਤੀ ਉਦਾਸੀਨ ਕਿਉਂ ਹੈ ਭਾਰਤ

ਕੁਲਦੀਪ ਚੰਦ ਦੋਭੇਟਾ

1 ਮਈ ਨੂੰ ਪੂਰੀ ਦੁਨੀਆਂ ਵਿੱਚ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਜਿਸਨੂੰ ਮਈ ਦਿਵਸ ਵੀ ਕਿਹਾ ਜਾਂਦਾ ਹੈ ਵਜੋਂ ਮਨਾਇਆ ਜਾ ਰਿਹਾ ਹੈ। ਇਸ ਦਿਨ ਦਾ ਦੁਨੀਆਂ ਦੇ ਮਿਹਨਤਕਸ਼ ਮਜਦੂਰਾਂ ਲਈ ਵਿਸ਼ੇਸ਼ ਮਹੱਤਵ ਹੈ। ਇਸਦੀ ਸ਼ੁਰੂਆਤ ਮਜਦੂਰਾਂ ਦੇ ਕੰਮ ਦੇ 08 ਘੰਟੇ ਕਰਨ ਨੂੰ ਲੈਕੇ ਕੀਤੇ ਗਏ ਸੰਘਰਸ ਨਾਲ ਹੋਈ ਸੀ। ਮਜਦੂਰਾਂ ਤੋਂ ਪਹਿਲਾਂ 12-14 ਘੰਟੇ ਕੰਮ ਕਰਵਾਇਆ ਜਾਂਦਾ ਸੀ ਅਤੇ ਜੇਕਰ ਕੋਈ ਇਸ ਸ਼ੋਸ਼ਣ ਖਿਲਾਫ ਬੋਲਦਾ ਸੀ ਤਾਂ ਉਸਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਸੀ। ਇਸ ਸ਼ੋਸ਼ਣ ਦੇ ਖਿਲਾਫ ਅਮਰੀਕਾ ਵਿੱਚ 01 ਮਈ ਨੂੰ ਮਜਦੂਰ ਜਥੇਵੰਦੀਆਂ ਨੇ ਇੱਕ ਦਿਨ ਦੀ ਹੜਤਾਲ ਕੀਤੀ ਜਿਸਨੂੰ ਭਰਪੂਰ ਸਮੱਰਥਨ ਮਿਲਿਆ। 04 ਮਈ 1886 ਨੂੰ ਸ਼ਿਕਾਗੋ ਵਿੱਚ ਜਦੋਂ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਮਜਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇਸ ਦੌਰਾਨ ਕਿਸੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ 04 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਸਰਕਾਰ ਵਲੋਂ ਮਜਦੂਰ ਆਗੂਆਂ ਵਿਰੁੱਧ ਕਾਰਵਾਈ ਕਰਦਿਆਂ ਕਈ ਮਜਦੂਰਾਂ ਅਤੇ ਮਜਦੂਰ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 08 ਮਜਦੂਰ ਆਗੂਆਂ ਤੇ ਮੁਕੱਦਮਾ ਚਲਾਇਆ ਗਿਆ। ਉਪਰੋਕਤ ਆਗੂਆਂ ਵਿੱਚੋਂ ਕਿਸੇ ਦਾ ਵੀ ਬੰਬ ਧਮਾਕੇ ਦਾ ਦੋਸ਼ੀ ਹੋਣਾ ਸਾਬਤ ਨਹੀਂ ਹੋਇਆ ਪਰ ਫਿਰ ਵੀ ਸੱਤ ਆਗੂਆਂ ਜਿਨ੍ਹਾਂ ਵਿੱਚੋਂ ਅਲਬਰਟ ਪਾਰਸਨਜ਼, ਆਗਸਟ ਸਪਾਈਜ਼, ਸੈਮੂਅਲ ਫੀਲਡਜ਼, ਮਾਈਕਲ ਸ਼ਾਅਬ, ਲੂਈ ਕਿੰਗ, ਅਡੌਲਫ ਫਿਸ਼ਰ ਤੇ ਜਾਰਜ ਐਨਗਿਲ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਅੱਠਵੇਂ ਆਗੂ ਆਸਕਾਰ ਨੀਵ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ।

ਮਜ਼ਦੂਰ ਲਹਿਰ ਅਤੇ ਮਜ਼ਦੂਰ ਸੰਗਠਨ ਨੂੰ ਬਦਨਾਮ ਕਰਨ ਅਤੇ ਆਮ ਲੋਕਾਂ ਵਿੱਚ ਮਜ਼ਦੂਰ ਵਿਰੋਧੀ ਹਵਾ ਬਣਾਉਣ ਲਈ ਮਿੱਲ ਮਾਲਕਾਂ ਅਤੇ ਸਰਕਾਰ ਵੱਲੋਂ ਪਾਣੀ ਵਾਂਗ ਪੈਸਾ ਵਹਾ ਕੇ ਮਨੋਵਿਗਿਆਨਕ ਜੰਗ ਰਾਹੀਂ ਮੀਡੀਆ ਟਰਾਇਲ ਕੀਤਾ ਗਿਆ। ਉਪਰੋਕਤ ਨਾਜਾਇਜ਼ ਸਜ਼ਾਵਾਂ ਨੂੰ ਰੋਕਣ ਲਈ ਯੂਰਪ ਤੇ ਅਮਰੀਕਾ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਵੱਡੇ ਵੱਡੇ ਰੋਸ ਮੁਜ਼ਾਹਰੇ ਵੀ ਕੀਤੇ ਪਰ ਸਰਕਾਰ ਨੇ ਬਚਾਓ ਪੱਖ ਦੀ ਕੋਈ ਵੀ ਦਲੀਲ ਨਹੀਂ ਸੁਣੀ। ਲੋਕਾਂ ਦੇ ਭਾਰੀ ਦਬਾਅ ਕਾਰਨ ਦੋ ਆਗੂਆਂ ਫੀਲਡਜ਼ ਤੇ ਸ਼ਾਅਬ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਗਿਆ, ਲੂਈ ਕਿੰਗ ਦੀ ਜੇਲ੍ਹ ਵਿੱਚ ਹੀ ਮੌਤ ਹੋ ਗਈ, ਅਲਬਰਟ ਪਾਰਸਨਜ਼, ਸਪਾਈਜ਼, ਜਾਰਜ ਐਨਗਿਲ ਤੇ ਅਡੌਲਫ ਫਿਸ਼ਰ ਨੂੰ 11 ਨਵੰਬਰ, 1887 ਨੂੰ ਫਾਂਸੀ ਦਿਤੀ ਗਈ। ਫਾਂਸੀ ਵੇਲੇ ਆਗਸਟ ਸਪਾਈਜ਼ ਨੇ ਕਿਹਾ ਕਿ ਤੁਸੀਂ ਸਾਨੂੰ ਮਾਰ ਕੇ ਸਾਡੇ ਕੋਲੋਂ ਸ਼ਬਦ ਤਾਂ ਖੋਹ ਸਕਦੇ ਹੋ, ਪਰ ਇੱਕ ਸਮਾਂ ਆਵੇਗਾ ਜਦੋਂ ਸਾਡੀ ਚੁੱਪ ਸਾਡੇ ਸ਼ਬਦਾਂ ਨਾਲੋਂ ਵੀ ਵੱਧ ਬੋਲੇਗੀ। ਉਮਰ ਕੈਦ ਦੀ ਸਜ਼ਾ ਭੁਗਤ ਰਹੇ ਬਾਕੀ ਬਚੇ ਤਿੰਨ ਆਗੂਆਂ ਨੂੰ 1893 ਵਿੱਚ ਰਿਹਾਅ ਕਰ ਦਿੱਤਾ ਗਿਆ ਕਿਉਂਕਿ ਇਨ੍ਹਾਂ ਵਿਰੁੱਧ ਲੱਗੇ ਦੋਸ਼ ਸਾਬਤ ਨਹੀਂ ਸੀ ਹੋ ਸਕੇ। ਦੁਨੀਆਂ ਭਰ ਦੀ ਮਜ਼ਦੂਰ ਲਹਿਰ ਵੱਲੋਂ ਸ਼ਿਕਾਗੋ ਦੇ ਉਪਰੋਕਤ ਸ਼ਹੀਦਾਂ ਨੂੰ ਸ਼ਿਕਾਗੋ ਦੇ ਸ਼ਹੀਦ ਕਹਿ ਕੇ ਸਨਮਾਨਿਆ ਜਾਂਦਾ ਹੈ।




ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ, ਉਸ ਸਮੇਂ ਤੋਂ ਹੀ ਦੁਨੀਆਂ ਦੇ 80 ਦੇਸ਼ਾਂ ਵਿੱਚ ਮਈ ਦਿਵਸ ਨੂੰ ਰਾਸ਼ਟਰੀ ਛੁੱਟੀ ਘੋਸ਼ਿਤ ਕੀਤਾ ਗਿਆ ਅਤੇ ਇਸਨੂੰ ਰਾਸ਼ਟਰ ਪੱਧਰ ਤੇ ਮਨਾਇਆ ਜਾਣ ਲੱਗ ਪਿਆ। 1919 ਵਿੱਚ ਅੰਤਰਰਾਸ਼ਟਰੀ ਮਜਦੂਰ ਸੰਗਠਨ ਹੋਂਦ ਵਿੱਚ ਆ ਗਿਆ। ਇਸਦੇ ਲੱਗਭੱਗ 185 ਦੇਸ਼ ਮੈਂਬਰ ਹਨ ਅਤੇ ਇਸਨੂੰ 1969 ਵਿੱਚ ਨੋਬਲ ਸ਼ਾਂਤੀ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਵੱਖ ਵੱਖ ਦੇਸ਼ਾਂ ਵਿੱਚ ਦਫਤਰ ਖੋਲੇ ਗਏ ਹਨ ਅਤੇ ਸਮੇਂ ਸਮੇਂ ਤੇ ਇਸ ਸੰਗਠਨ ਦੁਆਰਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਮਜਦੂਰਾਂ ਦੀ ਭਲਾਈ ਅਤੇ ਬਿਹਤਰੀ ਲਈ ਜਰੂਰੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਭਾਰਤ ਵਿੱਚ 01 ਮਈ ਦਾ ਦਿਹਾੜਾ ਸਭ ਤੋਂ ਪਹਿਲਾਂ ਚੇਨਈ ਵਿੱਚ 01 ਮਈ 1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਾਰਾਵੇਲੂ ਚੇਟਿਆਰ ਨੇ ਕੀਤੀ ਸੀ। ਭਾਰਤ ਵਿੱਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕਰਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ।



ਇਸਤੋਂ ਬਾਅਦ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ 1 ਮਈ ਦਾ ਦਿਹਾੜਾ ਮਜਦੂਰ ਦਿਵਸ ਵਜੋਂ ਮਨਾਇਆ ਜਾਣ ਲੱਗ ਪਿਆ। ਇਸ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਹਰੇਕ ਸਮਾਜ, ਦੇਸ਼, ਸੰਸਥਾ ਅਤੇ ਉਦਯੋਗ ਨੂੰ ਚਲਾਉਣ ਵਿੱਚ ਮਜ਼ਦੂਰਾਂ ਦਾ ਅਹਿਮ ਰੋਲ ਹੁੰਦਾ ਹੈ ਅਤੇ ਇਨ੍ਹਾਂ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਸਰਕਾਰ ਦੀ ਭੂਮਿਕਾ ਉਦਯੋਗਿਕ ਸ਼ਾਂਤੀ, ਉਦਯੋਗਪਤੀਆਂ ਅਤੇ ਮਜ਼ਦੂਰਾਂ ਦਰਮਿਆਨ ਸੁਖਾਵੇਂ, ਸ਼ਾਂਤਮਈ ਅਤੇ ਪਰਿਵਾਰਕ ਸਬੰਧ ਕਾਇਮ ਕਰਨਾ, ਝਗੜੇ ਤੇ ਟਕਰਾਅ ਦੀ ਸੂਰਤ ਵਿੱਚ ਉਨ੍ਹਾਂ ਦਾ ਸਮਝੌਤਾ ਅਤੇ ਸੁਲਾਹ ਕਰਵਾਉਣ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਉਦਯੋਗਿਕ ਟ੍ਰਿਬਿਊਨਲ ਕਾਇਮ ਕਰਕੇ ਨਿਰਪੱਖਤਾ ਤੇ ਪਾਰਦਰਸ਼ੀ ਢੰਗ ਨਾਲ ਕੁਦਰਤੀ ਨਿਆਂ ਦੇ ਅਸੂਲਾਂ ਦੇ ਸਿਧਾਂਤਾਂ ਅਨੁਸਾਰ ਇਨਸਾਫ਼ ਦਿਵਾਉਣਾ ਅਤੇ ਉਨ੍ਹਾਂ ਦੀ ਬਿਹਤਰੀ ਲਈ ਸਮੇਂ-ਸਮੇਂ ਸਿਰ ਕਾਨੂੰਨੀ ਅਤੇ ਜਾਬਤਾ ਪ੍ਰਣਾਲੀ ਨਿਰਧਾਰਤ ਕਰਨਾ ਹੈ।

ਹੁਣ ਮਜਦੂਰਾਂ ਦੀ ਭਲਾਈ ਹਰ ਸਰਕਾਰ ਅਤੇ ਰਾਜਨੀਤਿਕ ਪਾਰਟੀ ਲਈ ਵਿਸ਼ੇਸ਼ ਮੁੱਦਾ ਬਣ ਗਈ ਹੈ। ਪਹਿਲੇ ਸੰਸਾਰ ਯੁੱਧ ਅਤੇ ਦੂਜੇ ਸੰਸਾਰ ਯੁੱਧ ਦੌਰਾਨ ਸਾਰੇ ਮਜ਼ਦੂਰ ਸੰਗਠਨ ਅਤੇ ਇਨ੍ਹਾਂ ਦੇ ਆਗੂ ਆਪਣੇ-ਆਪਣੇ ਦੇਸ਼ਾਂ ਦੇ ਝੰਡੇ ਹੇਠ ਇਕੱਠੇ ਹੋ ਗਏ ਅਤੇ ਪੱਛਮੀ ਦੇਸ਼ਾਂ ਵਿੱਚ ਕਲਿਆਣਕਾਰੀ ਰਾਜ ਆਇਆ ਅਤੇ ਮਈ ਦਿਵਸ ਦਾ ਪੁਨਰ ਜਾਗਰਣ ਹੋਇਆ। ਸੋਵੀਅਤ ਸੰਘ ਦੇ ਟੁੱਟਣ ਦੇ ਨਾਲ ਹੀ ਪੂੰਜੀਵਾਦ ਦਾ ਬਦਲਾਓ ਗੁੰਮ ਹੋ ਗਿਆ ਹੈ। ਇਕੱਠੇ ਕੰਮ ਕਰਨਾ ਅਤੇ ਇੱਕ ਜਗ ?ਹਾ ਕੰਮ ਕਰਨਾ ਹੁਣ ਮਹਿਜ ਇੱਕ ਸੁਪਨਾ ਹੀ ਰਹਿ ਗਿਆ। ਤਕਨਾਲੋਜੀ ਦੇ ਵਿਕਾਸ ਨੇ ਲੋਕਾਂ ਦੀ ਜ਼ਰੂਰਤਾਂ ਨੂੰ ਘੱਟ ਕਰ ਦਿੱਤਾ ਹੈ ਜੋ ਕੰਮ ਪਹਿਲਾਂ 100 ਮਜ਼ਦੂਰ ਮਿਲਕੇ ਕਰਦੇ ਸੀ ਉਹ ਕੰਮ ਹੁਣ ਇੱਕ ਰੋਬੋਟ ਕਰ ਲੈਂਦਾ ਹੈ। ਭਾਰਤ ਵਿੱਚ ਚੀਨ ਤੋਂ ਬਾਦ ਸਭਤੋਂ ਵੱਧ ਕਾਮੇ ਹਨ, ਇਨ੍ਹਾਂ ਵਿਚੋਂ ਬਹੁਤੇ ਕਾਮੇ ਗੈਰ ਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੇ ਹਿੱਤਾਂ ਦੀ ਸੁਰਖਿੱਆ ਲਈ ਵੱਖ ਵੱਖ ਯੂਨੀਅਨਾਂ ਕੰਮ ਕਰਦੀਆਂ ਹਨ ਜਿਸ ਕਾਰਨ ਸਰਕਾਰਾਂ ਤੇ ਦਬਾਓ ਬਣਿਆ ਰਹਿੰਦਾ ਹੈ ਪ੍ਰੰਤੂ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜ਼ਦੂਰ ਸ਼ੋਸ਼ਣ ਦਾ ਹੀ ਸ਼ਿਕਾਰ ਰਹਿੰਦੇ ਹਨ। ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤੇ ਕਾਮੇ ਪ੍ਰਵਾਸੀ ਹੁੰਦੇ ਹਨ ਜਿਨ੍ਹਾਂ ਵਿਚੋਂ ਬਹੁਤੇ ਅਪਣੇ ਪਰਿਵਾਰਾਂ ਤੋਂ ਦੂਰ ਰਹਿੰਦੇ ਹਨ। ਦੇਸ਼ ਵਿੱਚ ਕਾਮਿਆਂ ਦੇ ਹੱਕਾਂ ਦੀ ਰਾਖੀ ਲਈ ਲੱਗਭੱਗ 60 ਹਜਾਰ ਟਰੇਡ ਯੂਨੀਅਨਾਂ ਚੱਲ ਰਹੀਆਂ ਹਨ ਅਤੇ ਟਰੇਡ ਯੂਨੀਅਨਾਂ ਦੀਆਂ 10 ਕੇਂਦਰੀ ਫੈਡਰੇਸ਼ਨਾਂ ਹਨ। ਬਹੁਤੀਆਂ ਯੂਨੀਅਨਾਂ ਸਿਰਫ ਸੰਗਠਿਤ ਖੇਤਰਾਂ ਦੇ ਕਾਮਿਆਂ ਲਈ ਹੀ ਕੰਮ ਕਰਦੀਆਂ ਹਨ ਜਦਕਿ ਗੈਰ ਸੰਗਠਿਤ ਖੇਤਰ ਦੇ ਬਹੁਤੇ ਮਜਦੂਰਾਂ ਲਈ ਕੋਈ ਵੀ ਯੂਨੀਅਨ ਕੰਮ ਨਹੀਂ ਕਰਦੀ ਹੈ। ਕੋਰੋਨਾ ਵਾਇਰਸ ਦਾ ਵੀ ਗਰੀਬ ਮਜਦੂਰਾਂ ਤੇ ਗੰਭੀਰ ਅਸਰ ਪਾਇਆ ਹੈ। ਸੰਯੁਕਤ ਰਾਸ਼ਟਰ ਦੇ ਲੇਬਰ ਵਿਭਾਗ ਨੇ ਇਸ ਸਬੰਧੀ ਕਿਹਾ ਹੈ ਕਿ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ 40 ਕਰੋੜ ਲੋਕ ਗਰੀਬੀ ਵਿੱਚ ਫਸ ਸਕਦੇ ਹਨ।

ਅੰਤਰਰਾਸ਼ਟਰੀ ਮਜਦੂਰ ਸੰਗਠਨ ਦੇ ਮਹਾਂ ਨਿਰਦੇਸ਼ਕ ਗਾਏ ਰਾਇਡਰ ਅਨੁਸਾਰ ਇਨ੍ਹਾਂ ਮਜਦੂਰਾਂ ਲਈ ਇਹ ਬਹੁਤ ਹੀ ਸੰਕਟ ਦਾ ਸਮਾਂ ਹੈ। ਸਰਕਾਰ ਵਲੋਂ ਕੋਰੋਨਾ ਵਾਇਰਸ ਦੇ ਫੈਲਾਓ ਨੂੰ ਰੋਕਣ ਲਈ ਕੀਤੀ ਗਈ ਮੁਕੰਮਲ ਤਾਲਾਬੰਦੀ ਅਤੇ ਕਈ ਰਾਜਾਂ ਵਿੱਚ ਲਗਾਏ ਗਏ ਕਰਫਿਊ ਦਾ ਸਭ ਤੋਂ ਮਾੜਾ ਅਸਰ ਇਨ੍ਹਾਂ ਗਰੀਬ ਮਜਦੂਰਾਂ ਤੇ ਹੀ ਪਿਆ ਹੈ। ਸਰਕਾਰਾਂ ਦੇ ਪ੍ਰਬੰਧਾਂ ਦੀ ਪੋਲ ਖੋਲਦਿਆਂ ਹਜ਼ਾਰਾਂ ਪ੍ਰਵਾਸੀ ਮਜਦੂਰ ਅਪਣੇ ਪਰਿਵਾਰਾਂ ਸਮੇਤ ਕਈ ਕਈ ਦਿਨ ਭੁੱਖੇ ਭਾਣੇ ਸਫਰ ਕਰਕੇ ਗੈਰ ਮਨੁੱਖੀ ਹਾਲਾਤਾਂ ਵਿੱਚ ਅਪਣੇ ਜੱਦੀ ਇਲਾਕਿਆਂ ਵਿੱਚ ਪਹੁੰਚੇ ਹਨ। ਇਨ੍ਹਾਂ ਵਿੱਚੋਂ ਕਈਆਂ ਨਾਲ ਰਸਤੇ ਵਿੱਚ ਗੈਰ ਮਨੁੱਖੀ ਵਿਉਹਾਰ ਕੀਤਾ ਗਿਆ। ਭਾਰਤੀ ਸੰਵਿਧਾਨ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਭਲਾਈ ਲਈ ਸਪੱਸ਼ਟ ਨਿਰਦੇਸ਼ ਦਿੰਦਾ ਹੈ ਜਿਵੇਂ ਆਰਟੀਕਲ 23 ਜਬਰੀ ਮਜਦੂਰੀ ਨੂੰ ਰੋਕਦਾ ਹੈ, 24 ਬੱਚਿਆਂ ਨੂੰ ਕਈ ਥਾਵਾਂ ਤੇ ਕੰਮ ਕਰਨ ਤੇ ਪਾਬੰਦੀ ਲਗਾਂਦਾ ਹੈ, 42ਵੀਂ ਸੋਧ ਦੁਆਰਾ ਲਾਗੂ ਕੀਤੀ ਗਈ 43 ਏ ਨਿਰਦੇਸ਼ ਦਿੰਦੀ ਹੈ ਕਿ ਉਦਯੋਗਾਂ ਦੇ ਪ੍ਰਬੰਧਕੀ ਕਮੇਟੀਆਂ ਵਿੱਚ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ, ਲੱਗਭੱਗ 144 ਕੇਂਦਰੀ ਅਤੇ ਰਾਜਾਂ ਦੇ ਕਨੂੰਨ ਮਜਦੂਰਾਂ ਦੀ ਭਲਾਈ ਲਈ ਬਣਾਏ ਗਏ ਹਨ ਪਰ ਇਸ ਸਭ ਦੇ ਬਾਬਜੁਦ ਦੇਸ਼ ਵਿੱਚ ਮਜਦੂਰਾਂ ਦੀ ਖਸਤਾ ਹਾਲਤ ਸਚਾਈ ਬਿਆਨ ਕਰਦੀ ਹੈ। ਗੈਰ ਸੰਗਠਤ ਖੇਤਰ ਹੋਟਲਾਂ, ਢਾਬਿਆਂ, ਖੇਤੀਬਾੜੀ, ਭੱਠਿਆਂ, ਸੜਕ ਅਤੇ ਬਿਲਡਿੰਗ ਨਿਰਮਾਣ, ਠੇਕੇਦਾਰਾਂ ਵਲੋਂ ਕਰਵਾਏ ਜਾ ਰਹੇ ਕੰਮ ਵਿੱਚ ਲੱਗੇ ਮਜਦੂਰਾਂ ਦੀ ਭਲਾਈ ਦੇ ਨਾਂ ਤੇ ਹਰ ਸਾਲ ਕਰੋੜਾਂ ਰੁਪਏ ਖਰਚੇ ਜਾਂਦੇ ਹਨ ਪਰੰਤੂ ਇਸਦਾ ਲਾਭ ਕਿਸਨੂੰ ਮਿਲਦਾ ਹੈ ਇਹ ਇੱਕ ਵੱਡਾ ਸਵਾਲ ਬਣਿਆਂ ਹੋਇਆ ਹੈ।

ਸਰਕਾਰ ਵਲੋਂ ਸ਼ੁਰੂ ਕੀਤੀ ਗਈ ਪੇਂਡੂ ਮਜਦੂਰਾਂ ਲਈ ਮਹਾਤਮਾ ਗਾਂਧੀ ਰੁਜਗਾਰ ਗਰਾਂਟੀ ਯੋਜਨਾ ਵੀ ਬਹੁਤੇ ਅਧਿਕਾਰੀਆਂ ਅਤੇ ਰਾਜਨੀਤੀਵਾਨਾਂ ਦੀ ਮਿਲੀਭੁਗਤ ਕਾਰਨ ਮਜਦੂਰਾਂ ਨਾਲੋ ਵੱਧ ਅਧਿਕਾਰੀਆਂ ਅਤੇ ਰਾਜਨੇਤਾਵਾਂ ਲਈ ਲਾਭਦਾਇਕ ਸਾਬਿਤ ਹੋ ਰਹੀ ਹੈ। ਸਰਕਾਰ ਵਲੋਂ ਬਾਲ ਮਜ਼ਦੂਰਾਂ ਤੋਂ ਖਤਰਨਾਕ ਹਾਲਤਾਂ ਵਿੱਚ ਮਜ਼ਦੂਰੀ ਕਰਵਾਉਣਾ ਗੈਰ ਕਨੂੰਨੀ ਕਰਾਰ ਦਿੱਤਾ ਗਿਆ ਹੈ ਅਤੇ ਇਸ ਲਈ ਜਿੰਮੇਵਾਰ ਅਧਿਕਾਰੀਆਂ ਅਤੇ ਲੋਕਾਂ ਖਿਲਾਫ ਸਜ਼ਾ ਅਤੇ ਜ਼ੁਰਮਾਨਾ ਰੱਖਿਆ ਗਿਆ ਹੈ ਪਰ ਹੈਰਾਨੀ ਹੈ ਕਿ ਬਾਲ ਮਜ਼ਦੂਰਾਂ ਤੋਂ ਸ਼ਰੇਆਮ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਹਰ ਸ਼ਹਿਰ ਕਸਬੇ ਵਿੱਚ ਬੱਚਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਮਹਿਲਾ ਮਜਦੂਰਾਂ, ਬਾਲ ਮਜਦੂਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦਾ ਦਾਅਵਾ ਕੀਤਾ ਜਾਂਦਾ ਹੈ ਅਤੇ ਇਹਨਾਂ ਦੇ ਵਿਕਾਸ ਲਈ ਸਕੀਮਾਂ ਬਣਾਈਆਂ ਜਾਂਦੀਆ ਹਨ ਪਰ ਇਹ ਸਕੀਮਾਂ ਵੀ ਅਕਸਰ ਕਾਗਜ਼ਾਂ ਵਿੱਚ ਹੀ ਰਹਿ ਜਾਂਦੀਆਂ ਹਨ। ਸਰਕਾਰ ਵਲੋਂ ਕੀਤੇ ਜਾਂਦੇ ਵਾਅਦਿਆਂ ਵਿੱਚੋਂ ਬਹੁਤੇ ਸਿਰਫ ਵਾਅਦੇ ਹੀ ਰਹਿ ਜਾਂਦੇ ਹਨ ਅਤੇ ਮੁੜਕੇ ਬਹੁਤੇ ਰਾਜਨੀਤੀਵਾਨ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਮਜਦੂਰਾਂ ਦੀ ਕਦੇ ਯਾਦ ਨਹੀਂ ਆਂਦੀ ਹੈ। ਕੰਮ ਕਾਜ ਦੇ ਮਾੜ੍ਹੇ ਹਾਲਤਾਂ ਕਾਰਨ ਮਜਦੂਰਾਂ ਦੀ ਵਿਗੜਦੀ ਜਾ ਰਹੀ ਸਿਹਤ, ਮਜਦੂਰ ਭਲਾਈ ਵਿਭਾਗ ਦੇ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਹੋ ਰਹੀ ਲੁੱਟ ਖਸੁੱਟ, ਆਏ ਦਿਨ ਮਜਦੂਰਾਂ ਨਾਲ ਵਾਪਰ ਰਹੇ ਹਾਦਸੇ ਆਦਿ ਕਾਰਨ ਮਜ਼ਦੂਰਾਂ ਦੀ ਹਾਲਤ ਵਿਗੜਦੀ ਹੀ ਜਾ ਰਹੀ ਹੈ।

ਪਿਛਲੇ ਕੁੱਝ ਦਹਾਕਿਆਂ ਤੋਂ ਹਰ ਪਾਸੇ ਮਜ਼ਦੂਰ ਵਿਰੋਧੀ ਹਾਲਾਤ ਬਣ ਰਹੇ ਹਨ ਅਤੇ ਸਰਮਾਏਦਾਰਾਂ ਨੇ ਰਾਜਨੇਤਾਵਾਂ ਅਤੇ ਕੁੱਝ ਮਜਦੂਰ ਆਗੂਆਂ ਲਾਲ ਮਿਲਕੇ ਮਜਦੂਰਾਂ ਦੇ ਸ਼ੋਸ਼ਣ ਲਈ ਨਵੀਆਂ-ਨਵੀਆਂ ਯੋਜਨਾਵਾਂ ਘੜੀਆਂ ਹਨ। ਰੁਜ਼ਗਾਰ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ। ਪੱਕੇ ਰੁਜ਼ਗਾਰ ਦੀ ਥਾਂ ਮੁੜ ਠੇਕੇਦਾਰੀ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ, ਆਏ ਦਿਨ ਵਿਕਾਸ ਦੇ ਨਾਮ ਤੇ ਮਜਦੂਰਾਂ ਤੋਂ ਰੋਜਗਾਰ ਖੋਹਿਆ ਜਾ ਰਿਹਾ ਹੈ, ਠੇਕੇਦਾਰੀ ਪ੍ਰਥਾ, ਆਊਟ ਸੋਰਸਿਜ ਦੁਆਰਾ ਭਰਤੀ ਅਤੇ ਨਿਗੂਣੀ ਤਨਖਾਹ ਆਦਿ ਦੁਆਰਾ ਬੇਰੋਜਗਾਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਆਰਥਿਕ ਮੰਦੀ ਦੇ ਨਾਮ ਤੇ ਤਨਖਾਹਾਂ ਘੱਟ ਹੋ ਰਹੀਆਂ ਹਨ, ਪੈਨਸ਼ਨ ਸਕੀਮ ਬੰਦ ਕੀਤੀ ਗਈ ਹੇ, ਮਜਦੂਰ ਭਲਾਈ ਸਕੀਮਾਂ ਖਤਮ ਕੀਤੀਆਂ ਜਾ ਰਹੀਆਂ ਹਨ। ਮਜਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਬਹੁਤੀ ਥਾਵਾਂ ਤੇ ਇਹ ਵੀ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਦੇ ਹਨ। ਮਜ਼ਦੂਰ ਯੂਨੀਅਨਾਂ, ਸਰਕਾਰੀ ਅਧਿਕਾਰੀਆਂ, ਰਾਜਨੀਤਿਕ ਪਾਰਟੀਆ ਵਲੋਂ ਮਜਦੂਰ ਭਲਾਈ ਲਈ ਕਰਵਾਏ ਜਾਂਦੇ ਵੱਡੇ ਵੱਡੇ ਸਮਾਗਮ ਕਈ ਵਾਰ ਸਿਰਫ ਖਾਨਾਪੂਰਤੀ ਹੀ ਲੱਗਦੇ ਹਨ। ਕਈ ਅਦਾਰਿਆਂ ਵਿੱਚ ਵਾਪਰੀਆਂ ਅਣਸੁਖਾਵੀਂ ਘਟਨਾਵਾਂ ਨੇ ਸਾਬਤ ਕਰ ਦਿਤਾ ਹੈ ਕਿ ਸਰਕਾਰ ਅਤੇ ਅਧਿਕਾਰੀ ਮਜਦੂਰਾਂ ਦੀ ਸੁੱਰਖਿਆ ਲਈ ਕਿੰਨੇ ਕੁ ਗੰਭੀਰ ਹਨ। ਸਰਕਾਰਾਂ ਵਲੋਂ ਘੋਸ਼ਿਤ ਕੀਤੀਆਂ ਵੱਖ ਵੱਖ ਸਕੀਮਾਂ ਦਾ ਜਮੀਨੀ ਪੱਧਰ ਤੇ ਅਸਰ ਅਤੇ ਮਜਦੂਰਾਂ ਦੀ ਖਸਤਾ ਹਾਲਤ ਵੇਖਕੇ ਪਤਾ ਚੱਲਦਾ ਹੈ ਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਜਿੰਮੇਬਾਰ ਅਧਿਕਾਰੀ ਗੰਭੀਰ ਨਹੀਂ ਹਨ।

ਬੇਸ਼ੱਕ ਹਰ ਸਾਲ 1 ਮਈ ਦਾ ਦਿਨ ਅੰਤਰਰਾਸ਼ਟਰੀ ਮਜਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ ਅਤੇ ਵੱਖ-ਵੱਖ ਥਾਵਾਂ ਤੇ ਮਜ਼ਦੂਰਾਂ ਦੀ ਮਾੜ੍ਹੀ ਹਾਲਤ ਤੇ ਚਿੰਤਾ ਪ੍ਰਗਟ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਕੀਮਾਂ ਬਣਾਈਆਂ ਅਤੇ ਘੋਸ਼ਿਤ ਕੀਤੀਆਂ ਜਾਂਦੀਆਂ ਹਨ। ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਸਬੰਧੀ ਹਰ ਸਾਲ ਵਾਂਗ ਬੇਸ਼ੱਕ ਸਰਕਾਰੀ ਅਤੇ ਗੈਰ ਸਰਕਾਰੀ ਪੱਧਰਤੇ ਵੱਡੇ ਵੱਡੇ ਸਮਾਗਮ ਕਰਵਾਏ ਜਾਣਗੇ ਪਰੰਤੂ ਜਦੋਂ ਤੱਕ ਮਜਦੂਰ ਵਿਰੋਧੀ ਨੀਤੀਆਂ ਖਤਮ ਕਰਕੇ ਮਜਦੂਰਾਂ ਦੀਆਂ ਭਲਾਈ ਲਈ ਯੋਗ ਸਕੀਮਾਂ ਬਣਾਈਆਂ ਅਤੇ ਗੰਭੀਰਤਾ ਨਾਲ ਲਾਗੂ ਨਹੀਂ ਕੀਤੀਆਂ ਜਾਂਦੀਆਂ ਹਨ ਉਦੋਂ ਤੱਕ ਬਹੁਤੇ ਮਜਦੂਰਾਂ ਲਈ 1 ਮਈ ਮਜਦੂਰ ਦਿਵਸ ਵੀ ਇੱਕ ਵੱਡੀ ਬੁਝਾਰਤ ਅਤੇ ਖਾਨਾਪੂਰਤੀ ਬਣਕੇ ਹੀ ਰਹਿ ਜਾਵੇਗਾ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰ ਅੰਦੋਲਨ ਦੀ ਸ਼ੁਰੂਆਤ

ਗੁਰੂ ਤੇਗ ਬਹਾਦਰ ਜੀ ਨੂੰ ਮਨੁੱਖੀ ਅਧਿਕਾਰਾਂ ਦੀ ਵਿਸ਼ਵਵਿਆਪੀ ਧਾਰਨਾ ਦੇ ਸੰਸਥਾਪਕਾਂ 'ਚੋਂ ਇੱਕ ਮੰਨਿਆ ਜਾ ਸਕਦਾ ਹੈ। ਗੁਰੂ ਤੇਗ਼ ਬਹਾਦਰ (1621-75) ਨੂੰ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਇਤਿਹਾਸ 'ਚ ਵਿਲੱਖਣ ਸਥਾਨ ਪ੍ਰਾਪਤ ਹੈ। ਭਾਰਤ ਦੇ ਮੱਧਕਾਲੀ ਇਤਿਹਾਸ ਦੀਆਂ ਘਟਨਾਵਾਂ ਵਿੱਚ ਨਵੰਬਰ 1675 ਵਿੱਚ ਦਿੱਲੀ ਦੇ ਚਾਂਦਨੀ ਚੌਕ ਵਿੱਚ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੀ ਉਨ੍ਹਾਂ ਦੇ ਤਿੰਨ ਸਾਥੀਆਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਵੱਲੋਂ ਦਿੱਤੀ ਗਈ ਸ਼ਹਾਦਤ ਨੂੰ ਜਿੱਥੇ ਬਹੁਤ ਸਤਿਕਾਰ ਦਿੱਤਾ ਜਾਂਦਾ ਹੈ, ਉਥੇ ਇਨ੍ਹਾਂ ਸ਼ਹਾਦਤਾਂ ਨੂੰ ਮੁਗਲ ਰਾਜ ਦੀ ਦਮਨਕਾਰੀ ਸ਼ਕਤੀ ਦਾ ਵਿਰੋਧ ਕਰਨ ਅਤੇ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰ ਅੰਦੋਲਨ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ।

ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਕਹਿ ਕੇ ਸਨਮਾਨਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨਾਲ ਭਾਰਤ ਦੇ ਲੋਕ ਹਾਕਮਾਂ ਨਾਲ ਟੱਕਰ ਲੈਣ ਤੇ ਕੁਰਬਾਨੀਆਂ ਦੇਣ ਲਈ ਤਿਆਰ ਬਰ ਤਿਆਰ ਹੋ ਗਏ।

ਗੁਰੂ ਤੇਗ ਬਹਾਦਰ ਦਾ ਜਨਮ ਪਹਿਲੀ ਅਪਰੈਲ 1621 ਈਸਵੀ ਨੂੰ ਅੰਮ੍ਰਿਤਸਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਦਾ ਨਾਂ ਨਾਨਕੀ ਸੀ। ਉਨ੍ਹਾਂ ਦਾ ਵਿਆਹ ਭਾਈ ਲਾਲ ਚੰਦ ਦੀ ਪੁੱਤਰੀ ਮਾਤਾ ਗੁਜਰੀ ਨਾਲ 1634 ਨੂੰ ਹੋਇਆ। ਉਨ੍ਹਾਂ ਨੂੰ ਵਿਆਹ ਤੋ 32 ਸਾਲ ਮਗਰੋਂ ਪੁੱਤ ਦੀ ਦਾਤ ਪ੍ਰਾਪਤ ਹੋਈ। ਉਹ ਆਪਣੇ ਪੁੱਤਰ ਗੋਬਿੰਦ ਰਾਏ ਨੂੰ 5 ਸਾਲ ਬਾਅਦ ਗੁਰੂ ਕੇ ਬਾਗ ਅਸਥਾਨ 'ਤੇ ਪਹਿਲੀ ਵਾਰ ਮਿਲੇ।

ਗੁਰੂ ਤੇਗ ਬਹਾਦਰ ਜੀ ਨਿਮਰਤਾ ਦੇ ਪੁੰਜ ਤੇ ਮਨ ਨੀਵਾਂ ਤੇ ਮਤ ਉੱਚੀ ਦੇ ਧਾਰਨੀ ਸਨ। ਇਤਿਹਾਸ ਮੁਤਾਬਕ ਜਦੋਂ ਗੁਰੂ ਤੇਗ ਬਹਾਦਰ ਆਪਣੇ ਪਿਤਾ ਦੇ ਸਾਹਮਣੇ ਬੈਠਦੇ ਤਾਂ ਅੱਖਾਂ ਨੀਵੀਆਂ ਕਰ ਲੈਂਦੇ। ਇਕ ਵਾਰ ਦਰਬਾਰ ਅੰਦਰ ਬੈਠੀ ਸੰਗਤ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਪੁੱਛਿਆ, 'ਗੁਰੂ ਜੀ ਕੀ ਆਪ ਦੇ ਲਾਲ ਆਪ ਜੀ ਦੇ ਸਾਹਮਣੇ ਹਮੇਸ਼ਾ ਅੱਖਾਂ ਨੀਵੀਆਂ ਕਰ ਕੇ ਬੈਠ ਜਾਂਦੇ ਹਨ?' ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਉਤਰ ਦਿੱਤਾ, 'ਜਿਸ ਨੂੰ ਅੰਦਰ ਦੇ ਸਾਰੇ ਔਗੁਣਾਂ ਦਾ ਪਤਾ ਹੋਵੇ ਉਸ ਦੇ ਸਾਹਮਣੇ ਨੇਤਰ ਨਹੀਂ ਚੁੱਕੇ ਜਾਂਦੇ।'

ਮਨੁੱਖੀ ਅਧਿਕਾਰਾਂ ਸਬੰਧੀ ਦੋ ਨਜ਼ਰੀਏ ਮੰਨੇ ਜਾਂਦੇ ਹਨ। ਪਹਿਲੀ ਸਾਧਨਵਾਦੀ ਨਜ਼ਰੀਆ ਤੇ ਦੂਜਾ ਅੰਦਰੂਨੀ ਮੁੱਲ। ਸਾਧਨਵਾਦੀ ਦ੍ਰਿਸ਼ਟੀਕੋਣ ਮਨੁੱਖੀ ਅਧਿਕਾਰਾਂ ਨੂੰ ਪਹਿਲਾਂ ਤੋਂ ਤੈਅ ਕੀਤੇ ਗਏ ਰਾਜਨੀਤਿਕ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਾਧਨ ਵਜੋਂ ਦੇਖਦਾ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਨਾਲ ਨਜਿੱਠਣ ਵਿੱਚ ਸੰਪਰਦਾਇਕਤਾ ਨੂੰ ਜਨਮ ਦਿੰਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅੰਦਰੂਨੀ ਮੁੱਲ ਅਤੇ ਨਤੀਜੇ ਵਜੋਂ ਮਨੁੱਖੀ ਅਧਿਕਾਰਾਂ ਦੀ ਸਰਬਵਿਆਪੀ ਧਾਰਨਾ ਨੂੰ ਸ਼ਕਤੀ ਦਿੰਦੀ ਹੈ। ਉਨ੍ਹਾਂ ਹਾਲਾਤ 'ਤੇ ਵਿਚਾਰ ਕਰਨਾ ਅਹਿਮ ਹੈ, ਜਿਨ੍ਹਾਂ ਕਰਕੇ ਗੁਰੂ ਜੀ ਨੇ ਆਪਣੀ ਜਾਨ ਕੁਰਬਾਨ ਕਰਨ ਦਾ ਅਹਿਮ ਫ਼ੈਸਲਾ ਲਿਆ। ਕਸ਼ਮੀਰੀ ਬ੍ਰਾਹਮਣ,

**ਡਾ. ਸੰਦੀਪ ਘੰਡ**

ਜਿਨ੍ਹਾਂ ਨੂੰ ਉਸ ਸਮੇਂ ਦੇ ਮੁਗਲ ਸਮਰਾਟ ਵੱਲੋਂ ਸਤਾਇਆ ਜਾ ਰਿਹਾ ਸੀ, ਗੁਰੂ ਜੀ ਕੋਲ ਸਹਾਇਤਾ ਲੈਣ ਲਈ ਆਏ ਸਨ। ਉਹ ਇਸ ਉਮੀਦ ਨਾਲ ਆਏ ਸਨ ਕਿ ਗੁਰੂ ਜੀ ਮਹਾਨ ਪ੍ਰਤਿਸ਼ਠਾ ਵਾਲੇ ਅਧਿਆਤਮਕ ਆਗੂ ਹਨ ਅਤੇ ਉਹ ਮੁਗਲ ਸਮਰਾਟ ਕੋਲ ਉਨ੍ਹਾਂ ਲਈ ਵਿਚੋਲਗੀ ਕਰਨਗੇ। ਅਸੀਂ ਕਲਪਨਾ ਕਰ ਸਕਦੇ ਹਾਂ ਕਿ ਕਸ਼ਮੀਰੀ ਬ੍ਰਾਹਮਣਾਂ ਲਈ ਗੁਰੂ ਜੀ ਦਾ ਸਮਰਥਨ ਲੈਣ ਦਾ ਫੈਸਲਾ ਲੈਣਾ ਮੁਸ਼ਕਲ ਰਿਹਾ ਹੋਵੇਗਾ। ਕਸ਼ਮੀਰੀ ਬ੍ਰਾਹਮਣ ਗੁਰੂ ਤੇਗ ਬਹਾਦਰ ਦੇ ਵਿਚਾਰਧਾਰਕ ਵਿਰੋਧੀ ਸਨ। ਬ੍ਰਾਹਮਣਾਂ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਕਰਨ ਦੇ ਆਪਣੇ ਫੈਸਲੇ ਵਿੱਚ ਗੁਰੂ ਸਾਹਿਬ ਆਪਣੇ ਵਿਚਾਰਧਾਰਕ ਵਿਰੋਧੀਆਂ ਦੇ ਅਧਿਕਾਰਾਂ ਦੀ ਰੱਖਿਆ ਕਰ ਰਹੇ ਸਨ। ਉਨ੍ਹਾਂ ਦੇ ਵਿਚਾਰਧਾਰਕ ਵਿਰੋਧੀਆਂ ਦੀ ਇਹ ਰੱਖਿਆ ਆਖਰਕਾਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਬਣੀ।

ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀ ਬਾਣੀ 15 ਰਾਗਾਂ ਵਿੱਚ ਦਰਜ ਹੈ। ਜਿਨ੍ਹਾਂ ਰਾਗਾਂ ਵਿੱਚ ਗੁਰੂ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਉਨ੍ਹਾਂ ਵਿੱਚ ਬਿਹਾਗੜਾ, ਗਉੜੀ, ਆਸਾ, ਦੇਵਗੰਧਾਰ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ ਬਸੰਤ, ਬਸੰਤ ਹਿੰਡੋਲ, ਸਾਰੰਗ ਅਤੇ ਜੈਜੈਵੰਤੀ ਵਿਸ਼ੇਸ਼ ਹਨ। ਗੁਰੂ ਸਾਹਿਬ ਨੇ ਸਾਰੀ ਬਾਣੀ ਮਨ ਨੂੰ ਸੰਬੋਧਨ ਕਰਕੇ ਉਚਾਰਨ ਕੀਤੀ। ਗੁਰੂ ਸਾਹਿਬ ਫ਼ੁਰਮਾਉਂਦੇ ਹਨ:

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ।**
**(ਤਿਲੰਗ ਮਹਲਾ ਨੌਵਾਂ)**

ਗੁਰੂ ਜੀ ਬਚਪਨ ਤੋਂ ਹੀ ਸੰਤ ਸਰੂਪ, ਅਡੋਲ ਚਿੱਤ, ਗੰਭੀਰ ਤੇ ਨਿਰਭੈ ਸੁਭਾਅ ਦੇ ਮਾਲਕ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਪਿੰਡ ਬਕਾਲਾ ਆ ਕੇ 20 ਸਾਲ ਭੋਰੇ ਵਿੱਚ ਬੈਠ ਕੇ ਸਿਮਰਨ ਕਰਦੇ ਰਹੇ। ਬਾਬਾ ਬਕਾਲੇ ਤੋਂ ਬਾਅਦ ਉਹ ਕੀਰਤਪੁਰ ਪੁੱਜੇ ਤੇ ਫਿਰ ਕਹਿਲੂਰ ਦੇ ਰਾਜੇ ਤੋਂ ਜ਼ਮੀਨ ਖਰੀਦ ਕੇ ਆਨੰਦਪੁਰ ਸਾਹਿਬ ਸ਼ਹਿਰ ਵਸਾਇਆ। ਫਿਰ ਉਸ ਜਗ੍ਹਾ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ।

ਗੁਰੂ ਜੀ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਸ਼ਹੀਦੀ ਦੇਣ ਵਾਸਤੇ ਤਿਆਰ ਹੋ ਗਏ। ਇਹ ਮਹਾਨ ਬਲੀਦਾਨ ਨਵੰਬਰ 1675 ਵਿੱਚ ਦਿੱਲੀ ਵਿਖੇ ਹੋਇਆ। ਇਥੇ ਅੱਜਕੱਲ੍ਹ ਗੁਰਦੁਆਰਾ ਸ਼ੀਸ਼ਗੰਜ ਸਾਹਿਬ ਸੁਸ਼ੋਭਿਤ ਹੈ। ਗੁਰੂ ਜੀ ਦਾ ਇੱਕ ਸੇਵਕ ਉਨ੍ਹਾਂ ਦਾ ਧੜ ਲੈ ਕੇ ਰਕਾਬ ਗੰਜ ਸਾਹਿਬ ਪਹੁੰਚ ਗਿਆ, ਜਿੱਥੇ ਗੁਰੂ ਜੀ ਦੇ ਧੜ ਦਾ ਸਸਕਾਰ ਹੋਇਆ। ਭਾਈ ਜੈਤਾ ਜੀ ਦਿੱਲੀ ਤੋਂ ਗੁਰੂ ਸਾਹਿਬ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਪਹੁੰਚੇ। ਆਨੰਦਪੁਰ ਸਾਹਿਬ ਵਿੱਚ ਉਨ੍ਹਾਂ ਦੇ ਸੀਸ ਦਾ ਸਸਕਾਰ ਕੀਤਾ ਗਿਆ। ਅੱਜਕੱਲ੍ਹ ਇਨ੍ਹਾਂ ਸਥਾਨਾਂ 'ਤੇ ਗੁਰਦੁਆਰੇ ਸੁਸ਼ੋਭਿਤ ਹਨ। ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਤੋਂ ਬਾਅਦ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਤੇ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।



ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਅਰਥਾਤ ਸਮੂਹ ਕਾਇਨਾਤ ਦੀ ਇੱਜ਼ਤ ਅਤੇ ਅਣਖ ਦੇ ਰਖਵਾਲੇ ਸਨ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਦੀ ਤਰਜਮਾਨੀ ਕਰਦੀ ਹੈ। ਗੁਰੂ ਤੇਗ ਬਹਾਦਰ ਦੀ ਇਹ ਸਮਝ ਅਤੇ ਕਦਰ ਹੁਣ ਵਿਸ਼ਵਵਿਆਪੀ ਮਨੁੱਖੀ ਅਧਿਕਾਰਾਂ ਦੇ ਭਾਸ਼ਣ ਨੂੰ ਅਮੀਰ ਬਣਾ ਰਹੀ ਹੈ ਅਤੇ ਉਨ੍ਹਾਂ ਨੂੰ ਵਿਸ਼ਵ ਮਨੁੱਖੀ ਅਧਿਕਾਰ ਲਹਿਰ ਦੇ ਸੰਸਥਾਪਕਾਂ 'ਚੋਂ ਇੱਕ ਵਜੋਂ ਸਵੀਕਾਰ ਕੀਤਾ ਜਾ ਰਿਹਾ ਹੈ। ਗੁਰੂ ਤੇਗ਼ ਬਹਾਦਰ, ਗੁਰੂ ਨਾਨਕ ਤੋਂ ਬਾਅਦ ਦੂਜੇ ਗੁਰੂ ਸਨ, ਜੋ ਗੁਰੂ ਨਾਨਕ ਮਿਸ਼ਨ ਦੇ ਪ੍ਰਚਾਰਕ ਵਜੋਂ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਗਏ। ਗੁਰੂ ਤੇਗ਼ ਬਹਾਦਰ ਕਦੇ ਵੀ ਲਾਲਚ ਜਾਂ ਧਮਕੀ ਦੇ ਅਧੀਨ ਧਰਮ ਪਰਿਵਰਤਨ ਲਈ ਸਹਿਮਤ ਨਹੀਂ ਹੋਏ। ਗੁਰੂ ਜੀ ਚਾਹੁੰਦੇ ਸਨ ਕਿ ਹਰ ਕੋਈ ਆਪਣੀ ਪੂਜਾ ਦਾ ਤਰੀਕਾ ਚੁਣ ਸਕੇ।

ਗੁਰੂ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਗੁਰੂ ਗੋਬਿੰਦ ਸਿੰਘ ਨੇ 'ਬਚਿੱਤਰ ਨਾਟਕ' ਵਿੱਚ ਲਿਖਿਆ ਹੈ:

**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰੁ ਸਿਰਰੁ ਨ ਦੀਆ॥**

ਵਿਸ਼ਵ-ਇਤਿਹਾਸ ਵਿੱਚ ਗੁਰੂ ਜੀ ਦੀ ਕੁਰਬਾਨੀ ਵਿਲੱਖਣ ਹੈ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਇਹ ਕੁਰਬਾਨੀ ਆਪਣੇ ਲਈ ਨਹੀਂ, ਆਪਣੇ ਭਾਈਚਾਰੇ ਲਈ ਨਹੀਂ ਬਲਕਿ ਮਨੁੱਖਤਾ ਨੂੰ ਬਚਾਉਣ ਖ਼ਾਤਰ ਦਿੱਤੀ ਗਈ। ਇਸ ਤਰ੍ਹਾਂ ਇਸ ਗੌਰਵਮਈ ਸ਼ਹਾਦਤ ਨੇ ਸਿਰਫ਼ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਨਹੀਂ ਦਿੱਤਾ ਸਗੋਂ ਪੂਰੇ ਵਿਸ਼ਵ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਲਈ ਮਰ-ਮਿਟਣ ਦਾ ਜਜ਼ਬਾ ਦਿੱਤਾ। ਅੱਜ 21ਵੀਂ ਸਦੀ ਦੇ ਸੰਦਰਭ ਵਿੱਚ ਇਸ ਸ਼ਹਾਦਤ ਦੀ ਮਹੱਤਤਾ ਹੋਰ ਵੀ ਦ੍ਰਿੜ੍ਹ ਹੋ ਜਾਂਦੀ ਹੈ ਕਿਉਂਕਿ ਅੱਜ ਫਿਰ ਸਾਡਾ ਸਮਾਜ ਭਾਸ਼ਾ ਅਤੇ ਧਰਮ ਦੇ ਨਾਂ 'ਤੇ ਅਣਗਿਣਤ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਗੁਰੂ ਜੀ ਦੀ ਲਾਸਾਨੀ ਸ਼ਹਾਦਤ ਦੀ ਰੌਸ਼ਨੀ ਹੀ ਇਨ੍ਹਾਂ ਕੱਟੜਤਾ ਦੇ ਨਸ਼ੇ ਵਿੱਚ ਅੰਨ੍ਹੇ ਹੋਏ ਹਿੰਸਾਵਾਦੀਆਂ ਨੂੰ ਚਾਨਣ ਦੀ ਕਿਰਨ ਪ੍ਰਦਾਨ ਕਰ ਸਕਦੀ ਹੈ।



# ਆਦਿ ਗ੍ਰੰਥ ਦੀ ਜਿਲਦਸਾਜ਼ੀ ਕਰਵਾਉਣ ਵਾਲੇ ਭਾਈ ਬੰਨੋ

ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਗ੍ਰੰਥ ਦੀ ਸੰਪਾਦਨਾ ਕਰਨਾ ਇਕ ਵਡਮੁੱਲੀ ਤੇ ਵਿਸ਼ੇਸ਼ ਦੇਣ ਹੈ। ਆਦਿ ਗ੍ਰੰਥ ਦੀ ਸੰਪਾਦਨਾ 'ਚ ਜਿੱਥੇ ਗੁਰੂ ਸਾਹਿਬ ਦਾ ਅਹਿਮ ਯੋਗਦਾਨ ਹੈ, ਉੱਥੇ ਹੀ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਨਗਰ ਖਾਰਾ ਦੇ ਨਿਵਾਸੀ ਭਾਈ ਬੰਨੋ ਜੀ ਦਾ ਵੀ ਵਿਸ਼ੇਸ਼ ਸਹਿਯੋਗ ਹੈ। ਭਾਈ ਬੰਨੋ ਦਾ ਜਨਮ ਵਿਸਾਖ ਸੁਦੀ 13 ਸੰਮਤ 1615 ਬਿਕ੍ਰਮੀ (30 ਅਪ੍ਰੈਲ, 1558 ਈ.) ਨੂੰ ਭਾਈ ਬਿਸ਼ਨ ਦੇਵ ਦੇ ਗ੍ਰਹਿ ਪਿੰਡ ਖਾਰਾ ਮਾਂਗਟ (ਗੁਜਰਾਤ, ਹੁਣ ਪਾਕਿਸਤਾਨ 'ਚ) ਵਿਖੇ ਹੋਇਆ। ਇਹ ਪਿੰਡ ਸਿਰਫ਼ ਨਾਂਅ ਦਾ ਹੀ ਖਾਰਾ ਨਹੀਂ, ਸਗੋਂ ਉਸ ਦਾ ਪਾਣੀ ਵੀ ਅਤਿ ਖਾਰਾ ਸੀ।

ਭਾਈ ਬੰਨੋ ਦਾ ਵਿਆਹ ਪਿੰਡ ਮਾਨੋ ਚੱਕ ਦੇ ਵਸਨੀਕ ਦਿਆਲ ਚੰਦ ਸਾਵੜਾ ਦੀ ਬੇਟੀ ਸੁਰੰਗੀ, ਜਿਨ੍ਹਾਂ ਨੂੰ ਬੀਬੀ ਰੱਜੀ ਵੀ ਕਿਹਾ ਜਾਂਦਾ ਸੀ, ਨਾਲ ਹੋਇਆ। ਬੀਬੀ ਰੱਜੀ ਹੀ ਭਾਈ ਸਾਹਿਬ ਨੂੰ ਗੁਰਮਤਿ ਦਾ ਪਾਠ ਪੜ੍ਹਾਉਣ ਵਾਲੀ ਸੀ। ਇਕ ਵਾਰ ਜਦੋਂ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਸਫ਼ਾਈ ਕਰਵਾ ਰਹੇ ਸਨ ਤਾਂ ਉਸ ਸਮੇਂ ਭਾਈ ਬੰਨੋ ਸੰਗਤ ਸਮੇਤ ਦਰਸ਼ਨ ਕਰਨ ਆਏ। ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਹ ਉੱਥੋਂ ਦੇ ਹੀ ਹੋ ਕੇ ਰਹਿ ਗਏ। ਸਿੱਖੀ ਪ੍ਰਤੀ ਸਮਰਪਣ ਦੀ ਭਾਵਨਾ ਤੇ ਵਿਸ਼ੇਸ਼ ਲਗਨ ਨੂੰ ਦੇਖ ਕੇ ਗੁਰੂ ਜੀ ਨੇ ਭਾਈ ਬੰਨੋ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਗੁਰਮਤਿ ਦੀ ਕਸਵੱਟੀ 'ਤੇ ਖ਼ਰੀਆਂ ਭਗਤਾਂ, ਭੱਟਾਂ ਤੇ ਗੁਰੂ-ਘਰ ਨਾਲ ਨੇੜਤਾ ਰੱਖਣ ਵਾਲੇ ਸਿੱਖਾਂ ਦੀਆਂ ਰਚਨਾਵਾਂ ਨੂੰ ਇਕ ਗ੍ਰੰਥ ਦਾ ਰੂਪ ਦੇਣ ਹਿੱਤ ਭਾਈ ਗੁਰਦਾਸ ਨੂੰ ਲਿਖਾਰੀ ਨਿਯੁਕਤ ਕਰ ਦਿੱਤਾ। ਬੀੜ ਦੀ ਤਿਆਰੀ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਨੇ ਬੜੀ ਸ਼ਿੱਦਤ ਨਾਲ ਇਸ ਦੀ ਹਿਫ਼ਾਜ਼ਤ ਦੀ ਲੋੜ ਨੂੰ ਮਹਿਸੂਸ ਕੀਤਾ। ਗੁਰੂ ਜੀ ਇਸ ਬਾਰੇ ਸੋਚ ਹੀ ਰਹੇ ਸਨ ਕਿ ਭਾਈ ਬੰਨੋ ਉੱਥੇ ਪਹੁੰਚ ਗਏ। ਅੰਮ੍ਰਿਤਸਰ ਨਗਰ ਅਜੇ ਨਵਾਂ-ਨਵਾਂ ਵਸਿਆ ਸੀ, ਜਿਸ ਕਰਕੇ ਜਿਲਦਸਾਜ਼ੀ ਦਾ ਕੰਮ ਇੱਥੇ ਨਹੀਂ ਸੀ ਹੁੰਦਾ। ਇਸ ਕੰਮ ਲਈ ਲਾਹੌਰ ਜਾਂ ਦਿੱਲੀ ਜਾਣਾ ਪੈਣਾ ਸੀ। ਗੁਰੂ ਜੀ ਨੇ ਇਹ ਸੇਵਾ ਭਾਈ ਬੰਨੋ ਨੂੰ ਸੌਂਪੀ।

ਭਾਈ ਬੰਨੋ ਨੇ ਗੁਰੂ ਜੀ ਦੇ ਹੁਕਮ ਨੂੰ ਸਤਿ ਕਰਕੇ ਜਾਣਿਆਂ ਤੇ ਨਾਲ ਹੀ ਇਸ ਬੀੜ

**ਰਮੇਸ਼ ਬੱਗਾ ਚੋਹਲਾ**

ਦਾ ਇਕ ਹੋਰ ਉਤਾਰਾ ਕਰਨ ਦੀ ਆਗਿਆ ਵੀ ਲੈ ਲਈ। ਭਾਈ ਸਾਹਿਬ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਲਈ ਤੇ ਸੰਗਤ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਪਣੇ ਨਗਰ ਖਾਰੇ ਨੂੰ ਚੱਲ ਪਏ। ਲਾਹੌਰ ਪਹੁੰਚ ਕੇ ਦਰਿਆ ਰਾਵੀ ਦੇ ਕਿਨਾਰੇ ਇਕ ਇਕਾਂਤ ਸਥਾਨ 'ਤੇ ਉਨ੍ਹਾਂ ਨੇ ਆਦਿ ਗ੍ਰੰਥ ਦਾ ਉਤਾਰਾ ਕਰਨਾ ਆਰੰਭ ਦਿੱਤਾ। ਇਸ ਤਰ੍ਹਾਂ ਨਗਰ ਖਾਰੇ ਵਿਚ ਪਹੁੰਚਣ ਅਤੇ ਉੱਥੋਂ ਲਾਹੌਰ ਮੁੜਦੇ ਸਮੇਂ ਤੱਕ ਭਾਈ ਬੰਨੋ ਦੇ ਉੱਦਮ ਸਦਕਾ ਆਦਿ ਗ੍ਰੰਥ ਦੀ ਇਕ ਹੋਰ ਬੀੜ ਤਿਆਰ ਹੋ ਗਈ, ਜਿਹੜੀ ਖਾਰੇ ਵਾਲੀ ਜਾਂ ਖਾਰੀ ਬੀੜ ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਇਸ ਤੋਂ ਬਾਅਦ ਭਾਈ ਸਾਹਿਬ ਲਾਹੌਰ ਪਹੁੰਚ ਗਏ ਤੇ ਉਨ੍ਹਾਂ ਨੇ ਇਕ ਚੰਗੇ ਜਿਲਦਸਾਜ਼ ਤੋਂ ਦੋਵਾਂ ਪਵਿੱਤਰ ਬੀੜਾਂ ਦੀਆਂ ਪੱਕੀਆਂ ਜਿਲਦਾਂ ਬੰਨ੍ਹਵਾਈਆਂ।

ਇਸ ਕਾਰਜ ਤੋਂ ਬਾਅਦ ਭਾਈ ਬੰਨੋ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚ ਗਏ ਤੇ ਉਨ੍ਹਾਂ ਨੇ ਦੋਵੇਂ ਬੀੜਾਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀਆਂ। ਗੁਰੂ ਜੀ ਉਨ੍ਹਾਂ ਬੀੜਾਂ ਨੂੰ ਦੇਖ ਕੇ ਬਹੁਤ ਪ੍ਰਸੰਨ ਹੋਏ ਤੇ ਕਿਹਾ ਭਾਈ ਬੰਨੋ ਅਸੀਂ ਇਕ ਬੀੜ ਹੀ ਕਾਇਮ ਰੱਖਣੀ ਚਾਹੁੰਦੇ ਸੀ ਪਰ ਤੂੰ ਪ੍ਰੇਮ ਤੇ ਲਗਨ ਨਾਲ ਇਸ ਦਾ ਦੂਜਾ ਉਤਾਰਾ ਕਰ ਲਿਆ, ਇਸ ਲਈ ਹੁਣ ਇਸ ਦੇ ਬਹੁਤ ਉਤਾਰੇ ਕਰਾਂਗੇ।

ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਵਾਲੀ ਬੀੜ (ਆਦਿ ਗ੍ਰੰਥ) ਦਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰ ਦਿੱਤਾ ਤੇ ਦੂਜੀ ਬੀੜ 'ਤੇ ਆਪਣੇ ਦਸਤਖ਼ਤ ਕਰਕੇ ਭਾਈ ਬੰਨੋ ਨੂੰ ਬਖ਼ਸ਼ ਦਿੱਤੀ। ਭਾਈ ਸਾਹਿਬ ਉਹ ਬੀੜ ਲੈ ਕੇ ਆਪਣੇ ਨਗਰ ਖਾਰੇ ਮਾਂਗਟ ਚਲੇ ਗਏ, ਜਿੱਥੇ ਇਹ ਬੀੜ ਪਹਿਲਾਂ ਉਨ੍ਹਾਂ ਨੇ ਤੇ ਫਿਰ ਉਨ੍ਹਾਂ ਦੇ ਪਰਿਵਾਰ ਨੇ ਸੰਭਾਲ ਕੇ ਰੱਖੀ। ਜਦੋਂ ਵੰਡ ਹੋਈ ਤਾਂ ਭਾਈ ਬੰਨੋ ਦਾ ਪਰਿਵਾਰ ਉੱਤਰ ਪ੍ਰਦੇਸ਼ ਦੇ ਨਗਰ ਬੜੌਤ ਵਿਖੇ ਆ ਵਸਿਆ। ਬਿਰਧ ਅਵਸਥਾ ਵਿਚ ਹੋਣ ਦੇ ਬਾਵਜੂਦ ਵੀ ਇਹ ਬੀੜ ਇਸ ਪਰਿਵਾਰ ਕੋਲ ਸੁਰੱਖਿਅਤ ਰਹੀ ਹੈ।

# ਸਿੱਖੀ ਦੇ ਪ੍ਰਚਾਰ ਤੇ ਪਸਾਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਯੋਗਦਾਨ

ਅਜੇਪਾਲ ਸਿੰਘ ਚਵਿੰਡਾ



ਸਿੱਖਾਂ ਦੇ ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਿੱਖੀ ਦੇ ਪ੍ਰਚਾਰ ਤੇ ਪਸਾਰ ਵਿਚ ਅਤੇ ਗੁਰਮਤਿ ਸੰਗੀਤ 'ਚ ਵਿਸ਼ੇਸ਼ ਯੋਗਦਾਨ ਹੈ। ਆਪ ਦਾ ਜਨਮ 31 ਮਾਰਚ 1504 ਈ. ਨੂੰ ਮੱਤੇ ਦੀ ਸਰਾਂ ਪਿੰਡ 'ਚ ਹੋਇਆ। ਆਪ ਖੱਤਰੀ ਜਾਤ 'ਚੋਂ ਸਨ ਤੇ ਇਨ੍ਹਾਂ ਦੇ ਪਿਤਾ ਦਾ ਨਾਂਅ ਫੇਰੂ ਜੀ ਸੀ, ਜੋ ਕੁਝ ਸਮਾਂ ਹਰੀਕੇ ਤੇ ਫਿਰ ਖਡੂਰ ਸਾਹਿਬ ਵਿਖੇ ਜਾ ਕੇ ਵਸੇ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਚਾਰਧਾਰਕ ਤੇ ਵਿਹਾਰਕ ਰੂਪ 'ਚ ਅੱਗੇ ਤੋਰਿਆ।

**ਗੁਰੂ ਨਾਨਕ ਦੇਵ ਜੀ ਨਾਲ ਮਿਲਾਪ:** ਆਪ ਬਚਪਨ ਤੋਂ ਹੀ ਧਰਮ ਕਰਮ 'ਚ ਵਿਸ਼ਵਾਸ ਰੱਖਦੇ ਸਨ ਤੇ ਦੇਵੀ ਦੇ ਪ੍ਰੇਮੀ ਸਨ। ਇਕ ਵਾਰ ਆਪ ਨੇ ਗੁਰੂ ਨਾਨਕ ਦੇਵ ਜੀ ਦੀ ਉਪਮਾ ਸੁਣ ਕੇ ਕਰਤਾਰਪੁਰ 'ਚ ਦੀ ਹੋ ਕੇ ਦੇਵੀ ਮਾਤਾ ਦੇ ਦਰਸ਼ਨਾਂ ਨੂੰ ਜਾਣ ਦਾ ਮਨ ਬਣਾ ਲਿਆ। ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੀ ਰੂਹਾਨੀ ਸ਼ਖਸੀਅਤ ਦਾ ਐਸਾ ਪ੍ਰਭਾਵ ਪਿਆ ਕਿ ਆਪ ਸਦਾ ਵਾਸਤੇ ਗੁਰੂ ਨਾਨਕ ਦੇਵ ਜੀ ਦੇ ਹੀ ਬਣ ਕੇ ਉੱਥੇ ਠਹਿਰ ਗਏ। ਆਪ ਗੁਰੂ ਜੀ ਦੇ ਸਿੱਖ ਬਣ ਗਏ ਤੇ ਸੇਵਾ ਕਰਨ ਲੱਗੇ। ਗੁਰੂ ਨਾਨਕ ਦੇਵ ਜੀ ਨੇ ਆਪ ਨੂੰ ਗੁਰਿਆਈ ਲਈ ਸਭ ਪੱਖ ਤੋਂ ਯੋਗ ਜਾਣਦੇ ਹੋਏ 1538 ਈ. ਨੂੰ ਗੁਰਿਆਈ ਦੀ ਬਖਸ਼ਿਸ਼ ਕੀਤੀ। ਭਾਈ ਬਲਵੰਡ ਜੀ ਨੇ ਆਪਣੀ ਬਾਣੀ 'ਚ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ।

**ਥਾਪਿਆ ਲਹਿਣਾ ਜੀਵਦੇ**
**ਗੁਰਿਆਈ ਸਿਰਿ ਛਤ੍ਰ ਫਿਰਾਇਆ॥**
**ਜੋਤੀ ਜੋਤਿ ਮਿਲਾਇਕੈ**
**ਸਤਿਗੁਰ ਨਾਨਕ ਰੂਪ ਵਟਾਇਆ॥**
**(ਭਾਈ ਗੁਰਦਾਸ ਜੀ, ਵਾਰ 1, ਪਉੜੀ 45)**

ਗੁਰੂ ਜੀ ਦੁਆਰਾ ਜਪੁਜੀ ਸਾਹਿਬ ਬਾਣੀ ਦੀ ਸੰਪਾਦਨਾ: ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਗਵਾਈ ਹੇਠ ਆਪ ਜੀ ਨੇ ਉਨ੍ਹਾਂ ਦੀ ਸ਼ਾਹਕਾਰ ਰਚਨਾ ਜਪੁਜੀ ਸਾਹਿਬ ਦੀ ਸੰਪਾਦਨਾ ਕੀਤੀ। ਜਿਵੇਂ ਕਰਤਾਰਪੁਰ ਵਿਖੇ ਗੁਰੂ ਨਾਨਕ ਦੇਵ ਜੀ ਦੁਆਰਾ ਰੋਜ਼ ਦਾ ਨਿਤਨੇਮ ਚਲਾਇਆ ਜਾਂਦਾ ਸੀ ਅਤੇ ਜਿਸ ਬਾਰੇ ਕੋਈ ਲਿਖਤੀ ਰੂਪ 'ਚ ਅਜੇ ਤੱਕ ਕੁਝ ਨਹੀਂ ਸੀ ਕੀਤਾ ਗਿਆ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਵਿਖੇ ਉਹੀ ਮਰਿਆਦਾ ਕਾਇਮ ਕੀਤੀ ਤੇ ਬਾਣੀ ਨੂੰ ਲਿਖਤੀ ਰੂਪ ਦਿੱਤਾ।

**ਗੁਰੂ ਜੀ ਦੁਆਰਾ ਕੀਰਤਨ ਕੇਂਦਰ ਦੀ ਸਥਾਪਨਾ:** ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਕੀਰਤਨ ਦੀ ਮਰਿਆਦਾ ਨੂੰ ਕਾਇਮ ਰੱਖਿਆ ਅਤੇ ਖਡੂਰ ਸਾਹਿਬ ਨੂੰ ਕੀਰਤਨ ਦੇ ਸੰਸਥਾਗਤ ਕੇਂਦਰ ਵਜੋਂ ਸਥਾਪਤ ਕੀਤਾ, ਜਿਸ ਸੰਬੰਧ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਇਸ ਪ੍ਰਕਾਰ ਦੱਸਿਆ ਗਿਆ ਹੈ:-

**ਫੇਰਿ ਵਸਾਇਆ ਫੇਰੁਆਣਿ**
**ਸਤਿਗੁਰਿ ਖਾਡੂਰੁ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 967)**

ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ:

**ਗੁਰ ਨਾਨਕ ਹੰਦੀ ਮੁਹਰ ਹਥਿ**
**ਗੁਰ ਅੰਗਦ ਦੀ ਦੋਹੀ ਫਿਰਾਈ॥**
**ਦਿਤਾ ਛੋੜਿ ਕਰਤਾਰ ਪੁਰੁ ਬੈਠਿ**
**ਖਡੂਰੇ ਜੋਤਿ ਜਗਾਈ॥**
**(ਭਾਈ ਗੁਰਦਾਸ ਜੀ, ਵਾਰ 1, ਪਉੜੀ 46)**

ਗੁਰੂ ਜੀ ਦੁਆਰਾ ਖਡੂਰ ਸਾਹਿਬ ਵਿਖੇ ਸਵੇਰ ਤੇ ਸ਼ਾਮ ਨੂੰ ਦੀਵਾਨ 'ਚ ਸੁਸ਼ੋਭਿਤ ਹੋ ਕੇ ਜਗਿਆਸੂਆਂ ਨੂੰ ਪ੍ਰਭੂ ਨਾਲ ਜੁੜਨ ਲਈ ਅੰਮ੍ਰਿਤਮਈ ਵਚਨਾਂ ਦੀ ਵਰਖਾ ਕਰਦੇ ਤੇ ਸਵੇਰੇ-ਸ਼ਾਮ ਗੁਰੂ ਮਰਿਆਦਾ ਅਨੁਸਾਰ ਰਬਾਬੀਏ ਕੀਰਤਨੀਏ ਕੀਰਤਨ ਕਰਦੇ ਸਨ।

**ਬਾਣੀ ਦੀ ਰਚਨਾ:** ਗੁਰੂ ਜੀ ਨੇ 62 ਸਲੋਕਾਂ ਦੇ ਰੂਪ 'ਚ ਬਾਣੀ ਦੀ ਰਚਨਾ ਕੀਤੀ। ਸ਼ਬਦ ਗਾਇਨ ਦੇ ਪ੍ਰਚਾਰ ਤੇ ਪਸਾਰ ਹਿਤ ਆਪ ਦੇ ਦਰਬਾਰ 'ਚ ਭਾਈ ਮਰਦਾਨਾ ਦੇ ਪੁੱਤਰ ਭਾਈ ਸਜਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਸੱਤਾ ਬਲਵੰਡ ਆਦਿ ਰਬਾਬੀ ਕੀਰਤਨੀਏ ਹੋਏ। ਗੁਰਮੁਖੀ ਲਿਪੀ ਦੀ ਸੋਧ ਕਰਨਾ: ਗੁਰੂ ਜੀ ਦੁਆਰਾ ਗੁਰਮੁਖੀ ਲਿਪੀ ਨੂੰ ਸੋਧ ਕੇ ਪੰਜ-ਪੰਜ ਅੱਖਰਾਂ ਦੀ ਵਿਗਿਆਨਕ ਲਿਪੀ ਤਿਆਰ ਕੀਤੀ। ਵਿਦਿਆਰਥੀਆਂ ਲਈ ਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਬਾਲ ਬੋਧ ਵੀ ਤਿਆਰ ਕੀਤੇ ਤੇ ਗੁਰਮੁਖੀ ਦੇ ਸੁਧਾਰ/ਪ੍ਰਚਾਰ ਲਈ ਖਡੂਰ ਸਾਹਿਬ 'ਚ ਇਕ ਵਿਸ਼ਾਲ ਪਾਠਸ਼ਾਲਾ ਦੀ ਸਥਾਪਨਾ ਕੀਤੀ। ਬੱਚਿਆਂ ਤੇ ਬਾਲਗਾਂ ਨੂੰ ਗੁਰੂ ਜੀ ਆਪ ਵੀ ਪੜ੍ਹਾਇਆ ਕਰਦੇ ਸਨ।

**ਗੁਰਬਾਣੀ ਦੀ ਸੰਭਾਲ:** ਗੁਰੂ ਨਾਨਕ ਦੇਵ ਜੀ ਵਲੋਂ ਇੱਕਤਰ ਕੀਤੀ ਗਈ ਬਾਣੀ ਅਤੇ ਉਨ੍ਹਾਂ ਦੁਆਰਾ ਆਪ ਰਚੀ ਬਾਣੀ ਨੂੰ ਭਾਈ ਪੈੜੇ ਮੋਖੇ ਪਾਸੋਂ ਲਿਖਵਾਇਆ ਤੇ ਸੰਭਾਲਿਆ ਗਿਆ। ਇਸ ਦੇ ਨਾਲ-ਨਾਲ ਸਿੱਖੀ ਦਾ ਪ੍ਰਚਾਰ ਵੀ ਕੀਤਾ। ਇਸ ਗੁਰਬਾਣੀ ਨੂੰ ਖਡੂਰ ਸਾਹਿਬ ਵਿਖੇ ਸਵੇਰ-ਸ਼ਾਮ ਪੜ੍ਹ?ਹਆ ਤੇ ਇਸ ਦਾ ਕੀਰਤਨ ਕੀਤਾ ਜਾਂਦਾ ਸੀ। **ਇਤਿਹਾਸ ਦੀ ਸੰਭਾਲ:** ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਸੰਬੰਧੀ ਜੀਵਨ ਸਾਖੀਆਂ ਨੂੰ ਇੱਕਤਰ ਕੀਤਾ ਤੇ ਤਲਵੰਡੀ ਤੋਂ ਭਾਈ ਲਾਲੂ ਚੰਦ ਪਾਸੋਂ ਅਤੇ ਹੋਰ ਆਪ ਨੂੰ ਪੁਰਾਣੇ ਸਿੱਖ ਖਡੂਰ ਸਾਹਿਬ ਵਿਖੇ ਮਿਲਣ ਆਉਂਦੇ, ਉਨ੍ਹਾਂ ਪਾਸੋਂ ਵੀ ਗੁਰੂ ਨਾਨਕ ਦੇਵ ਜੀ ਦੇ ਉਦਾਸੀਆਂ ਦੇ ਸਾਥੀ ਭਾਈ ਬਾਲੇ ਪਾਸੋਂ ਸਾਖੀਆਂ ਸੁਣੀਆਂ ਤੇ ਸਾਰੀ ਸਮੱਗਰੀ ਨੂੰ ਤਰਤੀਬ ਦੇ ਕੇ ਭਾਈ ਪੈੜੇ ਮੋਖੇ ਪਾਸੋਂ ਲਿਖਵਾਇਆ ਗਿਆ। ਜਦੋਂ ਭਾਈ ਬਾਲੇ ਨੂੰ ਖਬਰ ਹੋਈ ਤਾਂ ਉਨ੍ਹਾਂ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਮਸ਼ਾਲ ਨਾਲੋਂ ਮਸ਼ਾਲ ਜਗਣ ਵਾਂਗ ਗੁਰੂ ਅੰਗਦ ਦੇਵ ਜੀ ਨੂੰ ਪ੍ਰਤੱਖ ਗੁਰੂ ਨਾਨਕ ਦੇਵ ਜੀ ਦਾ ਰੂਪ ਦੇਖ ਕੇ ਬਹੁਤ ਪ੍ਰਸੰਨ ਹੋਇਆ। ਚਰਨਾਂ 'ਤੇ ਸੀਸ ਧਰਿਆ ਤਾਂ ਗੁਰੂ ਜੀ ਨੇ ਉਠਾ ਕੇ ਭਾਈ ਬਾਲੇ ਨੂੰ ਗਲ ਨਾਲ ਲਾ ਲਿਆ ਤੇ ਬੋਲੇ:-

**ਮ: 2॥ ਜਿਸੁ ਪਿਆਰੇ ਸਿਉ**
**ਨੇਹੁ ਤਿਸੁ ਆਗੈ ਮਰਿ ਚਲੀਐ॥**
**ਧ੍ਰਿਗੁ ਜੀਵਣੁ ਸੰਸਾਰਿ**
**ਤਾ ਕੈ ਪਾਛੈ ਜੀਵਣਾ॥2॥**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 83)**

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਗੁਰੂ ਅੰਗਦ ਦੇਵ ਜੀ ਦਾ ਗੁਰਮਤਿ ਸੰਗੀਤ 'ਚ ਵਿਸ਼ੇਸ਼ ਤੇ ਮਹਾਨ ਯੋਗਦਾਨ ਹੈ। ਉਨ੍ਹਾਂ ਨੇ ਵੱਖ-ਵੱਖ ਰਾਗਾਂ ਅਧੀਨ ਬਾਣੀ ਦਾ ਉਚਾਰਨ ਕੀਤਾ। ਉਨ੍ਹਾਂ ਬਾਣੀ ਕੀਰਤਨ ਕੇਂਦਰਾਂ ਤੇ ਗੁਰਮੁਖੀ ਲਿਪੀ ਦਾ ਅਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਿਤ ਸੰਗੀਤ ਪਰੰਪਰਾ ਦਾ ਰੂਪ ਬਣ ਗਿਆ। ਇਹੀ ਨਹੀਂ, ਸਗੋਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਤੇ ਸਥਾਪਤ ਰੂਪ ਪ੍ਰਦਾਨ ਕਰਨ ਲਈ ਗੁਰੂ ਜੀ ਦੀ ਰੋਜ਼ਾਨਾ ਬਾਣੀ ਗਾਇਨ ਨਾਲ ਇਸ ਨੂੰ ਜੀਵਨ ਦਾ ਅਨਿੱਖੜਵਾਂ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੀ ਹੈ, ਨਾਲ ਹੀ ਗੁਰਮਤਿ ਸੰਗੀਤ ਨੂੰ ਵਿਕਸਿਤ ਕਰਨ 'ਚ ਗੁਰੂ ਅੰਗਦ ਦੇਵ ਜੀ ਦਾ ਵੱਡਾ ਯੋਗਦਾਨ ਹੈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਸੌਂਪੀ ਤੇ 29 ਮਾਰਚ, 1552 ਈ. ਨੂੰ ਜੋਤੀ ਜੋਤਿ ਸਮਾ ਗਏ।

# ਸਿੱਖ ਧਰਮ ਹੇਮਕੁੰਟ ਦੇ ਪ੍ਰਸੰਗ 'ਚ

ਭਾਈ ਅਸ਼ੋਕ ਸਿੰਘ ਬਾਗੜੀਆਂ



ਸਿੱਖ ਸਮਾਜ ਨੂੰ ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਸਿੱਖ ਧਰਮ ਇਤਿਹਾਸਕ ਧਰਮ ਹੈ, ਮਿਥਿਹਾਸਕ ਨਹੀਂ। ਗੁਰਦੁਆਰਾ ਹੇਮਕੁੰਟ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਮਿਥਿਹਾਸਕ ਚਰਨਛੋਹ ਪ੍ਰਾਪਤ ਵਜੋਂ ਪ੍ਰਚਾਰਿਆ ਪ੍ਰਸਾਰਿਆ ਜਾਣਾ, ਇਤਿਹਾਸਕ ਤੌਰ 'ਤੇ ਗ਼ਲਤ ਹੀ ਨਹੀਂ ਸਗੋਂ ਸਿੱਖ ਸਿਧਾਂਤਾਂ ਦੀ ਹੁਕਮ ਅਦੂਲੀ ਹੈ। ਦਸਮੇਸ਼ ਜੀ ਦੀ ਸੰਸਾਰੀ ਯਾਤਰਾ 1666 ਤੋਂ 1708 ਈਸਵੀ ਤੱਕ ਕਦੇ ਵੀ ਇਨ੍ਹਾਂ ਪਹਾੜਾਂ ਵਿੱਚ ਆਉਣ ਦਾ ਜਿ?ਕਰ ਨਹੀਂ। ਇਸ ਗੁਰਦੁਆਰੇ ਦੀ ਇਮਾਰਤ ਦਾ ਡਿਜ਼ਾਈਨ ਬਸੰਤ ਸਿੰਘ ਜੋ ਅਣਵੰਡੇ ਪੰਜਾਬ ਵਿੱਚ ਪੀਡਬਲਿਊਡੀ ਵਿਭਾਗ ਵਿੱਚ ਸੀਨੀਅਰ ਇੰਜਨੀਅਰ ਸਨ, ਦਾ ਤਿਆਰ ਕੀਤਾ ਹੋਇਆ ਹੈ। ਉਨ੍ਹੀਂ ਦਿਨੀਂ, ਜਦੋਂ ਸ਼ਿਮਲਾ ਪੰਜਾਬ ਦੀ ਰਾਜਧਾਨੀ ਸੀ, ਬਸੰਤ ਸਿੰਘ ਸਾਡੇ ਨਜ਼ਦੀਕ ਹੀ ਰਹਿੰਦੇ ਸਨ। ਇਤਿਹਾਸਕ ਪ੍ਰਸੰਗ ਵਿੱਚ ਦੇਖੀਏ ਤਾਂ ਪਹਿਲੇ ਪੰਜ ਗੁਰੂ ਸਾਹਿਬਾਨ ਵਲੋਂ ਆਪਣੇ ਕਾਲ ਵਿੱਚ ਸਿੱਖ ਧਰਮ ਲਈ ਕਈ ਸਿਧਾਂਤ ਉਲੀਕੇ ਗਏ ਜਿਨ੍ਹਾਂ ਦੀ ਅੱਜ ਵੀ ਓਨੀ ਹੀ ਮਾਨਤਾ ਅਤੇ ਮਹੱਤਤਾ ਹੈ। ਮਿਸਾਲ ਵਜੋਂ ਤਿੰਨ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਨ ਪਰ ਉਨ੍ਹਾਂ ਨੂੰ ਗੁਰੂ ਉਦੋਂ ਤੋਂ ਹੀ ਮੰਨਿਆ ਗਿਆ, ਜਦੋਂ ਉਨ੍ਹਾਂ ਨੂੰ ਗੁਰਗੱਦੀ ਮਿਲੀ; ਭਾਵ, ਗੁਰੂ ਨਾਨਕ ਜੀ ਦਾ 1469-1539 ਦੇ ਸਮੇਂ ਵਿੱਚ ਗੁਰੂ ਅੰਗਦ ਦੇਵ ਜੀ ਦਾ ਜਨਮ 1504 (ਉਮਰ 35 ਸਾਲ), ਗੁਰੂ ਅਮਰਦਾਸ ਜੀ ਦਾ ਜਨਮ 1479 ਈਸਵੀ (ਉਮਰ 60 ਸਾਲ), ਗੁਰੂ ਰਾਮਦਾਸ ਜੀ ਦਾ ਜਨਮ 1534 ਈਸਵੀ (ਉਪਰ 5 ਸਾਲ) ਵਿੱਚ ਹੋਇਆ। ਇਹ ਤਿੰਨੋ ਗੁਰੂ ਸਾਹਿਬਾਨ ਕ੍ਰਮਵਾਰ 35, 60 ਅਤੇ 5 ਸਾਲ ਗੁਰੂ ਨਾਨਕ ਦੇਵ ਜੀ ਦੇ ਵੀ ਸਮਕਾਲੀ ਸਨ ਅਤੇ ਇਕ ਦੂਜੇ ਗੁਰੂ ਸਾਹਿਬਾਨ ਦੇ ਵੀ ਸਮਕਾਲੀ ਸਨ। ਗੁਰੂ ਅੰਗਦ ਦੇਵ ਜੀ ਦੇ ਪਿਤਾ ਮੰਦਰ ਦੇ ਪੁਜਾਰੀ ਸਨ ਅਤੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਆਪ ਦੁਰਗਾ ਦੇ ਭਗਤ ਸਨ। ਗੁਰੂ ਅਮਰਦਾਸ ਜੀ ਨੂੰ ਗੁਰੂ ਗੱਦੀ ਮਿਲਣ ਤੋਂ ਪਹਿਲਾਂ ਹਰ ਸਾਲ ਤੀਰਥਾਂ ਦੀ ਯਾਤਰਾ ਕਰਦੇ ਸਨ ਪਰ ਜਿਸ ਵਕਤ ਗੁਰੂ ਗੱਦੀ ਉਨ੍ਹਾਂ ਨੂੰ ਸੌਂਪੀ ਗਈ ਤਾਂ ਉਨ੍ਹਾਂ ਦੀ ਪਹਿਲੀ ਜ਼ਿੰਦਗੀ ਵਿੱਚ ਕੀ ਘਟਿਆ, ਉਸ ਨੂੰ ਪਿੱਛੇ ਛੱਡ ਦਿੱਤਾ ਗਿਆ ਅਤੇ ਗੁਰੂ ਗੱਦੀ ਮਿਲਣ ਤੋਂ ਬਾਅਦ ਉਨ੍ਹਾਂ ਦੇ ਕੀਤੇ ਕੰਮਾਂ ਨੂੰ ਮਹੱਤਵ ਦਿੱਤਾ ਗਿਆ। ਸਿੱਖ ਧਰਮ ਵਿੱਚ ਕਿਤੇ ਵੀ ਉਨ੍ਹਾਂ ਦੀ ਦੇਵੀ ਪੂਜਣ ਵਾਲੇ ਜਾਂ ਤੀਰਥਾਂ ਦੀ ਯਾਤਰਾ ਕਰਨ ਦੇ ਕੰਮਾਂ ਦਾ ਕੋਈ ਵੀ ਮਹੱਤਵ ਨਾ ਰਿਹਾ।

ਇਸ ਤੋਂ ਦੋ ਗੱਲਾਂ ਭਲੀ-ਭਾਂਤੀ ਸਿੱਧ ਹੁੰਦੀਆਂ ਹਨ; ਪਹਿਲੀ ਤਾਂ ਇਹ ਕਿ ਸਿੱਖ ਧਰਮ ਵਿੱਚ ਦੇਵੀ ਪੂਜਾ ਜਾਂ ਤੀਰਥ ਯਾਤਰਾ, ਬੁੱਤ ਪ੍ਰਸਤੀ, ਤਪ ਆਦਿ ਦਾ ਕੋਈ ਮਹੱਤਵ ਨਹੀਂ; ਦੂਜਾ, ਗੁਰੂ ਪਦਵੀ ਪ੍ਰਾਪਤ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਧਾਰਮਿਕ ਜਿ?ਦਗੀ ਕਿਹੋ ਜਿਹੀ ਸੀ, ਉਹ ਵੀ ਪਿੱਛੇ ਛੱਡ ਦਿੱਤੀ ਗਈ ਪਰ ਹੇਮਕੁੰਟ ਦਾ ਸਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਨਾ ਅਤੇ ਉਹ ਵੀ ਇਹ ਦਲੀਲ ਦੇ ਕੇ ਕਿ ਉਨ੍ਹਾਂ ਨੇ ਆਪਣੇ ਪਿਛਲੇ ਜਨਮ ਵਿੱਚ ਇੱਥੇ ਭਗਤੀ ਜਾਂ ਤਪ ਕੀਤਾ ਸੀ, ਸਿੱਖ ਪੰਥ ਨੂੰ ਬੜੀ ਹਾਸੋ-ਹੀਣੀ ਸਥਿਤੀ ਵਿੱਚ ਪਾ ਦਿੰਦਾ ਹੈ। ਹੇਮਕੁੰਟ ਨੂੰ ਸਿੱਖਾਂ ਦਾ ਤੀਰਥ ਬਣਾ ਕੇ ਸਿੱਖਾਂ ਨੂੰ ਹਿੰਦੂ ਧਰਮ ਦੀ ਅਮਰਨਾਥ ਤੀਰਥ ਦੀ ਦੁਰਗਮ ਯਾਤਰਾ ਵਰਗਾ ਬਣਾ ਦਿੱਤਾ ਗਿਆ ਹੈ ਜਦਕਿ ਗੁਰਬਾਣੀ ਅਨੁਸਾਰ ਪਿਛਲੇ ਜਨਮ ਦੀ ਬਜਾਏ ਇਸ ਜਨਮ ਦੇ ਕਰਮ ਨੂੰ ਜ਼ਿਆਦਾ ਤਵੱਜੋ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਰਵਾਲਸਰ ਜੋ ਹਿਮਾਚਲ ਪ੍ਰਦੇਸ਼ ਵਿੱਚ ਹੈ, ਨੂੰ ਹੇਮਕੁੰਟ ਵਾਂਗ ਸਿੱਖਾਂ ਵਿੱਚ ਤੀਰਥ ਵਜੋਂ ਹਰਮਨ ਪਿਆਰਾ ਕਰਨ ਦਾ ਯਤਨ ਕੀਤਾ ਗਿਆ ਸੀ। ਉਸ ਗੁਰਦੁਆਰੇ ਦੀ ਉਸਾਰੀ ਉਨ੍ਹੀਂ ਦਿਨੀਂ, ਜਦੋਂ ਜੋਗਿੰਦਰ ਨਗਰ ਦਾ ਹਾਈਡ?ਰੋ-ਪ੍ਰਾਜੈਕਟ ਤਿਆਰ ਹੋ ਰਿਹਾ ਸੀ, ਠੇਕੇਦਾਰ ਡਾਕਟਰ ਟਹਿਲ ਸਿੰਘ ਦੀ ਹਿੰਮਤ ਨਾਲ ਹੋਈ ਜੋ ਇਸ ਹਾਈਡ੍ਰੋ-ਪ੍ਰਾਜੈਕਟ ਦਾ ਠੇਕੇਦਾਰ ਸੀ। ਉਸ ਨੂੰ ਵੀ ਉਸ ਵਕਤ ਹੇਮਕੁੰਟ ਵਾਲੀ ਸਪਤ-ਸਿੰਗ ਵਾਲੀ ਥਿਊਰੀ ਨਾਲ ਪ੍ਰਚਾਰਿਆ ਜਾਂਦਾ ਸੀ।

ਸਿੱਖ ਧਰਮ ਜਾਂ ਸਿਧਾਂਤ ਵਿੱਚ ਅਜਿਹੇ ਪਿਛਲੇ ਜਨਮ ਦੇ ਤੀਰਥਾ ਜਾਂ ਤਪ ਅਸਥਾਨ ਦੀ ਕੋਈ ਮਾਨਤਾ ਨਹੀਂ। ਸਿੱਖ ਰਹਿਤ ਮਰਿਯਾਦਾ ਕਹਿੰਦੀ ਹੈ ਕਿ ਇਨ੍ਹਾਂ ਮੜ੍ਹੀਆਂ ਮਸਾਣਾਂ ਆਦਿ ਦੀ ਪੂਜਾ ਨਹੀਂ ਕਰਨੀ ਅਤੇ ਕੋਈ ਵੀ ਅੰਗੀਠਾ ਸਾਹਿਬ ਗੁਰਦੁਆਰਾ ਨਹੀਂ ਬਣਾਉ ਪਰ ਅੱਜ ਕੱਲ੍ਹ ਸਿੱਖ ਧਰਮ ਵਿੱਚ ਪਨਪੇ ਡੇਰੇਦਾਰਾਂ ਵਲੋਂ ਇਸ ਤਰ੍ਹਾਂ ਦੇ ਆਲੀਸ਼ਾਨ ਗੁਰਦੁਆਰੇ ਬਣਾ ਕੇ ਸਿੱਖਾਂ ਵਿੱਚ ਤੀਰਥਾਂ ਦੀ ਥਿਊਰੀ ਨੂੰ ਪ੍ਰਚੱਲਤ ਕੀਤਾ ਜਾ ਰਿਹਾ ਹੈ, ਜੋ ਸਿੱਖਾਂ ਦੇ ਅੱਡਰੇਪਨ ਲਈ ਘਾਤਕ ਹੋਵੇਗਾ।

ਸਿੱਖ ਸਮਾਜ ਗੁਰੂ ਸਾਹਿਬਾਨ ਨੂੰ 10 ਨਾਨਕ ਜੋਤਾਂ ਮੰਨਦਾ ਹੈ; ਭਾਵ, ਇਕ ਜੋਤ ਦੂਜੀ ਵਿੱਚ ਤਬਦੀਲ ਹੋਈ ਪਰ ਅਗਰ ਹੇਮਕੁੰਟ ਦੀ ਥਿਊਰੀ ਨੂੰ ਸਵੀਕਾਰ ਕੀਤਾ ਜਾਂਦਾ ਹੈ ਤਾਂ ਫਿਰ ਗੁਰੂ ਗੋਬਿੰਦ ਸਿੰਘ ਨਾਨਕ ਦੀ ਦਸਵੀਂ ਜੋਤ ਕਿਵੇਂ ਹੋ ਸਕਦੀ ਹੈ? ਕਿਉਂਕਿ ਹੇਮਕੁੰਟ ਦੀ ਧਾਰਨਾ ਸਿੱਖੀ ਦੇ ਮੁਢਲੇ ਅਸੂਲ ਦੇ ਬਿਲਕੁਲ ਉਲਟ ਹੈ। ਦੂਜਾ, ਜਦੋਂ ਸਰਕਾਰਾਂ ਜਾਂ ਮਨਮਤੀਏ ਧਰਮ ਵਿੱਚ ਇਹੋ ਜਿਹੇ ਵਿਗਾੜ ਪੈਦਾ ਕਰਨ ਵਾਲੇ ਕੰਮਾਂ ਨੂੰ ਉਤਸ਼ਾਹਿਤ ਕਰਦੇ ਹਨ ਤਾਂ ਪੜ੍ਹਿਆ-ਲਿਖਿਆ ਸਿੱਖ ਵਰਗ ਕਿਉਂ ਨਹੀਂ ਬੋਲਦਾ? ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜਾਂ ਤਾਂ ਉਹ ਸਿੱਖ ਸਿਧਾਂਤਾਂ ਤੋਂ ਬਿਲਕੁਲ ਸੱਖਣੇ ਹਨ, ਜਾਂ ਫਿਰ ਉਨ੍ਹਾਂ ਨੂੰ ਸਿਧਾਂਤਾਂ ਵਿੱਚ ਪਾਏ ਜਾ ਰਹੇ ਇਸ ਵਿਗਾੜ ਨਾਲ ਕੋਈ ਫ਼ਰਕ ਹੀ ਨਹੀਂ ਪੈਂਦਾ।

ਅੰਤ ਵਿੱਚ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਉਹ ਐਸੀ ਮਨਮਤ ਦੇ ਪ੍ਰਚਾਰ ਨੂੰ ਪ੍ਰਵਾਨਗੀ ਨਾ ਦੇਣ ਅਤੇ ਅਜਿਹੇ ਪ੍ਰਚਾਰ ਖਿਲਾਫ ਆਪਣੀ ਆਵਾਜ਼ ਬੁਲੰਦ ਕਰਨ ਤਾਂ ਜੋ ਸਿੱਖ ਧਰਮ ਵਿੱਚ ਹੋਰ ਵਿਗਾੜ ਪੈਣ ਤੋਂ ਰੋਕਿਆ ਜਾ ਸਕੇ। ਇਹੀ ਸਿੱਖ ਧਰਮ ਦੇ ਹਿੱਤ ਵਿੱਚ ਹੋਵੇਗਾ।

# 'ਜੰਨਤ' 'ਚ ਦਹਿਸ਼ਤ ਦਾ ਤਾਂਡਵ !

*ਰਾਸ਼ਟਰਪਤੀ ਰਾਜ ਤੋਂ ਬਾਅਦ ਜਮਹੂਰੀ ਅਮਲ ਦੇ ਪਿੱਛੋਂ ਉਥੇ ਚੁਣੀ ਹੋਈ ਸਰਕਾਰ ਬਣੀ ਪਰ ਕੇਂਦਰ ਸ਼ਾਸਿਤ ਸੂਬਾ ਹੋਣ ਦੀ ਵਜ੍ਹਾ ਕਰ ਕੇ ਵੀ ਅੱਤਵਾਦ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਨਾਕਾਮ ਦਿਸਦੀਆਂ ਹਨ।*



ਜੰਮੂ-ਕਸ਼ਮੀਰ ਵਿਚ ਪਿਛਲੇ ਕੁਝ ਸਮੇਂ ਤੋਂ ਦਹਿਸ਼ਤਗਰਦਾਂ ਦੇ ਹਮਲਿਆਂ ਅਤੇ ਉਨ੍ਹਾਂ ਦੀਆਂ ਸਰਗਰਮੀਆਂ 'ਚ ਜਿਸ ਕਦਰ ਵਾਧਾ ਹੋਇਆ ਹੈ, ਉਸ ਤੋਂ ਚਿੰਤਾ ਸੁਭਾਵਿਕ ਹੈ। ਕੀ ਇਹ ਸਮੱਸਿਆ ਇਕ ਵਾਰ ਫਿਰ ਜਟਿਲ ਸ਼ਕਲ ਅਖ਼ਤਿਆਰ ਕਰ ਰਹੀ ਹੈ? ਇਸ ਹਮਲੇ ਨੇ ਅੱਤਵਾਦੀਆਂ ਤੇ ਉਨ੍ਹਾਂ ਦੇ ਆਕਾਵਾਂ ਦੇ ਖ਼ਤਰਨਾਕ ਇਰਾਦੇ ਜੱਗ ਜ਼ਾਹਰ ਕਰਨ ਦਾ ਕੰਮ ਕੀਤਾ ਹੈ ਜੋ ਭਾਰਤ ਸਰਕਾਰ ਲਈ ਖ਼ਤਰੇ ਦੀ ਘੰਟੀ ਹੈ। ਵਾਦੀ ਵਿਚ ਖ਼ੂਨ-ਖ਼ਰਾਬਾ ਰੋਕਣ ਲਈ ਉਸ ਨੂੰ ਸਖ਼ਤ ਅਤੇ ਫ਼ੈਸਲਾਕੁੰਨ ਕਦਮ ਹਰ ਹਾਲਤ ਵਿਚ ਚੁੱਕਣੇ ਹੀ ਪੈਣਗੇ।

ਏਨਾ ਸਾਫ਼ ਹੈ ਕਿ ਅੱਤਵਾਦ ਦੇ ਰਸਤੇ ਭਾਰਤ 'ਚ ਜੋ ਮਕਸਦ ਦਹਿਸ਼ਤਗਰਦ ਹਾਸਲ ਕਰਨਾ ਚਾਹੁੰਦੇ ਹਨ, ਉਹ ਪੂਰਾ ਹੋਣਾ ਸੰਭਵ ਨਹੀਂ ਹੈ ਪਰ ਇਹ ਵੀ ਵੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਹਮਲਿਆਂ ਦੀ ਰਣਨੀਤੀ ਵਿਚ ਜਿਹੜੀ ਤਬਦੀਲੀ ਆਈ ਹੈ, ਉਹ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਰਹੀ ਹੈ। ਉੱਥੇ ਹੁਣ ਹਰ ਰੋਜ਼ ਅੱਤਵਾਦੀ ਹਮਲੇ, ਉਨ੍ਹਾਂ ਨਾਲ ਸੁਰੱਖਿਆ ਬਲਾਂ ਦੇ ਮੁਕਾਬਲੇ, ਕੁਝ ਅੱਤਵਾਦੀਆਂ ਦਾ ਮਾਰੇ ਜਾਣਾ ਜਾਂ ਫਿਰ ਫ਼ੌਜੀ ਜਵਾਨਾਂ ਦੀਆਂ ਸ਼ਹਾਦਤੀ ਘਟਨਾਵਾਂ ਅਕਸਰ ਸਾਹਮਣੇ ਆਉਣ ਲੱਗੀਆਂ ਹਨ। ਬੀਤੇ ਕੁਝ ਸਾਲਾਂ 'ਚ ਪਾਕਿਸਤਾਨ ਸਥਿਤ ਟਿਕਾਣਿਆਂ ਤੋਂ ਆਪਣੀਆਂ ਗਤੀਵਿਧੀਆਂ ਸੰਚਾਲਤ ਕਰਨ ਵਾਲੇ ਅੱਤਵਾਦੀ ਸੰਗਠਨਾਂ ਨੇ ਸੁਰੱਖਿਆ ਬਲਾਂ ਦੇ ਕੈਂਪਾਂ ਉੱਤੇ ਹਮਲੇ ਕਰਨ ਅਤੇ ਨਿਸ਼ਾਨੇ ਮਿੱਥ ਕੇ ਹਮਲਿਆਂ ਦੀ ਰਣਨੀਤੀ ਅਪਣਾਉਣੀ ਸ਼ੁਰੂ ਕਰ ਦਿੱਤੀ ਹੈ। ਹੁਣ ਇਸੇ ਰਣਨੀਤੀ ਤਹਿਤ ਅੱਤਵਾਦੀਆਂ ਨੇ ਸੈਲਾਨੀਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ ਜਿਨ੍ਹਾਂ ਦੇ ਪਿੱਛੇ ਲੁਕਿਆ ਮਕਸਦ ਸਾਫ਼ ਤੇ ਸਪਸ਼ਟ ਹੈ ਕਿ ਜੰਮੂ-ਕਸ਼ਮੀਰ ਵਿਚ ਸੈਰ-ਸਪਾਟੇ ਲਈ ਜਾਂ ਕਿਸੇ ਹੋਰ ਕਾਰਨਾਂ ਕਰਕੇ ਆਉਣ ਵਾਲੇ ਬਾਹਰ ਦੇ ਲੋਕਾਂ ਅੰਦਰ ਡਰ ਪੈਦਾ ਕੀਤਾ ਜਾਵੇ। ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿਚ ਪੈਂਦੇ ਸੈਲਾਨੀ ਕੇਂਦਰ ਪਹਿਲਗਾਮ ਨੇੜਲੇ ਖ਼ੂਬਸੂਰਤ ਘਾਹ ਦੇ ਮੈਦਾਨ 'ਬੈਸਾਰਨ ਘਾਟੀ' ਵਿਚ ਮੰਗਲਵਾਰ ਦੁਪਹਿਰੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲੇ ਵਿਚ 26 ਸੈਲਾਨੀਆਂ ਤੇ ਦੋ ਸਥਾਨਕ ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿਚ ਦੋ ਵਿਦੇਸ਼ੀ ਸੈਲਾਨੀ ਵੀ ਦੱਸੇ ਜਾਂਦੇ ਹਨ। ਇੱਥੇ ਹੋਏ ਦਹਿਸ਼ਤੀ ਹਮਲੇ ਦੌਰਾਨ ਮਦਦ ਲਈ ਕੁਰਲਾਉਂਦੇ ਰਹੇ ਲੋਕਾਂ ਦੀਆਂ ਚੀਕਾਂ ਬੈਸਾਰਨ ਦੇ ਮੈਦਾਨੀ ਇਲਾਕੇ ਵਿਚ ਗੂੰਜਦੀਆਂ ਰਹੀਆਂ ਪਰ ਮਦਦ ਲਈ ਕੋਈ ਵੀ ਨਹੀਂ ਸੀ। ਉਨ੍ਹਾਂ ਦੇ ਸਕੇ-ਸਬੰਧੀਆਂ ਦੀਆਂ ਲਾਸ਼ਾਂ ਖ਼ੂਨ ਨਾਲ ਲਥਪਥ ਪਈਆਂ ਸਨ। ਪੁਣੇ ਦੇ ਇਕ ਕਾਰੋਬਾਰੀ ਦੀ 26 ਸਾਲਾ ਧੀ ਅਸ਼ਵਰੀ ਜਗਦਲੇ ਨੇ ਦੱਸਿਆ ਕਿ ਅੱਤਵਾਦੀਆਂ ਨੇ ਉਸ ਦੇ ਪਿਤਾ ਤੇ ਚਾਚੇ ਨੂੰ ਗੋਲੀ ਮਾਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਬਾਰੇ ਅਪਸ਼ਬਦ ਕਹੇ। ਉਸ ਦੇ 54 ਸਾਲਾ ਪਿਤਾ ਸੰਤੋਸ਼ ਜਗਦਲੇ ਨੂੰ ਕਿਹਾ ਕਿ ਉਹ ਤੰਬੂ ਤੋਂ ਬਾਹਰ ਆ ਕੇ ਆਇਤ ਪੜ੍ਹੇ। ਜਦੋਂ ਉਹ ਅਜਿਹਾ ਨਾ ਕਰ ਸਕੇ ਤਾਂ ਅੱਤਵਾਦੀਆਂ ਨੇ ਉਨ੍ਹਾਂ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ। ਇਹ ਹਮਲਾ ਜੰਮੂ-ਕਸ਼ਮੀਰ ਨੂੰ ਸੰਵਿਧਾਨਕ ਅਧਿਕਾਰ ਦੇਣ ਵਾਲੀ ਧਾਰਾ 370 ਨੂੰ ਮਨਸੂਖ਼ ਕਰਨ ਤੋਂ ਬਾਅਦ ਸਭ ਤੋਂ ਵੱਡਾ ਹੈ। ਇਸ ਤੋਂ ਪਹਿਲਾਂ ਫਰਵਰੀ 2019 ਵਿਚ ਪੁਲਵਾਮਾ 'ਚ ਹੋਏ ਆਤਮਘਾਤੀ ਅੱਤਵਾਦੀ ਹਮਲੇ ਵਿਚ ਸੀਆਰਪੀਐੱਫ ਦੇ 47 ਜਵਾਨ ਸ਼ਹੀਦ ਹੋ ਗਏ ਸਨ। ਇਸ ਦੌਰਾਨ ਪਾਬੰਦੀਸ਼ੁਦਾ ਜਥੇਬੰਦੀ ਲਸ਼ਕਰ-ਏ-ਤੋਇਬਾ ਨਾਲ ਸਬੰਧਤ ਤਨਜ਼ੀਮ 'ਦਿ ਰਿਜ਼ਿਸਟੈਂਸ ਫਰੰਟ' ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ।

ਦਹਿਸ਼ਗਰਦ ਹਮਲਾਵਰਾਂ ਦਾ ਪਤਾ ਲਾਉਣ ਲਈ ਵੱਡੇ ਪੱਧਰ 'ਤੇ ਤਲਾਸ਼ੀ ਮੁਹਿਮ ਸ਼ੁਰੂ ਕੀਤੀ ਗਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਸਣੇ ਦੁਨੀਆ ਦੇ ਵੱਖ-ਵੱਖ ਨੇਤਾਵਾਂ ਨੇ ਇਸ ਹਮਲੇ ਦੀ ਨਿੰਦਾ ਕੀਤੀ ਹੈ। ਸੂਤਰਾਂ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਊਦੀ ਅਰਬ ਦਾ ਦੌਰਾ ਵਿਚਾਲੇ ਛੱਡ ਦਿੱਤਾ ਹੈ। ਉਨ੍ਹਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜੰਮੂ-ਕਸ਼ਮੀਰ ਜਾ ਕੇ ਸਥਿਤੀ ਦਾ ਜ਼ਾਇਜ਼ਾ ਲੈਣ ਦਾ ਹੁਕਮ ਦਿੱਤਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ੍ਰੀਨਗਰ ਪਹੁੰਚ ਕੇ ਉਪ ਰਾਜਪਾਲ ਮਨੋਜ ਸਿਨਹਾ,

**-ਮੁਖ਼ਤਾਰ ਗਿੱਲ**

ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਹੋਰ ਉੱਚ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ।

ਮਈ 2020 ਵਿਚ ਹੁੰਦਵਾੜਾ 'ਚ ਸੀਆਰਪੀਐੱਫ ਦੀ ਇਕ ਗਸ਼ਤੀ ਪਾਰਟੀ 'ਤੇ ਦਹਿਸ਼ਤਗਰਦਾਂ ਦੇ ਹਮਲੇ ਵਿਚ ਚਾਰ ਜਵਾਨ ਸ਼ਹੀਦ ਹੋਏ ਸਨ। ਬਾਰਾਂ ਦਸੰਬਰ 2021 ਨੂੰ ਅੱਤਵਾਦੀਆਂ ਦੇ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ ਵਿਚ ਤਿੰਨ ਪੁਲਿਸ ਕਰਮੀ ਸ਼ਹੀਦ ਅਤੇ 11 ਜ਼ਖ਼ਮੀ ਹੋ ਗਏ ਸਨ। ਛੱਬੀ ਫਰਵਰੀ 2023 ਨੂੰ ਪੁਲਵਾਮਾ 'ਚ ਕਸ਼ਮੀਰੀ ਪੰਡਿਤ ਸੰਜੇ ਸ਼ਰਮਾ, ਹੱਬਾ ਕਦਲ ਵਿਚ ਦੋ ਸਿੱਖ, ਪ੍ਰਿੰਸੀਪਲ ਤੇ ਅਧਿਆਪਕ ਤੇ ਪਰਵਾਸੀ ਮਜ਼ਦੂਰ ਮਾਰੇ ਗਏ।

ਅਕਤੂਬਰ 2023 'ਚ ਅੱਤਵਾਦੀਆਂ ਦੇ ਅਨੰਤਨਾਗ ਤੇ ਸ਼ੋਪੀਆਂ ਜ਼ਿਲ੍ਹਿਆਂ ਵਿਚ ਪਰਵਾਸੀ ਮਜ਼ਦੂਰਾਂ ਉੱਤੇ ਕਈ ਹਮਲੇ ਹੋਏ। ਉੱਤਰ ਪ੍ਰਦੇਸ਼ ਦੇ ਇਕ ਪਰਵਾਸੀ ਮਜ਼ਦੂਰ ਤੇ ਘਰ ਦੇ ਬਾਹਰ ਕ੍ਰਿਕਟ ਖੇਡ ਰਹੇ ਇੰਸਪੈਕਟਰ ਮਗਰੂਰ ਅਹਿਮਦ ਦੀ ਜਾਨ ਲੈ ਲਈ ਗਈ। ਸਤੰਬਰ 'ਚ ਕੋਕੇਰਨਾਗ ਦੇ ਜੰਗਲ ਵਿਚ ਹੋਏ ਮੁਕਾਬਲੇ 'ਚ ਕਮਾਂਡਿੰਗ ਅਫ਼ਸਰ, ਮੇਜਰ ਤੇ ਡੀਐੱਸਪੀ ਸ਼ਹੀਦ ਹੋ ਗਏ। ਤੀਹ ਮਈ 2024 ਨੂੰ ਪੁਣਛ 'ਚ ਫ਼ੌਜ ਦੇ ਕਾਫ਼ਲੇ 'ਤੇ ਘਾਤ ਲਾ ਕੇ ਕੀਤੇ ਹਮਲੇ ਵਿਚ ਇਕ ਜਵਾਨ ਸ਼ਹੀਦ, ਜੰਮੂ ਤੋਂ ਕਟੜਾ ਜਾ ਰਹੀ ਤੀਰਥ ਯਾਤਰੀਆਂ ਦੀ ਬੱਸ 'ਤੇ ਹਮਲਾ ਕੀਤਾ ਤੇ ਬੱਸ ਖੱਡ ਵਿਚ ਜਾ ਡਿੱਗੀ। ਡਰਾਈਵਰ-ਕੰਡਕਟਰ ਸਮੇਤ 11 ਮੌਤਾਂ ਹੋ ਗਈਆਂ ਤੇ 33 ਜ਼ਖ਼ਮੀ ਹੋਏ।

ਜੁਲਾਈ ਮਹੀਨੇ 'ਚ ਅੱਤਵਾਦੀਆਂ ਨਾਲ ਹੋਏ ਮੁਕਾਬਲੇ ਵਿਚ 15 ਜਵਾਨ ਸ਼ਹੀਦ ਹੋਏ। ਡੋਡਾ 'ਚ ਅੱਤਵਾਦੀਆਂ ਨਾਲ ਹੋਏ ਮੁਕਾਬਲੇ 'ਚ ਕੈਪਟਨ ਦੀਪਕ ਸਿੰਘ 8 ਜੁਲਾਈ ਨੂੰ ਕਠੂਆ 'ਚ 5 ਜਵਾਨ ਸ਼ਹੀਦ ਹੋਏ। ਇਕ ਜੇਸੀਓ ਸਮੇਤ ਚਾਰ ਜਵਾਨ ਸ਼ਹੀਦ ਹੋਏ। ਗਾਂਦਰਬਲ ਵਿਚ ਸੁਰੰਗ ਦੇ ਨਿਰਮਾਣ 'ਚ ਲੱਗੇ ਇਕ ਅਧਿਕਾਰੀ ਸਮੇਤ 7 ਮਜ਼ਦੂਰ ਮਾਰੇ ਗਏ। ਜੰਮੂ ਦੇ ਅਖਨੂਰ 'ਚ ਫ਼ੌਜ ਦੇ ਕੈਪਟਨ ਕਰਮਜੀਤ ਸਿੰਘ ਬਖ਼ਸ਼ੀ ਅਤੇ ਨਾਇਕ ਮੁਕੇਸ਼ ਸ਼ਹੀਦ ਹੋ ਗਏ। ਪਹਿਲਗਾਮ ਦੀ ਬੈਸਰਾਨ ਘਾਟੀ ਵਿਚ ਸੈਲਾਨੀਆਂ 'ਤੇ ਗੋਲੀਬਾਰੀ ਦਾ ਮਕਸਦ ਜੰਮੂ-ਕਸ਼ਮੀਰ ਦੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਉਣਾ ਹੈ ਜਿਸ ਵਿਚ ਸੈਰ-ਸਪਾਟੇ ਦੀ ਭੂਮਿਕਾ ਬੜੀ ਅਹਿਮ ਹੈ। ਦਹਿਸ਼ਤਗਰਦ ਸੈਲਾਨੀਆਂ ਵਿਚ ਖ਼ੌਫ਼ ਪੈਦਾ ਕਰਨਾ ਚਾਹੁੰਦੇ ਹਨ ਤਾਂ ਕਿ ਕਸ਼ਮੀਰ ਦੀ ਇਸ ਜੀਵਨ ਰੇਖਾ ਨੂੰ ਤਬਾਹ ਕੀਤਾ ਜਾ ਸਕੇ। ਦੂਸਰਾ ਮਕਸਦ ਸਰਕਾਰ ਤੇ ਸੁਰੱਖਿਆ ਬਲਾਂ ਨੂੰ ਚੁਣੌਤੀ ਪੇਸ਼ ਕਰਨਾ ਤੇ ਬਾਹਰਲੇ ਲੋਕਾਂ ਨੂੰ ਡਰਾਉਣਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਜਿਸ ਤਰ੍ਹਾਂ ਸਥਾਨਕ ਲੋਕਾਂ ਵਿਚ ਅੱਤਵਾਦੀਆਂ ਖ਼ਿਲਾਫ਼ ਗੁੱਸਾ ਵੇਖਿਆ ਗਿਆ, ਉਹ ਭਵਿੱਖ ਲਈ ਇਕ ਉਮੀਦ ਜਗਾਉਂਦਾ ਹੈ। ਰਾਜ ਦੀਆਂ ਸਭ ਮੁੱਖ ਧਾਰਾ ਦੀਆਂ ਪਾਰਟੀਆਂ ਨੇ ਇਸ ਕਾਇਰਤਾਪੂਰਨ ਹਮਲੇ ਦੀ ਇਕਸੁਰ 'ਚ ਨਿੰਦਾ ਕੀਤੀ ਹੈ।

ਰਾਸ਼ਟਰਪਤੀ ਰਾਜ ਤੋਂ ਬਾਅਦ ਜਮਹੂਰੀ ਅਮਲ ਦੇ ਪਿੱਛੋਂ ਉੱਥੇ ਚੁਣੀ ਹੋਈ ਸਰਕਾਰ ਬਣੀ ਪਰ ਕੇਂਦਰ ਸ਼ਾਸਿਤ ਸੂਬਾ ਹੋਣ ਦੀ ਵਜ੍ਹਾ ਕਰ ਕੇ ਵੀ ਅੱਤਵਾਦ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਨਾਕਾਮ ਦਿਸਦੀਆਂ ਹਨ। ਜੇਕਰ ਹੁਣ ਵੀ ਕੇਂਦਰ, ਉਪ ਰਾਜਪਾਲ ਤੇ ਮੁੱਖ ਮੰਤਰੀ ਨੇ ਇਸ ਮਸਲੇ 'ਤੇ ਕੋਈ ਠੋਸ ਤੇ ਯਕੀਨਨ ਕੋਈ ਕਾਰਵਾਈ ਨਾ ਕੀਤੀ ਤਾਂ ਦੂਰਗਾਮੀ ਘਾਤਕ ਨਤੀਜੇ ਸਾਹਮਣੇ ਆ ਸਕਦੇ ਹਨ।

ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਘਿਨੌਣੇ ਹਮਲੇ ਤੋਂ ਬਾਅਦ ਭਾਰਤ ਸਰਕਾਰ 'ਤੇ ਜਵਾਬੀ ਕਾਰਵਾਈ ਕਰਨ ਦਾ ਦਬਾਅ ਬਹੁਤ ਵਧ ਚੁੱਕਾ ਹੈ। ਇਹ ਦਹਿਸ਼ਤੀ ਹਮਲਾ ਕੋਈ ਸਾਧਾਰਨ ਘਟਨਾ ਨਹੀਂ ਹੈ। ਪਾਕਿਸਤਾਨ ਅਤੇ ਅੱਤਵਾਦੀ ਸੰਗਠਨਾਂ ਨੂੰ ਇਸ ਕਾਰੇ ਦੇ ਮਾੜੇ ਨਤੀਜਿਆਂ ਦਾ ਅਹਿਸਾਸ ਸੀ, ਫਿਰ ਵੀ ਉਨ੍ਹਾਂ ਨੇ ਇਸ ਘਟਨਾ ਨੂੰ ਅੰਜਾਮ ਦੇ ਕੇ ਇਕ ਤਰ੍ਹਾਂ ਨਾਲ ਭਾਰਤੀ ਹਕੂਮਤ ਨੂੰ ਖੁੱਲ੍ਹੀ ਚੁਣੌਤੀ ਦੇ ਦਿੱਤੀ ਹੈ ਜਿਸ ਨੂੰ ਸਵੀਕਾਰ ਕਰਨਾ ਭਾਰਤ ਦੀ ਮਜਬੂਰੀ ਬਣ ਗਿਆ ਹੈ।

ਇਹੀ ਵਜ੍ਹਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਮੋਦੀ ਆਪਣਾ ਸਾਊਦੀ ਅਰਬ ਦਾ ਦੌਰਾ ਛੋਟਾ ਕਰ ਕੇ ਵਤਨ ਪਰਤ ਆਏ ਹਨ ਅਤੇ ਬੁੱਧਵਾਰ ਨੂੰ ਕਈ ਹੰਗਾਮੀ ਮੀਟਿੰਗਾਂ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਖ਼ਿਲਾਫ਼ ਕਈ ਸਖ਼ਤ ਕਦਮ ਚੁੱਕਣ ਦਾ ਐਲਾਨ ਕਰ ਦਿੱਤਾ ਹੈ। ਮੌਜੂਦਾ ਹਾਲਾਤ ਵਿਚ ਭਾਰਤ ਨੂੰ ਕੌਮਾਂਤਰੀ ਭਾਈਚਾਰੇ ਦਾ ਵੀ ਪੂਰਾ ਸਮਰਥਨ ਮਿਲ ਰਿਹਾ ਹੈ। ਅਮਰੀਕਾ, ਰੂਸ, ਚੀਨ ਸਮੇਤ ਕਈ ਹੋਰ ਦੇਸ਼ਾਂ ਤੇ ਸੰਯੁਕਤ ਰਾਸ਼ਟਰ ਸੰਗਠਨ ਨੇ ਵੀ ਇਸ ਘਿਨੌਣੇ ਹਮਲੇ ਦੀ ਨਿਖੇਧੀ ਕਰਦਿਆਂ ਭਾਰਤ ਨੂੰ ਪੂਰੀ ਹਮਾਇਤ ਦਿੱਤੀ ਹੈ।

# ਇਹ ਤਾਂ ਕਸ਼ਮੀਰੀਅਤ ਨਹੀਂ !

ਜੰਨਤ ਬਣੀ ਜਹੰਨਮ। ਪਹਿਲਗਾਮ ਹੋਇਆ ਲਹੂ-ਲੁਹਾਣ। ਬਾਈ ਅਪ੍ਰੈਲ ਨੂੰ 'ਧਰਤੀ ਦਾ ਸਵਰਗ' ਕਹੀ ਜਾਣ ਵਾਲੀ ਕਸ਼ਮੀਰ ਵਾਦੀ ਵਿਚ 28 ਮਰਦ ਸੈਲਾਨੀਆਂ ਦੇ ਕਤਲੇਆਮ ਨੇ ਹਰ ਸੰਵੇਦਨਸ਼ੀਲ ਵਿਅਕਤੀ ਦੀ ਰੂਹ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਬਹੁਤੀਆਂ ਅਖ਼ਬਾਰਾਂ ਦੇ ਪਹਿਲੇ ਪੰਨੇ ਸਿਆਹ ਸਨ। ਸੁਰਖੀਆਂ 'ਤੇ ਖ਼ੂਨ ਦੇ ਛਿੱਟੇ ਦਿਖਾਏ ਗਏ। ਪਹਿਲਗਾਮ ਹਮਲੇ ਦੇ ਪੀੜਤਾਂ ਦੀਆਂ ਛਪੀਆਂ ਤਸਵੀਰਾਂ ਨੇ ਹਲੂਣ ਕੇ ਰੱਖ ਦਿੱਤਾ। ਕਰਨਾਲ ਵਾਸੀ ਨੇਵੀ ਦੇ ਲੈਫਟੀਨੈਂਟ ਵਿਨੇ ਕੁਮਾਰ (26) ਦੀ ਦੇਹ ਕੋਲ ਲਾਲ ਚੂੜਾ ਪਾਈ ਪੱਥਰ ਬਣੀ ਬੈਠੀ ਉਸ ਦੀ ਨਵ-ਵਿਆਹੁਤਾ ਪਤਨੀ ਹਿਮਾਂਸ਼ੀ ਨੇ ਪੱਥਰ ਦਿਲਾਂ ਨੂੰ ਵੀ ਪਿਘਲਾ ਦਿੱਤਾ। ਕੁਝ ਮਿੰਟ ਪਹਿਲਾਂ ਹੀ ਤਾਂ ਉਸ ਦੀਆਂ ਵੀਣੀਆਂ ਵਿਚ ਚੂੜਾ ਛਣਕ ਰਿਹਾ ਸੀ। ਵਾਇਰਲ ਹੋਈ ਉਨ੍ਹਾਂ ਦੀ ਵੀਡੀਓ ਕਲਿੱਪ ਵਿਚ ਜੋੜੀ ਕੁਦਰਤ ਦੀ ਗੋਦ ਵਿਚ ਆਨੰਦ ਮਾਣ ਰਹੀ ਸੀ। ਛੇ ਦਿਨ ਪਹਿਲਾਂ ਉਹ ਵਿਆਹ ਦੇ ਬੰਧਨ ਵਿਚ ਬੱਝੇ ਸਨ। ਦੋ ਦਿਨ ਬਾਅਦ ਰਿਸੈਪਸ਼ਨ ਸੀ। ਮਹਿਜ਼ ਦੋ ਦਿਨ ਪਹਿਲਾਂ ਉਹ ਮਧੂ-ਚੰਦ੍ਰਿਕਾ ਲਈ ਕਸ਼ਮੀਰ ਆਏ ਸਨ। ਅੱਤਵਾਦੀਆਂ ਨੇ ਵਿਨੇ ਨੂੰ ਕਲਮਾ ਜਾਂ ਆਇਤਾਂ ਪੜ੍ਹਨ ਲਈ ਕਿਹਾ। ਗ਼ੈਰ-ਮੁਸਲਮਾਨ ਵਜੋਂ ਪਛਾਣ ਹੋਣ 'ਤੇ ਉਸ ਨੂੰ ਗੋਲੀਆਂ ਨਾਲ ਛਲਣੀ ਕਰ ਦਿੱਤਾ। ਬਾਕੀ ਪੀੜਤਾਂ ਨਾਲ ਵੀ ਇੰਜ ਹੀ ਕੀਤਾ ਗਿਆ। ਮੁਹੰਮਦ ਇਕਬਾਲ ਦਾ ਤਰਾਨਾ 'ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ' ਉਹ ਭੁੱਲ ਚੁੱਕੇ ਸਨ। ਢਾਈ ਦਹਾਕਿਆਂ ਬਾਅਦ ਅਜਿਹੀ ਹਿੰਸਕ ਵਾਰਦਾਤ ਹੋਈ ਸੀ। ਸਥਾਨਕ ਕਸ਼ਮੀਰੀ ਲੋਕ ਸੈਲਾਨੀਆਂ ਦਾ ਬੇਤਾਬੀ ਨਾਲ ਇੰਤਜ਼ਾਰ ਕਰਿਆ ਕਰਦੇ ਹਨ। ਸੀਜ਼ਨ ਵਿਚ ਉਹ ਪੂਰੇ ਸਾਲ ਦੀ ਕਮਾਈ ਕਰ ਲੈਂਦੇ ਹਨ। ਹਿੰਸਾ ਹੁੰਦੀ ਹੈ ਤਾਂ ਉਨ੍ਹਾਂ ਦੇ ਸ਼ਿਕਾਰਿਆਂ 'ਤੇ ਉਦਾਸੀ ਛਾ ਜਾਂਦੀ ਹੈ। ਝੀਲਾਂ ਦਾ ਜਲ-ਤਰੰਗ ਵੀ ਨਹੀਂ ਭਾਉਂਦਾ। ਸਰਹੱਦ ਪਾਰੋਂ ਦਹਿਸ਼ਤ ਤੇ ਵਹਿਸ਼ਤ ਫੈਲਾਉਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਪਿਛਲੇ ਸਮੇਂ ਵਿਚ ਕੁਝ ਕਸ਼ਮੀਰੀ ਨੌਜਵਾਨ ਬਹਿਕਾਵੇ ਵਿਚ ਜ਼ਰੂਰ ਆਏ ਸਨ। ਗੁਆਂਢੀ ਮੁਲਕ ਦੇ ਦਹਿਸ਼ਤਗਰਦਾਂ ਨੇ ਉਨ੍ਹਾਂ ਦੇ ਮਨਾਂ ਵਿਚ ਜ਼ਹਿਰ ਭਰ ਦਿੱਤਾ ਤਾਂ ਉਹ ਪੱਥਰਬਾਜ਼ ਬਣ ਗਏ। ਲੰਬਾ ਸਮਾਂ ਮੌਤ ਦਾ ਤਾਂਡਵ ਹੁੰਦਾ ਰਿਹਾ। ਦੋ ਅਗਸਤ 2000 ਨੂੰ ਅੱਤਵਾਦੀਆਂ ਨੇ ਅਮਰਨਾਥ ਗੁਫ਼ਾ ਵਿਚ ਬਰਫਾਨੀ ਬਾਬਾ ਦੇ ਦਰਸ਼ਨ ਕਰਨ ਜਾ ਰਹੇ ਨਿਹੱਥੇ 21 ਸ਼ਰਧਾਲੂਆਂ ਦੇ ਖ਼ੂਨ ਨਾਲ ਹੱਥ ਰੰਗੇ ਸਨ। ਅੰਨ੍ਹੇਵਾਹ ਕੀਤੀ ਫਾਇਰਿੰਗ ਵਿਚ ਸੱਤ ਮੁਸਲਮਾਨ ਦੁਕਾਨਦਾਰ, ਕੁਲੀ, ਸਥਾਨਕ ਬਕਰਵਾਲ, ਗੁੱਜਰ ਤੇ ਤਿੰਨ ਸੁਰੱਖਿਆ ਕਰਮੀਆਂ ਨੇ ਵੀ ਜਾਨ ਗੁਆਈ ਸੀ। ਅਗਲੇ ਸਾਲ ਫਿਰ ਦੋ ਦਰਜਨ ਤੀਰਥ ਯਾਤਰੀਆਂ ਦਾ ਕਤਲ ਕੀਤਾ ਗਿਆ ਸੀ। ਸੰਨ 2002 ਵਿਚ ਪਹਿਲਗਾਮ ਦੇ ਨੂਨਵਾਨ ਬੇਸ ਕੈਂਪ 'ਤੇ 11 ਸ਼ਰਧਾਲੂਆਂ ਦਾ ਕਤਲ ਕੀਤਾ ਗਿਆ। ਪਿਛਲੇ ਸਾਲ 2024 ਵਿਚ ਜੈਪੁਰ ਤੋਂ ਆਏ ਜੋੜੇ 'ਤੇ ਹਮਲਾ ਹੋਇਆ ਸੀ। ਇਨ੍ਹਾਂ ਵਾਰਦਾਤਾਂ 'ਚ ਪਛਾਣ ਪੁੱਛ ਕੇ ਕਿਸੇ ਨੂੰ ਨਿਸ਼ਾਨਾ ਨਹੀਂ ਸੀ ਬਣਾਇਆ ਗਿਆ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਪਹਿਲਗਾਮ ਕਾਂਡ ਨੂੰ ਬੇਹੱਦ ਮੰਦਭਾਗਾ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕਸ਼ਮੀਰੀਅਤ ਨਹੀਂ ਹੈ ਕਿ ਮਹਿਮਾਨਾਂ ਨੂੰ ਤਾਬੂਤਾਂ ਵਿਚ ਬੰਦ ਕਰ ਕੇ ਉਨ੍ਹਾਂ ਦੇ ਘਰਾਂ ਵਿਚ ਭੇਜਿਆ ਜਾਵੇ। ਮੁੱਖ ਮੰਤਰੀ ਨੇ ਸਯਦ ਆਦਿਲ ਹੁਸੈਨ ਸ਼ਾਹ ਦੀ ਸ਼ਹਾਦਤ ਨੂੰ ਸਲਾਮ ਕੀਤਾ ਜਿਸ ਨੇ ਸੈਲਾਨੀਆਂ ਦੀ ਜਾਨ ਬਚਾਉਂਦਿਆਂ ਆਪਣਾ ਆਪ ਕੁਰਬਾਨ ਕਰ ਦਿੱਤਾ ਸੀ। ਕੱਟੜਪੰਥੀਆਂ ਨੇ ਆਪਣੇ ਦੀਨੀ ਭਾਈ ਨੂੰ ਵੀ ਨਾ ਬਖ਼ਸ਼ਿਆ। ਹੈਵਾਨੀਅਤ ਵੇਲੇ ਇਨਸਾਨੀਅਤ ਦਿਖਾਉਣ ਵਾਲੇ ਇਕ ਹੋਰ ਕਸ਼ਮੀਰੀ ਦੀ ਵੀਡੀਓ ਕਲਿੱਪ ਵੀ ਖ਼ੂਬ ਵਾਇਰਲ ਹੋਈ ਜੋ ਆਪਣੀ ਜਾਨ ਦੀ ਪਰਵਾਹ ਕੀਤੇ ਬਗ਼ੈਰ ਜ਼ਖ਼ਮੀ ਸੈਲਾਨੀ ਨੂੰ ਆਪਣੀ ਪਿੱਠ 'ਤੇ ਬਿਠਾ ਕੇ ਸੁਰੱਖਿਅਤ ਥਾਂ ਵੱਲ ਲਿਜਾ ਰਿਹਾ ਸੀ। ਬੈਸਰਨ (ਪਹਿਲਗਾਮ) ਦੇ ਉਚੇ ਦਿਉਦਾਰ ਜਿਵੇਂ ਉਸ ਨੂੰ ਝੁਕ-ਝੁਕ ਕੇ ਸਲਾਮ ਕਰਦੇ ਪ੍ਰਤੀਤ ਹੋ ਰਹੇ ਸਨ। ਪਹਿਲਗਾਮ ਤੋਂ ਛੇ ਕਿੱਲੋਮੀਟਰ ਦੂਰ ਬੈਸਰਨ ਦਰਅਸਲ ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਖ਼ੂਬਸੂਰਤ ਖੇਤਰ ਹੈ। ਸਮੁੰਦਰੀ ਤਟ ਤੋਂ ਬਹੁਤ ਉਚਾਈ ਹੋਣ ਕਾਰਨ ਉੱਥੇ ਵਾਹਨ ਨਹੀਂ ਜਾ ਸਕਦੇ। ਘੋੜਿਆਂ-ਖੱਚਰਾਂ ਤੋਂ ਇਲਾਵਾ ਕਸ਼ਮੀਰੀ ਨੌਜਵਾਨ ਪਿੱਠੂ ਬਣ ਕੇ ਸੈਲਾਨੀਆਂ ਨੂੰ ਕੁਦਰਤ ਦੀ ਗੋਦ ਵਿਚ ਲੈ ਕੇ ਜਾਂਦੇ ਹਨ। ਕਸ਼ਮੀਰੀ ਆਪਣੇ ਮਹਿਮਾਨਾਂ ਨੂੰ ਜਾਨ ਤੋਂ ਵੱਧ ਪਿਆਰ ਕਰਦੇ ਹਨ। ਉਨ੍ਹਾਂ ਦੇ ਚੁੱਲ੍ਹੇ ਸੈਲਾਨੀਆਂ ਦੀ ਬਦੌਲਤ ਹੀ ਤਾਂ ਬਲਦੇ ਨੇ! ਕਸ਼ਮੀਰ ਜਾਣ ਵਾਲੇ ਸੈਲਾਨੀਆਂ ਲਈ ਬੈਸਰਨ ਸਭ ਤੋਂ ਮਨਭਾਉਂਦੀ ਜਗ੍ਹਾ ਹੈ। ਪੰਜਾਬੀ ਆਧੁਨਿਕ ਕਾਵਿ ਦੇ ਮੋਢੀ ਭਾਈ ਵੀਰ ਸਿੰਘ ਨੇ ਕਸ਼ਮੀਰ ਵਾਦੀ ਦੀ ਖ਼ੂਬਸੂਰਤੀ ਨੂੰ ਬਿਆਨ ਕਰਨ ਲਈ ਕਈ ਨਜ਼ਮਾਂ ਲਿਖੀਆਂ ਹਨ। 'ਟੁਕੜੀ ਜੱਗ ਤੋਂ ਨਯਾਰੀ' ਵਿਚ ਉਹ ਕਹਿੰਦੇ ਹਨ, "ਅਰਸ਼ਾਂ ਦੇ ਵਿਚ ਕੁਦਰਤ ਦੇਵੀ, ਸਾਨੂੰ ਨਜ਼ਰੀਂ ਆਈ/ ਹੁਸਨ ਮੰਡਲ ਵਿਚ ਖੜ੍ਹੀ ਖੇਡਦੀ, ਖ਼ੁਸ਼ੀਆਂ ਛਹਿਬਰ ਲਾਈ।" ਕਸ਼ਮੀਰ ਦੇ ਚਿਨਾਰਾਂ ਨੂੰ ਉਹ ਬੁੱਢੇ ਬਾਬੇ ਕਹਿ ਕੇ ਸੰਬੋਧਨ ਕਰਦੇ ਜਿਨ੍ਹਾਂ ਦੀਆਂ ਛਾਵਾਂ ਪਤਾ ਨਹੀਂ ਕਿੰਨੇ ਕੁ ਸੈਲਾਨੀ ਮਾਣ ਕੇ ਜਾ ਚੁੱਕੇ ਹਨ। 'ਪਹਿਲਗਾਮ' ਦੀ ਸ਼ਾਂਤੀ ਭਾਈ ਵੀਰ ਸਿੰਘ ਨੂੰ ਜਿਵੇਂ ਹਾਕਾਂ ਮਾਰਦੀ। ਕਸ਼ਮੀਰ ਵਾਦੀ ਵਿਚ ਰਬਿੰਦਰ ਨਾਥ ਟੈਗੋਰ ਵੀ ਕਈ ਵਾਰ ਗਏ। ਚਸ਼ਮਿਆਂ ਦਾ ਇਲਾਹੀ ਨਾਦ ਉਨ੍ਹਾਂ ਨੂੰ ਮੰਤਰ-ਮੁਗਧ ਕਰਦਾ। ਅਜਿਹੀ ਹੁਸੀਨ ਵਾਦੀ ਨੂੰ ਖ਼ੂਨ ਨਾਲ ਲਥਪਥ ਕਰਨ ਤੋਂ ਪਹਿਲਾਂ ਹੈਵਾਨ ਵੀ ਕਈ ਵਾਰ ਸੋਚਦਾ ਹੋਵੇਗਾ। ਅੱਲ੍ਹਾ ਦੇ ਨਾਂ 'ਤੇ ਬਣਾਏ ਮੁਲਕ 'ਚ ਕਸ਼ਮੀਰ ਦੀ ਸ਼ਾਂਤੀ ਨੂੰ ਭੰਗ ਕਰਨ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਇਹ ਵੀ ਇਤਫ਼ਾਕ ਹੈ ਕਿ ਪਾਕਿਸਤਾਨ ਦੀ ਫ਼ੌਜ ਦੇ ਮੁਖੀ ਆਸਿਮ ਮੁਨੀਰ ਨੇ 16 ਅਪ੍ਰੈਲ ਨੂੰ ਇਸਲਾਮਾਬਾਦ ਵਿਖੇ ਖਚਾਖਚ ਭਰੇ ਓਵਰਸੀਜ਼ ਪਾਕਿਸਤਾਨੀ ਸੰਮੇਲਨ ਵਿਚ ਜ਼ਹਿਰੀਲਾ ਭਾਸ਼ਣ ਦੇ ਕੇ ਭਾਰਤ ਖ਼ਿਲਾਫ਼ ਭੜਾਸ ਕੱਢੀ ਸੀ। ਉਸ ਨੇ ਕਸ਼ਮੀਰ ਨੂੰ ਪਾਕਿਸਤਾਨ ਦੀ ਸਾਹ-ਰਗ ਕਹਿੰਦਿਆਂ ਕੱਟੜਪੰਥੀਆਂ ਦੀ ਹਰ ਸੰਭਵ ਇਮਦਾਦ ਕਰਨ ਦਾ ਐਲਾਨ ਕੀਤਾ ਸੀ। ਐਨ ਛੇ ਦਿਨਾਂ ਬਾਅਦ ਪਹਿਲਗਾਮ ਦਾ ਖ਼ੂਨੀ ਕਾਂਡ ਵਾਪਰ ਗਿਆ। ਮੁਨੀਰ ਦਰਅਸਲ ਜ਼ੁਲਫਕਾਰ ਅਲੀ ਭੁੱਟੋ ਦੀ ਭਾਰਤ ਨੂੰ 'ਹਜ਼ਾਰ ਜ਼ਖ਼ਮ' ਦੇਣ ਦੀ ਬਦਨੀਤੀ ਨੂੰ ਹੀ ਅੱਗੇ ਵਧਾ ਰਿਹਾ ਹੈ। ਤਿੰਨ ਜੁਲਾਈ ਤੋਂ ਅਮਰਨਾਥ ਯਾਤਰਾ ਸ਼ੁਰੂ ਹੋਣੀ ਹੈ। ਪਹਿਲਗਾਮ ਦੀ ਹਿੰਸਾ ਦਾ ਮਨਹੂਸ ਪਰਛਾਵਾਂ ਇਸ 'ਤੇ ਵੀ ਪੈਣ ਦਾ ਖ਼ਦਸ਼ਾ ਹੈ। ਅਮਰਨਾਥ ਲਈ ਬਰਾਸਤਾ ਪਹਿਲਗਾਮ ਜਾਇਆ ਜਾਂਦਾ ਹੈ। ਇਸ ਰਸਤੇ ਰਾਹੀਂ ਅਮਰਨਾਥ ਗੁਫ਼ਾ ਤੱਕ ਪੁੱਜਣ ਲਈ ਤਿੰਨ ਦਿਨ ਲੱਗਦੇ ਹਨ। ਪਹਿਲਾ ਪੜਾਅ ਚੰਦਨਵਾੜੀ ਹੈ ਜਿੱਥੋਂ ਚੜ੍ਹਾਈ ਸ਼ੁਰੂ ਹੁੰਦੀ ਹੈ। ਬੇਸ ਕੈਂਪ ਤੋਂ ਇਸ ਦੀ ਦੂਰੀ ਲਗਪਗ 16 ਕਿੱਲੋਮੀਟਰ ਹੈ। ਅਗਲਾ ਪੜਾਅ ਸ਼ੇਸ਼ਨਾਗ ਹੁੰਦਾ ਹੈ। ਪੰਚਤਰਨੀ ਤੋਂ ਹੁੰਦੇ ਹੋਏ ਗੁਫ਼ਾ ਵਿਚ ਪ੍ਰਵੇਸ਼ ਕੀਤਾ ਜਾਂਦਾ ਹੈ। ਯਾਤਰਾ ਤੋਂ ਕੁਝ ਕੁ ਮਹੀਨੇ ਪਹਿਲਾਂ ਵਾਪਰੇ ਪਹਿਲਗਾਮ ਕਾਂਡ ਨੇ ਤੀਰਥ ਯਾਤਰੀਆਂ ਦੀ ਸੁਰੱਖਿਆ ਬਾਰੇ ਕਈ ਤੌਖ਼ਲੇ ਖੜ੍ਹੇ ਕੀਤੇ ਹਨ। ਪਹਿਲਗਾਮ ਕਾਂਡ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਪਹਿਲਾਂ ਤੋਂ ਆਈ ਤਰੇੜ ਹੁਣ ਪਾੜ ਬਣ ਚੁੱਕੀ ਹੈ। ਭਾਰਤ ਮਾਤਮ ਵਿਚ ਹੈ। ਭਾਰਤ ਵਾਸੀ ਖ਼ੁਦ ਨੂੰ ਜਾਨ ਗੁਆ ਚੁੱਕੇ ਪੀੜਤਾਂ ਦੇ ਪਰਿਵਾਰਾਂ ਨਾਲ ਸੱਥਰਾਂ 'ਤੇ ਬੈਠੇ ਮਹਿਸੂਸ ਕਰ ਰਹੇ ਹਨ। ਭਾਰਤ ਨੇ 1960 ਵਿਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਅਤੇ ਪਾਕਿਸਤਾਨ ਦੇ ਤਤਕਾਲੀ ਸਦਰ ਜਨਰਲ ਅਯੂਬ ਖਾਂ ਵਿਚਕਾਰ ਹੋਇਆ ਸਿੰਧੂ ਜਲ ਸਮਝੌਤਾ ਮਨਸੂਖ਼ ਕਰਨ ਦਾ ਐਲਾਨ ਕੀਤਾ ਹੈ। ਅਜਿਹਾ ਐਲਾਨ ਹਿੰਦ-ਪਾਕਿ ਜੰਗਾਂ ਵੇਲੇ ਵੀ ਨਹੀਂ ਸੀ ਹੋਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਰਹੇ ਹਨ ਕਿ ਖ਼ੂਨ ਤੇ ਪਾਣੀ ਨਾਲ-ਨਾਲ ਨਹੀਂ ਵਹਿ ਸਕਦਾ। ਅਟਾਰੀ-ਵਾਹਗਾ ਸਰਹੱਦ ਬੰਦ ਕਰਨਾ ਦਰਸਾਉਂਦਾ ਹੈ ਕਿ ਭਾਰਤ ਕਿਸੇ ਵੱਡੇ ਐਕਸ਼ਨ ਦੇ ਰੌਂਅ ਵਿਚ ਹੈ। ਰਿਸ਼ਤਿਆਂ ਵਿਚ ਆਈ ਕੜਵਾਹਟ ਦੀ ਵਜ੍ਹਾ ਪਾਕਿਸਤਾਨ ਆਧਾਰਤ ਕੱਟੜਪੰਥੀ ਤਨਜ਼ੀਮ 'ਦਿ ਰੈਜ਼ਿਸਟੈਂਸ ਫਰੰਟ' (ਟੀਆਰਐੱਫ) ਵੱਲੋਂ ਪਹਿਲਗਾਮ ਹਮਲੇ ਦੀ ਜ਼ਿੰਮੇਵਾਰੀ ਲੈਣਾ ਹੈ। ਟੀਆਰਐੱਫ ਦਰਅਸਲ ਲਸ਼ਕਰ-ਏ-ਤੋਇਬਾ ਦੀ ਮਖੌਟਾ ਜਮਾਤ ਹੈ ਜੋ ਜੰਮੂ-ਕਸ਼ਮੀਰ ਵਿਚ ਧਾਰਾ 370 ਹਟਾਏ ਜਾਣ ਤੋਂ ਬਾਅਦ ਹੋਂਦ ਵਿਚ ਆਈ ਸੀ। ਸਿਵਿਆਂ ਵਿਚ ਅੱਗ ਬਲਦੀ ਹੋਵੇ ਤਾਂ ਅਜਿਹੀਆਂ ਤਨਜ਼ੀਮਾਂ ਜਸ਼ਨ ਮਨਾਉਂਦੀਆਂ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਪਾਕਿਸਤਾਨ ਆਧਾਰਤ ਕੱਟੜਪੰਥੀਆਂ ਵੱਲੋਂ ਭਾਰਤ ਦੇ ਕਿਸੇ ਖਿੱਤੇ ਵਿਚ ਵੀ ਚਾਂਦਮਾਰੀ ਹੋਵੇ, ਇਸ ਦਾ ਅਸਰ ਪੰਜਾਬ 'ਤੇ ਅਵੱਸ਼ ਹੁੰਦਾ ਹੈ।

# ਅਮਰੀਕੀ ਟੈਰਿਫ ਦੇ ਭਾਰਤੀ ਆਰਥਿਕਤਾ 'ਤੇ ਪੈਣ ਵਾਲੇ ਪ੍ਰਭਾਵ

*ਅਮਰੀਕਾ ਦਾ ਜ਼ਿਆਦਾਤਰ ਵਪਾਰ ਵਿਕਸਿਤ ਦੇਸ਼ਾਂ ਨਾਲ ਹੈ, ਜਿਸ ਵਿਚ ਇੰਗਲੈਂਡ, ਯੂਰਪੀਨ ਯੂਨੀਅਨ ਦੇ 27 ਦੇਸ਼ ਅਤੇ ਜਪਾਨ ਆਦਿ ਸ਼ਾਮਿਲ ਹਨ। ਇਨ੍ਹਾਂ ਵਿਚ ਇੰਗਲੈਂਡ 'ਤੇ ਸਿਰਫ਼ 10 ਫ਼ੀਸਦੀ, ਯੂਰਪੀਨ ਯੂਨੀਅਨ ਦੇ ਦੇਸ਼ਾਂ 'ਤੇ 20 ਫ਼ੀਸਦੀ ਪਰ ਜਪਾਨ 'ਤੇ 24 ਫ਼ੀਸਦੀ ਡਿਊਟੀ ਵਧਾਈ ਹੈ। ਜ਼ਿਆਦਾਤਰ ਡਿਊਟੀ ਘੱਟ ਵਿਕਸਿਤ ਦੇਸ਼ਾਂ 'ਤੇ ਵਧਾਈ ਹੈ, ਜਿਨ੍ਹਾਂ ਵਿਚ ਵੀਅਤਨਾਮ 'ਤੇ 46 ਫ਼ੀਸਦੀ, ਬੰਗਲਾਦੇਸ਼ 'ਤੇ 37 ਫ਼ੀਸਦੀ ਅਤੇ ਥਾਈਲੈਂਡ 'ਤੇ 24 ਫ਼ੀਸਦੀ ਹੈ। ਵਿਕਸਿਤ ਦੇਸ਼ਾਂ ਵਿਚ ਸਿੰਗਾਪੁਰ, ਚਿੱਲੀ, ਬ੍ਰਾਜ਼ੀਲ, ਤੁਰਕੀ, ਨਿਊਜ਼ੀਲੈਂਡ 'ਤੇ ਸਿਰਫ਼ 10 ਫ਼ੀਸਦੀ ਡਿਊਟੀ ਵਧਾਈ ਗਈ ਹੈ।*



1930 ਤੋਂ ਲੈ ਕੇ ਹੁਣ ਤੱਕ ਅਮਰੀਕਾ ਨੇ ਆਪਸੀ ਵਪਾਰ ਵਿਚ ਭਾਰਤ ਦੇ ਹੱਕ ਵਾਲੀਆਂ ਨੀਤੀਆਂ ਅਪਣਾਈਆਂ। ਉਸ ਵਕਤ ਭਾਰਤ ਦੇ ਉਦਯੋਗ ਇੰਨੇ ਵਿਕਸਿਤ ਨਹੀਂ ਸਨ ਪਰ ਹਮੇਸ਼ਾ ਹੀ ਭਾਰਤ ਦੀ ਬਰਾਮਦ ਅਮਰੀਕਾ ਨਾਲੋਂ ਜ਼ਿਆਦਾ ਹੁੰਦੀ ਸੀ। ਹੈਰਾਨਕੁਨ ਗੱਲ ਇਹ ਹੈ ਕਿ ਜਿਹੜਾ ਇਕ ਡਾਲਰ ਹੁਣ 87 ਰੁਪਏ ਦਾ ਆਉਂਦਾ ਹੈ, 1931 ਵਿਚ 4 ਡਾਲਰਾਂ ਨਾਲ ਇਕ ਰੁਪਿਆ ਮਿਲਦਾ ਸੀ। ਭਾਰਤ ਦੀ ਸੁਤੰਤਰਤਾ ਤੋਂ ਬਾਅਦ ਭਾਰਤ ਵਿਚ ਵਿਕਾਸ ਲੋੜਾਂ ਲਈ ਅਤੇ ਪੈਟਰੋਲ ਦੀ ਵੱਧਦੀ ਮੰਗ ਕਰ ਕੇ ਭਾਰਤ ਦਾ ਵਪਾਰ ਸੰਤੁਲਨ ਭਾਰਤ ਦੇ ਉਲਟ ਹੋ ਗਿਆ ਅਤੇ ਡਾਲਰ ਦੀ ਕੀਮਤ ਵਧਦੀ ਹੋਈ 4 ਰੁਪਏ ਦਾ ਇਕ ਡਾਲਰ ਹੋ ਗਈ। ਫਿਰ ਇਸ ਵਿਚ ਲਗਾਤਾਰ ਵਾਧਾ ਹੁੰਦਾ ਗਿਆ। ਭਾਰਤ ਲਗਾਤਾਰ ਅੰਤਰਰਾਸ਼ਟਰੀ ਵਪਾਰ ਵਿਚ ਘਾਟੇ 'ਚ ਰਹਿਣ ਵਾਲਾ ਦੇਸ਼ ਬਣ ਗਿਆ ਅਤੇ ਅੱਜ ਵੀ ਇਹ ਰੁਝਾਨ ਜਾਰੀ ਹੈ।

ਪਰ ਅਮਰੀਕਾ ਵੱਲ ਭਾਰਤ ਦਾ ਵਪਾਰ ਅਨੁਕੂਲ ਹੋਣ ਕਰਕੇ ਭਾਰਤ ਦੀ ਬਰਾਮਦ ਜ਼ਿਆਦਾ ਹੈ ਅਤੇ ਅਮਰੀਕਾ ਤੋਂ ਬਰਾਮਦ ਘੱਟ ਹੈ। 2023-24 ਵਿਚ ਅਮਰੀਕਾ ਦੀ ਭਾਰਤ ਵੱਲ ਬਰਾਮਦ 41.8 ਅਰਬ ਡਾਲਰ ਦੀ ਸੀ, ਜਦੋਂ ਕਿ ਅਮਰੀਕਾ ਨੇ ਭਾਰਤ ਤੋਂ 87.4 ਅਰਬ ਡਾਲਰ ਦੀਆਂ ਵਸਤੂਆਂ ਅਤੇ ਸੇਵਾਵਾਂ ਮੰਗਵਾਈਆਂ ਸਨ, ਪਰ ਅਮਰੀਕਾ ਦੀ ਆਰਥਿਕਤਾ ਨੂੰ ਚੀਨ ਦੀ ਬਰਾਮਦ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਸੀ। ਇਸ ਤਰ੍ਹਾਂ ਹੀ ਕੁਝ ਹੋਰ ਦੇਸ਼ਾਂ ਨਾਲ ਵੀ ਅਮਰੀਕਾ ਦਾ ਵਪਾਰ ਸੰਤੁਲਨ ਉਸ ਦੇ ਵਿਰੁੱਧ ਸੀ, ਸੋ ਇਸ ਕਰਕੇ ਅਮਰੀਕਾ ਨੇ ਆਪਣੀ ਵਪਾਰ ਨੀਤੀ ਵਿਚ ਵੱਡਾ ਬਦਲਾਅ ਕਰ ਕੇ 60 ਦੇਸ਼ਾਂ ਤੋਂ ਹੋਣ ਵਾਲੀ ਦਰਾਮਦ 'ਤੇ 10 ਫ਼ੀਸਦੀ ਤੋਂ ਲੈ ਕੇ 49 ਫ਼ੀਸਦੀ ਤੱਕ ਦਰਾਮਦ ਡਿਊਟੀ ਵਿਚ ਵਾਧਾ ਕਰ ਦਿੱਤਾ। ਇਸ ਪ੍ਰਸੰਗ ਵਿਚ ਭਾਰਤ 'ਤੇ ਵੀ 27 ਫ਼ੀਸਦੀ ਦਰਾਮਦ ਡਿਊਟੀ ਵਧਾਈ ਹੈ। ਪਰ ਚੀਨ ਨੂੰ ਛੱਡ ਕੇ ਬਾਕੀ ਦੇਸ਼ਾਂ ਲਈ ਐਲਾਨੀਆਂ ਗਈਆਂ ਟੈਰਿਫ਼ ਦਰਾਂ ਨੂੰ ਅਮਰੀਕਾ ਨੇ 90 ਦਿਨਾਂ ਲਈ ਅੱਗੇ ਪਾ ਦਿੱਤਾ ਹੈ। ਭਾਰਤ ਅਮਰੀਕਾ ਨਾਲ ਦੁਵੱਲਾ ਵਪਾਰ ਸਮਝੌਤਾ ਕਰਨ ਲਈ ਗੱਲਬਾਤ ਕਰ ਰਿਹਾ ਹੈ, ਇਸ ਸਮੇਂ ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ.ਡੀ. ਵੇਂਸ ਭਾਰਤ ਦੇ ਦੌਰੇ 'ਤੇ ਹਨ, ਉਨ੍ਹਾਂ ਨਾਲ ਪ੍ਰਧਾਨ ਮੰਤਰੀ ਨੇ ਇਸ ਸੰਬੰਧੀ ਗੱਲਬਾਤ ਵੀ ਕੀਤੀ ਹੈ।

ਭਾਵੇਂ ਭਾਰਤ ਦੀਆਂ ਕਈ ਸੰਸਥਾਵਾਂ, ਜਿਨ੍ਹਾਂ ਵਿਚ ਚੈਂਬਰ ਆਫ਼ ਕਾਮਰਸ ਵੀ ਹੈ, ਉਨ੍ਹਾਂ ਅਨੁਸਾਰ ਦਰਾਮਦ ਡਿਊਟੀ ਦੇ ਲਾਗੂ ਹੋਣ ਨਾਲ ਵੀ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਸਿਰਫ਼ 0.1 ਫ਼ੀਸਦੀ ਦਾ ਅਸਰ ਪਵੇਗਾ। ਇਸ ਤਰ੍ਹਾਂ ਹੀ ਇਕ ਅੰਤਰਰਾਸ਼ਟਰੀ ਸੰਸਥਾ 'ਸਾਚ' ਅਨੁਸਾਰ ਇਸ ਨਾਲ ਜੀ.ਡੀ.ਪੀ. 'ਤੇ ਤਾਂ 0.4 ਫ਼ੀਸਦੀ ਜਾਂ 15 ਅਰਬ ਡਾਲਰ ਤੱਕ ਦਾ ਫਰਕ ਪਵੇਗਾ। ਪਰ ਜ਼ਿਆਦਾਤਰ ਅਰਥ-ਸ਼ਾਸਤਰੀਆਂ ਅਤੇ ਵਪਾਰਕ ਸੰਗਠਨਾਂ ਅਨੁਸਾਰ ਭਾਰਤ ਦਾ ਵਪਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਖ਼ਾਸ ਕਰਕੇ ਜਿਨ੍ਹਾਂ ਗਲੀਚਿਆਂ ਦੀ ਅਮਰੀਕਾ ਸਭ ਤੋਂ ਵੱਡੀ ਮੰਡੀ ਸੀ ਜਿਸ ਨਾਲ ਭਾਰਤ ਦੇ ਹਜ਼ਾਰਾਂ ਕਿਰਤੀ ਜੁੜੇ ਹੋਏ ਹਨ, ਉਨ੍ਹਾਂ ਦੀ ਵਿਕਰੀ ਘਟਣ

ਡਾ. ਐਸ.ਐਸ. ਛੀਨਾ

ਨਾਲ ਪਹਿਲਾਂ ਹੀ ਫੈਲੀ ਹੋਈ ਬੇਰੁਜ਼ਗਾਰੀ ਵਿਚ ਹੋਰ ਵਾਧਾ ਹੋ ਜਾਵੇਗਾ।

1995 ਵਿਚ ਜਦੋਂ ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਹੋਂਦ ਵਿਚ ਆਈ ਸੀ ਉਸ ਵਕਤ ਭਾਰਤ ਦੀਆਂ ਬਹੁਤ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਅਰਥ-ਸ਼ਾਸਤਰੀ ਭਾਰਤ ਦੇ ਉਸ ਸੰਸਥਾ ਵਿਚ ਸ਼ਾਮਿਲ ਹੋਣ ਦੇ ਹੱਕ ਵਿਚ ਇਸ ਕਰਕੇ ਨਹੀਂ ਸਨ ਕਿ ਇਸ ਨਾਲ ਭਾਰਤ ਦੇ ਉਦਯੋਗ ਜੋ ਪਹਿਲਾਂ ਹੀ ਬਹੁਤ ਸੁਸਤ ਰਫ਼ਤਾਰ ਨਾਲ ਵਿਕਾਸ ਕਰ ਰਹੇ ਹਨ। ਉਹ ਹੋਰ ਪੱਛੜ ਜਾਣਗੇ ਅਤੇ ਵਿਦੇਸ਼ਾਂ ਦੀਆਂ ਉਦਯੋਗਿਕ ਵਸਤੂਆਂ ਨੂੰ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਭਾਰਤ ਮਿਲ ਜਾਵੇਗੀ। ਪਰ ਭਾਰਤ ਨੂੰ ਇਸ ਦਾ ਮਜਬੂਰੀਵਸ ਮੈਂਬਰ ਬਣਨਾ ਪਿਆ, ਕਿਉਂ ਜੋ ਉਸ ਵਕਤ ਜਿਹੜੇ 125 ਦੇਸ਼ ਉਸ ਸੰਸਥਾ ਦੇ ਮੈਂਬਰ ਬਣੇ ਸਨ, ਉਨ੍ਹਾਂ ਨਾਲ ਭਾਰਤ ਦਾ ਵਪਾਰ ਚੱਲ ਰਿਹਾ ਸੀ ਅਤੇ ਜੇ ਭਾਰਤ ਉਸ ਦਾ ਮੈਂਬਰ ਨਾ ਬਣਦਾ ਤਾਂ ਭਾਰਤ ਨੇ ਅੰਤਰਰਾਸ਼ਟਰੀ ਮੰਡੀ ਤੋਂ ਅਲੱਗ-ਥਲੱਗ ਹੋ ਜਾਣਾ ਸੀ। ਪਰ ਉਸ ਦਾ ਮੈਂਬਰ ਬਣਨ ਤੱਕ ਭਾਰਤ ਦਾ ਦੁਨੀਆ ਦੇ ਵਪਾਰ ਵਿਚ ਸਿਰਫ਼ 0.7 ਫ਼ੀਸਦੀ ਹਿੱਸਾ ਸੀ ਜਿਹੜਾ ਵਧ ਕੇ 2.1 ਫ਼ੀਸਦੀ ਹੋ ਗਿਆ। ਇਹ ਵਪਾਰ ਵਿਚ ਬਹੁਤ ਵੱਡਾ ਵਾਧਾ ਸੀ ਪਰ ਇਸ ਦੀ ਦੂਸਰੀ ਤਸਵੀਰ ਇਹ ਸੀ ਕਿ ਇਸ ਵਧੇ ਹੋਏ ਵਪਾਰ ਵਿਚ ਭਾਰਤ ਦੀ ਦਰਾਮਦ ਵਿਚ ਜ਼ਿਆਦਾ ਵਾਧਾ ਹੋਇਆ ਅਤੇ ਬਰਾਮਦ ਵਿਚ ਘੱਟ, ਜਿਸ ਕਰਕੇ ਲਗਾਤਾਰ ਭਾਰਤ ਦਾ ਵਪਾਰ ਸੰਤੁਲਨ ਉਲਟ ਹੋ ਗਿਆ ਅਤੇ ਚੀਨ ਦੀਆਂ ਉਦਯੋਗਿਕ ਵਸਤੂਆਂ, ਇੱਥੋਂ ਤੱਕ ਕਿ ਖਿਡੌਣੇ ਵੀ ਚੀਨ ਤੋਂ ਆ ਕੇ ਇਥੇ ਵਿਕਣ ਲੱਗ ਪਏ ਅਤੇ ਉਨ੍ਹਾਂ ਉਦਯੋਗਾਂ ਵਿਚ ਲੱਗੇ ਭਾਰਤੀ ਕਿਰਤੀ ਬੇਰੁਜ਼ਗਾਰ ਹੋ ਗਏ।

ਭਾਵੇਂ ਕਿ ਭਾਰਤ ਵਾਸਤੇ ਅਮਰੀਕਾ ਨੇ 27 ਫ਼ੀਸਦੀ ਬਰਾਮਦ ਡਿਊਟੀ ਵਧਾਈ ਹੈ ਪਰ ਹੋਰ ਉਨ੍ਹਾਂ ਦੇਸ਼ਾਂ ਦੀ ਦਰਾਮਦ ਡਿਊਟੀ ਭਾਰਤ ਤੋਂ ਵੀ ਜ਼ਿਆਦਾ ਵਧਾਈ ਹੈ, ਜਿਹੜੇ ਉਨ੍ਹਾਂ ਵਸਤੂਆਂ ਦੀ ਬਰਾਮਦ ਕਰਦੇ ਹਨ, ਜਿਨ੍ਹਾਂ ਦੀ ਭਾਰਤ ਵੀ ਕਰਦਾ ਹੈ। ਭਾਰਤ ਦਾ ਮੁੱਖ ਮੁਕਾਬਲਾ ਕਰਨ ਵਾਲੇ ਦੇਸ਼ ਚੀਨ 'ਤੇ 145 ਫ਼ੀਸਦੀ, ਬੰਗਲਾਦੇਸ਼ 'ਤੇ 37 ਫ਼ੀਸਦੀ, ਸ੍ਰੀਲੰਕਾ 'ਤੇ 44 ਫ਼ੀਸਦੀ ਅਤੇ ਪਾਕਿਸਤਾਨ 'ਤੇ 29.6 ਫ਼ੀਸਦੀ ਡਿਊਟੀ ਵਧਾਈ ਹੈ ਜਿਸ ਦਾ ਅਰਥ ਹੈ ਕਿ ਉਹ ਵਸਤੂਆਂ ਜਿਵੇਂ ਕਿ ਟੈਕਸਟਾਈਲ, ਉਨ੍ਹਾਂ ਦੇਸ਼ਾਂ ਤੋਂ ਅਮਰੀਕਾ ਨੂੰ ਹੁਣ ਹੋਰ ਮਹਿੰਗੀਆਂ ਮਿਲਣਗੀਆਂ। ਇਸ ਅੰਤਰਰਾਸ਼ਟਰੀ ਮੁਕਾਬਲੇ ਵਿਚ ਭਾਰਤ 'ਤੇ 27 ਫ਼ੀਸਦੀ ਡਿਊਟੀ ਦੇ ਬਾਵਜੂਦ ਉਹ ਵਸਤੂਆਂ ਕੁਝ ਘੱਟ ਕੀਮਤ 'ਤੇ ਮਿਲਣਗੀਆਂ, ਜਿਸ ਨਾਲ ਭਾਰਤ ਨੂੰ ਬਰਾਮਦ ਦੇ ਜ਼ਿਆਦਾ ਮੌਕੇ ਪ੍ਰਾਪਤ ਹੋ ਸਕਦੇ ਹਨ। ਜਿਹੜੀਆਂ 25 ਫ਼ੀਸਦੀ ਵਸਤੂਆਂ 'ਤੇ ਦਰਾਮਦ ਡਿਊਟੀ ਨਹੀਂ ਲਾਈ ਗਈ, ਉਨ੍ਹਾਂ ਵਿਚ ਦਵਾਈਆਂ, ਸੈਮੀ ਕੰਡਕਟਰ, ਸ਼ਕਤੀ ਪੈਦਾ ਕਰਨ ਵਾਲੇ ਯੰਤਰ ਅਤੇ ਉਹ ਖਣਿਜ ਪਦਾਰਥ ਸ਼ਾਮਿਲ ਹਨ, ਜਿਹੜੇ ਅਮਰੀਕਾ ਵਿਚ ਨਹੀਂ ਮਿਲਦੇ, ਉਨ੍ਹਾਂ 'ਤੇ ਪਹਿਲਾਂ ਵਾਲੇ ਰੇਟ ਨਾਲ ਡਿਊਟੀ ਲਾਈ ਜਾਵੇਗੀ। ਪਰ ਜਿਨ੍ਹਾਂ ਦੇਸ਼ਾਂ 'ਤੇ ਇਨ੍ਹਾਂ ਵਸਤੂਆਂ 'ਤੇ ਵੀ ਡਿਊਟੀ ਵਧਾਈ ਗਈ ਹੈ, ਉਨ੍ਹਾਂ ਦੇ ਮੁਕਾਬਲੇ ਭਾਰਤ ਨੂੰ ਨਿਰਯਾਤ ਦੇ ਜ਼ਿਆਦਾ ਮੌਕੇ ਮਿਲਣਗੇ। ਪਰ ਬਿਜਲੀ ਦਾ ਸਾਮਾਨ, ਹੀਰੇ, ਮੋਤੀ, ਗਹਿਣੇ ਅਤੇ ਮੱਛੀਆਂ 'ਤੇ ਭਾਰਤ ਵਿਚ ਵਧਾਈ ਡਿਊਟੀ ਤੋਂ ਜ਼ਿਆਦਾ ਚੀਨ 'ਤੇ ਵਧਾਈ ਗਈ ਹੈ ਅਤੇ ਚੀਨ ਦੇ ਮੁਕਾਬਲੇ ਭਾਰਤ ਨੂੰ ਬਰਾਮਦ ਦੇ ਜ਼ਿਆਦਾ ਮੌਕੇ ਮਿਲ ਸਕਦੇ ਹਨ ਪਰ ਚੀਨ ਨੇ ਜੇ ਲਾਗਤ ਘਟਾ ਕੇ ਉਹ ਘਾਟਾ ਪੂਰਾ ਕਰ ਲਿਆ ਤਾਂ ਭਾਰਤ ਦੀ ਦੂਜੇ ਦੇਸ਼ਾਂ ਨੂੰ ਬਰਾਮਦ ਘਟਣ ਨਾਲ ਭਾਰਤ ਦੇ ਉਨ੍ਹਾਂ ਉਦਯੋਗਾਂ ਨੂੰ ਘਾਟਾ ਪਵੇਗਾ। ਇਸ ਨਾਲ ਕਿਰਤੀਆਂ ਦੀ ਬੇਰੁਜ਼ਗਾਰੀ ਦਾ ਮੁੱਦਾ ਜੁੜਿਆ ਹੋਇਆ ਹੈ, ਕਿਉਂਕਿ ਪਹਿਲਾਂ ਹੀ ਚੀਨ ਅਤੇ ਜਪਾਨ ਤੋਂ ਕਈ ਵਸਤੂਆਂ ਭਾਰਤ ਦੀਆਂ ਵਸਤੂਆਂ ਤੋਂ ਸਸਤੀਆਂ ਹੋਣ ਕਰਕੇ ਭਾਰਤ ਵਿਚ ਵਿਕ ਰਹੀਆਂ ਹਨ। ਕਈ ਦਰਾਮਦਕਾਰਾਂ ਨੇ ਪਹਿਲਾਂ ਹੀ ਅਮਰੀਕਾ ਤੋਂ ਮਿਲਣ ਵਾਲੇ ਆਰਡਰਾਂ 'ਤੇ ਵਸਤੂਆਂ ਨੂੰ ਭੇਜ ਦਿੱਤਾ ਹੈ, ਜਿਨ੍ਹਾਂ 'ਤੇ ਡਿਊਟੀ ਲੱਗਣ ਨਾਲ ਉਨ੍ਹਾਂ ਨੂੰ ਮਿਲਣ ਵਾਲੇ ਲਾਭ ਘਾਟੇ ਵਿਚ ਬਦਲ ਸਕਦੇ ਹਨ। ਹੁਣ ਚੀਨ ਨੇ ਵੀ ਅਮਰੀਕਾ ਦੀਆਂ ਵਸਤੂਆਂ 'ਤੇ ਵੀ 125 ਫ਼ੀਸਦੀ ਡਿਊਟੀ ਵਧਾ ਦਿੱਤੀ ਹੈ। ਫਰਵਰੀ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਦੀ ਅਮਰੀਕਾ ਫੇਰੀ ਦੌਰਾਨ ਭਾਰਤ ਨੇ ਇਹ ਉਮੀਦ ਕੀਤੀ ਸੀ ਕਿ ਭਾਰਤ ਅਮਰੀਕਾ ਵਪਾਰ ਲਗਾਤਾਰ ਵਧਦਾ ਜਾਵੇਗਾ ਅਤੇ 2030 ਤੱਕ ਇਹ ਵਧ ਕੇ 500 ਅਰਬ ਡਾਲਰ ਤੱਕ ਹੋ ਜਾਵੇਗਾ, ਜਿਸ ਵਿਚ ਭਾਰਤ ਤੋਂ ਬਰਾਮਦ ਅਤੇ ਭਾਰਤ ਵਲੋਂ ਦਰਾਮਦ ਦੋਵਾਂ ਵਿਚ ਵਾਧਾ ਹੋਵੇਗਾ। ਪਿਛਲੇ ਹਫ਼ਤਿਆਂ ਵਿਚ ਭਾਰਤ ਨੇ 8500 ਉਦਯੋਗਿਕ ਵਸਤੂਆਂ 'ਤੇ ਦਰਾਮਦ ਡਿਊਟੀ ਘਟਾਈ ਸੀ ਅਤੇ ਨਾਲ ਹੀ ਅਮਰੀਕਾ ਤੋਂ ਤੇਲ ਵੱਧ ਮਾਤਰਾ ਵਿਚ ਖਰੀਦਣ, ਸੁਰੱਖਿਆ ਨਾਲ ਸੰਬੰਧਿਤ ਸਾਮਾਨ ਅਤੇ ਇੱਥੋਂ ਤੱਕ ਕਿ ਮੋਟਰਸਾਈਕਲ ਆਦਿ ਖਰੀਦਣ ਦਾ ਵਾਧਾ ਕੀਤਾ ਸੀ। ਅਮਰੀਕਾ ਭਾਰਤ ਤੋਂ ਦੁਨੀਆ ਭਰ ਵਿਚ ਵਿਕਣ ਵਾਲੀਆਂ ਉਦਯੋਗਿਕ ਵਸਤੂਆਂ ਵਿਚੋਂ ਜ਼ਿਆਦਾ ਵਸਤੂਆਂ ਖ਼ਰੀਦਦਾ ਹੈ। ਪਿਛਲੇ ਸਾਲ ਉਸ ਨੇ 14 ਅਰਬ ਦੀਆਂ ਇਲੈੱਕਟ੍ਰਾਨਿਕ ਵਸਤੂਆਂ, 1.88 ਅਰਬ ਦੇ ਹੀਰੇ ਅਤੇ ਚਾਂਦੀ ਅਤੇ 2.58 ਅਰਬ ਦੀ ਮੱਛੀ ਖਰੀਦੀ ਸੀ। ਇਸ ਤੋਂ ਇਲਾਵਾ ਭਾਰਤ ਅਮਰੀਕਾ ਤੋਂ ਖੇਤੀ ਵਸਤੂਆਂ ਜਿਵੇਂ ਕਿ ਘਿਉ, ਨਾਰੀਅਲ ਤੇਲ, ਸਰ੍ਹੋਂ ਦਾ ਤੇਲ, ਤਿਆਰ ਖ਼ੁਰਾਕ ਵਸਤੂਆਂ ਆਦਿ ਵੀ ਖਰੀਦਦਾ ਹੈ।



ਅਮਰੀਕਾ ਦਾ ਜ਼ਿਆਦਾਤਰ ਵਪਾਰ ਵਿਕਸਿਤ ਦੇਸ਼ਾਂ ਨਾਲ ਹੈ, ਜਿਸ ਵਿਚ ਇੰਗਲੈਂਡ, ਯੂਰਪੀਨ ਯੂਨੀਅਨ ਦੇ 27 ਦੇਸ਼ ਅਤੇ ਜਪਾਨ ਆਦਿ ਸ਼ਾਮਿਲ ਹਨ। ਇਨ੍ਹਾਂ ਵਿਚ ਇੰਗਲੈਂਡ 'ਤੇ ਸਿਰਫ਼ 10 ਫ਼ੀਸਦੀ, ਯੂਰਪੀਨ ਯੂਨੀਅਨ ਦੇ ਦੇਸ਼ਾਂ 'ਤੇ 20 ਫ਼ੀਸਦੀ ਪਰ ਜਪਾਨ 'ਤੇ 24 ਫ਼ੀਸਦੀ ਡਿਊਟੀ ਵਧਾਈ ਹੈ। ਜ਼ਿਆਦਾਤਰ ਡਿਊਟੀ ਘੱਟ ਵਿਕਸਿਤ ਦੇਸ਼ਾਂ 'ਤੇ ਵਧਾਈ ਹੈ, ਜਿਨ੍ਹਾਂ ਵਿਚ ਵੀਅਤਨਾਮ 'ਤੇ 46 ਫ਼ੀਸਦੀ, ਬੰਗਲਾਦੇਸ਼ 'ਤੇ 37 ਫ਼ੀਸਦੀ ਅਤੇ ਥਾਈਲੈਂਡ 'ਤੇ 24 ਫ਼ੀਸਦੀ ਹੈ। ਵਿਕਸਿਤ ਦੇਸ਼ਾਂ ਵਿਚ ਸਿੰਗਾਪੁਰ, ਚਿੱਲੀ, ਬ੍ਰਾਜ਼ੀਲ, ਤੁਰਕੀ, ਨਿਊਜ਼ੀਲੈਂਡ 'ਤੇ ਸਿਰਫ਼ 10 ਫ਼ੀਸਦੀ ਡਿਊਟੀ ਵਧਾਈ ਗਈ ਹੈ। ਅਮਰੀਕਾ ਦੇ (ਰਾਸ਼ਟਰਪਤੀ) ਨੇ 2 ਅਪ੍ਰੈਲ ਨੂੰ ਮੁਕਤੀ ਦਿਨ ਹੋਣ ਦਾ ਐਲਾਨ ਕੀਤਾ ਸੀ ਕਿਉਂ ਜੋ ਉਸ ਦੇ ਅਨੁਸਾਰ ਡਿਊਟੀ ਵਿਚ ਇਹ ਵਾਧਾ ਉਸ ਦੇ ਵਿਰੋਧੀ ਵਪਾਰ ਸੰਤੁਲਨ ਖ਼ਾਸ ਕਰਕੇ ਚੀਨ ਅਤੇ ਭਾਰਤ ਤੋਂ ਹੋਣ ਵਾਲੀ ਦਰਾਮਦ 'ਚ ਕਮੀ ਕਰੇਗਾ ਅਤੇ ਅਮਰੀਕਾ ਤੋਂ ਹੋਰ ਦੇਸ਼ਾਂ ਵੱਲ ਬਰਾਮਦ ਵਿਚ ਵਾਧਾ ਕਰੇਗਾ। ਅਮਰੀਕੀ ਪ੍ਰਸ਼ਾਸਨ ਨੂੰ ਆਸ ਹੈ ਕਿ ਅਮਰੀਕਾ ਦੀ ਬਰਾਮਦ ਵਿਚ ਵਾਧੇ ਨਾਲ ਦੇਸ਼ ਦੀ ਆਰਥਿਕਤਾ ਦਾ ਵਿਕਾਸ ਹੋਵੇਗਾ, ਰੁਜ਼ਗਾਰ ਵਧੇਗਾ ਅਤੇ ਉਹ ਆਰਥਿਕਤਾ ਜਿਹੜੀ 2008 ਤੋਂ ਲਗਾਤਾਰ ਨਿਘਾਰ ਵੱਲ ਜਾ ਰਹੀ ਸੀ, ਉਸ ਵਿਚ ਫਿਰ ਤੇਜ਼ੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਪਰ ਅਖ਼ੀਰ ਵਿਚ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਉਸ ਦੇਸ਼ ਦੀ ਦਰਾਮਦ ਵਿਚ ਕਮੀ ਆਉਂਦੀ ਹੈ, ਜੇ ਉਸ ਦੇਸ਼ ਦੀ ਦਰਾਮਦ ਵਿਚ ਕਮੀ ਨਾ ਆਈ ਤਾਂ ਉਹੋ ਵਸਤੂਆਂ ਉੱਥੋਂ ਦੇ ਖਰੀਦਦਾਰਾਂ ਲਈ ਹੋਰ ਮਹਿੰਗੀਆਂ ਹੋ ਜਾਣਗੀਆਂ।

ਜਿਨ੍ਹਾਂ ਦੇਸ਼ਾਂ 'ਤੇ ਦਰਾਮਦ ਡਿਊਟੀ ਵਧਾਈ ਹੈ, ਉਨ੍ਹਾਂ ਵਿਚ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਵੀ ਹਨ ਜੋ 'ਸਾਰਕ' ਸੰਸਥਾ ਦੇ ਮੈਂਬਰ ਹਨ ਅਤੇ ਪਛੜੇ ਹੋਏ ਹਨ। ਬੇਰੁਜ਼ਗਾਰੀ ਉਨ੍ਹਾਂ ਦੀ ਸਭ ਤੋਂ ਪਹਿਲੀ ਸਮੱਸਿਆ ਹੈ। ਉਨ੍ਹਾਂ ਦੇਸ਼ਾਂ ਨੂੰ ਦੁਨੀਆ ਦਾ ਮੁਕਾਬਲਾ ਕਰਨਯੋਗ ਵਸਤੂਆਂ ਦਾ ਨਿਰਮਾਣ ਤਾਂ ਕਰਨਾ ਹੀ ਪੈਣਾ ਹੈ ਪਰ ਇਨ੍ਹਾਂ ਦੇਸ਼ਾਂ ਵਾਸਤੇ ਜ਼ਿਆਦਾ ਬਿਹਤਰ ਇਹ ਹੈ ਕਿ ਸਾਰਕ ਦੇਸ਼ਾਂ ਵਿਚਕਾਰ ਵਪਾਰ ਵਧਾਉਣ। ਇਸ ਦੇ ਨਾਲ ਹੀ ਦੱਖਣੀ-ਪੂਰਬੀ ਦੇਸ਼ਾਂ ਦੀ ਸੰਸਥਾ (ਆਸੀਆਨ) ਦੇ ਦੇਸ਼ਾਂ ਨਾਲ ਆਪਣੇ ਗੁਆਂਢ ਵਿਚ ਵਪਾਰ ਦੇ ਮੌਕਿਆਂ ਦਾ ਲਾਭ ਉਠਾਉਣ। ਜਿੰਨੀ ਡਿਊਟੀ ਵਧੀ ਹੈ ਜੇ ਉਨੀ ਲਾਗਤ ਘੱਟ ਜਾਵੇ ਤਾਂ ਵਪਾਰ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ, ਨਾ ਹੀ ਦੇਸ਼ ਦੀ ਆਰਥਿਕਤਾ ਪ੍ਰਭਾਵਿਤ ਹੋਵੇਗੀ ਪਰ ਜੇ ਬਰਾਮਦ ਘਟੀ ਤਾਂ ਇਸ ਨਾਲ ਰੁਜ਼ਗਾਰ 'ਤੇ ਬੁਰੇ ਪ੍ਰਭਾਵ ਪੈਣਗੇ।

# ਸਿੰਧ ਜਲ ਸਮਝੌਤਾ ਤੇ ਇਸ ਦੀ ਮੁਅੱਤਲੀ ਦੇ ਪਾਕਿਸਤਾਨ 'ਤੇ ਪ੍ਰਭਾਵ



ਪੰਡਿਤ ਜਵਾਹਰ ਲਾਲ ਨਹਿਰੂ ਅਤੇ ਆਯੂਬ ਖਾਨ 1860 ਵਿਚ ਕਰਾਚੀ 'ਚ ਸਮਝੌਤੇ 'ਤੇ ਦਸਤਖਤ ਕਰਦੇ ਹੋਏ।

ਪਹਿਲਗਾਮ ਦੀ ਬੈਸਰਨ ਘਾਟੀ ਵਿਚ 22 ਅਪ੍ਰੈਲ ਨੂੰ ਦਹਿਸ਼ਤਗਰਦਾਂ ਵਲੋਂ 28 ਸੈਲਾਨੀਆਂ ਨੂੰ ਮਾਰੇ ਜਾਣ ਦੀ ਹਿਰਦੇਵੇਦਕ ਘਟਨਾ ਨੇ ਇਕ ਤਰ੍ਹਾਂ ਨਾਲ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਦੁਨੀਆ ਭਰ ਵਿਚ ਇਸ ਅਣਮਨੁੱਖੀ ਕਾਰੇ ਦੀ ਤਿੱਖੀ ਆਲੋਚਨਾ ਹੋ ਰਹੀ ਹੈ। ਪਹਿਲਾਂ ਹੀ ਭਾਰਤ ਅਤੇ ਪਾਕਿਸਤਾਨ ਦੇ ਖਰਾਬ ਚੱਲ ਰਹੇ ਰਿਸ਼ਤਿਆਂ ਵਿਚ ਇਸ ਨਾਲ ਹੋਰ ਵਿਗਾੜ ਆਉਣ ਦੀ ਭਾਰੀ ਸ਼ੰਕਾ ਪੈਦਾ ਹੋ ਗਈ ਹੈ। ਭਾਰਤ ਨੇ ਸਹੀ ਤੌਰ 'ਤੇ ਇਸ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਜੰਮੂ-ਕਸ਼ਮੀਰ ਸਮੇਤ ਭਾਰਤ ਦੇ ਹੋਰ ਹਿੱਸਿਆਂ ਵਿਚ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ, ਲਸ਼ਕਰ-ਏ-ਤਾਇਬਾ ਅਤੇ ਹਰਕਤ-ਉਲ-ਅਨਸਾਰ ਪਾਕਿਸਤਾਨ ਦੀ ਧਰਤੀ ਤੋਂ ਘੁਸਪੈਠ ਕਰ ਕੇ ਹਿੰਸਕ ਹਮਲਿਆਂ ਦੁਆਰਾ ਦਹਿਸ਼ਤ ਫੈਲਾਉਂਦੇ ਰਹੇ ਹਨ। ਇਸੇ ਕਾਰਨ ਹੁਣ ਭਾਰਤ ਨੇ ਪਾਕਿਸਤਾਨ ਨਾਲ ਸਖ਼ਤੀ ਨਾਲ ਨਜਿੱਠਣ ਦਾ ਵੱਡਾ ਫ਼ੈਸਲਾ ਕਰਦਿਆਂ ਕੁਝ ਸਖ਼ਤ ਕਦਮ ਉਠਾਉਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਵਿਚ ਸਿੰਧ ਜਲ ਸਮਝੌਤੇ ਨੂੰ ਮੁਅੱਤਲ ਕਰਨਾ, ਅਟਾਰੀ-ਵਾਹਗਾ ਸਾਂਝੀ ਚੈੱਕਪੋਸਟ ਨੂੰ ਬੰਦ ਕਰਨਾ, ਸਾਰੇ ਪਾਕਿਸਤਾਨੀ ਨਾਗਰਿਕਾਂ ਦੇ ਵੀਜ਼ੇ ਰੱਦ ਕਰ ਕੇ 48 ਘੰਟਿਆਂ ਵਿਚ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਜਾਣ ਦਾ ਆਦੇਸ਼ ਦੇਣਾ ਅਤੇ ਇਸਲਾਮਾਬਾਦ ਵਿਚ ਭਾਰਤ ਦੇ ਦੂਤਾਵਾਸ ਦਾ ਸਟਾਫ਼ ਘਟਾਉਣਾ ਅਤੇ ਇਸੇ ਤਰ੍ਹਾਂ ਨਵੀਂ ਦਿੱਲੀ ਵਿਚ ਪਾਕਿਸਤਾਨੀ ਦੂਤਾਵਾਸ ਦਾ ਸਟਾਫ਼ ਘਟਾਉਣ ਲਈ ਨਿਰਦੇਸ਼ ਜਾਰੀ ਕਰਨਾ ਆਦਿ ਸ਼ਾਮਿਲ ਹਨ। ਇਨ੍ਹਾਂ ਸਭ ਕਦਮਾਂ ਵਿਚੋਂ ਭਾਰਤ ਦਾ ਜਿਹੜਾ ਕਦਮ ਪਾਕਿਸਤਾਨ ਲਈ ਸਭ ਤੋਂ ਮਾਰੂ ਸਾਬਤ ਹੋ ਸਕਦਾ ਹੈ ਉਹ ਹੈ 'ਸਿੰਧ ਜਲ ਸਮਝੌਤੇ' ਨੂੰ ਰੱਦ ਕਰਨਾ। ਇਸ ਨਾਲ ਪਾਕਿਸਤਾਨ ਦੀ ਖੇਤੀਬਾੜੀ ਤੇ ਬਿਜਲੀ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ। ਇਥੋਂ ਤੱਕ ਕਿ ਦੇਸ਼ ਨੂੰ ਪੀਣ ਵਾਲੇ ਪਾਣੀ ਦੀ ਵੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਾਰਤ ਵਲੋਂ ਸਿੰਧ ਜਲ ਸਮਝੌਤਾ ਰੱਦ ਕਰਨ ਦੀ ਖ਼ਬਰ ਦੇ ਨਾਲ ਹੀ ਪਾਠਕਾਂ ਵਿਚ ਇਹ ਜਾਨਣ ਦੀ ਵੀ ਦਿਲਚਸਪੀ ਪੈਦਾ ਹੋ ਗਈ ਹੈ ਕਿ ਇਹ ਸਮਝੌਤਾ ਕੀ ਹੈ? ਕਦੋਂ ਹੋਇਆ ਸੀ? ਅਤੇ ਇਸ ਦੇ ਪਾਕਿਸਤਾਨ 'ਤੇ ਕਿਹੋ ਜਿਹੇ ਪ੍ਰਭਾਵ ਪੈ ਸਕਦੇ ਹਨ? ਇਥੇ ਇਸ ਸੰਬੰਧੀ ਇਥੇ ਅਸੀਂ ਸੰਖੇਪ ਵਿਚ ਚਰਚਾ ਕਰ ਰਹੇ ਹਾਂ।

**ਸਿੰਧ ਜਲ ਸਮਝੌਤਾ** : ਸਿੰਧ ਜਲ ਸਮਝੌਤਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੋਵਾਂ ਦੇਸ਼ਾਂ ਦੀ 9 ਸਾਲ ਦੀ ਗੱਲਬਾਤ ਤੋਂ ਬਾਅਦ 1960 ਵਿਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਆਯੂਬ ਖਾਨ ਦਰਮਿਆਨ ਕਰਾਚੀ ਵਿਚ ਵਿਸ਼ਵ ਬੈਂਕ ਦੀ ਸਾਲਸੀ ਨਾਲ ਹੋਇਆ ਸੀ। ਇਸ ਸਮਝੌਤੇ ਵਿਚ ਸਿੰਧ ਦਰਿਆ ਪ੍ਰਣਾਲੀ ਦੇ ਦਰਿਆਵਾਂ ਦੇ ਪਾਣੀ ਦੀ ਭਾਰਤ ਅਤੇ ਪਾਕਿਸਤਾਨ ਦਰਮਿਆਨ ਵੰਡ ਕੀਤੀ ਗਈ ਸੀ। ਸਿੰਧ ਦਰਿਆ ਪ੍ਰਣਾਲੀ ਅਧੀਨ 6 ਦਰਿਆ ਸਿੰਧ, ਜੇਹਲਮ, ਚਨਾਬ, ਸਤਲੁਜ, ਰਾਵੀ ਅਤੇ ਬਿਆਸ ਆਉਂਦੇ ਹਨ। ਸਿੰਧ, ਜੇਹਲਮ ਅਤੇ ਚਨਾਬ ਦਾ ਪਾਣੀ (135 ਮਿਲੀਅਨ ਏਕੜ ਫੁੱਟ) ਸਮਝੌਤੇ ਅਧੀਨ ਪਾਕਿਸਤਾਨ ਅਤੇ ਸਤਲੁਜ, ਬਿਆਸ ਅਤੇ ਰਾਵੀ ਦਾ ਪਾਣੀ (33 ਮਿਲੀਅਨ ਏਕੜ ਫੁੱਟ) ਭਾਰਤ ਨੂੰ ਦਿੱਤਾ ਗਿਆ ਸੀ। ਸਿੰਧ ਦਰਿਆ ਪ੍ਰਣਾਲੀ ਦੇ ਉਕਤ ਦਰਿਆਵਾਂ ਦਾ 80 ਫ਼ੀਸਦੀ ਪਾਣੀ ਸਿੰਧ, ਜੇਹਲਮ ਅਤੇ ਚਨਾਬ ਵਿਚ ਵਹਿੰਦਾ ਹੈ, ਜਦੋਂ ਕਿ ਸਿਰਫ਼ 20 ਫ਼ੀਸਦੀ ਪਾਣੀ ਹੀ ਸਤਲੁਜ, ਰਾਵੀ ਅਤੇ ਬਿਆਸ ਵਿਚ ਵਹਿੰਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਦਰਿਆਵਾਂ ਦੇ ਕੁੱਲ ਪਾਣੀ ਦਾ 80 ਫ਼ੀਸਦੀ ਪਾਕਿਸਤਾਨ ਨੂੰ ਦਿੱਤਾ ਗਿਆ ਸੀ ਅਤੇ 20 ਫ਼ੀਸਦੀ ਪਾਣੀ ਹੀ ਭਾਰਤ ਦੇ ਹਿੱਸੇ ਆਇਆ ਸੀ। ਜਿਵੇਂ ਕਿ ਉੱਪਰ ਲਿਖਿਆ ਗਿਆ ਹੈ ਕਿ ਇਹ ਸਮਝੌਤਾ ਵਿਸ਼ਵ ਬੈਂਕ ਦੀ ਸਾਲਸੀ ਅਧੀਨ ਹੋਇਆ ਸੀ ਅਤੇ ਇਸ ਦੇ ਰੱਖ-ਰਖਾਅ ਲਈ 'ਸਿੰਧ ਜਲ ਕਮਿਸ਼ਨ' ਬਣਾਇਆ ਗਿਆ ਸੀ, ਜਿਸ ਅਧੀਨ ਦੋਵੇਂ ਦੇਸ਼ ਦਰਿਆਵਾਂ ਦੇ ਪਾਣੀ ਦੇ ਵਹਾਅ ਸੰਬੰਧੀ ਇਕ-ਦੂਜੇ ਨੂੰ ਸਮੇਂ-ਸਮੇਂ ਜਾਣਕਾਰੀ ਦਿੰਦੇ ਹਨ। ਸਮਝੌਤੇ ਅਨੁਸਾਰ ਸਾਲ ਵਿਚ ਇਕ ਵਾਰ ਸਿੰਧ ਜਲ ਕਮਿਸ਼ਨ ਦੀ ਮੀਟਿੰਗ ਹੋਣੀ ਲਾਜ਼ਮੀ ਹੈ। ਜੇਕਰ ਕੋਈ ਵਿਵਾਦ ਪੈਦਾ ਹੁੰਦਾ ਹੈ ਤਾਂ ਉਸ ਦਾ ਨਿਪਟਾਰਾ ਇਸ ਕਮਿਸ਼ਨ ਵਿਚ ਆਪਸੀ ਗੱਲਬਾਤ ਰਾਹੀਂ ਦੋਵੇਂ ਦੇਸ਼ ਕਰ ਸਕਦੇ ਹਨ। ਜੇਕਰ ਸਮਝੌਤਾ ਨਾ ਹੋਵੇ ਤਾਂ ਵਿਸ਼ਵ ਬੈਂਕ ਤੱਕ ਪਹੁੰਚ ਕੀਤੀ ਜਾ ਸਕਦੀ ਹੈ ਅਤੇ ਜੇਕਰ ਫਿਰ ਵੀ ਸਹਿਮਤੀ ਨਾ ਬਣੇ ਤਾਂ ਵਿਵਾਦ ਅੰਤਰਰਾਸ਼ਟਰੀ ਅਦਾਲਤ ਵਿਚ ਵੀ ਜਾ ਸਕਦਾ ਹੈ।

**ਪਾਕਿਸਤਾਨ 'ਤੇ ਪ੍ਰਭਾਵ** : ਭਾਰਤ ਵਲੋਂ ਸਿੰਧ ਜਲ ਸਮਝੌਤੇ ਨੂੰ ਮੁਅੱਤਲ ਕਰਨ ਦਾ ਜੋ

**ਸਤਨਾਮ ਸਿੰਘ ਮਾਣਕ**

ਫ਼ੈਸਲਾ ਕੀਤਾ ਗਿਆ ਹੈ, ਉਸ ਨੂੰ ਪਾਕਿਸਤਾਨ ਲਈ ਇਸ ਲਈ ਮਾਰੂ ਕਿਹਾ ਜਾ ਰਿਹਾ ਹੈ, ਕਿਉਂਕਿ ਪਾਕਿਸਤਾਨ ਦੀ 80 ਫ਼ੀਸਦੀ ਖੇਤੀਯੋਗ ਜ਼ਮੀਨ ਦੀ ਸਿੰਚਾਈ ਸਿੰਧ ਦਰਿਆ ਪ੍ਰਣਾਲੀ 'ਤੇ ਨਿਰਭਰ ਹੈ। ਪਾਕਿਸਤਾਨ ਨੂੰ ਪ੍ਰਾਪਤ ਹੁੰਦੇ ਪਾਣੀ ਦਾ ਲਗਭਗ 93 ਫ਼ੀਸਦੀ ਹਿੱਸਾ ਸਿੰਚਾਈ ਲਈ ਇਸਤੇਮਾਲ ਹੁੰਦਾ ਹੈ। ਖ਼ਾਸ ਕਰਕੇ ਸਿੰਧ ਅਤੇ ਪੰਜਾਬ ਦੀ ਖੇਤੀ ਵੱਡੀ ਪੱਧਰ 'ਤੇ ਇਸ ਦਰਿਆਈ ਪਾਣੀ 'ਤੇ ਨਿਰਭਰ ਕਰਦੀ ਹੈ। ਪਾਕਿਸਤਾਨ ਦੀ ਆਰਥਿਕਤਾ ਵਿਚ ਖੇਤੀ ਦਾ ਯੋਗਦਾਨ 23 ਫ਼ੀਸਦੀ ਹੈ ਅਤੇ 68 ਫ਼ੀਸਦੀ ਆਬਾਦੀ ਸਿੱਧੇ-ਅਸਿੱਧੇ ਢੰਗ ਨਾਲ ਖੇਤੀ 'ਤੇ ਨਿਰਭਰ ਹੈ। ਪਾਕਿਸਤਾਨ ਦੇ ਪ੍ਰਮੁੱਖ ਸ਼ਹਿਰ ਕਰਾਚੀ, ਮੁਲਤਾਨ ਅਤੇ ਲਾਹੌਰ ਅਨੇਕਾਂ ਪੱਖਾਂ ਤੋਂ ਸਿੰਧ, ਜੇਹਲਮ ਅਤੇ ਚਨਾਬ ਦੇ ਪਾਣੀ 'ਤੇ ਨਿਰਭਰ ਕਰਦੇ ਹਨ। ਪਾਕਿਸਤਾਨ ਦੇ 2 ਵੱਡੇ ਬਿਜਲੀ ਪ੍ਰਾਜੈਕਟ ਤਰਬੇਲਾ ਅਤੇ ਮੰਗਲਾ ਵੀ ਸਿੰਧ ਦੇ ਪਾਣੀ ਨਾਲ ਚਲਦੇ ਹਨ। ਪਾਕਿਸਤਾਨ ਦੀ ਆਰਥਿਕਤਾ ਅਤੇ ਪਾਕਿਸਤਾਨ ਦੀਆਂ ਪਾਣੀ ਦੀਆਂ ਲੋੜਾਂ ਸੰਬੰਧੀ ਜਾਣਕਾਰੀ ਰੱਖਣ ਵਾਲੇ ਮਾਹਿਰਾਂ ਦਾ ਵਿਚਾਰ ਹੈ ਕਿ ਜੇਕਰ ਭਾਰਤ ਅਮਲੀ ਰੂਪ ਵਿਚ ਪਾਕਿਸਤਾਨ ਨੂੰ ਜਾਂਦੇ ਸਿੰਧ, ਜੇਹਲਮ ਅਤੇ ਚਨਾਬ ਦੇ ਪਾਣੀਆਂ ਨੂੰ ਰੋਕ ਦਿੰਦਾ ਹੈ ਤਾਂ ਪਾਕਿਸਤਾਨ ਦੇ ਖੇਤੀ ਉਤਪਾਦਨ ਵਿਚ ਵੱਡੀ ਗਿਰਾਵਟ ਆ ਜਾਵੇਗੀ। ਉਥੇ ਖ਼ੁਰਾਕ ਦਾ ਸੰਕਟ ਖੜ੍ਹਾ ਹੋ ਜਾਵੇਗਾ। ਪਾਕਿਸਤਾਨ ਦੀ ਸ਼ਹਿਰੀ ਜਲ ਸਪਲਾਈ ਵੀ ਰੁਕ ਜਾਵੇਗੀ ਅਤੇ ਦੇਸ਼ ਵਿਚ ਅਸ਼ਾਂਤੀ ਫੈਲ ਸਕਦੀ ਹੈ। ਦੇਸ਼ ਦਾ ਬਿਜਲੀ ਉਤਪਾਦਨ ਠੱਪ ਹੋਣ ਨਾਲ ਸ਼ਹਿਰੀ ਇਲਾਕਿਆਂ ਵਿਚ ਅੰਧੇਰਾ ਛਾ ਜਾਵੇਗਾ ਅਤੇ ਸਨਅਤਾਂ ਨੂੰ ਚਲਾਉਣਾ ਮੁਸ਼ਕਿਲ ਹੋ ਜਾਵੇਗਾ। ਬਿਜਲੀ ਸੰਕਟ ਪੈਦਾ ਹੋਣ ਨਾਲ ਹੋਰ ਅਨੇਕਾਂ ਪੱਖਾਂ ਤੋਂ ਵੀ ਪਾਕਿਸਤਾਨ ਦਾ ਆਮ ਜਨਜੀਵਨ ਪ੍ਰਭਾਵਿਤ ਹੋ ਸਕਦਾ ਹੈ।

ਬਿਨਾਂ ਸ਼ੱਕ ਜੇਕਰ ਅਜਿਹਾ ਹੁੰਦਾ ਹੈ ਤਾਂ ਪ੍ਰਮਾਣੂ ਹਥਿਆਰਾਂ ਨਾਲ ਲੈਸ ਦੋਵਾਂ ਦੇਸ਼ਾਂ ਦੇ ਖ਼ਰਾਬ ਹੋ ਰਹੇ ਸੰਬੰਧ ਕਿਸੇ ਭਿਆਨਕ ਜੰਗ ਨੂੰ ਜਨਮ ਦੇ ਸਕਦੇ ਹਨ। ਬਿਹਤਰ ਇਹੀ ਹੋਵੇਗਾ ਕਿ ਪਾਕਿਸਤਾਨ ਭਾਰਤ ਵਿਰੁੱਧ ਸੇਧਤ ਅੱਤਵਾਦ ਨੂੰ ਪੂਰੀ ਤਰ੍ਹਾਂ ਕੰਟਰੋਲ ਕਰੇ ਅਤੇ ਭਾਰਤ ਨਾਲ ਆਪਣੇ ਸਾਰੇ ਵਿਵਾਦ ਦੁਵੱਲੀ ਗੱਲਬਾਤ ਨਾਲ ਸੁਲਝਾਉਣ ਲਈ ਅੱਗੇ ਆਵੇ। ਦੋਵਾਂ ਦੇਸ਼ਾਂ ਦੇ ਕਰੋੜਾਂ ਆਮ ਲੋਕਾਂ ਦੀ ਵੀ ਇਹੀ ਭਾਵਨਾ ਹੈ। ਪਰ ਇਹ ਪਾਕਿਸਤਾਨ ਦੇ ਹੁਕਮਰਾਨ ਅਤੇ ਉਥੋਂ ਦੀ ਫ਼ੌਜੀ ਸਥਾਪਤੀ ਹੀ ਹੈ, ਜੋ ਕੰਧ 'ਤੇ ਲਿਖੀ ਹੋਈ ਇਸ ਇਬਾਰਤ ਨੂੰ ਪੜ੍ਹਨ ਤੋਂ ਲਗਾਤਾਰ ਇਨਕਾਰੀ ਹੁੰਦੀ ਰਹੀ ਹੈ। ਇਸ ਨੇ ਹੀ ਦੋਵਾਂ ਦੇਸ਼ਾਂ ਦੇ ਸੰਬੰਧਾਂ ਨੂੰ ਦਹਾਕਿਆਂ ਤੋਂ ਭੈੜੀ ਸਥਿਤੀ ਵਿਚ ਧੱਕਿਆ ਹੋਇਆ ਹੈ। ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਪਹਿਲਗਾਮ ਵਿਚ ਸੈਲਾਨੀਆਂ 'ਤੇ ਕੀਤੇ ਗਏ ਹਮਲੇ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸੰਬੰਧ ਅੱਗੇ ਕੀ ਰੁਖ਼ ਅਖ਼ਤਿਆਰ ਕਰਦੇ ਹਨ?

# ਭਾਰਤ ਦਾ ਸਖ਼ਤ ਸੰਦੇਸ਼

ਕਸ਼ਮੀਰ ਵਿਚ 22 ਅਪ੍ਰੈਲ ਦੇ ਬੇਹੱਦ ਦੁਖਦਾਈ ਅਤੇ ਭਿਆਨਕ ਖ਼ੂਨੀ ਘਟਨਾਕ੍ਰਮ ਤੋਂ ਬਾਅਦ ਵਾਦੀ ਵਿਚ ਹੀ ਨਹੀਂ, ਸਗੋਂ ਦੇਸ਼ ਭਰ ਵਿਚ ਸਮੁੱਚਾ ਮਾਹੌਲ ਬਦਲ ਗਿਆ ਹੈ। ਦਹਿਸ਼ਤਗਰਦਾਂ ਵਲੋਂ ਕੀਤੇ ਗਏ ਇਸ ਕਾਰੇ ਨੇ ਸਭ ਪਾਸੇ ਦੁਖਦ ਮਾਹੌਲ ਪੈਦਾ ਕਰ ਦਿੱਤਾ ਹੈ। ਪਿਛਲੇ ਕਈ ਦਹਾਕਿਆਂ ਤੋਂ ਜੰਮੂ-ਕਸ਼ਮੀਰ ਦੇ ਨਾਲ-ਨਾਲ ਦੇਸ਼ ਦੀਆਂ ਵੱਖ-ਵੱਖ ਥਾਵਾਂ 'ਤੇ ਅੱਤਵਾਦੀ ਸੰਗਠਨਾਂ ਦੀਆਂ ਕਾਰਵਾਈਆਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ। ਲਗਾਤਾਰ ਇਸ ਦੇ ਪੁਖ਼ਤਾ ਸਬੂਤ ਸਾਹਮਣੇ ਆਉਂਦੇ ਰਹੇ ਹਨ ਕਿ ਅਜਿਹੀ ਸਾਰੀ ਯੋਜਨਾਬੰਦੀ ਗੁਆਂਢੀ ਦੇਸ਼ ਪਾਕਿਸਤਾਨ ਵਿਚ ਹੁੰਦੀ ਰਹੀ ਹੈ। ਭਾਰਤ ਵਿਰੁੱਧ ਸਰਗਰਮ ਰਹੇ ਅਤੇ ਸ਼ਕਤੀਸ਼ਾਲੀ ਬਣਦੇ ਰਹੇ ਇਨ੍ਹਾਂ ਸੰਗਠਨਾਂ ਨੇ ਨਿਤ-ਦਿਨ ਦੇਸ਼ ਸਾਹਮਣੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰੀ ਰੱਖੀਆਂ ਹਨ। ਵਾਦੀ ਵਿਚ ਤਾਂ ਲਗਾਤਾਰ ਉਨ੍ਹਾਂ ਵਲੋਂ ਖ਼ੂਨ ਦੀ ਹੋਲੀ ਖੇਡੀ ਜਾਂਦੀ ਰਹੀ ਹੈ, ਪਰ ਪਾਕਿਸਤਾਨ ਦੀ ਸ਼ਹਿ 'ਤੇ ਇਨ੍ਹਾਂ ਨੇ ਭਾਰਤ ਦੀ ਸੰਸਦ ਦੇ ਨਾਲ-ਨਾਲ ਮੁੰਬਈ ਵਰਗੇ ਮਹਾਂਨਗਰਾਂ ਨੂੰ ਵੀ ਆਪਣੀ ਖ਼ੂਨੀ ਲਪੇਟ ਵਿਚ ਲਈ ਰੱਖਿਆ ਹੈ। ਸਮੇਂ-ਸਮੇਂ ਦੋਵਾਂ ਦੇਸ਼ਾਂ ਵਿਚ ਇਸ ਕਾਰਨ ਸਖ਼ਤ ਤਣਾਅ ਵੀ ਬਣਦਾ ਰਿਹਾ, ਪਰ ਪਾਕਿਸਤਾਨ ਦੀ ਫ਼ੌਜ ਨੇ ਭਾਰਤ ਨੂੰ ਲਹੂ-ਲੁਹਾਨ ਕਰਨ ਦਾ ਆਪਣਾ ਏਜੰਡਾ ਜਾਰੀ ਰੱਖਿਆ ਹੈ। ਉਹ ਲਗਾਤਾਰ ਅੱਤਵਾਦੀਆਂ ਦੇ ਮੋਢੇ 'ਤੇ ਬੰਦੂਕ ਰੱਖ ਕੇ ਭਾਰਤ ਵਿਰੁੱਧ ਸੇਧਤ ਕਰਦੀ ਰਹੀ ਹੈ। ਇਥੋਂ ਤੱਕ ਕਿ ਸਾਲ 2019 ਵਿਚ ਪੁਲਵਾਮਾ ਵਿਚ ਅੱਤਵਾਦੀਆਂ ਨੇ ਘਾਤਕ ਹਮਲਾ ਕਰਕੇ ਤਿੰਨ ਦਰਜਨ ਤੋਂ ਵਧੇਰੇ ਜਵਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ। ਉਸ ਤੋਂ ਬਾਅਦ ਭਾਰਤ ਨੇ ਵੱਡੀ ਹੱਦ ਤੱਕ ਆਪਣੇ ਇਸ ਗੁਆਂਢੀ ਦੇਸ਼ ਨਾਲੋਂ ਸੰਬੰਧ ਤੋੜ ਲਏ ਸਨ ਪਰ ਅਜਿਹਾ ਹੋਣ ਤੋਂ ਬਾਅਦ ਵੀ ਉਸ ਨੇ ਕਸ਼ਮੀਰ ਹਥਿਆਉਣ ਦੇ ਨਾਂਅ 'ਤੇ ਆਪਣੀਆਂ ਬੇਹੂਦਾ ਹਰਕਤਾਂ ਨੂੰ ਜਾਰੀ ਰੱਖਿਆ ਹੈ।

ਪਿਛਲੇ ਕੁਝ ਸਾਲਾਂ ਤੋਂ ਜੰਮੂ-ਕਸ਼ਮੀਰ ਵਿਚ ਆਈ ਸ਼ਾਂਤੀ ਅਤੇ ਵਧੀ ਸਰਗਰਮੀ ਨਾਲ ਉਸ ਦੀ ਬੌਖ਼ਲਾਹਟ ਹੋਰ ਵੀ ਵਧ ਗਈ ਹੈ। ਦੇਸ਼ ਭਰ 'ਚੋਂ ਲੱਖਾਂ ਹੀ ਸੈਲਾਨੀਆਂ ਦੇ ਕਸ਼ਮੀਰ ਘਾਟੀ ਵਿਚ ਪਹੁੰਚਣ ਨਾਲ ਉਥੇ ਚਹਿਲ-ਪਹਿਲ ਵਧੀ ਹੈ ਅਤੇ ਦਹਾਕਿਆਂ ਤੋਂ ਸਖ਼ਤ ਹਾਲਾਤ ਨਾਲ ਜੂਝਦੇ ਲੱਖਾਂ ਹੀ ਕਸ਼ਮੀਰੀਆਂ ਦੀ ਜ਼ਿੰਦਗੀ ਵਿਚ ਨਵੀਂ ਧੜਕਣ ਆਈ ਹੈ। ਉਨ੍ਹਾਂ ਲਈ ਆਰਥਿਕ ਦਰਵਾਜ਼ੇ ਮੁੜ ਖੁੱਲ੍ਹ ਗਏ ਹਨ। ਉਨ੍ਹਾਂ ਨੇ ਸਿਆਸੀ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ। ਚੋਣਾਂ ਤੋਂ ਬਾਅਦ ਨਵੀਂ ਪ੍ਰਾਂਤਕ ਸਰਕਾਰ ਹੋਂਦ ਵਿਚ ਆਈ ਹੈ। ਅੱਜ ਉਮਰ ਅਬਦੁੱਲਾ ਦੀ ਅਗਵਾਈ ਵਿਚ ਨੈਸ਼ਨਲ ਕਾਨਫ਼ਰੰਸ ਦੀ ਸਰਕਾਰ ਵੱਡੇ ਯਤਨਾਂ ਨਾਲ ਲੋਕ-ਮਨਾਂ ਵਿਚ ਮੁੜ ਆਪਣਾ ਪ੍ਰਭਾਵ ਕਾਇਮ ਕਰਨ ਦੇ ਯਤਨ ਵਿਚ ਹੈ। ਪਿਛਲੇ ਸਾਲ 30 ਲੱਖ ਦੇ ਲਗਭਗ ਸੈਲਾਨੀਆਂ ਦੇ ਵਾਦੀ ਵਿਚ ਆਉਣ ਨਾਲ ਸਥਾਨਕ ਲੋਕਾਂ ਵਿਚ ਨਵੀਆਂ ਉਮੰਗਾਂ ਅਤੇ ਤਰੰਗਾਂ ਪੈਦਾ ਹੋਈਆਂ ਸਨ। ਇਸ ਸਾਲ ਵੀ ਪਹਿਲਾਂ ਨਾਲੋਂ ਵਧੇਰੇ ਸੈਲਾਨੀਆਂ ਦੇ ਵਾਦੀ ਵਿਚ ਆਉਣ ਦੀ ਸੰਭਾਵਨਾ ਉਜਾਗਰ ਹੋਈ ਸੀ, ਪਰ ਪਹਿਲਗਾਮ ਨੇੜੇ ਅੱਤਵਾਦੀਆਂ ਦੇ ਵੱਡੇ ਕਾਰੇ ਨੇ ਸਾਰਾ ਮਾਹੌਲ ਹੀ ਗ਼ਮਗੀਨ ਅਤੇ ਦੁਖਦਾਈ ਕਰ ਦਿੱਤਾ ਹੈ। ਚਾਹੇ ਇਨ੍ਹਾਂ ਅੱਤਵਾਦੀਆਂ ਨੇ ਸਪੱਸ਼ਟ ਰੂਪ ਵਿਚ ਇਕ ਫ਼ਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਬਣ ਰਹੀ ਭਾਈਚਾਰਕ ਸਾਂਝ ਵਿਚ ਵੱਡਾ ਪਾੜਾ ਪਾਉਣ ਦਾ ਯਤਨ ਕੀਤਾ ਹੈ ਪਰ ਇਸ ਵਾਰ ਜਿਸ ਤਰ੍ਹਾਂ ਸਮੁੱਚੀ ਵਾਦੀ ਵਿਚ ਇਨ੍ਹਾਂ ਅੱਤਵਾਦੀਆਂ ਖ਼ਿਲਾਫ਼ ਰੋਸ ਪੈਦਾ ਹੋਇਆ ਹੈ, ਉਸ ਨੇ ਸਮੁੱਚੇ ਮਾਹੌਲ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ।

ਕਸ਼ਮੀਰ ਦੇ ਵੱਡੇ-ਵੱਡੇ ਸ਼ਹਿਰਾਂ ਵਿਚ ਇਸ ਕਾਰੇ ਵਿਰੁੱਧ ਰੋਸ ਮੁਜ਼ਾਹਰੇ ਕੀਤੇ ਗਏ ਹਨ, ਜਿਨ੍ਹਾਂ ਦੀ ਅਗਵਾਈ ਕਸ਼ਮੀਰੀ ਆਗੂਆਂ ਨੇ ਹੀ ਕੀਤੀ ਹੈ। ਇਕ ਰੋਸ ਮੁਜ਼ਾਹਰੇ ਦੀ ਅਗਵਾਈ ਕਰਦਿਆਂ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਕਿਹਾ ਹੈ ਕਿ ਇਹ ਹਮਲਾ ਸੈਲਾਨੀਆਂ 'ਤੇ ਹੀ ਨਹੀਂ, ਸਗੋਂ ਕਸ਼ਮੀਰ ਦੀ ਆਤਮਾ 'ਤੇ ਹੈ। ਇਨ੍ਹਾਂ ਰੋਸ ਮੁਜ਼ਾਹਰਿਆਂ ਵਿਚ ਵਾਦੀ ਦੇ ਹਰ ਵਰਗ ਨੇ ਹਿੱਸਾ ਲਿਆ ਅਤੇ ਪੂਰੀ ਵਾਦੀ ਵਿਚ ਦੁਕਾਨਾਂ ਅਤੇ ਕਾਰੋਬਾਰ ਬੰਦ ਹੋਣ ਨੇ ਪਾਕਿਸਤਾਨ ਨੂੰ ਇਹ ਸੁਨੇਹਾ ਦਿੱਤਾ ਹੈ ਕਿ ਉਹ ਉਨ੍ਹਾਂ ਦਾ ਮਿੱਤਰ ਨਹੀਂ, ਸਗੋਂ ਦੁਸ਼ਮਣ ਹੈ, ਜਿਸ ਨੇ ਸਮੁੱਚੇ ਪ੍ਰਾਂਤ ਨੂੰ ਹੀ ਖ਼ੂਨੀ



ਲੜਾਈਆਂ ਦਾ ਗੜ੍ਹ ਬਣਾ ਕੇ ਰੱਖ ਦਿੱਤਾ ਹੈ ਅਤੇ ਕਸ਼ਮੀਰੀਅਤ ਦੀ ਭਾਵਨਾ ਨੂੰ ਕੁਚਲ ਦਿੱਤਾ ਹੈ। ਹੁਰੀਅਤ ਕਾਨਫ਼ਰੰਸ ਦੇ ਆਗੂ ਮੀਰ ਵਾਇਜ਼ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਜੋ ਵੀ ਬੇਗੁਨਾਹ ਨੂੰ ਮਾਰਦਾ ਹੈ, ਉਹ ਸਮੁੱਚੀ ਇਨਸਾਨੀਅਤ ਦਾ ਕਤਲ ਕਰਦਾ ਹੈ। ਬਿਨਾਂ ਸ਼ੱਕ ਭਾਰਤ ਵਲੋਂ ਸਿੰਧੂ ਜਲ ਸੰਧੀ ਨੂੰ ਖ਼ਤਮ ਕਰਨ ਦਾ ਐਲਾਨ ਅਤੇ ਪਾਕਿਸਤਾਨ ਨਾਲ ਕਿਸੇ ਵੀ ਤਰ੍ਹਾਂ ਦੇ ਕੋਈ ਸੰਬੰਧ ਨਾ ਰੱਖਣ ਦੇ ਸਰਕਾਰੀ ਬਿਆਨਾਂ ਨੇ ਉਸ ਨੂੰ ਇਕ ਸਖ਼ਤ ਸੰਦੇਸ਼ ਦਿੱਤਾ ਹੈ।

ਅਜਿਹਾ ਹੀ ਸੰਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਿੰਦਿਆਂ ਕਿਹਾ ਹੈ ਕਿ ਇਨ੍ਹਾਂ ਦਹਿਸ਼ਤਗਰਦਾਂ ਅਤੇ ਸਾਜਿਸ਼ਾਂ ਰਚਣ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇ ਭਾਗੀ ਬਣਾਇਆ ਜਾਵੇਗਾ। ਇਸ ਦੇ ਪ੍ਰਤੀਕਰਮ ਵਜੋਂ ਪਾਕਿਸਤਾਨ ਨੇ ਭਾਰਤ ਨਾਲ ਸੰਬੰਧ ਤੋੜਨ ਦਾ ਐਲਾਨ ਕੀਤਾ ਹੈ ਪਰ ਨਾਲ ਇਹ ਵੀ ਕਿਹਾ ਹੈ ਕਿ ਸਿੰਧੂ ਜਲ ਸੰਧੀ ਤਹਿਤ ਪਾਕਿਸਤਾਨ ਨੂੰ ਮਿਲਣ ਵਾਲੇ ਪਾਣੀ ਨੂੰ ਰੋਕਣ ਦਾ ਕੋਈ ਵੀ ਯਤਨ ਯੁੱਧ ਦੀ ਕਾਰਵਾਈ ਮੰਨਿਆ ਜਾਵੇਗਾ। ਪਹਿਲਗਾਮ ਦੀ ਘਟਨਾ ਦੀ ਦੁਨੀਆ ਭਰ ਦੇ ਦੇਸ਼ਾਂ ਵਿਚ ਵੱਡੀ ਆਲੋਚਨਾ ਹੋਈ ਹੈ, ਜਿਸ ਨਾਲ ਪਾਕਿਸਤਾਨ ਕੌਮਾਂਤਰੀ ਭਾਈਚਾਰੇ 'ਚ ਇਕੱਲਾ ਖੜ੍ਹਾ ਨਜ਼ਰ ਆਉਣ ਲੱਗਾ ਹੈ। ਅਜਿਹੇ ਮਾਹੌਲ ਵਿਚ ਜੰਗ ਦੇ ਬੱਦਲ ਵੀ ਗਹਿਰੇ ਹੋ ਰਹੇ ਹਨ ਜੋ ਕਿ ਇਕ ਵਾਰ ਫੇਰ ਇਸ ਖਿੱਤੇ ਦੀ ਤਬਾਹੀ ਦਾ ਸੰਕੇਤ ਦਿੰਦੇ ਨਜ਼ਰ ਆ ਸਕਦੇ ਹਨ।

# ਪ੍ਰਦੂਸ਼ਣ ਖਿਲਾਫ਼ ਲੜਾਈ: ਧਰਤੀ ਦੀ ਰਾਖੀ ਕਰੀਏ

ਡਾ. ਰਣਜੀਤ ਸਿੰਘ



ਹੁਣ ਤੱਕ ਪ੍ਰਾਪਤ ਵਿਗਿਆਨਕ ਜਾਣਕਾਰੀ ਅਨੁਸਾਰ, ਜੀਵਨ ਕੇਵਲ ਧਰਤੀ ਨਾਮੀ ਗ੍ਰਹਿ ਉੱਤੇ ਹੀ ਧੜਕਦਾ ਹੈ। ਜੀਵਨ ਦੀ ਧੜਕਣ ਲਈ ਧਰਤੀ ਅਤੇ ਪਾਣੀ ਦਾ ਮਿਲਾਪ ਜ਼ਰੂਰੀ ਹੈ। ਇਨ੍ਹਾਂ ਤੋਂ ਬਗੈਰ ਜੀਵਨ ਹੋ ਨਹੀਂ ਸਕਦਾ। ਇਸੇ ਕਰ ਕੇ ਮਹਾਨ ਇਨਕਲਾਬੀ ਪੈਗੰਬਰ ਗੁਰੂ ਨਾਨਕ ਜੀ ਨੇ ਧਰਤੀ ਨੂੰ ਮਾਤਾ ਅਤੇ ਪਾਣੀ ਨੂੰ ਪਿਤਾ ਆਖਿਆ। ਹੁਣ ਤੋਂ ਕੋਈ ਅੱਧੀ ਸਦੀ ਪਹਿਲਾਂ ਤੱਕ ਪਾਣੀ ਅਤੇ ਧਰਤੀ ਨੂੰ ਦੇਵਤੇ ਆਖ ਪੂਜਾ ਕੀਤੀ ਜਾਂਦੀ ਸੀ। ਇਨ੍ਹਾਂ ਦੀ ਪਵਿੱਤਰਤਾ ਕਾਇਮ ਰੱਖਣ ਲਈ ਪੂਰਾ ਯਤਨ ਕੀਤਾ ਜਾਂਦਾ ਸੀ। ਆਪਣੀ ਜਨਮਭੂਮੀ ਨਾਲ ਅੰਤਾਂ ਦਾ ਪਿਆਰ ਕੀਤਾ ਜਾਂਦਾ ਸੀ। ਆਪਣੀ ਜਨਮਭੂਮੀ ਦੀ ਮਿੱਟੀ ਨੂੰ ਸਤਿਕਾਰ ਵਜੋਂ ਮੱਥੇ ਉੱਤੇ ਲਗਾਇਆ ਜਾਂਦਾ ਸੀ। ਆਪਣੀ ਜਨਮਭੂਮੀ ਦੀ ਮਿੱਟੀ ਦੀ ਤੜਫ ਦੀ ਮਿਸਾਲ 1947 ਵਿੱਚ ਪੰਜਾਬ ਦੀ ਹੋਈ ਵੰਡ ਪਿੱਛੋਂ ਮਿਲਦੀ ਹੈ। ਜਿਹੜੇ ਵੀ ਲੋਕ ਆਪਣੇ ਘਰ-ਬਾਰ ਛੱਡ ਉਧਰੋਂ ਇਧਰ ਆਏ ਅਤੇ ਇਧਰੋਂ ਉਧਰ ਗਏ, ਉਹ ਹਮੇਸ਼ਾ ਇਸ ਮਿੱਟੀ ਲਈ ਤਰਸਦੇ ਰਹੇ ਹਨ। ਜਦੋਂ ਕੋਈ ਇਧਰੋਂ ਉਧਰ ਤੇ ਉਧਰੋਂ ਇਧਰ ਆਉਂਦਾ ਸੀ ਤਾਂ ਉਸ ਤੋਂ ਇਹੋ ਫਰਮਾਇਸ਼ ਕੀਤੀ ਜਾਂਦੀ ਰਹੀ ਹੈ ਕਿ ਇਕ ਮੁੱਠੀ ਮੇਰੇ ਪਿੰਡ ਦੀ ਮਿੱਟੀ ਲੈਂਦੇ ਆਉਣਾ। ਪਰਦੇਸਾਂ ਵਿੱਚ ਰਹਿੰਦੇ ਬੱਚਿਆਂ ਕੋਲ ਜਿਹੜੇ ਬਜ਼ੁਰਗ ਜਾਂਦੇ ਹਨ, ਉਹ ਹਮੇਸ਼ਾ ਆਪਣੀ ਜਨਮਭੂਮੀ ਨੂੰ ਪ੍ਰਣਾਮ ਕਰਨ ਲਈ ਤਰਸਦੇ ਰਹਿੰਦੇ ਹਨ।

ਵਿਗਿਆਨਕ ਵਿਕਾਸ ਅਤੇ ਆਧੁਨਿਕਤਾ ਦੇ ਪ੍ਰਭਾਵ ਨੇ ਨਵੀਂ ਪੀੜ੍ਹੀ ਵਿੱਚੋਂ ਪਾਣੀ ਅਤੇ ਧਰਤੀ ਦਾ ਸਤਿਕਾਰ ਖਤਮ ਕਰ ਦਿੱਤਾ ਹੈ। ਉਨ੍ਹਾਂ ਲਈ ਇਹ ਦੋਵੇਂ ਵਰਤੋਂ ਦੀ ਸ਼ੈਅ ਹਨ। ਗਿਆਨ ਵਿੱਚ ਹੋਏ ਵਾਧੇ ਨਾਲ ਨਵੀਂ ਪੀੜ੍ਹੀ ਨੂੰ ਪਾਣੀ ਅਤੇ ਧਰਤੀ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਦਾ ਵਧੇਰੇ ਅਹਿਸਾਸ ਹੋਣਾ ਚਾਹੀਦਾ ਸੀ ਪਰ ਬਦਕਿਸਮਤੀ ਨਾਲ ਹੋ ਇਸ ਦੇ ਉਲਟ ਰਿਹਾ ਹੈ। ਇਕੀਵੀਂ ਸਦੀ ਜਿਸ ਨੂੰ ਅਸੀਂ ਗਿਆਨ ਅਤੇ ਵਿਗਿਆਨ ਦੀ ਸਦੀ ਆਖਦੇ ਹਾਂ, ਵਿੱਚ ਅਸੀਂ ਆਪਣੀ ਧਰਤੀ ਅਤੇ ਪਾਣੀ ਨੂੰ ਪਲੀਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਕੋਈ ਅੱਧੀ ਸਦੀ ਪਹਿਲਾਂ ਧਰਤੀ ਇਤਨੀ ਪਵਿੱਤਰ ਹੁੰਦੀ ਸੀ ਕਿ ਜੇਕਰ ਹਲ ਵਾਹੁੰਦੇ ਹਾਲੀ ਦੇ ਫ਼ਾਲਾ ਲੱਗ ਜਾਣਾ, ਕਹੀ ਚਲਾਉਂਦਿਆਂ ਕਹੀ ਲੱਗ ਜਾਣੀ ਜਾਂ ਗੋਡੀ ਕਰਦਿਆਂ ਖੁਰਪੇ ਨਾਲ ਫਟ ਲੱਗ ਜਾਣਾ ਤਾਂ ਝਟਪਟ ਉਥੇ ਹੀ ਖੇਤ ਦੀ ਮਿੱਟੀ ਉਸ ਉੱਤੇ ਪਾ ਦਿੱਤੀ ਜਾਂਦੀ ਸੀ। ਇਸ ਨਾਲ ਕੇਵਲ ਲਹੂ ਵਗਣਾ ਹੀ ਬੰਦ ਨਹੀਂ ਸੀ ਹੁੰਦਾ ਸਗੋਂ ਜ਼ਖਮ ਵੀ ਆਪੇ ਭਰ ਜਾਂਦਾ ਸੀ। ਨਦੀਆਂ ਦਾ ਪਾਣੀ ਪਵਿੱਤਰ ਹੁੰਦਾ ਸੀ। ਹੁਣ ਜੇਕਰ ਕਿਸੇ ਜ਼ਖ਼ਮ ਉੱਤੇ ਮਿੱਟੀ ਲੱਗ ਜਾਵੇ ਤਾਂ ਫਟਾਫਟ ਟੈਟਨਸ ਦਾ ਟੀਕਾ ਲਗਾਇਆ ਜਾਂਦਾ ਹੈ ਤਾਂ ਜੋ ਜ਼ਖ਼ਮ ਦਾ ਜ਼ਹਿਰ ਸਾਰੇ ਸਰੀਰ ਵਿੱਚ ਨਾ ਫੈਲ ਜਾਵੇ। ਪੰਜਾਬ ਜਿਸ ਦਾ ਨਾਮ ਹੀ ਪਾਣੀਆਂ ਉੱਤੇ ਰੱਖਿਆ ਗਿਆ ਹੈ ਅਤੇ ਇਸ ਦੇ ਪਾਣੀ ਨੂੰ ਅੰਮ੍ਰਿਤ ਵਰਗਾ ਸਮਝਿਆ ਜਾਂਦਾ ਸੀ, ਉਥੇ ਹੀ ਸਭ ਤੋਂ ਵੱਧ ਬੋਤਲ ਬੰਦ ਪਾਣੀ ਦੀ ਵਰਤੋਂ ਹੁੰਦੀ ਹੈ। ਅਸੀਂ ਆਪਣੇ ਲੱਛਣਾਂ ਨਾਲ ਆਪਣੀ ਮਿੱਟੀ, ਧਰਤੀ ਉਤਲੇ ਅਤੇ ਧਰਤੀ ਹੇਠਲੇ ਪਾਣੀ ਨੂੰ ਗੰਧਲਾ ਕਰ ਦਿੱਤਾ ਹੈ ਜਿਸ ਦੀ ਸਜ਼ਾ ਕੇਵਲ ਇਨਸਾਨ ਨੂੰ ਹੀ ਨਹੀਂ ਸਗੋਂ ਸਾਰੇ ਜੀਵ ਜੰਤੂਆਂ ਨੂੰ ਭੁਗਤਣੀ ਪੈ ਰਹੀ ਹੈ। ਹਾਨੀਕਾਰਕ ਕੀੜੇ ਖਾਣ ਵਾਲੀਆਂ ਚਿੜੀਆਂ ਲੋਪ ਹੋ ਗਈਆਂ ਹਨ ਅਤੇ ਮੁਰਦਾਰ ਖਾਣ ਵਾਲੀਆਂ ਗਿਰਝਾਂ ਕਦੇ ਕਦਾਈਂ ਹੀ ਨਜ਼ਰ ਆਉਂਦੀਆਂ ਹਨ। ਇਸ ਦਾ ਮੁੱਖ ਕਾਰਨ ਮਨੁੱਖਾਂ ਵਿੱਚ ਵੱਡੀ ਹਿਰਸ ਅਤੇ ਲਾਲਚ ਹੈ। ਕੁਦਰਤ ਕੋਲ ਸਾਰੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਹੈ, ਜਾਂ ਇੰਝ ਆਖ ਲਈਏ ਕਿ ਸਾਰੇ ਸਾਧਨ ਮੌਜੂਦ ਹਨ ਪਰ ਮਨੁੱਖੀ ਲਾਲਚ ਦੀ ਪੂਰਤੀ ਨੇ ਸਾਰਾ ਕੁਝ ਡਾਵਾਂਡੋਲ ਕਰ ਦਿੱਤਾ ਹੈ। ਸੰਸਾਰ ਦੀ ਘੱਟੋ-ਘੱਟ ਅੱਧੀ ਵਸੋਂ ਨੂੰ ਸੰਤੁਲਿਤ ਖ਼ੁਰਾਕ ਅਤੇ ਪੀਣ ਨੂੰ ਸ਼ੁੱਧ ਪਾਣੀ ਨਹੀਂ ਮਿਲ ਰਿਹਾ।

ਧਰਤੀ, ਪਾਣੀ ਅਤੇ ਵਾਤਾਵਰਨ ਦੇ ਪ੍ਰਦੂਸ਼ਣ ਦੀ ਚਰਚਾ ਸਾਰੇ ਸੰਸਾਰ ਵਿੱਚ ਹੋ ਰਹੀ ਹੈ। ਇਸੇ ਕਰ ਕੇ ਹਰ ਸਾਲ ਸਾਰੀ ਦੁਨੀਆ ਵਿੱਚ ਵਿਸ਼ਵ ਧਰਤੀ ਦਿਵਸ ਮਨਾਇਆ ਜਾਂਦਾ ਹੈ। ਇਸ ਦਾ ਆਰੰਭ ਪਹਿਲੀ ਵਾਰ 22 ਅਪਰੈਲ 1970 ਨੂੰ ਅਮਰੀਕਾ ਵਿੱਚ ਸੈਨੇਟਰ ਗੇਲੋਰਡ ਨੈਲਸਨ ਨੇ ਕੀਤੀ ਸੀ। ਇਸ ਦਿਵਸ ਦਾ ਇਸ ਵਾਰ ਦਾ ਸੰਦੇਸ਼ ਸੀ- 'ਸਾਡੀ ਸ਼ਕਤੀ ਸਾਡਾ ਗ੍ਰਹਿ'। ਇਸ ਦਿਨ ਸਾਰੇ ਸੰਸਾਰ ਵਿੱਚ ਸਰਕਾਰਾਂ ਅਤੇ ਲੋਕਾਂ ਨੂੰ ਆਪਣੀ ਜਿੰਮੇਵਾਰੀ ਬਾਰੇ ਸੁਚੇਤ ਕੀਤਾ ਜਾਂਦਾ ਹੈ ਤਾਂ ਜੋ ਅਸੀਂ ਆਪਣੇ ਗ੍ਰਹਿ ਨੂੰ ਸੰਭਾਲ ਸਕੀਏ। ਸਾਡੇ ਦੇਸ਼ ਦੀ ਗਿਣਤੀ ਵੀ ਉਨ੍ਹਾਂ ਦੇਸ਼ਾਂ ਵਿੱਚ ਹੁੰਦੀ ਹੈ ਜਿਥੋਂ ਦੀ ਧਰਤੀ, ਪਾਣੀ ਅਤੇ ਵਾਤਾਵਰਨ ਸਭ ਤੋਂ ਵੱਧ ਪ੍ਰਦੂਸ਼ਿਤ ਹੈ। ਭਾਰਤ ਦਾ ਸਭ ਤੋਂ ਵੱਧ ਵਿਕਸਿਤ ਸੂਬਾ ਪੰਜਾਬ ਵੀ ਇਸ ਦੀ ਲਪੇਟ ਵਿੱਚ ਆ ਗਿਆ ਹੈ। ਨਵੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਪੰਜਾਬ ਦਾ ਪਾਣੀ ਵੀ ਗੰਧਲਾ ਹੋ ਗਿਆ ਤੇ ਉਸ ਵਿੱਚ ਧਾਤਾਂ ਦੀ ਮੌਜੂਦਗੀ ਲੋੜ ਤੋਂ ਕਿਤੇ ਵਧ ਗਈ ਹੈ। ਪੰਜਾਬੀਆਂ ਦੀ ਆਦਤ ਆਪਣੇ ਅੰਦਰ ਝਾਤੀ ਮਾਰਨ ਦੀ ਨਹੀਂ ਹੈ ਸਗੋਂ ਸਾਰਾ ਦੋਸ਼ ਦੂਜਿਆਂ ਸਿਰ ਮੜ੍ਹ ਕੇ ਆਪਣੇ ਆਪ ਨੂੰ ਸੁਰਖਰੂ ਕਰ ਲਿਆ ਜਾਂਦਾ ਹੈ। ਪੰਜਾਬ ਦੇ ਅਖੌਤੀ ਬੁੱਧੀਜੀਵੀ ਅਤੇ ਚਿੰਤਕ ਸਾਰਾ ਦੋਸ਼ ਕਿਸਾਨਾਂ ਅਤੇ ਹਰੇ ਇਨਕਲਾਬ ਸਿਰ ਮੜ੍ਹ ਕੇ ਅਸਲੀ ਕਾਰਨਾਂ ਨੂੰ ਅੱਖੋਂ ਉਹਲੇ ਕਰ ਰਹੇ ਹਨ। ਇਸੇ ਕਰ ਕੇ ਇਹ ਸਮੱਸਿਆ ਹੱਲ ਹੋਣ ਦੀ ਥਾਂ ਹੋਰ ਗੰਭੀਰ ਹੋ ਰਹੀ ਹੈ। ਕਿਸਾਨ ਜਿਸ ਨੇ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ, ਉਸ ਦਾ ਅਹਿਸਾਨਮੰਦ ਹੋਣ ਦੀ ਥਾਂ ਉਸ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਜੇ ਹਰਾ ਇਨਕਲਾਬ ਨਾ ਸਿਰਜਿਆ ਜਾਂਦਾ ਤਾਂ ਭੁੱਖਮਰੀ ਨਾਲ ਸਾਰੇ ਦੇਸ਼ ਦਾ ਬੁਰਾ ਹਾਲ ਹੋ ਜਾਣਾ ਸੀ। ਦੁਨੀਆ ਦੀ ਮਹਾਂ ਸ਼ਕਤੀ ਬਣਨ ਦਾ ਸੁਫਨਾ ਤਾਂ ਦੂਰ, ਦੇਸ਼ ਦੀ ਹੋਂਦ ਨੂੰ ਬਚਾਉਣਾ ਵੀ ਔਖਾ ਹੋ ਜਾਣਾ ਸੀ।

ਹੁਣ ਕਿਸਾਨਾਂ ਸਿਰ ਲੱਗੇ ਦੋਸ਼ਾਂ ਵੱਲ ਝਾਤ ਮਾਰੀਏ। ਆਖਿਆ ਜਾਂਦਾ ਹੈ ਕਿ ਉਸ ਦੀਆਂ ਰੇਹਾਂ ਅਤੇ ਸਪਰੇਆਂ ਕਾਰਨ ਹੀ ਇਹ ਸਭ ਕੁਝ ਹੋਇਆ ਹੈ। ਸਿੰਹਾਈ ਸਹੂਲਤਾਂ ਵਿੱਚ ਵਾਧੇ ਨਾਲ ਹੁਣ ਪੰਜਾਬ ਦੀ ਸਾਰੀ ਧਰਤੀ ਵਾਹੀ ਹੇਠ ਆ ਗਈ ਹੈ ਅਤੇ ਸਾਲ ਵਿੱਚ ਘੱਟੋ-ਘੱਟ ਦੋ ਫ਼ਸਲਾਂ ਜ਼ਰੂਰ ਲਈਆਂ ਜਾਂਦੀਆਂ ਹਨ। ਇਸੇ ਕਰ ਕੇ ਪ੍ਰਤੀ ਏਕੜ ਪ੍ਰਤੀ ਸਾਲ ਪੰਜਾਬ ਦੀ ਉਪਜ ਸਾਰੀ ਦੁਨੀਆ ਨਾਲੋਂ ਵੱਧ ਹੈ। ਜਦੋਂ ਸਿੰਜਾਈ ਸਹੂਲਤਾਂ ਸੀਮਤ ਸਨ ਤਾਂ ਮਸਾਂ ਅੱਧੀ ਧਰਤੀ ਵਿੱਚ ਖੇਤੀ ਹੁੰਦੀ ਸੀ। ਸਾਉਣੀ ਵਿੱਚ ਤਾਂ ਇਕ ਚੌਥਾਈ ਧਰਤੀ ਉੱਤੇ ਫ਼ਸਲ ਬੀਜੀ ਜਾਂਦੀ ਸੀ। ਖੇਤੀ ਡੰਗਰਾਂ ਨਾਲ ਹੁੰਦੀ ਸੀ। ਹਰੇਕ ਕਿਸਾਨ ਕੋਲ 8-10 ਪਸ਼ੂ ਹੁੰਦੇ ਸਨ। ਧਰਤੀ ਦੀ ਖ਼ੁਰਾਕੀ ਭੁੱਖ ਇਤਨੀ ਰੂੜੀ ਨਾਲ ਪੂਰੀ ਹੋ ਜਾਂਦੀ ਸੀ। ਹਾੜ੍ਹੀ ਚੁਕਣ ਪਿੱਛੋਂ ਪਹਿਲਾ ਕੰਮ ਖੇਤਾਂ ਵਿੱਚ ਰੂੜੀ ਪਾਉਣਾ ਹੀ ਹੁੰਦਾ ਸੀ। ਸਾਰੀ ਧਰਤੀ ਦੋ ਫ਼ਸਲੀ ਹੋਣ ਨਾਲ ਬਲਦਾਂ ਰਾਹੀਂ ਕੰਮ ਕਰਨਾ ਔਖਾ ਹੋ ਗਿਆ ਤੇ ਪੰਜਾਬ ਵਿੱਚ ਖੇਤੀ ਮਸ਼ੀਨਾਂ ਆ ਗਈਆਂ। ਹੁਣ ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋਣ ਨਾਲ ਪਿੰਡਾਂ ਵਿੱਚੋਂ ਡੰਗਰ ਲੋਪ ਹੋ ਗਏ ਹਨ। ਇਸੇ ਕਰ ਕੇ ਰੂੜੀ ਵੀ ਲੋਪ ਹੋ ਗਈ ਹੈ ਜਦੋਂ ਕਿ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਖੁਰਾਕੀ ਲੋੜ ਵੱਧ ਹੁੰਦੀ ਹੈ ਜਿਵੇਂ ਵੱਧ ਦੁੱਧ ਦੇਣ ਵਾਲੀ ਮੱਝ ਲਈ ਵਧੇਰੇ ਵੰਡੇ ਦੀ ਲੋੜ ਪੈਂਦੀ ਹੈ ਅਤੇ ਪਹਿਲਵਾਨੀ ਕਰ ਰਹੇ ਮੁੰਡੇ ਨੂੰ ਵੀ ਵਿਸ਼ੇਸ਼ ਖ਼ੁਰਾਕ ਦੇਣੀ ਪੈਂਦੀ ਹੈ। ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ ਫ਼ਸਲਾਂ ਦੀ ਖ਼ੁਰਾਕ ਹਨ, ਇਹ ਜ਼ਹਿਰੀਲੇ ਤੱਤ ਨਹੀਂ ਹਨ। ਕਈ ਵਾਰ ਕਿਸਾਨ ਘਬਰਾ ਕੇ ਲੋੜ ਤੋਂ ਵੱਧ ਯੂਰੀਆ ਪਾ ਲੈਂਦਾ ਹੈ ਤਾਂ ਹੋ ਸਕਦਾ ਹੈ, ਕੁਝ ਅੰਸ਼ ਧਰਤੀ ਵਿੱਚ ਰਹਿ ਵੀ ਜਾਂਦੇ ਹੋਣ ਪਰ ਇਸ ਨਾਲ ਧਰਤੀ ਅਮਦਰ ਵਿਗਾੜ ਨਹੀਂ ਹੁੰਦਾ। ਪਿਛਲੇ ਪੰਜਾਹ ਸਾਲਾਂ ਤੋਂ ਖਾਦਾਂ ਦੀ ਮਿਕਦਾਰ ਦੀ ਸਿਫ਼ਾਰਸ਼ ਵਿੱਚ ਵਾਧਾ ਨਹੀਂ ਹੋਇਆ ਅਤੇ ਨਾ ਹੀ ਫ਼ਸਲਾਂ ਦਾ ਝਾੜ ਘਟਿਆ ਹੈ। ਪੰਜਾਬ ਵਿੱਚ ਕਣਕ ਅਤੇ ਝੋਨਾ ਹੀ ਮੁੱਖ ਫ਼ਸਲ ਚੱਕਰ ਹੈ। ਇਨ੍ਹਾਂ ਦੋਹਾਂ ਫ਼ਸਲਾਂ ਉੱਤੇ ਬਿਮਾਰੀਆਂ ਅਤੇ ਕੀੜਿਆਂ ਦਾ ਹਮਲਾ ਬਹੁਤ ਘੱਟ ਹੁੰਦਾ ਹੈ, ਇਸ ਕਰ ਕੇ ਜ਼ਹਿਰਾਂ ਦੇ ਛਿੜਕਾਅ ਦੀ ਲੋੜ ਨਹੀਂ ਪੈਂਦੀ। ਪੰਜਾਬ ਵਿੱਚ ਨਦੀਨ ਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਤਨੇ ਰਕਬੇ ਦੀ ਗੋਡੀ ਕਰਨੀ ਮੁਸ਼ਕਿਲ ਹੈ। ਇਹ ਨਦੀਨਾਸ਼ਕ ਕੇਵਲ ਨਦੀਨਾਂ ਦਾ ਹੀ ਨੁਕਸਾਨ ਕਰਦੇ ਹਨ, ਫ਼ਸਲ ਦਾ ਨਹੀਂ। ਦੱਸੇ ਹੋਏ ਦਿਨਾਂ ਪਿਛੋਂ ਇਹ ਖ਼ਤਮ ਹੋ ਜਾਂਦੇ ਹਨ, ਇੰਝ ਵਾਤਾਵਰਣ ਉੱਤੇ ਵੀ ਕੋਈ ਭੈੜਾ ਅਸਰ ਨਹੀਂ ਹੁੰਦਾ। ਆਓ ਹੁਣ ਅਸਲ ਕਾਰਨਾਂ ਵਲ ਝਾਤ ਮਾਰੀਏ:

**ਪਲਾਸਟਿਕ ਦੀ ਵਰਤੋਂ:** ਅੱਜ ਤੋਂ ਅੱਧੀ ਸਦੀ ਪਹਿਲਾਂ ਪਲਾਸਟਿਕ ਬਾਰੇ ਕੋਈ ਜਾਣਦਾ ਨਹੀਂ ਸੀ। ਸੌਦਾ ਲੈਣ ਲਈ ਹਰੇਕ ਥੈਲਾ ਜਾਂ ਪਰਨਾ ਆਪਣੇ ਕੋਲ ਰੱਖਦਾ ਸੀ। ਕੇਵਲ ਕਾਗਜ਼ ਦੇ ਲਿਫ਼ਾਫ਼ਿਆਂ ਦੀ ਵਰਤੋਂ ਹੁੰਦੀ ਸੀ ਜਿਨ੍ਹਾਂ ਦੀ ਮੁੜ ਵਰਤੋਂ ਸਹਿਜੇ ਹੀ ਹੋ ਸਕਦੀ ਹੈ। ਹੁਣ ਕੋਈ ਵੀ ਅਜਿਹੀ ਚੀਜ਼ ਨਹੀਂ ਜਿਹੜੀ ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਨਾ ਮਿਲਦੀ ਹੋਵੇ। ਖਾਣ ਵਾਲੀਆਂ ਸਾਰੀਆਂ ਵਸਤਾਂ ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਮਿਲਦੀਆਂ ਹਨ। ਦੁਕਾਨਦਾਰ ਇਨ੍ਹਾਂ ਦੀ ਵਰਤੋਂ ਖੁੱਲ੍ਹ ਕੇ ਕਰਦੇ ਹਨ। ਪਲਾਸਟਿਕ ਗਲਦੀ ਨਹੀਂ। ਇਹ ਧਰਤੀ ਨੂੰ ਹੀ ਖ਼ਰਾਬ ਨਹੀਂ ਕਰਦੀ ਸਗੋਂ ਪਸ਼ੂ ਅਤੇ ਹੋਰ ਜੀਵ-ਜੰਤੂ ਵੀ ਇਸ ਦੇ ਸ਼ਿਕਾਰ ਹੋ ਰਹੇ ਹਨ। ਮਨੁੱਖ ਦੀ ਖੁਰਾਕ ਵਿੱਚ ਇਸ ਦੇ ਅੰਸ਼ ਘੁਲ ਜਾਂਦੇ ਹਨ ਤੇ ਉਹ ਸਰੀਰ ਵਿੱਚ ਨਾੜੀਆਂ ਅੰਦਰ ਰੁਕਾਵਟ ਪਾਉਂਦੇ ਹਨ। ਪਲਾਸਟਿਕ ਦੀ ਵਰਤੋਂ ਨਾ ਕਰਨ ਦਾ ਪ੍ਰਚਾਰ ਹੋਣ ਦੇ ਬਾਵਜੂਦ ਇਸ ਦੀ ਧੜੱਲੇ ਨਾਲ ਵਰਤੋਂ ਹੋ ਰਹੀ ਹੈ।

**ਰੁੱਖਾਂ ਦੀ ਘਾਟ:** ਮਨੁੱਖਾਂ ਨੂੰ ਜਿਊਣ ਲਈ ਆਕਸੀਜਨ ਜ਼ਰੂਰੀ ਹੈ। ਇਸ ਦੀ ਉਪਜ ਰੁੱਖ ਕਰਦੇ ਹਨ। ਸਾਡੇ ਦੇਸ਼ ਵਿੱਚ ਤੇਜ਼ੀ ਨਾਲ ਆਬਾਦੀ ਵਧੀ ਹੈ। ਦੂਜੇ ਪਾਸੇ ਵਧੀ ਆਬਾਦੀ ਦੀਆਂ ਲੱਕੜ ਬਾਬਤ ਲੋੜਾਂ ਦੀ ਪੂਰਤੀ ਲਈ ਰੁੱਖਾਂ ਦੀ ਕਟਾਈ ਵੀ ਤੇਜ਼ੀ ਨਾਲ ਹੋਈ ਹੈ। ਆਕਸੀਜਨ ਦੀ ਘਾਟ ਨਾਲ ਜਿੱਥੇ ਮਨੁੱਖੀ ਸਿਹਤ ਉੱਤੇ ਅਸਰ ਹੋਇਆ, ਉਥੇ ਵਾਤਾਵਰਨ ਵਿੱਚ ਕਾਰਬਨ ਡਾਈਆਕਸਾਈਡ, ਵਾਹਨਾਂ ਅਤੇ ਚਿਮਨੀਆਂ ਵਿੱਚੋਂ ਨਿਕਲਦੀਆਂ ਹੋਰ ਗੈਸਾਂ ਨਾਲ ਵਾਤਾਵਰਨ ਪ੍ਰਦੂਸ਼ਿਤ ਹੋਇਆ ਹੈ। ਰੁੱਖ ਲਗਾਉਣ ਦੀ ਮੁਹਿੰਮ ਤਾਂ ਹਰ ਸਾਲ ਚਲਾਈ ਜਾਂਦੀ ਹੈ ਪਰ ਰੁੱਖਾਂ ਦੀ ਘਾਟ ਵਿੱਚ ਵਾਧਾ ਹੋ ਰਿਹਾ ਹੈ।

**ਮਨੁੱਖੀ ਕਾਰਨਾਮੇ:** ਪੰਜਾਬੀਆਂ ਵਿੱਚ ਦਿਖਾਵੇ ਦੀ ਵਧ ਰਹੀ ਆਦਤ ਨੇ ਇਨ੍ਹਾਂ ਲਈ ਪੈਸਾ ਹੀ ਸਭ ਕੁਝ ਬਣਾ ਦਿੱਤਾ ਹੈ। ਪੈਸੇ ਲਈ ਹੀ ਰਿਸ਼ਵਤਖੋਰੀ, ਮਿਲਾਵਟ, ਕੁਦਰਤੀ ਸਰੋਤਾਂ ਦੀ ਬੇਦਰਦੀ ਨਾਲ ਤਬਾਹੀ ਹੋ ਰਹੀ ਹੈ। ਪੰਜਾਬ ਦੇ ਬਹੁਤੇ ਕਾਰਖਾਨਿਆਂ ਵਿੱਚ ਪਾਣੀ ਦੀ ਲੋੜ ਪੈਂਦੀ ਹੈ। ਧਾਤਾਂ ਨਾਲ ਗੰਦਾ ਹੋਇਆ ਪਾਣੀ ਸੋਧ ਕੇ ਸਿੰਜਾਈ ਜਾਂ ਹੋਰ ਕੰਮ ਲਈ ਵਰਤਣ ਦੀ ਥਾਂ ਇਸ ਨੂੰ ਬੋਰ ਰਾਹੀਂ ਧਰਤੀ ਹੇਠ ਭੇਜਿਆ ਜਾ ਰਿਹਾ ਹੈ, ਜਾਂ ਜੇਕਰ ਨੇੜੇ ਕੋਈ ਨਦੀ ਨਾਲਾ ਹੈ ਤਾਂ ਉਸ ਵਿੱਚ ਸੁੱਟਿਆ ਜਾ ਰਿਹਾ ਹੈ। ਇਸ ਦੀ ਮਿਸਾਲ ਲੁਧਿਆਣੇ ਵਿੱਚੋਂ ਲੰਘਦਾ ਬੁੱਢਾ ਨਾਲਾ ਹੈ ਜਿਸ ਦਾ ਪਾਣੀ ਇਤਨਾ ਜ਼ਹਿਰੀਲਾ ਹੋ ਗਿਆ ਹੈ ਕਿ ਮੱਛੀ ਵੀ ਜਿਊਂਦੀ ਨਹੀਂ ਰਹਿ ਸਕਦੀ। ਕਦੇ ਸਮਾਂ ਸੀ, ਲੋਕ ਖੇਤਾਂ ਵਿੱਚ ਜੰਗਲ-ਪਾਣੀ ਜਾਂਦੇ ਸਨ ਜਿਸ ਨੂੰ ਕੀੜੇ ਖਾਦ ਬਣਾ ਦਿੰਦੇ ਸਨ ਪਰ ਹੁਣ ਸ਼ਹਿਰਾਂ ਵਿੱਚ ਸੀਵਰੇਜ ਦਾ ਪ੍ਰਬੰਧ ਬਣ ਗਿਆ ਹੈ। ਇਸ ਨੂੰ ਨੇੜਲੇ ਦਰਿਆ ਵਿੱਚ ਸੁੱਟਿਆ ਜਾ ਰਿਹਾ ਹੈ। ਜਿੱਥੇ ਸੀਵਰੇਜ ਨਹੀਂ ਹੈ, ਉਥੇ ਗਰਕੀ ਟੱਟੀਆਂ ਰਾਹੀਂ ਧਰਤੀ ਹੇਠ ਭੇਜਿਆ ਜਾ ਰਿਹਾ ਹੈ।

ਪੰਜਾਬ ਵਿੱਚ ਕੋਈ ਵੀ ਅਜਿਹਾ ਇਲਾਕਾ ਨਹੀਂ ਜਿੱਥੇ ਸਿਉਂਕ ਦਾ ਹਮਲਾ ਨਾ ਹੁੰਦਾ ਹੋਵੇ। ਲਗਭਗ ਸਾਰੇ ਘਰਾਂ ਵਿੱਚ ਹੀ ਇਹ ਨਜ਼ਰ ਆ ਜਾਂਦੀ ਹੈ। ਘਰਾਂ ਵਿੱਚ ਇਸ ਦੀ ਰੋਕਥਾਮ ਲਈ ਕੰਪਨੀਆਂ ਬਣ ਗਈਆਂ ਹਨ ਜਿਹੜੀਆਂ ਮਕਾਨ ਬਣਨ ਸਮੇਂ ਨੀਹਾਂ ਵਿੱਚ ਜ਼ਹਿਰਾਂ ਭਰਦੀਆਂ ਹਨ। ਹਰੇਕ ਮਕਾਨ ਦੀਆਂ ਨੀਹਾਂ ਵਿੱਚ ਲਗਭਗ 10 ਕਿਲੋ ਸਖਤ ਜ਼ਹਿਰ ਪਾਈ ਜਾਂਦੀ ਹੈ। ਦਸ ਸਾਲਾਂ ਪਿੱਛੋਂ ਮੁੜ ਇਹੋ ਕਿਰਿਆ ਦੁਹਰਾਈ ਜਾਂਦੀ ਹੈ। ਜਦੋਂ ਇਹ ਸਾਰੀ ਜ਼ਹਿਰ ਹੇਠਾਂ ਪਾਣੀ ਵਿੱਚ ਘੁਲ ਗਈ ਤਾਂ ਇਸ ਪਾਣੀ ਦੇ ਪੀਣ ਨਾਲ ਮਨੁੱਖ ਨਸਲ ਨੂੰ ਵੱਡਾ ਖਤਰਾ ਸਾਹਮਣੇ ਆ ਜਾਵੇਗਾ।

ਧਰਤੀ ਹੇਠਲੇ ਘਟ ਰਹੇ ਪਾਣੀ ਲਈ ਵੀ ਕਿਸਾਨ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਕਿਸਾਨ ਤਾਂ ਪਾਣੀ ਦੀ ਵਰਤੋਂ ਭੋਜਨ ਪੈਦਾ ਕਰਨ ਲਈ ਕਰ ਰਿਹਾ ਹੈ। ਜਿਹੜਾ ਪਾਣੀ ਉਹ ਵਰਤਦਾ ਹੈ, ਉਸ ਦਾ ਇਕ ਹਿੱਸਾ ਉਪਜ ਦੇ ਰੂਪ ਵਿੱਚ ਵਾਪਸ ਆ ਜਾਂਦਾ ਹੈ। ਇਕ ਹਿੱਸਾ ਧਰਤੀ ਹੇਠ ਮੁੜ ਚਲਿਆ ਜਾਂਦਾ ਹੈ। ਬਾਕੀ ਭਾਫ ਬਣ ਕੇ ਉਡਦਾ ਹੈ ਅਤੇ ਸ਼ੁੱਧ ਹੋ ਕੇ ਵਰਖਾ ਦੇ ਰੂਪ ਵਿੱਚ ਵਾਪਸ ਆਉਂਦਾ ਹੈ। ਖੇਤੀ ਹੇਠ ਘਟ ਰਹੀ ਧਰਤੀ ਅਤੇ ਵਧ ਰਹੀ ਆਬਾਦੀ ਦੀਆਂ ਭੋਜਨ ਲੋੜਾਂ ਦੀ ਪੂਰਤੀ ਲਈ ਵੱਧ ਤੋਂ ਵੱਧ ਉਪਜ ਜ਼ਰੂਰੀ ਹੈ। ਪਾਣੀ ਦੀ ਦੁਰਵਰਤੋਂ ਤਾਂ ਗੈਰ-ਖੇਤੀ ਕਾਰਜਾਂ ਵਿੱਚ ਹੁੰਦੀ ਹੈ। ਪੰਜਾਬ ਵਿੱਚ ਕਿਸਾਨਾਂ ਦੇ ਕੋਈ 14 ਲੱਖ ਟਿਊਬਵੈੱਲ ਹਨ ਜਿਹੜੇ ਸਾਲ ਵਿੱਚ ਮਸਾਂ ਛੇ ਮਹੀਨੇ ਚਲਦੇ ਹਨ ਜਦੋਂਕਿ ਗੈਰ-ਕਿਸਾਨੀ ਖੇਤਰ ਵਿੱਚ 25 ਲੱਖ ਤੋਂ ਵੱਧ ਟਿਊਬਵੈੱਲ ਹਨ ਜਿਹੜੇ ਦਿਨ ਰਾਤ ਚਲਦੇ ਹਨ। ਇਸ ਪਾਣੀ ਨੂੰ ਰਸਾਇਣਾਂ ਨਾਲ ਗੰਦਾ ਕਰ ਕੇ ਧਰਤੀ ਹੇਠ ਭੇਜਿਆ ਜਾ ਰਿਹਾ ਹੈ, ਜਾਂ ਫਿਰ ਦਰਿਆਈ ਪਾਣੀ ਗੰਦਾ ਕੀਤਾ ਜਾ ਰਿਹਾ ਹੈ।

ਇਸ ਸਮੇਂ ਲੋੜ ਲੋਕਾਈ ਨੂੰ ਜਾਗਰੂਕ ਕਰਨ ਦੀ ਲੋੜ ਹੈ ਤਾਂ ਜੋ ਪਾਣੀ, ਧਰਤੀ ਅਤੇ ਵਾਤਾਵਰਨ ਦੀ ਰਾਖੀ ਕੀਤੀ ਜਾ ਸਕੇ। ਅਸੀਂ ਸਾਰੇ ਹੀ ਇਸ ਲਈ ਜਿੰਮੇਵਾਰ ਹਾਂ। ਜਦੋਂ ਤੱਕ ਨਾਗਰਿਕ ਆਪਣੇ ਫ਼ਰਜ਼ ਨਹੀਂ ਪਛਾਣਦੇ, ਉਦੋਂ ਤੱਕ ਇਸ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਆਪਣੀ ਧਰਤੀ ਦੀ ਰਾਖੀ ਕਰਨਾ ਸਾਡਾ ਸਾਰਿਆਂ ਦਾ ਫ਼ਰਜ਼ ਹੈ। ਹਰੇਕ ਵਰ੍ਹੇ ਵਿਸ਼ਵ ਧਰਤੀ ਦਿਵਸ ਮਨਾਉਣ ਦਾ ਮੰਤਵ ਵੀ ਇਹੋ ਹੈ ਕਿ ਲੋਕਾਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਤੋਂ ਸੁਚੇਤ ਕਰਵਾਇਆ ਜਾਵੇ। ਸਬੰਧਿਤ ਮਹਿਕਮਿਆਂ ਦੇ ਕਰਮਚਾਰੀਆਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਕੁਝ ਪੈਸਿਆਂ ਖ਼ਾਤਿਰ ਆਪਣੇ ਫ਼ਰਜ਼ ਕਿਉਂ ਭੁੱਲ ਰਹੇ ਹਨ। ਫੈਕਟਰੀ ਮਾਲਕਾਂ ਦੀਆਂ ਕੁਤਾਹੀਆਂ ਨੂੰ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ। ਉਹ ਭੁੱਲ ਜਾਂਦੇ ਹਨ ਕਿ ਪਲੀਤ ਹੋਈ ਧਰਤੀ, ਗੰਦਾ ਪਾਣੀ ਅਤੇ ਗੰਧਲਾ ਵਾਤਾਵਰਨ ਉਨ੍ਹਾਂ ਲਈ ਵੀ ਉਤਨਾ ਹੀ ਹਾਨੀਕਾਰਕ ਹੈ। ਸ਼ਾਇਦ ਇਸੇ ਲਈ ਬਹੁਤੇ ਲੀਡਰ, ਧਾਰਮਿਕ ਆਗੂ, ਵੱਡੇ ਅਫਸਰ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹਨ ਪਰ ਇਹ ਮਸਲੇ ਦਾ ਹੱਲ ਨਹੀਂ। ਜੜ੍ਹਾਂ ਨਾਲੋਂ ਟੁੱਟ ਕੇ ਜਿਊਣਾ ਬੜਾ ਔਖਾ ਹੈ। ਆਓ ਸਾਰੇ ਆਪਣੇ ਫ਼ਰਜ਼ਾਂ ਨੂੰ ਪਛਾਣੀਏ ਅਤੇ ਧਰਤੀ, ਪਾਣੀ ਤੇ ਵਾਤਾਵਰਨ ਨੂੰ ਪਲੀਤ ਕਰਨ ਤੋਂ ਗੁਰੇਜ਼ ਕਰੀਏ।

# ਦੁਬਈ ਸਪਾਈਸ ਸੂਕ : ਖੁਸ਼ਬੂਦਾਰ ਮਸਾਲਿਆਂ ਲਈ ਹੈ ਮਸ਼ਹੂਰ

ਅੱਜ ਦੁਬਈ ਦੇ ਰਵਾਇਤੀ ਬਾਜ਼ਾਰ 'ਦੁਬਈ ਸਪਾਈਸ ਸੂਕ ਘੁੰਮਣ ਦਾ ਮੌਕਾ ਮਿਲਿਆ। ਮੈਂ ਪੇਸ਼ੇ ਤੋਂ ਅਲਟਰਨੇਟਿਵ ਥੈਰਾਪਿਸਟ ਹੋਣ ਦੇ ਨਾਤੇ ਵੱਖ-ਵੱਖ ਕਿਸਮ ਦੀਆਂ ਜੜੀ-ਬੂਟੀਆਂ ਲੱਭਣਾ 'ਤੇ ਦੇਖਣਾ ਵੀ ਚਾਹੁੰਦਾ ਸੀ। ਕਿਉਂਕਿ ਪ੍ਰਾਚੀਨ ਸਮੇਂ ਦੇ ਰਾਜੇ-ਮਹਾਰਾਜੇ ਸੋਨੇ-ਚਾਂਦੀ 'ਤੇ ਦੁਰਲਭ ਜੜੀ-ਬੂਟੀਆਂ ਨਾਲ ਤਿਆਰ ਕੀਤੇ ਕੁੱਝ ਨੁਸਖੇ ਕੇਵਲ ਇੱਥੇ ਹੀ ਮਿਲਦੇ ਸਨ।

ਸੰਯੁਕਤ ਅਰਬ ਅਮੀਰਾਤ 'ਚ ਸਥਿਤ ਦੁਬਈ ਸਪਾਈਸ ਸੂਕ ਜਾਂ ਪੁਰਾਣਾ ਸੌਕ ਦੁਬਈ, ਅਤੇ ਮਸਾਲਿਆਂ ਵਾਲਾ ਬਾਜ਼ਾਰ, ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਬਾਜ਼ਾਰ ਪੂਰਬੀ ਦੁਬਈ ਦੇ ਡੇਰਾ 'ਚ ਸਥਿਤ ਹੈ ਅਤੇ ਦੁਬਈ ਗੋਲਡ ਸੂਕ ਦੇ ਨਾਲ ਲੱਗਦੀ ਹੈ। ਸਪਾਈਸ ਸੌਕ ਕ੍ਰੀਕ 'ਤੇ ਓਲਡ ਸੌਕ ਅਬਰਾ ਸਟੇਸ਼ਨ ਦੇ ਨੇੜੇ, ਬਨਿਆਸ ਸਟ੍ਰੀਟ 'ਤੇ ਅਲ ਰਾਸ ਦੇ ਇਲਾਕੇ 'ਚ ਹੈ। ਸੂਕ 'ਚ ਕਈ ਤੰਗ ਗਲੀਆਂ ਹਨ ਜੋ ਖੁੱਲ੍ਹੇ 'ਤੇ ਬੰਦ ਛੱਤ ਵਾਲੇ ਸਟੋਰਾਂ ਨਾਲ ਕਤਾਰਬੱਧ ਹਨ ਅਤੇ ਟੂਰਿਸਟਾਂ ਲਈ ਇੱਕ ਖਿੱਚ ਦਾ ਕੇਂਦਰ ਵੀ ਹੈ।

ਇਸ ਬਾਜ਼ਾਰ 'ਚ ਵੱਖ-ਵੱਖ ਕਿਸਮ ਦੇ ਵਧੀਆ ਕੁਆਲਿਟੀ ਦੇ ਖੁਸ਼ਬੂਦਾਰ ਘਰੇਲੂ ਮਸਾਲੇ, ਜੜੀ-ਬੂਟੀਆਂ, ਕੇਸਰ, ਖਜੂਰ, ਚਾਹ, ਕਲਾਕ੍ਰਿਤੀਆਂ ਵੀ ਦੇਖਣ ਨੂੰ ਮਿਲੀਆਂ। ਇਲਾਇਚੀ, ਦਾਲਚੀਨੀ, ਲੌਂਗ, ਜਾਇਫਲ ਅਤੇ ਸੁਮੈਕ ਵਗੈਰਾ ਮਸਾਲਿਆਂ ਦੀ ਵਰਤੋਂ ਅਰਬੀ ਪਕਵਾਨਾਂ 'ਚ ਬਰਿਆਨੀ, ਕਰੀ, ਸਟੂਅ, ਸੂਪ ਅਤੇ ਚਾਵਲਾਂ ਦੇ ਪਕਵਾਨਾਂ 'ਚ ਸੁਆਦ 'ਤੇ ਖੁਸ਼ਬੂ ਵਧਾਉਣ ਲਈ ਕੀਤੀ ਜਾਂਦੀ ਹੈ। ਇੱਥੇ ਮਿਲਨ ਵਾਲਾ ਕਾਲੇ ਰੰਗ ਦਾ ਸੁੱਕਾ ਮੱਖਣ ਪਨੀਰ (ਬਲੈਕ ਡ੍ਰਾਈਡ ਬਟਰਮਿਲਕ ਚੀਜ਼), ਨੂੰ ਉਬਾਲ ਕੇ ਇਸਤੇਮਾਲ ਕੀਤਾ ਜਾਂਦਾ ਹੈ। ਇੱਥੇ ਕੁੱਝ

ਅਨਿਲ ਧੀਰ
ਕਾਲਮਨਿਸਟ
healthmedia1@hotmail.com

ਵੀ ਖਰੀਦਨ ਵੇਲੇ ਬਾਰਗੇਨਿੰਗ ਜ਼ਰੂਰ ਕਰ ਲਵੋ, ਕਿਉਂਕਿ ਸੇਮ ਚੀਜ਼ਾਂ ਹੋਰ ਸਟੋਰਾਂ 'ਤੇ ਸਸਤੀਆਂ ਵੀ ਸਨ। ਦੁਬਈ 'ਚ ਜ਼ਿਆਦਾ ਸੁਪਰ ਮਾਰਕੀਟਾਂ ਅਤੇ ਵੱਡੇ ਸਟੋਰਾਂ ਦੀ ਗਿਣਤੀ ਵੱਧ ਜਾਣ ਕਰਕੇ ਕੁਝ ਸਾਲਾਂ ਤੋਂ ਇਸ ਸਪਾਈਸ ਸੌਕ 'ਚ ਮਸਾਲਿਆਂ ਦਾ ਵਪਾਰ ਕਰਨ ਵਾਲੇ ਸਟੋਰਾਂ 'ਚ ਕੋਈ ਖਾਸ ਵਾਧਾ ਨਹੀਂ ਹੋਇਆ ਹੈ। ਸਪਾਈਸ ਸੌਕ ਦੀ ਸ਼ੁਰੂਆਤ 1850 ਦੇ ਆਸਪਾਸ ਢੋ ਮੁਰਿਗੰਜ ਦੇ ਨੇੜੇ, ਆਸਾਨੀ ਨਾਲ ਲੋਡ ਕਰਨ 'ਤੇ ਵਪਾਰ ਦੀ ਸਹੂਲਤ ਲਈ ਕੀਤੀ ਗਈ ਸੀ। ਸਪਾਈਸ ਸੌਕ ਇਸ ਮਹਾਨ ਬਾਜ਼ਾਰ ਦੇ ਅੰਦਰ 160 ਸਾਲ ਪਹਿਲਾਂ ਬਣਾਇਆ ਗਿਆ ਸੀ ਅਤੇ ਉਦੋਂ 'ਤੋਂ ਇੱਥੇ ਟੂਰਿਸਟਾਂ ਅਤੇ ਨਿਵਾਸਿਆਂ ਲਈ ਇੱਕ ਪਸੰਦੀਦਾ ਸਥਾਨ ਬਣ ਗਿਆ ਹੈ।

ਕੋਈ ਵੀ ਸਪਾਈਸ ਵਗੈਰਾ ਖਰੀਦਣ ਤੋਂ ਪਹਿਲਾਂ ਰੱਖੋ ਖਿਆਲ:

- ਤਬੁਹਾਡੇ ਮੁਤਾਬਿਕ, ਅੱਖਾਂ ਦੇ ਸਾਹਮਣੇ ਮਸਾਲਿਆਂ ਨੂੰ ਕਸਟਮ ਵੀ ਕਰਵਾਇਆ ਜਾ ਸਕਦਾ ਹੈ। ਕੁਸ਼ਲ ਵਿਕ੍ਰੇਤਾ ਵਿਲੱਖਣ ਸੁਆਦ ਪ੍ਰੋਫਾਇਲਾਂ ਬਣਾਉਣ ਲਈ ਵੱਖ- ਵੱਖ ਮਸਾਲਿਆਂ ਨੂੰ ਮਿਲਾਉਣ ਲਈ ਰਵਾਇਤੀ ਤਕਨੀਕਾਂ ਦੀ ਵਰਤੋਂ ਕਰਦੇ ਹਨ ਜੋ ਦੁਬਈ ਦੀ ਅਮੀਰ ਰਸੋਈ ਵਿਰਾਸਤ ਨੂੰ ਦਰਸਾਉਂਦੇ ਹਨ।
- ਇਲਾਇਚੀ, ਦਾਲਚੀਨੀ, ਲੌਂਗ, ਜਾਇਫੱਲ 'ਤੇ ਸੁਮੈਕ ਵਗੈਰਾ ਮਸਾਲਿਆਂ ਦੀ ਵਰਤੋਂ ਅਰਬੀ ਪਕਵਾਨਾਂ 'ਚ 'ਬਰਿਆਨੀ, ਕਰੀ, ਸਟੂਅ, ਸੂਪ, ਅਤੇ ਚਾਵਲਾਂ ਦੇ ਪਕਵਾਨਾਂ 'ਚ ਸੁਆਦ 'ਤੇ ਖੁਸ਼ਬੂ ਵਾਸਤੇ ਹੋਟਲ ਇੰਡਸਟਰੀ-ਰੇਸਤਰਾ 'ਚ ਇਸਤੇਮਾਲ ਕੀਤੇ ਜਾ ਰਹੇ ਹਨ।
- ਖੁਸ਼ਬੂ ਵਾਲੇ ਮਸਾਲਿਆਂ ਨੂੰ ਖਰੀਦਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੁੰਘ ਕੇ ਉਸਦੀ ਤੇਜ਼ ਖੁਸ਼ਬੂ ਨੂੰ ਯਕੀਨੀ ਬਣਾਓ।
- ਸਾਵਧਾਨ ਰਹੋ- ਮਸਾਲੇ ਨੂੰ ਕੀੜਾ ਜਾਂ ਫੰਗਸ ਲੱਗਿਆ ਵੀ ਹੋ ਸਕਦਾ ਹੈ। ਇਸ ਕਿਸਮ ਦੇ ਖਰਾਬ ਮਸਾਲੇ ਮਾੜੇ ਸੁਆਦ ਦੇ ਨਾਲ ਬਿਮਾਰੀਆਂ ਵੀ ਦੇ ਜਾਂਦੇ ਹਨ।
- ਬਾਰਗੇਨਿੰਗ ਜ਼ਰੂਰ ਕਰੋ। ਕੁਆਲਿਟੀ ਦਾ ਵੀ ਖਿਆਲ ਰੱਖਣ ਦੀ ਲੋੜ ਹੁੰਦੀ ਹੈ।
- ਕਈ ਸਟੋਰ ਵਾਲੇ ਗਲਤ ਫਾਇਦੇ ਦੱਸ ਕੇ ਮੇਡੀਸਨਲ ਜੜੀ-ਬੂਟੀਆਂ ਮਹਿੰਗੇ ਭਾਅ 'ਚ ਵੀ ਬੇਚ ਦਿੰਦੇ ਹਨ, ਧਿਆਨ ਰੱਖੋ।

ਇਮੇਰਿਟੀ ਪਕਵਾਨ ਲੇਬਨਾਨੀ, ਇਰਾਨੀ ਅਤੇ ਇੱਥੋਂ ਤੱਕ ਕਿ ਭਾਰਤੀ ਸੁਆਦਾਂ ਦਾ ਸੁਮੇਲ ਹੈ, ਸਾਰੇ ਸ਼ਾਕਾਹਾਰੀ, 'ਤੇ ਮੀਟ ਅਧਾਰਿਤ ਪਕਵਾਨ, ਜਿਨ੍ਹਾਂ 'ਚ ਇਹ ਵਧੀਆ ਕੁਆਲਿਟੀ ਦੇ ਮਸਾਲੇ ਪੈਣ ਨਾਲ ਖਾ-ਪੀ ਕੇ ਅਸਲੀ ਸੁਆਦ ਲਿਆ ਜਾਂਦਾ ਹੈ। ਦੁਬਈ ਦੇ ਪਕਵਾਨਾਂ ਦਾ ਅਸਲੀ ਸੁਆਦ ਉੱਥੇ ਹੀ ਹੈ। ਇਸ ਸਪਾਈਸ ਬਾਜ਼ਾਰ 'ਚ ਕਈ ਪੁਰਾਣੇ (ਦਾਦਾ-ਪੜਦਾਦਾ ਟਾਈਮ ਦੇ) ਦੁਕਾਨਦਾਰ, ਜਿਨ੍ਹਾਂ ਨਾਲ ਦੁਰਲੱਭ ਜੜੀ-ਬੂਟੀਆਂ ਦੇ ਪੁਰਾਣੇ ਨੁਸਖਿਆਂ ਬਾਰੇ ਪਤਾ ਲੱਗਿਆ। ਦੁਬਈ ਸਪਾਈਸ ਸੂਕ ਅੰਦਰ ਸਮਾਂ ਬਿਤਾ ਕੇ ਬਿਲਕੁਲ ਅਲੱਗ ਹੀ ਅਨੁਭਵ ਮਿਲਿਆ। ਅਗਲੀ ਬਾਰ ਕਿਸੇ ਹੋਰ ਵਿਸ਼ੇ 'ਤੇ ਚਰਚਾ ਕਰਾਂਗੇ।










# ਤਿਲਕ ਕੇ ਡਿਗਣਾ ਵੀ ਹੈ ਖ਼ਤਰਨਾਕ

ਬਜ਼ੁਰਗ ਲੋਕ ਡਿਗਣ 'ਤੇ ਜ਼ਿਆਦਾਤਰ ਸਿਰ 'ਤੇ ਸੱਟ ਖਾਂਦੇ ਹਨ। ਇਸ ਤਰ੍ਹਾਂ ਸਿਰਫ਼ 30 ਤੋਂ 35 ਫ਼ੀਸਦੀ ਐਕਸੀਡੈਂਟ ਹੀ ਸੜਕ ਦੁਰਘਟਨਾਵਾਂ ਹੁੰਦੀਆਂ ਹਨ।

ਛੋਟੀਆਂ-ਮੋਟੀਆਂ ਸੱਟਾਂ, ਡਿਗਣ, ਤਿਲਕਣ ਦੇ ਹਾਦਸੇ ਬਜ਼ੁਰਗਾਂ ਦੀ ਕਿਸਮਤ ਬਣ ਜਾਂਦੇ ਹਨ ਜੋ ਅਕਸਰ ਘਰਾਂ ਦੇ ਬਾਥਰੂਮ, ਪੌੜੀਆਂ ਵਿਚ ਉੱਪਰ-ਹੇਠਾਂ ਦਾ ਡਿਜ਼ਾਈਨ ਅਤੇ ਘੱਟ ਰੌਸ਼ਨੀ ਆਦਿ ਦੇ ਚਲਦਿਆਂ ਹੁੰਦੇ ਹੀ ਰਹਿੰਦੇ ਹਨ।

ਚਿੰਤਾ ਦੀ ਗੱਲ ਇਹ ਹੈ ਕਿ ਬਜ਼ੁਰਗ ਦੀਆਂ ਮਾਮੂਲੀ ਸੱਟਾਂ ਵੀ ਸੌਖਿਆਂ ਠੀਕ ਨਹੀਂ ਹੁੰਦੀਆਂ। 60 ਸਾਲ ਤੋਂ ਉੱਪਰ ਦੇ ਵਿਅਕਤੀਆਂ ਵਿਚ ਡਾਕਟਰਾਂ ਅਨੁਸਾਰ ਚੂਲੇ ਦਾ ਟੁੱਟਣਾ ਅਤੇ ਰੀੜ੍ਹ ਦੀ ਹੱਡੀ ਦੀ ਸੱਟ ਦੇ ਚਲਦਿਆਂ ਕੰਮ ਕਰਨ ਦੀ ਕਮੀ ਅਤੇ ਡੂੰਘਾ ਤਣਾਅ ਹੋਣ ਨਾਲ ਜੀਵਨ ਦੀ ਆਸ ਵਿਚ ਕਮੀ ਆ ਜਾਂਦੀ ਹੈ।

ਬਜ਼ੁਰਗ ਲੋਕ ਸੱਟਾਂ ਅਤੇ ਹੱਡੀਆਂ ਦੇ ਟੁੱਟਣ ਤੋਂ ਛੇਤੀ ਉੱਭਰ ਨਹੀਂ ਪਾਉਂਦੇ। ਮਹੀਨਿਆਂ ਤੱਕ ਮੰਜੇ 'ਤੇ ਬੱਝੇ ਬੈਠੇ ਰਹਿੰਦੇ ਹਨ ਤੇ ਤੁਰ-ਫਿਰ ਨਹੀਂ ਸਕਦੇ ਜਿਸ ਨਾਲ ਤਣਾਅ ਵਿਚ ਆ ਜਾਂਦੇ ਹਨ। ਇਹੀ ਨਹੀਂ, ਉਸ ਦੀਆਂ ਹੋਰ ਸਿਹਤ ਮੁਸ਼ਕਿਲਾਂ ਜਿਵੇਂ ਸ਼ੂਗਰ, ਇਨਫੈਕਸ਼ਨ ਵੀ ਵਧ ਜਾਂਦੇ ਹਨ। ਮਲਟੀਪਲ ਫਰੈਕਚਰਾਂ ਨਾਲ ਮਰੀਜ਼ਾਂ ਵਿਚ ਜੀਵਨ ਜਿਉਣ ਦੀ ਆਸ ਘੱਟ ਹੋ ਜਾਂਦੀ ਹੈ।

ਬਾਵਜੂਦ ਇਸ ਦੇ ਬਹੁਤ ਘੱਟ ਮਕਾਨਾਂ ਨੂੰ ਸੁਰੱਖਿਆ ਦੇ ਪੱਖ ਤੋਂ ਡਿਜ਼ਾਈਨ ਕੀਤਾ ਜਾਂਦਾ ਹੈ। ਫੈਸ਼ਨ ਅਤੇ ਦਿਖਾਵੇ ਨੂੰ ਹੀ ਜ਼ਿਆਦਾ ਮਹੱਤਵ ਦਿੰਦੇ ਹੋਏ ਤਿਲਕਣੇ ਫਰਸ਼ ਬਣਵਾਏ ਜਾਂਦੇ ਹਨ ਫਿਰ ਚਾਹੇ ਘਰ ਦੇ ਬਜ਼ੁਰਗਾਂ ਲਈ ਉਹ ਕਿੰਨੇ ਹੀ ਖ਼ਤਰਨਾਕ ਕਿਉਂ ਨਾ ਸਾਬਤ ਹੋਣ। ਏਨੀ ਦੂਰਅੰਦੇਸ਼ੀ ਨਾਲ ਦੇਖਣ ਦਾ ਕਸ਼ਟ ਹੀ ਨਹੀਂ ਕੀਤਾ ਜਾਂਦਾ।

ਊਸ਼ਾ ਜੈਨ ਸ਼ੀਰੀ

ਬਾਥਰੂਮ ਵਿਚ 'ਗ੍ਰੇਬ ਰੇਲਸ' ਦਾ ਹੋਣਾ ਜ਼ਰੂਰੀ ਹੈ। ਇਸੇ ਤਰ੍ਹਾਂ ਪਾਣੀ ਦੀ ਨਿਕਾਸੀ ਵੀ ਸਹੀ ਢੰਗ ਨਾਲ ਹੋਣ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ।

ਕੁਝ ਸਾਧਾਰਨ ਡਿਜ਼ਾਈਨ ਰੂਲ ਨੂੰ ਮੰਨਦਿਆਂ ਡਿਗਣ ਦੀਆਂ ਦੁਰਘਟਨਾਵਾਂ ਤੋਂ ਕਾਫ਼ੀ ਹੱਦ ਤੱਕ ਬਚਿਆ ਜਾ ਸਕਦਾ ਹੈ ਜਿਵੇਂ ਬਜ਼ੁਰਗਾਂ ਦੇ ਕਮਰੇ ਵਿਚ ਰੌਸ਼ਨੀ ਦੀ ਵਿਵਸਥਾ ਸਹੀ ਹੋਵੇ, ਬਿਜਲੀ ਦੇ ਸਵਿੱਚ ਤੱਕ ਸੌਖਿਆਂ ਪਹੁੰਚ 'ਚ ਹੋਣ, ਬਿਜਲੀ ਦੀਆਂ ਢਿੱਲੀਆਂ ਤਾਰਾਂ ਨਾ ਹੋਣ, ਨੀਵਾਂ ਫਰਨੀਚਰ ਨਾ ਹੋਵੇ, ਪੌੜੀਆਂ ਅਤੇ ਬਾਥਰੂਮ ਵਿਚ ਰੇਲਿੰਗ ਲੱਗੀ ਹੋਵੇ।

ਬਜ਼ੁਰਗਾਂ ਦੀ ਸਿਹਤ ਦਾ ਲਗਾਤਾਰ ਧਿਆਨ ਰੱਖਣਾ ਜ਼ਰੂਰੀ ਹੈ।

ਆਰਥਰਾਈਟਸ, ਦ੍ਰਿਸ਼ਟੀਕੋਣ, ਘੱਟ ਸੁਣਨਾ, ਅਤੇ ਸਾਈਕੋਟ੍ਰੋਪਿਕ ਡਰੱਗ ਦੀ ਭੋਜ਼ ਦਾ ਲਗਾਤਾਰ ਧਿਆਨ ਰੱਖਦੇ ਹੋਏ ਸਪੈਸ਼ਲਿਸਟ ਤੋਂ ਇਲਾਜ ਕਰਾਉਣਾ ਜ਼ਰੂਰੀ ਹੁੰਦਾ ਹੈ। ਸੰਤੁਲਿਤ ਭੋਜਨ ਅਤੇ ਚੁਸਤ ਜੀਵਨ ਜਾਚ ਇਸ 'ਚ ਫ਼ਾਇਦੇਮੰਦ ਹੋ ਸਕਦੇ ਹਨ।

ਹੱਡੀਆਂ ਦੀ ਮਜਬੂਤੀ ਲਈ ਕੈਲਸ਼ੀਅਮ ਅਤੇ ਵਿਟਾਮਿਨ ਡੀ ਨਾਲ ਭਰਪੂਰ ਭੋਜਨ ਲੈਣਾ ਚਾਹੀਦਾ ਹੈ। ਸਾਡੇ ਸਰੀਰ ਨੂੰ ਇਕ ਗ੍ਰਾਮ ਕੈਲਸ਼ੀਅਮ ਦੀ ਰੋਜ਼ ਜ਼ਰੂਰਤ ਹੁੰਦੀ ਹੈ। ਅਕਸਰ ਸਾਡੇ ਰੋਜ਼ਮਰ੍ਹਾ ਦੇ ਭੋਜਨ ਤੋਂ ਇਹ ਹਾਸਲ ਨਹੀਂ ਹੁੰਦਾ, ਇਸ ਲਈ ਨਿਊਟ੍ਰੀਸ਼ੀਅਸ ਭੋਜਨ, ਖ਼ਾਸ ਕਰਕੇ ਦੁੱਧ ਅਤੇ ਦੁੱਧ ਤੋਂ ਬਣੇ ਉਤਪਾਦ ਅਤੇ ਡਾਕਟਰ ਵਲੋਂ ਸੁਝਾਏ ਗਏ ਹੋਰ ਸਪਲੀਮੈਂਟਸ ਮਦਦਗਾਰ ਹੋਣਗੇ।

ਹੱਡੀਆਂ ਦੀ ਸਿਹਤ 'ਤੇ ਇਕ ਤਾਜ਼ਾ ਖੋਜ ਅਨੁਸਾਰ 50 ਸਾਲ ਅਤੇ ਇਸ ਤੋਂ ਉੱਪਰ ਦੇ ਹਰ ਤਿੰਨ ਵਿਅਕਤੀਆਂ ਵਿਚ ਇਕ ਖ਼ਤਰਨਾਕ ਰੂਪ ਵਿਚ ਹੱਡੀਆਂ ਵਿਚ ਘੱਟ ਤਾਕਤ ਵਾਲੀ ਹਾਲਤ ਪਾਈ ਜਾਂਦੀ ਹੈ।

ਸਿਹਤਮੰਦ ਭੋਜਨ ਆਦਤਾਂ, ਜੀਵਨ ਸ਼ੈਲੀ ਅਤੇ ਲਗਾਤਾਰ ਕਸਰਤ ਸ਼ੁਰੂ ਤੋਂ ਜਾਰੀ ਰੱਖੀ ਜਾਵੇ ਤਾਂ ਉਹ ਬਾਅਦ ਵਿਚ ਸੌਖ ਰਹਿੰਦੀ ਹੈ। ਸਾਵਧਾਨੀਆਂ ਨਾਲ ਜਿਥੇ ਮਦਦ ਮਿਲਦੀ ਹੈ, ਪਰਿਵਾਰ ਦੇ ਜਵਾਨ ਮੈਂਬਰਾਂ ਵਲੋਂ ਕੀਤੀ ਜਾਣ ਵਾਲੀ ਸਿੱਧੀ ਨਿਗਰਾਨੀ ਦਾ ਕੋਈ ਮੁਕਾਬਲਾ ਹੀ ਨਹੀਂ। ਉਨ੍ਹਾਂ ਦੀ ਦੇਖਰੇਖ ਦੇ ਹੇਠ ਹੀ ਬਜ਼ੁਰਗਾਂ ਦਾ ਜੀਵਨ ਸੁਖੀ ਰਹਿ ਸਕਦਾ ਹੈ। ਪੇਸ਼ ਹੈ ਹੱਡੀਆਂ ਦੇ ਟੁੱਟਣ ਤੋਂ ਬਚਾਅ ਲਈ ਕੁਝ ਨੁਕਤੇ :-



- ਪੌੜੀਆਂ 'ਤੇ ਰੌਸ਼ਨੀ ਅਤੇ ਪੂਰੀ ਗਰਿੱਲ ਲੱਗੀ ਹੋਵੇ।
- ਬਜ਼ੁਰਗਾਂ ਦੇ ਬਾਥਰੂਮ ਦੇ ਕੋਲ ਮੈਟ ਵਿਛਿਆ ਹੋਵੇ।
- ਬਾਥਰੂਮ ਦੇ ਚਾਰੇ ਪਾਸੇ ਫੜਨ ਲਈ ਗ੍ਰੇਬ ਬਾਰਜ਼ ਹੋਵੇ।
- ਬਿਜਲੀ ਦੇ ਟੈਲੀਫੋਨ ਦੇ ਵਾਇਰ ਰਸਤੇ ਵਿਚ ਨਾ ਹੋਵੇ।
- ਉਨ੍ਹਾਂ ਦੀ ਖ਼ੁਰਾਕ ਸਿਹਤਮੰਦ ਹੋਵੇ, ਖ਼ਾਸ ਕਰਕੇ ਦੁੱਧ ਜਾਂ ਦੁੱਧ ਤੋਂ ਬਣੀਆਂ ਚੀਜ਼ਾਂ ਜ਼ਰੂਰ ਖਾਓ।
- ਜ਼ਰੂਰਤ ਪੈਣ 'ਤੇ ਉਨ੍ਹਾਂ ਨੂੰ ਸੋਟੀ ਜਾਂ ਵਾਕਰ ਦੀ ਮਦਦ ਨਾਲ ਚੱਲਣ ਦੀ ਪ੍ਰੇਰਿਤ ਕਰੋ।
- ਉਨ੍ਹਾਂ ਦੀਆਂ ਅੱਖਾਂ ਦਾ ਟੈਸਟ ਕਰਾਓ, ਧੁੰਦਲੀ ਨਜ਼ਰ ਹੋਣ 'ਤੇ ਐਕਸੀਡੈਂਟਸ ਹੋ ਸਕਦੇ ਹਨ।
- ਹੱਡੀਆਂ ਦੇ ਨੁਕਸਾਨ ਤੋਂ ਬਚਾਉਣ ਲਈ ਉਨ੍ਹਾਂ ਨੂੰ ਲਗਾਤਾਰ ਕਸਰਤ ਲਈ ਪ੍ਰੇਰਿਤ ਕਰੋ। ਘੁੰਮਣਾ ਵਧੀਆ ਕਸਰਤ ਹੈ।
- ਉਨ੍ਹਾਂ ਨੂੰ ਕੁਝ ਦੇਰ ਸੂਰਜ ਦੀ ਰੌਸ਼ਨੀ ਲੈਣ ਦਿਓ।
- ਉਨ੍ਹਾਂ ਦੀਆਂ ਮੈਡੀਕਲ ਮੁਸ਼ਕਿਲਾਂ ਲਈ ਡਾਕਟਰਾਂ ਨਾਲ ਸਲਾਹ ਕਰੋ।

# ਜ਼ਿੰਦਗੀ ਜਿਊਣ ਦਾ ਮੰਤਰ 'ਚਲੋ ਛੱਡੋ'

ਹਰਪ੍ਰੀਤ ਸਿੰਘ ਸਵੈਚ



ਜ਼ਿੰਦਗੀ ਵਿੱਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਕਈ ਵਾਰ ਸਭ ਕੁੱਝ ਸਹੀ ਹੋਣ ਦੇ ਬਾਵਜੂਦ ਹਾਲਾਤ 'ਤੇ ਸਾਡਾ ਵਸ ਨਹੀਂ ਰਹਿੰਦਾ। ਅਜਿਹੇ ਵਿੱਚ ਹੌਸਲਾ ਤੇ ਵਿਸ਼ਵਾਸ ਹੀ ਸਾਡਾ ਸਹਾਰਾ ਬਣਦੇ ਹਨ। ਜੇਕਰ ਅਸੀਂ ਹੌਸਲਾ ਹਾਰ ਕੇ ਬੈਠ ਜਾਈਏ ਤਾਂ ਸਾਡੇ ਵਿਸ਼ਵਾਸ, ਸਾਡੀ ਸੋਚ, ਸਾਡੇ ਵਿਹਾਰ ਤੇ ਸਾਡੀ ਬੋਲਚਾਲ ਵਿੱਚ ਨਕਾਰਾਤਮਕਤਾ ਦਾ ਪ੍ਰਵੇਸ਼ ਹੋ ਜਾਣਾ ਸੁਭਾਵਿਕ ਹੈ। ਨਕਾਰਾਤਮਕਤਾ ਕਾਰਨ ਹੀ ਅਸੀਂ ਬੀਤੀ ਕਿਸੇ ਘਟਨਾ ਦਾ ਇੰਨਾ ਜ਼ਿਆਦਾ ਵਿਸ਼ਲੇਸ਼ਣ ਕਰਨ ਲੱਗ ਜਾਂਦੇ ਹਾਂ ਕਿ ਉਹੀ ਘਟਨਾ ਸਾਡੀ ਜ਼ਿੰਦਗੀ ਦਾ ਇੱਕੋ ਮਾਤਰ ਹਿੱਸਾ ਬਣ ਕੇ ਰਹਿ ਜਾਂਦੀ ਹੈ।

ਇਸ ਵਿਸ਼ਲੇਸ਼ਣ ਲਈ ਕੁੱਝ ਪਲ, ਕੁੱਝ ਘੰਟੇ, ਕੁੱਝ ਦਿਨ, ਕੁੱਝ ਹਫ਼ਤੇ, ਕੁੱਝ ਮਹੀਨੇ ਜਾਂ ਕੁੱਝ ਸਾਲ ਵੀ ਲਗਾਏ ਜਾ ਸਕਦੇ ਹਨ, ਪਰ ਇਸ ਸਾਰੀ ਪ੍ਰਕਿਰਿਆ ਵਿੱਚੋਂ ਸਾਡੀ ਮਾਨਸਿਕ ਸੁੱਖ-ਸ਼ਾਂਤੀ ਭੰਗ ਹੋਣ ਦੇ ਸਿਵਾਏ ਕੁੱਝ ਨਹੀਂ ਨਿਕਲਦਾ। ਅਖੀਰ ਸਾਨੂੰ ਕਹਿਣ ਪੈਂਦਾ ਹੈ 'ਚਲੋ ਛੱਡੋ'। ਐਨਾ ਸਮਾਂ, ਊਰਜਾ, ਰਿਸ਼ਤੇ, ਸ਼ਾਂਤੀ ਤੇ ਖ਼ੁਸ਼ੀਆਂ ਨੂੰ ਛਿੱਕੇ ਟੰਗ ਕੇ ਵੀ ਜੇਕਰ ਆਖਰੀ ਹੱਲ ਇਹੀ ਨਿਕਲਣਾ ਹੈ ਕਿ 'ਚਲੋ ਛੱਡੋ' ਤਾਂ ਕਿਉਂ ਨਾ ਅਸੀਂ ਜ਼ਿੰਦਗੀ ਵਿੱਚ ਪਹਿਲਾਂ ਹੀ ਇਹ ਪਹੁੰਚ ਅਪਣਾ ਲਈਏ। 'ਚਲੋ ਛੱਡੋ' ਕੇਵਲ ਦੋ ਸ਼ਬਦ ਨਹੀਂ ਸਗੋਂ ਜ਼ਿੰਦਗੀ ਜਿਊਣ ਦਾ ਮੰਤਰ ਹੈ।

ਜ਼ਿੰਦਗੀ ਦੀ ਹਰ ਘਟਨਾ ਸਾਨੂੰ ਕੋਈ ਨਾ ਕੋਈ ਸਬਕ ਸਿਖਾ ਕੇ ਜਾਂਦੀ ਹੈ। ਦੇਖਣਾ ਇਹ ਹੁੰਦਾ ਹੈ ਕਿ ਅਸੀਂ ਉਸ ਸਬਕ ਨੂੰ ਸਿਖਣ ਵਿੱਚ ਸਫਲ ਹੁੰਦੇ ਹਾਂ ਜਾਂ ਕਿਸੇ ਘਟਨਾ ਦੇ ਅਫ਼ਸੋਸ ਵਿੱਚ ਹੀ ਜ਼ਿੰਦਗੀ ਗੁਜ਼ਾਰ ਦਿੰਦੇ ਹਾਂ। ਕਈ ਵਾਰ ਅਸੀਂ ਖ਼ੁਦ ਨੂੰ ਫਜ਼ੂਲ ਉਲਝਣਾਂ, ਪਛਤਾਵਿਆਂ ਤੇ ਬੀਤੀਆਂ ਘਟਨਾਵਾਂ ਦੇ ਜਾਲ ਵਿੱਚ ਐਨਾ ਜ਼ਿਆਦਾ ਫਸਾ ਲੈਂਦੇ ਹਾਂ ਕਿ ਸਾਡੀ ਸਾਰੀ ਜ਼ਿੰਦਗੀ ਹੀ ਉਲਝ ਕੇ ਰਹਿ ਜਾਂਦੀ ਹੈ। ਜੇ ਇੰਜ ਹੋ ਜਾਂਦਾ, ਜੇ ਇੰਜ ਨਾ ਹੁੰਦਾ, ਮੈਂ ਇੰਜ ਕਰ ਲੈਂਦਾ ਇਨ੍ਹਾਂ ਵਿਚਾਰਾਂ ਨਾਲ ਅਸੀਂ ਖ਼ੁਦ ਨੂੰ ਹੀ ਪਰੇਸ਼ਾਨ ਕਰਕੇ ਅੰਦਰੋਂ-ਅੰਦਰੀ ਕੁੜ੍ਹਦੇ ਰਹਿੰਦੇ ਹਾਂ। ਇਹ ਫਜ਼ੂਲ ਵਿਸ਼ਲੇਸ਼ਣ ਸਾਨੂੰ ਕਿਸੇ ਨਤੀਜੇ 'ਤੇ ਨਹੀਂ ਪਹੁੰਚਾਉਂਦਾ। ਵਿਸ਼ਲੇਸ਼ਣ ਕਰਨਾ ਹੀ ਹੈ ਤਾਂ ਆਪਣੇ ਆਪ ਦਾ ਕਰੋ। ਜੇਕਰ ਤੁਹਾਡੇ ਕੋਲੋਂ ਕੋਈ ਗ਼ਲਤੀ ਹੋਈ ਹੈ ਤਾਂ ਉਸ ਗ਼ਲਤੀ ਨੂੰ ਸਵੀਕਾਰਨ ਦਾ ਮਾਦਾ ਰੱਖੋ ਅਤੇ ਭਵਿੱਖ ਵਿੱਚ ਅਜਿਹੀਆਂ ਗ਼ਲਤੀਆਂ ਤੋਂ ਕਿਨਾਰਾ ਕਰੋ। ਬੀਤੀਆਂ ਘਟਨਾਵਾਂ ਬਾਰੇ ਸੋਚਣਾ ਪਾਣੀ ਵਿੱਚ ਮਧਾਣੀ ਹੈ, ਜਿੰਨਾ ਮਰਜ਼ੀ ਰਿੜਕੀ ਜਾਓ, ਨਿਕਲਦਾ ਕੁੱਝ ਨਹੀਂ। ਫਜ਼ੂਲ ਦੇ ਵਿਚਾਰਾਂ ਵਿੱਚ ਗੁਆਚਣ ਨਾਲ ਸਾਡਾ ਕੀਮਤੀ ਵਕਤ, ਊਰਜਾ ਅਤੇ ਸਾਡੀ ਮਾਨਸਿਕ ਖ਼ੁਸ਼ੀ ਖਤਮ ਹੋ ਜਾਂਦੀ ਹੈ। ਜਿਵੇਂ ਪਾਣੀ ਵਹਿੰਦਾ ਹੀ ਸੋਹਣਾ ਲੱਗਦਾ ਹੈ, ਠੀਕ ਉਸੇ ਤਰ੍ਹਾਂ ਜ਼ਿੰਦਗੀ ਵੀ ਚੱਲਦੀ ਹੀ ਸੋਹਣੀ ਲੱਗਦੀ ਹੈ ਤੇ ਇਹ ਤਾਂ ਹੀ ਚੱਲਦੀ ਰਹੇਗੀ ਜਦੋਂ ਅਸੀਂ ਛੋਟੀਆਂ-ਮੋਟੀਆਂ ਘਟਨਾਵਾਂ ਨੂੰ ਭੁੱਲਣ ਦੀ ਜਾਚ ਸਿੱਖਾਂਗੇ ਅਤੇ 'ਚਲੋ ਛੱਡੋ' ਦੀ ਪਹੁੰਚ ਅਪਣਾਵਾਂਗੇ।

ਕਈ ਲੋਕ 'ਚਲੋ ਛੱਡੋ' ਦੀ ਪਹੁੰਚ ਨੂੰ ਕਮਜ਼ੋਰੀ ਵੀ ਸਮਝ ਲੈਂਦੇ ਹਨ, ਪਰ ਅਸਲ ਮਾਅਨਿਆਂ ਵਿੱਚ ਇਹ ਸਾਡੀ ਸਭ ਤੋਂ ਵੱਡੀ ਤਾਕਤ ਹੈ। ਕਿਸੇ ਚੀਜ਼, ਘਟਨਾ, ਗੱਲ ਜਾਂ ਹਾਲਾਤ ਨੂੰ 'ਚਲੋ ਛੱਡੋ' ਕਹਿਣਾ ਖਾਲਾ ਜੀ ਦਾ ਵਾੜਾ ਨਹੀਂ, ਪਰ ਜੇ ਅਸੀਂ ਜ਼ਿੰਦਗੀ ਵਿੱਚ ਇਹ ਪਹੁੰਚ ਅਪਣਾ ਲਈ ਤਾਂ ਅਸੀਂ ਫਜ਼ੂਲ ਦੀਆਂ ਲੱਖਾਂ ਚਿੰਤਾਵਾਂ ਤੇ ਉਲਝਣਾਂ ਤੋਂ ਖ਼ੁਦ ਨੂੰ ਬਚਾ ਸਕਦੇ ਹਾਂ। ਜ਼ਿੰਦਗੀ ਬਹੁਤ ਛੋਟੀ ਹੈ, ਪਤਾ ਨਹੀਂ ਕਦੋਂ ਪਟਾਕਾ ਪੈ ਜਾਣਾ ਹੈ। ਇਸ ਨੂੰ ਪਛਤਾਵਿਆਂ, ਗ਼ਮਾਂ, ਰੋਸਿਆਂ ਅਤੇ ਆਕੜਾਂ ਵਿੱਚ ਬਰਬਾਦ ਕਰਨ ਦੀ ਬਜਾਏ ਪੂਰੇ ਜੋਸ਼-ਓ-ਖਰੋਸ਼ ਨਾਲ ਖ਼ੁਸ਼ ਰਹਿ ਕੇ ਜਿਊਣਾ ਚਾਹੀਦਾ ਹੈ।

'ਚਲੋ ਛੱਡੋ' ਦਾ ਮਤਲਬ ਇਹ ਵੀ ਨਹੀਂ ਹੈ ਕਿ ਅਸੀਂ ਜ਼ਿੰਦਗੀ ਵਿੱਚ ਹਾਰ ਮੰਨ ਲਈਏ ਤੇ ਹਾਲਾਤ ਤੋਂ ਭੱਜ ਜਾਈਏ। ਸਗੋਂ ਇਹ ਤਾਂ ਅੰਦਰੂਨੀ ਤੌਰ 'ਤੇ ਆਪਣੇ ਆਪ ਨੂੰ ਫਜ਼ੂਲ ਚਿੰਤਾਵਾਂ ਤੋਂ ਮੁਕਤ ਕਰਨ ਦਾ ਨਾਂ ਹੈ। ਦਰਅਸਲ, ਇਹ ਉਸ ਹਿੰਮਤ ਤੇ ਤਾਕਤ ਦਾ ਨਾਂ ਹੈ ਜੋ ਸਾਨੂੰ ਸਿਖਾਉਂਦੀ ਹੈ ਕਿ ਜੋ ਹੋਣਾ ਸੀ ਹੋ ਗਿਆ, ਹੁਣ ਉਹ ਬਦਲਿਆ ਨਹੀਂ ਜਾ ਸਕਦਾ, ਪਰ ਜੋ ਹਾਲੇ ਹੋਣਾ ਹੈ, ਉਸ ਨੂੰ ਅਸੀਂ ਜ਼ਰੂਰ ਬਿਹਤਰ ਬਣਾਉਣ ਦੀ ਕੋਸ਼ਿਸ ਕਰ ਸਕਦੇ ਹਾਂ। ਸਿਆਣੇ ਕਹਿੰਦੇ ਹਨ ਕਿ ਬੀਤੇ ਦੀਆਂ ਯਾਦਾਂ ਅਤੇ ਭਵਿੱਖ ਦੀਆਂ ਚਿੰਤਾਵਾਂ ਨਾਲ ਆਪਣਾ ਵਰਤਮਾਨ ਖ਼ਰਾਬ ਨਹੀਂ ਕਰਨਾ ਚਾਹੀਦਾ।

'ਚਲੋ ਛੱਡੋ' ਦੀ ਪਹੁੰਚ ਅਪਣਾਉਣ ਲਈ ਸਾਨੂੰ ਦੂਜਿਆਂ ਦੀਆਂ ਗ਼ਲਤੀਆਂ ਨੂੰ ਨਜ਼ਰਅੰਦਾਜ਼ ਅਤੇ ਮੁਆਫ਼ ਕਰਨਾ ਵੀ ਸਿੱਖਣਾ ਪਵੇਗਾ। ਜੇਕਰ ਕਿਸੇ ਕੋਲੋਂ ਜਾਣੇ-ਅਣਜਾਣੇ ਤੁਹਾਡਾ ਕੋਈ ਨੁਕਸਾਨ ਹੋ ਗਿਆ ਤਾਂ ਬਦਲੇ ਦੀ ਭਾਵਨਾ ਮਨ ਵਿੱਚ ਲਿਆਉਣ ਦੀ ਬਜਾਏ ਆਪਣੇ ਨੁਕਸਾਨ ਦੀ ਭਰਪਾਈ ਬਾਰੇ ਸੋਚੋ। ਜੇਕਰ ਕਿਸੇ ਨੇ ਈਰਖਾ ਜਾਂ ਆਕੜ ਵੱਸ ਤੁਹਾਨੂੰ ਮਾੜਾ-ਚੰਗਾ ਬੋਲ ਦਿੱਤਾ ਤਾਂ ਤੁਹਾਡੇ ਕੋਲ ਦੋ ਹੀ ਵਿਕਲਪ ਬਚਦੇ ਹਨ। ਪਹਿਲਾ ਵਿਕਲਪ ਹੈ ਕਿ ਤੁਸੀਂ ਵੀ ਉਨ੍ਹਾਂ ਵਾਂਗ ਤੱਤੇ ਹੋ ਕੇ ਜਵਾਬ ਦਿਓ, ਜਿਸ ਨਾਲ ਮਸਲਾ ਹੋਰ ਵਧੇਗਾ। ਦੂਜਾ ਵਿਕਲਪ ਹੈ ਕਿ ਤੁਸੀਂ ਚੁੱਪ-ਚਾਪ ਉੱਥੋਂ ਚਲੇ ਜਾਵੋ ਤੇ ਮੌਕਾ ਸਾਂਭ ਲਵੋ। ਹਰ ਛੋਟੀ-ਛੋਟੀ ਗੱਲ 'ਤੇ ਪ੍ਰਤੀਕਿਰਿਆ ਦੇਣ ਦੀ ਜ਼ਰੂਰਤ ਵੀ ਨਹੀਂ ਹੁੰਦੀ। ਇਸ ਨਾਲ ਇੱਕ ਤਾਂ ਤੁਹਾਡੀ ਕੀਮਤੀ ਊਰਜਾ ਜ਼ਾਇਆ ਹੋਣੋਂ ਬਚ ਜਾਵੇਗੀ ਤੇ ਦੂਜਾ ਤੁਹਾਡੀ ਮਾਨਸਿਕ ਸ਼ਾਂਤੀ ਵੀ ਕਾਇਮ ਰਹੇਗੀ। ਦਰਅਸਲ, ਜਦੋਂ ਤੁਹਾਨੂੰ ਕੋਈ ਮਾੜਾ ਚੰਗਾ ਬੋਲਦਾ ਹੈ ਤਾਂ ਉਸ ਦਾ ਇੱਕੋ-ਇੱਕ ਮਕਸਦ ਤੁਹਾਨੂੰ ਤੜਫ਼ਾਉਣਾ ਹੁੰਦਾ ਹੈ ਕਿਉਂਕਿ ਉਹ ਖ਼ੁਦ ਤੜਫ਼ਿਆ ਹੁੰਦਾ ਹੈ। ਅਜਿਹੇ ਵਿੱਚ ਜੇਕਰ ਤੁਸੀਂ ਵੀ ਉਸ ਵਾਂਗ ਤੜਫ਼ ਗਏ ਤਾਂ ਉਸ ਦਾ ਮਕਸਦ ਤਾਂ ਪੂਰਾ ਹੋ ਗਿਆ। ਸੋ, 'ਚਲੋ ਛੱਡੋ' ਦੀ ਪਹੁੰਚ ਤੁਹਾਨੂੰ ਅਜਿਹੇ ਹਾਲਾਤ ਵਿੱਚ ਤਾਕਤਵਰ ਤੇ ਜੇਤੂ ਬਣਾ ਕੇ ਉਭਾਰਦੀ ਹੈ।

ਮਹਾਤਮਾ ਬੁੱਧ ਦੇ ਜੀਵਨ ਦੀ ਇੱਕ ਗਾਥਾ ਯਾਦ ਆ ਗਈ। ਇੱਕ ਵਾਰ ਇੱਕ ਬੰਦੇ ਨੇ ਮਹਾਤਮਾ ਬੁੱਧ ਨੂੰ ਗਾਲ੍ਹਾਂ ਕੱਢੀਆਂ ਤੇ ਉਹ ਚੁੱਪ-ਚਾਪ ਮੁਸਕੁਰਾਉਂਦੇ ਹੋਏ ਸੁਣਦੇ ਰਹੇ। ਜਦੋਂ ਉਹ ਗਾਲ੍ਹਾਂ ਕੱਢ ਕੇ ਥੱਕ ਗਿਆ ਤਾਂ ਬੁੱਧ ਨੇ ਬੜੇ ਪਿਆਰ ਨਾਲ ਫਰਮਾਇਆ ਕਿ ਜੇਕਰ ਤੁਸੀਂ ਕੁੱਝ ਹੋਰ ਕਹਿਣਾ ਚਾਹੁੰਦੇ ਹੋ ਤਾਂ ਕਹਿ ਲਵੋ। ਉਹ ਬੰਦਾ ਕਲਪਦਾ ਹੋਇਆ ਉੱਥੋਂ ਤੁਰ ਗਿਆ। ਕੋਲ ਖੜ੍ਹੇ ਮਹਾਤਮਾ ਬੁੱਧ ਦੇ ਸ਼ਿਸ਼ ਆਨੰਦ ਨੇ ਪੁੱਛਿਆ ਕਿ ਮਹਾਰਾਜ ਉਹ ਬੰਦਾ ਤੁਹਾਨੂੰ ਐਨੀਆਂ ਗਾਲ੍ਹਾਂ ਕੱਢ ਗਿਆ ਤੇ ਤੁਸੀਂ ਚੁੱਪ ਰਹੇ, ਮੇਰਾ ਤਾਂ ਖ਼ੂਨ ਖੌਲ ਰਿਹਾ ਸੀ। ਬੁੱਧ ਨੇ ਫਰਮਾਇਆ ਕਿ ਚਲੋ ਛੱਡੋ, ਉਸ ਕੋਲ ਜੋ ਸੀ, ਉਸ ਨੇ ਦੇ ਦਿੱਤਾ। ਅੱਗੇ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਲੈਣਾ ਹੈ ਜਾਂ ਨਹੀਂ। ਸੋ, ਜੇਕਰ ਅਸੀਂ 'ਚਲੋ ਛੱਡੋ' ਦੀ ਇਹ ਕਲਾ ਸਿੱਖ ਲਈਏ ਤਾਂ ਸਾਡੀ ਜ਼ਿੰਦਗੀ ਬਹੁਤ ਬਿਹਤਰ ਹੋ ਸਕਦੀ ਹੈ। ਇਸ ਲਈ 'ਚੱਲੋ ਛੱਡੋ' ਦੀ ਪਹੁੰਚ ਨੂੰ ਅਪਣਾਓ ਤੇ ਆਪਣੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਪ੍ਰਦਾਨ ਕਰੋ।






# ਸੋਚ ਸਮਝ ਕੇ ਬਣਾਓ ਦੋਸਤ



ਹਰਪ੍ਰੀਤ ਕੌਰ ਸੰਧੂ

ਮਨੁੱਖ ਦੀ ਜ਼ਿੰਦਗੀ ਦਾ ਸਭ ਤੋਂ ਸੁਖਾਵਾਂ ਅਨੁਭਵ ਹੁੰਦਾ ਹੈ ਮਿੱਤਰਤਾ। ਬਾਲਪਨ ਵਿੱਚ ਹੀ ਅਸੀਂ ਮਿੱਤਰ ਬਣਾ ਲੈਂਦੇ ਹਾਂ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਾਨੂੰ ਮਿੱਤਰ ਕਿਸ ਤਰ੍ਹਾਂ ਚੁਣਨੇ ਚਾਹੀਦੇ ਹਨ, ਇਸ ਬਾਰੇ ਕਦੀ ਨਹੀਂ ਦੱਸਿਆ ਗਿਆ। ਮਾਂ-ਬਾਪ ਅਕਸਰ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਬੁਰੀ ਸੰਗਤ ਵਿੱਚ ਹੋਣ ਬਾਰੇ ਕਹਿੰਦੇ ਹਨ, ਟੋਕਦੇ ਹਨ, ਪਰ ਇਹ ਨਹੀਂ ਸਮਝਾਉਂਦੇ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਸੰਗਤ ਕਰਨੀ ਚਾਹੀਦੀ ਹੈ।

ਕਿਸ਼ੋਰ ਅਵਸਥਾ ਵਿੱਚ ਪੈਰ ਰੱਖਦਿਆਂ ਸਾਡੀ ਜ਼ਿੰਦਗੀ ’ਤੇ ਸਭ ਤੋਂ ਜ਼ਿਆਦਾ ਪ੍ਰਭਾਵ ਮਿੱਤਰਾਂ ਦਾ ਹੁੰਦਾ ਹੈ। ਅਜਿਹੇ ਵਿੱਚ ਜੇਕਰ ਸਾਡੀ ਮਿੱਤਰਤਾ ਗ਼ਲਤ ਕਿਸਮ ਦੇ ਲੋਕਾਂ ਨਾਲ ਹੋ ਜਾਵੇ ਤਾਂ ਸਾਡੀ ਜ਼ਿੰਦਗੀ ਦੀ ਦਿਸ਼ਾ ਹੀ ਬਦਲ ਜਾਂਦੀ ਹੈ। ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਸਾਨੂੰ ਕਿਸ ਤਰ੍ਹਾਂ ਦੇ ਮਿੱਤਰ ਬਣਾਉਣੇ ਚਾਹੀਦੇ ਹਨ। ਇਸ ਤੋਂ ਵੀ ਜ਼ਿਆਦਾ ਜ਼ਰੂਰੀ ਇਹ ਹੈ ਕਿ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਨੂੰ ਇਸ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਵੱਲ ਅਸੀਂ ਕਦੀ ਧਿਆਨ ਹੀ ਨਹੀਂ ਦਿੰਦੇ। ਜ਼ਿੰਦਗੀ ਦੇ ਬਾਰ੍ਹਵੇਂ-ਤੇਰ੍ਹਵੇਂ ਸਾਲ ਵਿੱਚ ਪੈਰ ਰੱਖਦਿਆਂ ਬੱਚੇ ਨੂੰ ਇਹ ਪਤਾ ਹੋਣਾ ਬਹੁਤ ਜ਼ਰੂਰੀ ਹੈ ਕਿ ਉਸ ਦੇ ਮਿੱਤਰ ਕਿਹੋ ਜਿਹੇ ਲੋਕ ਹੋਣ। ਉਸ ਨੂੰ ਇਹ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਬੁਰਾਈ ਦਾ ਰਸਤਾ ਬੜਾ ਚਮਕਦਾਰ ਹੁੰਦਾ ਹੈ, ਪਰ ਉਸ ਦਾ ਅੰਤ ਹਮੇਸ਼ਾਂ ਮਾੜਾ ਹੁੰਦਾ ਹੈ। ਇਸ ਉਮਰ ਵਿੱਚ ਅਜਿਹੇ ਲੋਕ ਸਾਨੂੰ ਆਪਣੇ ਵੱਲ ਖਿੱਚਦੇ ਹਨ ਜੋ ਥੋੜ੍ਹੇ ਜਿਹੇ ਵੱਖਰੇ ਹੁੰਦੇ ਹਨ। ਜਿਹੜੇ ਗ਼ਲਤ ਕੰਮ ਕਰਕੇ ਮਸ਼ਹੂਰ ਹੁੰਦੇ ਹਨ। ਇਹ ਸਮਝਾਉਣਾ ਬਣਦਾ ਹੈ ਕਿ ਉਹ ਮਸ਼ਹੂਰ ਨਹੀਂ, ਅਸਲ ਉਹ ਬਦਨਾਮ ਹੁੰਦੇ ਹਨ। ਬੱਚੇ ਦਾ ਧਿਆਨ ਉਹ ਬੱਚੇ ਖਿੱਚਦੇ ਹਨ ਜੋ ਅਧਿਆਪਕ ਨੂੰ ਅੱਗੋਂ ਜਵਾਬ ਦਿੰਦੇ ਹਨ। ਜੋ ਆਪਣੇ ਮਾਤਾ-ਪਿਤਾ ਦਾ ਕਿਹਾ ਨਹੀਂ ਮੰਨਦੇ। ਜੋ ਆਪਣੀ ਮਰਜ਼ੀ ਕਰਦੇ ਹਨ। ਜੋ ਹਰ ਉਹ ਕੰਮ ਕਰਦੇ ਹਨ ਜੋ ਕਰਨਾ ਮਨ੍ਹਾ ਹੁੰਦਾ ਹੈ। ਉਸ ਉਮਰ ਦੀ ਸੋਚ ਉਨ੍ਹਾਂ ਲੋਕਾਂ ਨੂੰ ਹੀਰੋ ਦਿਖਾਉਂਦੀ ਹੈ। ਬਸ ਇੱਥੇ ਹੀ ਸਾਡੇ ਬੱਚੇ ਇਨ੍ਹਾਂ ਬੱਚਿਆਂ ਨਾਲ ਦੋਸਤੀ ਕਰਕੇ ਗ਼ਲਤੀ ਕਰ ਲੈਂਦੇ ਹਨ।

ਅਜਿਹੀ ਦੋਸਤੀ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਬਹੁਤ ਮਹਿੰਗੀ ਪੈਂਦੀ ਹੈ। ਜਦੋਂ ਬੱਚਾ ਇੱਕ ਵਾਰ ਰਾਹ ਤੋਂ ਭਟਕ ਜਾਵੇ, ਫਿਰ ਉਹ ਕਦੀ ਵੀ ਸਹੀ ਰਾਹ ’ਤੇ ਨਹੀਂ ਪੈਂਦਾ, ਜੇ ਪੈਂਦਾ ਵੀ ਹੈ ਤਾਂ ਸੁਖਾਲਾ ਨਹੀਂ। ਬੱਚੇ ਨੂੰ ਇਹ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਸਹੀ ਰਾਹ ’ਤੇ ਚੱਲਦਿਆਂ ਹੀ ਉਹ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਸਕਦਾ ਹੈ। ਜ਼ਿੰਦਗੀ ਵਿੱਚ ਕੁੱਝ ਕਰ ਗੁਜ਼ਰਨ ਦੀ, ਕੁੱਝ ਬਣ ਜਾਣ ਲਈ ਕੋਈ ਪ੍ਰਾਪਤੀ ਕਰਨ ਲਈ ਸਹੀ ਤੇ ਸਿੱਧੇ ਰਾਹ ’ਤੇ ਚੱਲਣਾ ਬਹੁਤ ਜ਼ਰੂਰੀ ਹੈ ਭਾਵੇਂ ਉਹ ਕਿੰਨਾ ਵੀ ਔਖਾ ਕਿਉਂ ਨਾ ਹੋਵੇ। ਉਸ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਉਸ ਦੇ ਦੋਸਤ ਉਹ ਹੋਣੇ ਚਾਹੀਦੇ ਹਨ ਜੋ ਜ਼ਿੰਦਗੀ ਵਿੱਚ ਕੁੱਝ ਕਰ ਜਾਣਾ ਲੋਚਦੇ ਹਨ। ਜੋ ਆਪਣੇ ਅਧਿਆਪਕਾਂ ਤੇ ਮਾਤਾ-ਪਿਤਾ ਦਾ ਕਿਹਾ ਮੰਨਦੇ ਹਨ।

ਕਿਸੇ ਵੀ ਕਮਜ਼ੋਰ ਬਿਰਤੀ ਦੇ ਬੱਚੇ ਨੂੰ ਅਜਿਹੇ ਬੱਚੇ ਨਾਲ ਦੋਸਤੀ ਨਹੀਂ ਕਰਨੀ ਚਾਹੀਦੀ ਜੋ ਮਜ਼ਬੂਤ ਬਿਰਤੀ ਦਾ ਹੈ। ਅਜਿਹੇ ਵਿੱਚ ਤੁਹਾਡਾ ਬੱਚਾ ਹਮੇਸ਼ਾਂ ਉਸ ਬੱਚੇ ਦੀ ਗੱਲ ਮੰਨੇਗਾ। ਇਸ ਵਿੱਚ ਉਸ ਦਾ ਕਸੂਰ ਨਹੀਂ, ਉਸ ਦੀ ਬਿਰਤੀ ਹੀ ਅਜਿਹੀ ਹੈ। ਪਰ ਸਵਾਲ ਇਹ ਵੀ ਹੈ ਕਿ ਜੇ ਕਮਜ਼ੋਰ ਬਿਰਤੀ ਦੇ ਬੱਚੇ ਨਾਲ ਦੋਸਤੀ ਕੀਤੀ ਜਾਵੇਗੀ ਤਾਂ ਉਹ ਸਾਡੀ ਹਰ ਗੱਲ ਮੰਨ ਜਾਵੇਗਾ, ਬੇਸ਼ੱਕ ਉਹ ਗ਼ਲਤ ਹੋਵੇ ਜਾਂ ਸਹੀ। ਅਜਿਹੇ ਵਿੱਚ ਇੱਕ ਸੰਤੁਲਨ ਕਾਇਮ ਕਰਨਾ ਬਹੁਤ ਜ਼ਰੂਰੀ ਹੈ।

ਬਹੁਤ ਜ਼ਰੂਰੀ ਹੈ ਕਿ ਤੁਹਾਡੇ ਬੱਚੇ ਦੇ ਦੋਸਤ ਤੁਹਾਨੂੰ ਜਾਣਦੇ ਹੋਣ। ਤੁਸੀਂ ਉਨ੍ਹਾਂ ਦੇ ਸੰਪਰਕ ਵਿੱਚ ਰਹੋ ਤਾਂ ਕਿ ਤੁਹਾਨੂੰ ਉਨ੍ਹਾਂ ਦੀਆਂ ਗਤੀਵਿਧੀਆਂ ਬਾਰੇ ਪਤਾ ਹੋਵੇ। ਇਸ ਤਰ੍ਹਾਂ ਉਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਹੀ ਤੁਸੀਂ ਆਪਣੇ ਬੱਚੇ ਨੂੰ ਸੁਚੇਤ ਕਰ ਸਕਦੇ ਹੋ। ਬੱਚੇ ਨੂੰ ਇਹ ਸਮਝਾਉਣਾ ਵੀ ਬਹੁਤ ਜ਼ਰੂਰੀ ਹੈ ਕਿ ਦੋਸਤੀ ਵਿੱਚ ਵਿਸ਼ਵਾਸ ਬਣਾਏ ਰੱਖਣਾ ਬੜਾ ਜ਼ਰੂਰੀ ਹੁੰਦਾ ਹੈ। ਵਿਸ਼ਵਾਸ ਪਾਤਰ ਮਿੱਤਰ ਕਿਸਮਤ ਵਾਲਿਆਂ ਨੂੰ ਹੀ ਮਿਲਦੇ ਹਨ, ਪਰ ਆਪ ਕਿਸੇ ਦਾ ਵਿਸ਼ਵਾਸ ਪਾਤਰ ਬਣਨਾ ਆਪਣੇ ਹੀ ਹੱਥ ਵਿੱਚ ਹੁੰਦਾ ਹੈ। ਇਹ ਸਮਝ ਲੈਣਾ ਵੀ ਬਹੁਤ ਜ਼ਰੂਰੀ ਹੈ ਕਿ ਜੋ ਹਰ ਕਿਸੇ ਦਾ ਮਿੱਤਰ ਹੋਵੇ, ਉਹ ਅਸਲ ਵਿੱਚ ਕਿਸੇ ਦਾ ਵੀ ਮਿੱਤਰ ਨਹੀਂ ਹੁੰਦਾ। ਅਜਿਹਾ ਬੱਚਾ ਸਿਰਫ਼ ਮਸ਼ਹੂਰ ਹੋਣਾ ਚਾਹੁੰਦਾ ਹੈ।

ਦੋਸਤੀ ਇੱਕ ਗਹਿਰਾ ਸਬੰਧ ਹੈ। ਇਹ ਜ਼ਿੰਦਗੀ ’ਤੇ ਅਮਿੱਟ ਪ੍ਰਭਾਵ ਛੱਡਦਾ ਹੈ। ਕਿਸੇ ਮਨੁੱਖ ਨੂੰ ਉਸ ਦੀ ਸੰਗਤ ਤੋਂ ਹੀ ਪਛਾਣਿਆ ਜਾਂਦਾ ਹੈ। ਕਹਿੰਦੇ ਨੇ ਕਿਸੇ ਬਾਰੇ ਪਤਾ ਕਰਨਾ ਹੋਵੇ ਤਾਂ ਉਸ ਦੀ ਸੰਗਤ ਵੇਖ ਲਓ। ਜਿਹੋ ਜਿਹੇ ਲੋਕਾਂ ਵਿੱਚ ਉਸ ਦੀ ਬਹਿਣੀ ਉੱਠਣੀ ਹੈ, ਉਹੋ ਜਿਹਾ ਹੀ ਉਹ ਆਪ ਹੋਵੇਗਾ। ਅੱਜ ਦੇ ਸਮੇਂ ਵਿੱਚ ਨਸ਼ਾ ਇੱਕ ਬਹੁਤ ਵੱਡੀ ਅਲਾਮਤ ਬਣ ਚੁੱਕਾ ਹੈ। ਨਸ਼ੇ ਦੀ ਆਦਤ ਪਿੱਛੇ ਦੋਸਤੀ ਬਹੁਤ ਵੱਡਾ ਕੰਮ ਕਰਦੀ ਹੈ। ਜੇਕਰ ਬੱਚੇ ਦੇ ਦੋਸਤ ਨਸ਼ਾ ਕਰਨ ਦੇ ਆਦੀ ਹਨ ਤਾਂ ਬੱਚਾ ਜ਼ਰੂਰ ਨਸ਼ਾ ਕਰੇਗਾ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਉਸ ਦੇ ਦੋਸਤਾਂ ਬਾਰੇ ਪਤਾ ਹੋਵੇ। ਬੱਚੇ ਦਾ ਮਜ਼ਬੂਤ ਕਿਰਦਾਰ ਹੋਣਾ ਮਾਂ-ਬਾਪ ਦੇ ਆਪਸੀ ਸਬੰਧਾਂ ’ਤੇ ਨਿਰਭਰ ਕਰਦਾ ਹੈ। ਜਿੱਥੇ ਮਾਂ-ਬਾਪ ਦੇ ਸਬੰਧ ਸੁਖਾਵੇਂ ਹੁੰਦੇ ਹਨ, ਉੱਥੇ ਬੱਚੇ ਦਾ ਕਿਰਦਾਰ ਮਜ਼ਬੂਤ ਹੁੰਦਾ ਹੈ। ਜਿਨ੍ਹਾਂ ਘਰਾਂ ਵਿੱਚ ਮਾਂ-ਬਾਪ ਦੇ ਆਪਸੀ ਸਬੰਧ ਅਸਾਵੇਂ ਹੁੰਦੇ ਹਨ, ਉੱਥੇ ਬੱਚੇ ਅਕਸਰ ਭਾਵੁਕ ਹੁੰਦੇ ਹਨ ਤੇ ਕਿਸੇ ’ਤੇ ਵੀ ਨਿਰਭਰ ਹੋ ਜਾਂਦੇ ਹਨ। ਉਨ੍ਹਾਂ ਕੋਲ ਜਦੋਂ ਮਾਂ-ਬਾਪ ਦਾ ਸਾਥ ਨਹੀਂ ਹੁੰਦਾ ਤਾਂ ਉਹ ਦੋਸਤਾਂ ਨੂੰ ਕਿਸੇ ਵੀ ਕੀਮਤ ’ਤੇ ਛੱਡਣਾ ਨਹੀਂ ਚਾਹੁੰਦੇ। ਇਸ ਲਈ ਉਹ ਦੋਸਤਾਂ ਦੀ ਹਰ ਗੱਲ ਮੰਨਦੇ ਹਨ।

ਕਿਸ਼ੋਰ ਅਵਸਥਾ ਵਿੱਚ ਸਹੀ ਤੇ ਗ਼ਲਤ ਦੀ ਪਛਾਣ ਬਹੁਤ ਘੱਟ ਹੁੰਦੀ ਹੈ। ਇਸ ਸਮੇਂ ਬੱਚਾ ਬਹੁਤ ਜਜ਼ਬਾਤੀ ਦਬਾਅ ਵਿੱਚ ਹੁੰਦਾ ਹੈ। ਉਸ ਨੂੰ ਖ਼ੁਦ ਪਤਾ ਨਹੀਂ ਹੁੰਦਾ ਕਿ ਉਹ ਕੀ ਚਾਹੁੰਦਾ ਹੈ। ਅਜਿਹੇ ਵਿੱਚ ਜੇਕਰ ਉਸ ਦੀ ਸੰਗਤ ਬੁਰੀ ਹੋ ਜਾਵੇ ਤਾਂ ਉਸ ਦੀ ਸਥਿਤੀ ਬਹੁਤ ਵਿਗੜ ਜਾਂਦੀ ਹੈ। ਇਸ ਉਮਰ ਵਿੱਚ ਬੱਚਿਆਂ ਨੂੰ ਵਿਸ਼ੇਸ਼ ਕਿਸਮ ਦੀ ਕਾਉਂਸਲਿੰਗ ਦੀ ਜ਼ਰੂਰਤ ਹੁੰਦੀ ਹੈ। ਮਾਤਾ-ਪਿਤਾ ਨੂੰ ਬੱਚੇ ਦੇ ਦੋਸਤ ਬਣਨਾ ਚਾਹੀਦਾ ਹੈ। ਦੋਸਤ ਬਣ ਕੇ ਹੀ ਉਹ ਬੱਚੇ ਨੂੰ ਚੰਗੇ ਸੁਝਾਅ ਦੇ ਸਕਦੇ ਹਨ। ਇਸ ਉਮਰ ਦੇ ਬੱਚੇ ਹੁਕਮ ਨਹੀਂ ਮੰਨਦੇ। ਜੇਕਰ ਉਨ੍ਹਾਂ ’ਤੇ ਕੋਈ ਗੱਲ ਥੋਪੀ ਜਾਵੇ ਤਾਂ ਉਹ ਬਾਗੀ ਹੋ ਜਾਂਦੇ ਹਨ। ਬੱਚੇ ਨੂੰ ਇਹ ਪਤਾ ਹੋਣਾ ਬਹੁਤ ਜ਼ਰੂਰੀ ਹੈ ਕਿ ਉਸ ਨੇ ਕਿਸ ਕਿਸਮ ਦੇ ਦੋਸਤ ਬਣਾਉਣੇ ਹਨ ਅਤੇ ਕਿਸ ਕਿਸਮ ਦੇ ਲੋਕਾਂ ਤੋਂ ਉਸ ਨੇ ਬਚ ਕੇ ਰਹਿਣਾ ਹੈ।

ਚੰਗੇ ਦੋਸਤ ਜਿੱਥੇ ਬੰਦੇ ਦੀ ਜ਼ਿੰਦਗੀ ਬਣਾ ਦਿੰਦੇ ਹਨ, ਉੱਥੇ ਹੀ ਮਾੜੇ ਦੋਸਤ ਉਸ ਨੂੰ ਤਬਾਹੀ ਵੱਲ ਲੈ ਜਾਂਦੇ ਹਨ। ਅੱਜ ਦੇ ਸਮੇਂ ਵਿੱਚ ਮਾਂ-ਬਾਪ ਬੱਚਿਆਂ ਸਬੰਧੀ ਕਈ ਕਿਸਮ ਦੀਆਂ ਪਰੇਸ਼ਾਨੀਆਂ ਵਿੱਚ ਉਲਝੇ ਹੋਏ ਹਨ। ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਦਾ ਹੱਲ ਇਹੀ ਹੈ ਕਿ ਬੱਚੇ ਨੂੰ ਮਿੱਤਰਤਾ ਪ੍ਰਤੀ ਸਹੀ ਰਾਏ ਦਿੱਤੀ ਜਾਵੇ। ਉਸ ਨੂੰ ਸ਼ੁਰੂ ਤੋਂ ਹੀ ਇਹ ਸਮਝਾਇਆ ਜਾਵੇ ਕਿ ਉਸ ਨੇ ਜ਼ਿੰਦਗੀ ਵਿੱਚ ਕੀ ਕਰਨਾ ਹੈ ਤੇ ਉਸ ਨੂੰ ਕਿਹੋ ਜਿਹੇ ਮਿੱਤਰਾਂ ਦੀ ਜ਼ਰੂਰਤ ਹੈ। ਉਸ ਦੇ ਮਿੱਤਰਾਂ ਨੂੰ ਅਕਸਰ ਘਰ ਬੁਲਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਤੁਹਾਨੂੰ ਪਤਾ ਲੱਗਦਾ ਰਹੇ ਕਿ ਉਹ ਕਿਸ ਤਰ੍ਹਾਂ ਦੇ ਵਿਚਾਰ ਰੱਖਦੇ ਹਨ। ਉਨ੍ਹਾਂ ਦੀ ਰਹਿਣੀ ਬਹਿਣੀ ਕਿਹੋ ਜਿਹੀ ਹੈ।

ਗ਼ਲਤ ਸੰਗਤ ਵਿੱਚ ਪੈ ਕੇ ਜਦੋਂ ਬੱਚੇ ਦੀ ਸਾਰੀ ਜ਼ਿੰਦਗੀ ਵਿਗੜ ਜਾਂਦੀ ਹੈ ਤਾਂ ਪਛਤਾਵੇ ਤੋਂ ਬਿਨਾਂ ਹੱਥ ਕੁੱਝ ਨਹੀਂ ਰਹਿੰਦਾ। ਇਸ ਲਈ ਬਹੁਤ ਜ਼ਰੂਰੀ ਹੈ ਕਿ ਸਮਾਂ ਰਹਿੰਦੇ ਸਹੀ ਕਦਮ ਚੁੱਕੇ ਜਾਣ। ਇਹ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਇੱਕ ਕਿਸ਼ੋਰ ਅਵਸਥਾ ਦੇ ਬੱਚੇ ’ਤੇ ਤੁਸੀਂ ਦਬਾਅ ਪਾ ਕੇ ਉਸ ਨੂੰ ਆਪਣੀ ਕੋਈ ਗੱਲ ਨਹੀਂ ਮਨਾ ਸਕਦੇ। ਤੁਹਾਨੂੰ ਉਸ ਦੇ ਮਿੱਤਰ ਬਣ ਕੇ ਹੀ ਉਸ ਨਾਲ ਗੱਲ ਕਰਨੀ ਪਵੇਗੀ। ਉਸ ਦੇ ਪੱਧਰ ’ਤੇ ਆ ਕੇ ਉਸ ਨੂੰ ਸਮਝਾਉਣਾ ਪਵੇਗਾ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਚੰਗੀ ਸੰਗਤ ਵਿੱਚ ਰਹਿਣ, ਜ਼ਿੰਦਗੀ ਵਿੱਚ ਚੰਗੇ ਰਾਹ ’ਤੇ ਚੱਲਣ, ਆਪਣੀ ਜ਼ਿੰਦਗੀ ਨੂੰ ਸਹੀ ਤਰੀਕੇ ਨਾਲ ਚਲਾਉਣ ਤਾਂ ਉਨ੍ਹਾਂ ਦੇ ਮਿੱਤਰਾਂ ਵੱਲ ਜ਼ਰੂਰ ਧਿਆਨ ਦਿਓ। ਆਪਣੇ ਬੱਚੇ ਦੀ ਮਿੱਤਰ ਚੋਣ ਵਿੱਚ ਸਹਾਇਤਾ ਕਰੋ। ਇਹ ਸਮੇਂ ਦੀ ਮੰਗ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
“Authorised IRS E-file Provider”
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਵਿਆਹ 50 ਸਾਲ ਪਹਿਲਾਂ

ਸਾਦ ਮੁਰਾਦੇ ਵਿਆਹ ਹੁੰਦੇ ਸੀ
ਬੱਸ ਲੱਡੂ ਜਲੇਬੀ ਕੜਾਹ ਹੁੰਦੇ ਸੀ
ਕੋਰੇ ਭੁੰਜੇ ਵਿਛਾ ਹੁੰਦੇ ਸੀ
ਜੰਞ ਕੋਰਿਆਂ ਉੱਪਰ ਬਹਾ ਹੁੰਦੇ ਸੀ
ਪ੍ਰੀਹੇ ਹੱਥੋਂ ਹੱਥੀਂ ਵਰਤਾ ਹੁੰਦੇ ਸੀ।
ਦੇਗੇ ਪਤੀਲੇ ਪਲੇ ਹੁੰਦੇ ਸਨ
ਜ਼ਮਾਨੇ ਬੜੇ ਹੀ ਭਲੇ ਹੁੰਦੇ ਸਨ
ਪਿੰਡੋਂ ਮੰਜੇ ਬਿਸਤਰੇ ਖਲ੍ਹੇ ਹੁੰਦੇ ਸਨ
ਨਾ ਵਲ ਵਲੇਵੇਂ ਵਲੇ ਹੁੰਦੇ ਸਨ
ਸਭ ਭਾਈ ਸ਼ਰੀਕੇ ਰਲੇ ਹੁੰਦੇ ਸਨ।
ਨਾਨੇ ਮਾਮੇ ਬੁਲਾ ਲਓ ਭਾਈ
ਨਿਉਂਦਾ ਕੋਕਾ ਪਾ ਲਓ ਭਾਈ
ਠੂੰਗ ਬਹੀ 'ਤੇ ਲਾ ਲਓ ਭਾਈ
ਗੀਤ ਸਿੱਠਣੀਆਂ ਗਾ ਲਓ ਭਾਈ
ਥਾਪੇ ਥੂਪੇ ਲਾ ਲਓ ਭਾਈ।
ਕਰਜ਼ਾ ਬੱਸ ਹੁਣ ਚੁੱਕ ਲੈਂਦੇ ਆਂ
ਪੈਲੇਸ ਵੀ ਕਰ ਬੁੱਕ ਲੈਂਦੇ ਆਂ
ਵਿੱਚ ਮੁੱਠੀਆਂ ਦੇ ਥੁੱਕ ਲੈਂਦੇ ਆਂ
ਮਾਰਕੇ ਬੜ੍ਹਕਾਂ ਬੁੱਕ ਲੈਂਦੇ ਆਂ
ਏਸੇ ਨੂੰ ਤਾਂ ਠੁੱਕ ਕਹਿੰਦੇ ਆਂ।
ਘਰ ਦਾ ਕੂੰਡਾ ਕਰਵਾ ਬੈਠਾ ਵਾਂ
ਥੱਲੇ ਪੰਝੀ ਲੱਖ ਦੇ ਆ ਬੈਠਾ ਵਾਂ
ਦੋ ਕਿੱਲੇ ਭੋਇੰ ਗੁਆ ਬੈਠਾ ਵਾਂ
ਝੁੱਗਾ ਚੌੜ ਕਰਵਾ ਬੈਠਾ ਵਾਂ
ਰਿਸ਼ਤੇਦਾਰ ਰੁਸਵਾ ਬੈਠਾ ਵਾਂ।
ਸਮਾਂ ਹੈ ਸੰਭਲ ਜਾਓ ਪੰਜਾਬੀਓ
ਦੇਖ ਚਾਦਰ ਪੈਰ ਫੈਲਾਓ ਪੰਜਾਬੀਓ
ਡੁੱਲ੍ਹੇ ਬੇਰ ਚੁੱਕ ਝੋਲੀ ਪਾਓ ਪੰਜਾਬੀਓ
ਵਿਆਹ ਭੋਗਾਂ 'ਤੇ ਖ਼ਰਚ ਘਟਾਓ ਪੰਜਾਬੀਓ
ਖ਼ੁਸ਼ ਰਹਿ ਢੋਲੇ ਦੀਆਂ ਲਾਓ ਪੰਜਾਬੀਓ।

- ਜਗਦੇਵ ਸ਼ਰਮਾ ਬੁਗਰਾ

## ਇਨਸਾਨੀਅਤ

ਦਹਿਸ਼ਤ ਦਾ ਪਰਛਾਵਾਂ ਪਿਆ ਜਦ
ਇਨਸਾਨੀਅਤ ਸੀ ਅੱਗੇ ਆਈ।
ਧਰਮ ਜਾਤ ਨੂੰ ਪਿੱਛੇ ਛੱਡ ਕੇ,
ਸਭਨਾਂ ਦੀ ਸੀ ਪੀੜ ਵੰਡਾਈ।
ਚੁੱਕ ਮੋਢਿਆਂ 'ਤੇ, ਲੱਦ ਖੱਚਰਾਂ 'ਤੇ,
ਸੇਵਾ ਲਈ ਸੀ ਆਈ ਲੋਕਾਈ।
ਬਿਨਾਂ ਕਿਸੇ ਦੇ ਨਾਮ ਨੂੰ ਪੁੱਛਿਆਂ,
ਜ਼ਖ਼ਮਾਂ 'ਤੇ ਸੀ ਮੱਲ੍ਹਮ ਲਾਈ।
ਡਾਕਟਰਾਂ ਨਰਸਾਂ ਦੇ ਰੂਪ ਵਿੱਚ,
ਕਈਆਂ ਦੀ ਸੀ ਜਾਨ ਬਚਾਈ।
ਮੁਕਾਮੀ ਫ਼ਰਿਸ਼ਤਿਆਂ ਦੇ ਸਦਕਾ ਹੀ,
ਜੀਵਨ ਦੀ ਸੀ ਆਸ ਜਗਾਈ।
ਧਰਮ ਸੀ ਭਾਵੇਂ 'ਦੂਜਾ' ਉਸ ਦਾ,
ਜਾਨ ਦੀ ਬਾਜ਼ੀ ਉਸ ਨੇ ਲਾਈ।
'ਆਦਿਲ' ਨਾਮ ਨੂੰ ਸੱਚਾ ਕਰਕੇ,
ਜਾਨ 'ਸਾਡਿਆਂ' ਲਈ ਗੁਆਈ।
ਇਕਮੁੱਠ ਸਭਨਾਂ ਨੂੰ ਹੈ ਕੀਤਾ,
ਧਰਮਾਂ ਦੀ ਇਹ ਨਹੀਂ ਲੜਾਈ।
ਭੁੱਲ ਜਾਓਗੇ ਜੇਕਰ ਇਸ ਨੂੰ,
ਪਤਨ ਫੇਰ ਹੈ ਸਦਾ ਸਦਾ ਲਈ।

-ਸੰਜੀਵ ਕੁਮਾਰ ਸ਼ਰਮਾ

## ਕਿਸ ਨੇ ਹੈ ?

ਜਦੋਂ ਕੁੱਤੀ ਚੋਰਾਂ ਨਾਲ ਰਲ ਜਾਵੇ,
ਫਿਰ ਦੱਸੋ ਜਗਾਉਣਾ ਕਿਸ ਨੇ ਹੈ।
ਜਦੋਂ ਵਾੜ ਖੇਤ ਨੂੰ ਖਾਣ ਲੱਗ ਜਾਵੇ,
ਫਿਰ ਦੱਸੋ ਬਚਾਉਣਾ ਕਿਸਨੇ ਹੈ।
ਜਦੋਂ ਮਾਲੀ ਹੀ ਬੇਈਮਾਨ ਹੋ ਜਾਵੇ,
ਫਿਰ ਫੁੱਲਾਂ ਨੂੰ ਮਹਿਕਾਉਣਾ ਕਿਸ ਨੇ ਹੈ।
ਜਦੋਂ ਕਲਮ ਹੀ ਵਿਕਾਊ ਹੋ ਜਾਵੇ,
ਫਿਰ ਸੱਚ ਫ਼ਰਮਾਉਣਾ ਕਿਸ ਨੇ ਹੈ।
ਜਦੋਂ ਮਾਂ ਪਿਓ ਜੱਗ ਤੋਂ ਤੁਰ ਜਾਵਣ,
ਫਿਰ ਲਾਡ ਲਡਾਉਣਾ ਕਿਸ ਨੇ ਹੈ।
ਜਦੋਂ ਪਿਆਰ ਵਿੱਚ ਹੋ ਤਕਰਾਰ ਜਾਵੇ,
ਫਿਰ ਰੁੱਸਿਆਂ ਨੂੰ ਮਨਾਉਣਾ ਕਿਸ ਨੇ ਹੈ।
'ਖੁਡਾਲ' ਵਕਤ ਐਵੇਂ ਨਾ ਲੰਘ ਜਾਵੇ,
ਇੱਥੇ ਮੁੜ ਆਉਣਾ ਫਿਰ ਕਿਸ ਨੇ ਹੈ।

- ਗੁਰਤੇਜ ਸਿੰਘ ਖੁਡਾਲ

## ਫੁੱਲਾਂ ਮਹਿਕਾਂ ਰੰਗਾਂ ਨਾਲ

ਫੁੱਲਾਂ ਮਹਿਕਾਂ ਰੰਗਾਂ ਨਾਲ ਸਲਾਹਾਂ ਕਰੀਏ ਜੀ।
ਫਿੱਕੀ ਉਹਦੀ ਜ਼ਿੰਦਗੀ 'ਚ ਰੰਗ ਸੁਨਹਿਰੀ ਭਰੀਏ ਜੀ।
ਖ਼ਿਆਲ ਤੇ ਖ਼ੁਆਬ ਲੈ ਕੇ ਜੋਬਨ ਜੁਗਤ ਸਬਾਬ ਲੈ ਕੇ,
ਦੇਹੀ ਦਿਲ ਮਨ ਮਸਤਕ ਉਹਦੇ ਕਦਮੀਂ ਜਾ ਧਰੀਏ ਜੀ।
ਝੱਲ ਝੱਖੜ ਝੇੜੇ ਲੰਘ ਲੰਘ ਚਿੱਕੜ ਜੰਗਲ ਬੇਲੇ,
ਆਖ਼ਰ ਸੱਜਣਾਂ ਦੇ ਮੇਲੇ ਨਦੀ ਇਸ਼ਕ ਦੀ ਤਰੀਏ ਜੀ।
ਵਫ਼ਾ ਸੱਜਣ ਦੀ ਜਫ਼ਾ ਸਾਡੀ ਫਿਰ ਸਾਡਾ ਈ ਕਸੂਰ,
ਨਿੰਮੋਝੂਣੇ ਹੋ ਕੇ ਚੱਲ ਚੱਲ ਹਰਜਾਨਾ ਭਰੀਏ ਜੀ।
ਰੁੱਤਾਂ ਥਿਤਾਂ ਵਾਰਾਂ ਨੂੰ ਪੱਲੇ ਬੰਨ੍ਹ ਸੱਜਣਾਂ ਦੇ ਇਤਬਾਰਾਂ ਨੂੰ,
ਚੱਲ ਟਿਕਾਣੇ ਪਹੁੰਚੀਏ ਚਾਹੇ ਹਜ਼ਾਰ ਝੱਖੜ ਜਰੀਏ ਜੀ।
ਇਕੱਠੀਆਂ ਕਰਕੇ ਬੂੰਦ ਤਰੇਲਾਂ, ਦੇਹੀ ਸਾਗਰ ਨਾਲੇ ਮੇਲਾਂ,
ਸੁੱਕ ਚੱਲੀ ਨਦੀ ਵਿਚਾਰੀ ਤੇ ਬੱਦਲ ਬਣ ਵਰ੍ਹੀਏ ਜੀ।

-ਗੁਰਦਿੱਤ ਸਿੰਘ ਸੇਖੋਂ

## ਮੁਹੱਬਤ

ਮੈਂ ਉਹਨੂੰ
ਬਸ ਇਸ ਤਰ੍ਹਾਂ ਹੀ
ਦੇਖਣਾ ਚਾਹੁੰਦਾ ਹਾਂ
ਦੂਰੋਂ-ਦੂਰੋਂ
ਲੁਕ-ਲੁਕ ਕੇ
ਚੋਰੀ-ਚੋਰੀ
ਅਜ਼ਲਾਂ ਤੀਕ
ਮੁੱਦਤਾਂ ਤੀਕ
ਮੈਂ ਨਹੀਂ ਚਾਹੁੰਦਾ ਕਿ
ਉਹ ਮੇਰੇ ਬਾਰੇ ਸੋਚੇ
ਮੇਰੇ ਸੁਪਨੇ ਲਵੇ
ਮੇਰੀ ਖ਼ਾਤਰ
ਪਿਉ ਦੀ ਪੱਗ ਨੂੰ ਰੋਲੇ
ਭਾਈਆਂ ਦੀ ਅਣਖ ਨੂੰ ਵੰਗਾਰੇ
ਮਾਂ ਲਈ ਤਾਅਨੇ-ਮਿਹਣੇ
ਬਣ ਜਾਵੇ
ਕਿਉਂਕਿ
ਮੈਂ ਜਾਣਦਾ ਹਾਂ
ਮੁਹੱਬਤ ਪਾ ਲੈਣ ਤੋਂ ਪਿੱਛੋਂ
ਆਪਣਾ ਮੂਲ ਗੁਆ ਬੈਠਦੀ ਹੈ
ਤੇ ਮੈਂ
ਨਹੀਂ ਗੁਆਉਣਾ ਚਾਹੁੰਦਾ
ਮੁਹੱਬਤ ਦਾ ਮੂਲ
ਭੱਜਦੇ ਰਹਿਣਾ ਚਾਹੁੰਦਾ ਹਾਂ
ਦੌੜਦੇ ਰਹਿਣਾ ਚਾਹੁੰਦਾ ਹਾਂ
ਮੁੱਦਤਾਂ ਤੀਕ
ਅਜ਼ਲਾਂ ਤੀਕ
ਰੂਹਾਂ ਦੇ ਵਿਛੜਣ ਤੀਕ

-ਸਤਨਾਮ ਸ਼ਦੀਦ

## ਮਈ ਦਿਵਸ

ਸਦੀਆਂ ਤੋਂ ਮਜ਼ਬੂਰ ਰਿਹਾ ਹਾਂ।
ਕਿਸਮਤ ਦਾ ਮਜ਼ਦੂਰ ਰਿਹਾ ਹਾਂ।

ਮੇਰੇ ਮੁੜ੍ਹਕੇ ਵਿੱਚ ਨਸ਼ਾ ਹੈ
ਇਸ ਦੇ ਵਿੱਚ ਹੀ ਚੂਰ ਰਿਹਾ ਹਾਂ।

ਮਿਹਨਤ ਮੇਰੀ ਮਹਿਬੂਬਾ ਹੈ
ਇਸਨੂੰ ਮੰਨਦਾ ਹੂਰ ਰਿਹਾ ਹਾਂ।

ਚਾਹੇ ਹੱਥਾਂ ਵਿੱਚ ਹੁਨਰ ਹੈ
ਫਿਰ ਵੀ ਕਦ ਮਗ਼ਰੂਰ ਰਿਹਾ ਹਾਂ।

ਦੁੱਖਾਂ ਦੇ ਨਾਲ ਯਾਰੀ ਪੱਕੀ
ਖ਼ੁਸ਼ੀਆਂ ਤੋਂ ਮੈਂ ਦੂਰ ਰਿਹਾ ਹਾਂ।

ਜਦ ਵੀ ਮਿਹਨਤ ਦਾ ਮੁੱਲ ਮੰਗਿਆ
ਲਗਦਾ ਤਦ ਨਾਸੂਰ ਰਿਹਾ ਹਾਂ।

ਜਿਉਂਦਾ ਦਿਲ ਤੋਂ ਰਾਜਾ ਬਣਕੇ
ਭਾਂਵੇਂ ਮੈਂ ਮਜ਼ਦੂਰ ਰਿਹਾ ਹਾਂ।

ਸ਼ੋਸ਼ਣ ਕਰਤਾ ਕਦ ਡਰਦਾ ਹੈ
ਵੱਟਦਾ ਭਾਂਵੇ ਘੂਰ ਰਿਹਾ ਹਾਂ।

ਹਰਦੀਪ ਬਿਰਦੀ
9041600900

## ਅੱਗ ਨਾਲ ਅੱਗ ਨਾ ਬੁਝੇ

ਕਿਤੇ ਨਿਰਦੋਸ਼ ਮਾਰੇ ਜਾਣ ਹੱਥੀਂ ਜ਼ਾਲਮਾਂ ਦੇ
ਚੜ੍ਹਦਾ ਏ ਗੁੱਸਾ ਦਿਲ 'ਕੋਲੇ' ਵਾਂਗੂੰ ਦਗਦੇ।
ਕੀ ਪਤਾ ਹਲਕ-ਦਾੜ੍ਹ ਵਿਚ ਕਦ ਦੌਰਾ ਪੈਣਾ
ਮੂੰਹ ਦੇ ਵਿਚ ਕਹਿੰਦੇ ਨੇ ਹੁੰਦੀ ਹਰੇਕ ਸਗ ਦੇ।
'ਹਮ ਕੋ ਹਮਾਰਾ ਖ਼ੂਬ ਹੋਵੇ ਵੀ 'ਤੁਮਾਰਾ ਖ਼ੂਬ'
ਝਗੜੇ ਕਿਉਂ ਪੈਣ 'ਬੋਦੀ ਟੋਪੀ ਅਤੇ ਪੱਗ' ਦੇ।
ਬਹੁਗਿਣਤੀ ਜਾਂ ਰੋਹਬ ਪਾਵੇ ਘੱਟਗਿਣਤੀ 'ਤੇ
ਉਦੋਂ ਹੀ ਭਾਈਚਾਰੇ 'ਚ ਕਲੇਸ਼ ਪੈਣ ਲੱਗਦਾ।
ਹੋਈ ਦੁਰਘਟਨਾਂ ਦੇ ਕੱਢੀਏ 'ਅਰਥ' ਪਹਿਲਾਂ
ਕਦੇ ਵੀ ਪਿੱਛੇ ਲੱਗੀਏ ਨਾ ਵੋਟਾਂ ਵਾਲੇ ਠੱਗ ਦੇ।
ਜੰਗ ਨਾਲ ਮੁੱਕਦਾ ਨਾ ਅੱਤਿਵਾਦ ਕਦੇ ਯਾਰੋ
ਅੱਗ ਸ਼ਾਂਤ ਹੋਵੇ ਨਾ ਕਦੇ ਵੀ ਨਾਲ 'ਅੱਗ' ਦੇ!

-ਤਰਲੋਚਨ ਸਿੰਘ ਦੁਪਾਲ ਪੁਰ
78146-92724



## ਹਾਲ ਦਿਲ ਦਾ

ਧਕ-ਧਕ ਜੋ ਧੜਕਦਾ ਸੀ ਓਸੇ ਬੇਤਾਬ ਦਿਲ ਦਾ!
ਹੋਇਆ ਕੀ ਹਾਲ ਵੇਖੋ ਵੱਡੇ ਨਵਾਬ ਦਿਲ ਦਾ!
ਨਾ ਹੀ ਸ਼ਰਾਬ ਪੀਤੀ, ਨਾ ਹੀ ਸ਼ਬਾਬ ਮਾਣੇ,
ਕਿਉਂ ਫਿਰ ਵੀ ਹੋ ਗਿਆ ਹੈ ਖ਼ਾਨਾ ਖ਼ਰਾਬ ਦਿਲ ਦਾ!
ਇਹ ਮਿੱਤਰਾਂ ਦਾ ਮਿੱਤਰ ਸਾਥੀ ਹੈ ਬਚਪਨੇ ਦਾ,
ਹੋਇਆ ਹੈ ਰੰਗ ਫਿੱਕਾ ਸੂਹਣੇ ਗੁਲਾਬ ਦਿਲ ਦਾ।
ਰੋਟੀ ਵੀ ਰੁੱਖੀ-ਸੁੱਕੀ ਤੇ ਦੁੱਧ ਬਿਨ ਥਿੰਦਾਈ,
ਪ੍ਰਹੇਜ਼ ਕਰਕੇ ਰੱਖਣਾ ਪੈਣੈ ਹਿਸਾਬ ਦਿਲ ਦਾ।
ਮਨਮਾਨੀਆਂ ਜੋ ਕਰਦੇ ਰਹਿ ਗਏ ਜਵਾਨੀ ਵਾਂਗੂੰ,
ਛੇਤੀ ਹੀ ਦੇਖਿਓ ਫਿਰ ਉੱਡ ਜਾਊ ਉਕਾਬ ਦਿਲ ਦਾ।
ਚਿੰਤਾ ਹੰਢਾਉਂਦਿਆਂ ਹੀ ਜਰਜਰ ਇਹ ਹੋ ਗਿਆ ਹੈ,
ਮਿੱਟੀ 'ਚ ਮਿਲਦਾ ਦਿਸਦਾ ਜੋ ਵੀ ਖ਼ਾਬ ਦਿਲ ਦਾ।
ਤਕੜਾ ਸੀ ਬਹੁਤ ਪਹਿਲਾਂ ਹੁਣ ਧੜਕਦਾ ਵੀ ਕੰਬੇ,
ਕਮਜ਼ੋਰ ਪੈ ਗਿਆ ਹੈ ਹਰ ਇੱਕ ਹੀ ਆਬ ਦਿਲ ਦਾ।

-ਓਮਕਾਰ ਸੂਦ ਬਹੋਨਾ

## ਜਰਾ ਮਰਾ

ਮਸੀਂ ਮਸੀਂ ਹੀ ਜਦ ਕੋਈ ਪੱਬ ਧਰਦਾ ਏ।
ਪੁੱਛਿਆ ਜਾਣੇ ਬੰਦੇ ਦਾ ਕਿੰਝ ਸਰਦਾ ਏ।

ਮੌਤੋਂ ਪਹਿਲਾਂ ਹੀ ਨਾ ਜੀਵਨ ਮਾਰ ਦਏ,
ਏਸੇ ਗਲੋਂ ਹਰ ਕੋਈ ਹੀ ਡਰਦਾ ਏ।

ਨਾ ਹਾਲਾਤਾਂ ਨਾ ਹੋਰਾਂ ਨੂੰ ਦੋਸ਼ ਕੋਈ।
ਕੀਤਾ ਕਰਮ ਹੀ ਬੰਦੇ ਉੱਤੇ ਵਰ੍ਹਦਾ ਏ।

ਐਵੇਂ ਹੀ ਬਦਨਾਮ ਕੀਤਾ ਏ ਪਸ਼ੂਆਂ ਨੂੰ,
ਬੰਦੇ ਵਾਂਗੂੰ ਕੋਈ ਪਸ਼ੂ ਨਹੀਂ ਚਰਦਾ ਏ।

ਬੰਦੇ ਦਾ ਮੰਨਿਆਂ ਕਿ ਬੰਦਾ ਦਾਰੂ ਏ,
ਜੀਅ ਪ੍ਰਵਾਸੀ ਦਾ ਨਾ ਕੋਈ ਘਰ ਦਾ ਏ।

ਮਨ ਮੰਨੇ ਹਰ ਰੁੱਤ ਸੁਹਾਵੀ ਹੋ ਜਾਂਦੀ,
ਮਨ ਮਹਿੱਟਰ ਕੋਸੀ ਰੁੱਤੇ ਠਰਦਾ ਏ।

ਮੁਕਤੀ ਦੇ ਮਾਰਗ 'ਤੇ ਓਹੀ ਚਲਦਾ ਹੈ,
ਖਿੜੇ ਮੱਥੇ ਜੋ ਹਰੀ ਨਰੀ ਨੂੰ ਜਰਦਾ ਏ।

ਗੁਰਮੁਖ ਹੋਣੇ ਦਾ ਇੱਕੋ ਈ ਕਾਰਨ ਏ,
ਮਨਮੱਤ ਕਰਕੇ ਮੱਤ 'ਤੇ ਪੈਂਦਾ ਪਰਦਾ ਏ।

ਜੇ ਸਾਈਂ ਨਹੀਂ ਦਿਸਿਆ 'ਢੇਸੀ' ਆਪੇ ਚੋਂ,
ਤੇਰੇ ਮਨ ਦੇ ਸ਼ੀਸ਼ੇ 'ਤੇ ਈ ਗਰਦਾ ਏ।

-ਕੁਲਵੰਤ ਸਿੰਘ ਢੇਸੀ

## ਭੈਣਾਂ ਰੱਬ ਕੋਲੋਂ

ਭੈਣਾਂ ਰੱਬ ਕੋਲੋਂ ਮੰਗਣ ਦੁਆਵਾਂ,
ਵੀਰ ਸਦਾ ਰਹਿਣ ਵੱਸਦੇ
ਫੁੱਲਾਂ ਵਾਂਗ ਰਹਿਣ ਹੱਸਦੇ ਵੀਰ ਸਦਾ
ਦਿਨ ਤੀਆਂ ਦੇ ਪੇਕੇ ਘਰ ਆਉਣ ਭੈਣਾਂ
ਲੱਸਾਂ ਟਾਹਣਿਆਂ ਦੇ ਨਾਲ ਰਹਿਣ ਕੱਸਦੇ ਵੀਰ ਸਦਾ
ਗੁੰਦ ਲਿਆਉਂਦੀਆਂ ਧਾਗਿਆਂ 'ਚ ਪਿਆਰ ਇਹ
ਮੱਲ ਲੈਂਦੀਆਂ ਆ ਵੀਰ ਦਾ ਦੁਆਰ ਇਹ
ਰੋਸੇ ਗਿਲੇ ਦਿਲਾਂ 'ਚੋਂ ਦੂਰ ਨੱਸਦੇ ਵੀਰ ਸਦਾ
ਚੰਨ ਚੜ੍ਹੇ ਜਦੋਂ ਬਾਪ ਦੇ ਦਰ ਵੀਰਾ
ਲੈਣ ਆ ਕੇ ਮੱਝੀਆਂ ਦਾ ਸੰਗਲ ਫੜ ਵੀਰਾ
ਭਤੀਜੇ ਆਉਣ, ਭੂਆ ਕੋਲ ਭੱਜਦੇ ਵੀਰ ਸਦਾ
'ਰਾਜ' ਉਮਰਾਂ ਹੋਣ ਲੰਮੇਰੀਆਂ
ਸੁੱਖਾਂ ਸੁੱਖਦੀਆਂ ਭੈਣਾਂ ਸਦਾ ਤੇਰੀਆਂ
ਵੀਰਾ ਆਵੇਂਗਾ ਕਦੋਂ ਹੁਣੇ ਦੱਸਦੇ ਵੀਰ ਸਦਾ

-ਰਾਜਿੰਦਰ ਵਰਮਾ

## ਸਿੱਖੀ ਸੋਚ...

ਸਿੱਖੀ ਸੋਚ ਫੈਲਾਉਣ ਲਈ, ਬਹਿ ਮਤਾ ਪਕਾਇਆ।
ਸਿੰਘ ਸਭਾ ਬਣਾਉਣ ਦਾ, ਫ਼ੁਰਮਾਨ ਅਲਾਇਆ।

ਗੁਰਬਾਣੀ ਨੂੰ ਸਮਝਣਾ, ਇਤਿਹਾਸ ਵੀ ਲਿਖਣਾ।
ਮਨਮਤਿ ਕਿਵੇਂ ਤਿਆਗਣੀ, ਗੁਰੂਆਂ ਤੋਂ ਸਿੱਖਣਾ।

ਡੇਢ ਸਦੀ ਪਹਿਲਾਂ ਤਦੇ, ਸਿੰਘ ਅੱਗੇ ਆਏ।
ਲਹਿਰ ਚਲਾਈ ਸਿੰਘ ਸਭਾ, ਸਭ ਵੈਰ ਮੁਕਾਏ।

'ਮਹਾਂ-ਗਿਆਨੀ' ਦਿੱਤ ਸਿੰਘ, ਸੰਵਾਦ ਰਚਾਏ।
ਵਹਿਮ ਪਖੰਡ ਮਿਟਾਉਣ ਲਈ, ਲੱਖ ਕਸ਼ਟ ਉਠਾਏ।

'ਸਾਧੂ' ਦਿਆ ਨੰਦ ਜਦ, ਪੰਜਾਬ ਸੀ ਆਇਆ।
ਸਿੱਖਾਂ ਨੂੰ ਭਰਮਾਉਣ ਲਈ, ਉਸ ਝੂਠ ਫੈਲਾਇਆ।

ਧਨੀ ਕਲਮ ਦਾ ਦਿੱਤ ਸਿੰਘ, ਤਦ ਅੱਗੇ ਆਇਆ।
'ਵਿਪਰ ਨਹੀਂ', ਅਸੀਂ ਸਿੱਖ ਹਾਂ', ਇਹ ਸੱਚ ਸੁਣਾਇਆ।

'ਸਾਧੂ' ਨੂੰ ਵੰਗਾਰ ਕੇ, ਛੱਡਿਆ ਜੈਕਾਰਾ।
ਸਾਡਾ ਗੁਰੂ ਗ੍ਰੰਥ ਸਾਹਿਬ, ਤਾਰੇ ਸੰਸਾਰਾ।

"ਨਿੰਦਿਆ ਕਰੇਂ ਤੂੰ ਗੁਰੂ ਦੀ, ਉਂ ਰਿਸ਼ੀ ਕਹਾਵੇਂ।
ਘੜ ਸ਼ੁੱਧੀ ਦੀਆਂ ਸਾਜ਼ਿਸ਼ਾਂ, ਜਨਤਾ ਭਰਮਾਵੇਂ।

ਕਰ ਮੇਰੇ ਨਾਲ ਗੋਸ਼ਟੀ, ਜੇ ਸੱਚਾ ਸਾਧੂ।
ਛੱਡ ਭੜਕਾਉਣਾ ਨਹੀਂ ਤਾਂ, ਰੱਖ ਮੂੰਹ 'ਤੇ ਕਾਬੂ।"

ਰੀਸ ਗਿਆਨੀ 'ਹੰਸ' ਦੀ, ਕੀ ਕਰੂ 'ਟਟੀਹਰੀ'।
ਗਿੱਦੜ ਅਤੇ ਸ਼ੇਰ ਦੀ, ਨਾ ਹੋਏ ਸਕੀਰੀ।

ਦਿਆ ਨੰਦ ਦੀ ਸੋਚ ਸੀ, ਬੱਸ ਰੌਲਾ-ਗੌਲਾ।
ਦੋ ਲਫ਼ਜ਼ਾਂ ਵਿੱਚ ਸਿੰਘ ਨੇ, ਕਰ ਦਿੱਤਾ ਹੌਲਾ।

ਦਿੱਤ ਸਿੰਘ ਜੀ ਤਿੰਨ ਦਫ਼ਾ, ਕਰ ਗੋਸ਼ਟਿ ਜਿੱਤੇ।
'ਸਤਿਆਰਥ' ਦੇ ਕੁਫ਼ਰ ਸਭ, ਪਾ ਦਿੱਤੇ ਛਿੱਥੇ।



ਸਿੰਘ ਸਭੀਆਂ ਦੀ ਲੋੜ ਹੈ, ਅੱਜ ਮੁੜਕੇ ਭਾਈ।
ਜਿਹਨਾਂ ਗ਼ਾਫ਼ਿਲ ਨੀਂਦਰੋਂ, ਸਿੱਖ ਕੌਮ ਜਗਾਈ।

ਭਾਈ ਹਰਪਾਲ ਸਿੰਘ ਲੱਖਾ

## ਸਮਝ ਮੁਤਾਬਿਕ

ਡਿੱਗਣਾ ਮਤਲਬ ਰੁਕਣਾ ਤਾਂ ਨਈਂ।
ਹਾਰਨਾ ਮਤਲਬ ਮੁੱਕਣਾ ਤਾਂ ਨਈਂ।
ਪਤਝੜ ਰੁੱਤ ਪੱਤਿਆਂ ਦਾ ਝੜਨਾ
ਪਤਝੜ ਰੁੱਖਾਂ ਦਾ ਸੁੱਕਣਾ ਤਾਂ ਨਈਂ।
ਸੱਜਣਾ ਗੱਲ ਐਵੇਂ ਦਿਲ 'ਤੇ ਲਾ ਲਈ
ਰੁੱਸਣਾ ਰਿਸ਼ਤਾ ਟੁੱਟਣਾ ਤਾਂ ਨਈਂ।
ਸਿਰ ਨੀਵਾਂ ਸਤਿਕਾਰ 'ਚ ਸਿਜਦਾ
ਸਿਜਦਾ ਮਤਲਬ ਝੁਕਣਾ ਤਾਂ ਨਈਂ।
ਕਾਗਜ਼ਾਂ ਨੂੰ ਜੇ ਮੋਹ ਕਲਮਾਂ ਨਾਲ
ਤਾਂ ਸ਼ਬਦਾਂ ਸਿਰ ਚੁੱਕਣਾ ਤਾਂ ਨਈਂ।
ਗੰਗਾ ਨ੍ਹਾਵਹੇ ਭਾਵੇਂ ਹੱਜ ਕੋਈ ਜਾਵੇ
ਕੀਤਾ ਹੋਏ ਪਾਪਾਂ ਲੁਕਣਾ ਤਾਂ ਨਈਂ।
ਕਿਸੇ ਦਾ ਉੱਚਾ ਉੱਡਣਾ ਮਤਲਬ
ਕਿਸੇ ਨੂੰ ਹੇਠਾਂ ਸੁੱਟਣਾ ਤਾਂ ਨਈਂ।
ਧਰਮ ਦੀ ਗੱਲ ਬਹੁਤੀ ਕੀ ਕਰਨੀ
ਧਰਮ ਦਾ ਮਤਲਬ ਲੁੱਟਣਾ ਤਾਂ ਨਈਂ।
ਨਸ਼ਾ ਤਾਂ ਆਪ ਹੀ ਛੱਡਣਾ ਪੈਂਦਾ
ਨਸ਼ਿਆਂ ਖ਼ੁਦ ਕਦੇ ਮੁੱਕਣਾ ਤਾਂ ਨਈਂ।
ਸ਼ਾਇਰਾਂ ਦਾ ਕੰਮ ਸ਼ਾਇਰੀ ਲਿਖਣਾ
ਸ਼ਾਇਰਾਂ ਦਾ ਕੰਮ ਵਿਕਣਾ ਤਾਂ ਨਈਂ।
ਸਮਝ ਮੁਤਾਬਿਕ ਆਪ ਹੀ ਸਮਝ ਲੈ
'ਜਗਤਾਰ' ਕਿ ਬਹੁਤਾ ਲਿਖਣਾ ਤਾਂ ਨਈਂ।

-ਜਗਤਾਰ ਗਰੇਵਾਲ 'ਸਕਰੌਦੀ'

## ਗ਼ਜ਼ਲ

ਸਿੱਕਿਆਂ ਵਿੱਚ ਤੁਲਦੇ ਉੱਚੇ ਕਿਰਦਾਰ ਵੇਖੇ।
ਮੁਲਕ ਨੂੰ ਵੇਚਣ ਵਾਲੇ ਕਿੰਨ ਹੀ ਗੱਦਾਰ ਵੇਖੇ।
ਮਨ ਦੀ ਗੱਲ ਕਿਸੇ ਦੇ ਪੱਲੇ ਕਿਵੇਂ ਪੈ ਸਕਦੀ ਹੈ,
ਇੱਥੇ ਕਾਗਜ਼ਾਂ ਵਿੱਚ ਹੀ ਉਲਝਦੇ ਹੱਕਦਾਰ ਵੇਖੇ।
ਛੱਡ ਆਏ ਤੂਫ਼ਾਨਾਂ ਵਿੱਚ ਉਹ ਕਿਸ਼ਤੀਆਂ,
ਫਿਰ ਦੇਣ ਆਵਾਜ਼ਾਂ ਕਿਨਾਰੇ ਤੇ ਖੇਵਨਹਾਰ ਵੇਖੇ।
ਬੱਦਲਾਂ ਦੀ ਗਰਜਣਾ ਨਾਲ ਅੰਬਰ ਡਰ ਨਹੀਂ ਜਾਂਦਾ,
ਲਿਸ਼ਕਦੀਆਂ ਬਿਜਲੀਆਂ ਥੱਲੇ ਪਲਦੇ ਪਰਿਵਾਰ ਵੇਖੇ।
ਰੋਸ਼ਨੀਆਂ ਨੇ ਨਿਗਲ ਜਾਣਾ ਹੁੰਦੇ ਹਨੇਰਿਆਂ ਨੂੰ,
ਤੇਜ਼ ਹਵਾਵਾਂ ਵਿੱਚ ਬਲਦੇ ਚਿਰਾਗ਼ ਕਈ ਵਾਰ ਵੇਖੇ।
ਖ਼ੁਸ਼ਬੂਆਂ ਨੂੰ ਇਸ ਗੱਲ ਤੇ ਅਫ਼ਸੋਸ ਹੋਵੇ ਜਦੋਂ,
ਬੁੱਤਾਂ ਦੇ ਗਲ਼ਾਂ ਵਿੱਚ ਪਾਏ ਫੁੱਲਾਂ ਦੇ ਹਾਰ ਵੇਖੇ।

-ਰਾਕੇਸ਼ ਕੁਮਾਰ

# ਜੰਗਲੀ ਜੀਵ ਸੰਕਟ ਵਿੱਚ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ


ਵਰਲਡ ਵਾਈਲਡ ਫੰਡ ਅਤੇ ਜ਼ੂਆਲੋਜੀਕਲ ਸੋਸਾਇਟੀ ਆਫ ਲੰਡਨ ਦੀ ਹਾਲੀਆ ਰਿਪੋਰਟ ਚਿੰਤਾਜਨਕ ਹੈ ਕਿ 2020 ਤੱਕ ਧਰਤੀ ਤੋਂ ਦੋ ਤਿਹਾਈ ਜੰਗਲੀ ਜੀਵ ਖਤਮ ਹੋ ਜਾਣਗੇ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਭਰ ਵਿੱਚ ਅੰਨ੍ਹੇਵਾਹ ਜੰਗਲਾਂ ਦੀ ਕਟਾਈ, ਵਧਦੇ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਕਾਰਨ, ਪਿਛਲੇ ਚਾਰ ਦਹਾਕਿਆਂ ਵਿੱਚ ਜੰਗਲੀ ਜਾਨਵਰਾਂ ਦੀ ਗਿਣਤੀ ਵਿੱਚ ਭਾਰੀ ਕਮੀ ਆਈ ਹੈ। ਰਿਪੋਰਟ ਅਨੁਸਾਰ 1970 ਤੋਂ 2012 ਤੱਕ ਜੰਗਲੀ ਜਾਨਵਰਾਂ ਦੀ ਗਿਣਤੀ ਵਿੱਚ 58 ਪ੍ਰਤੀਸ਼ਤ ਦੀ ਕਮੀ ਆਈ ਹੈ। ਹਾਥੀ ਅਤੇ ਗੋਰਿਲਾ ਵਰਗੀਆਂ ਲੁਪਤ ਹੋ ਰਹੀਆਂ ਪ੍ਰਜਾਤੀਆਂ, ਨਾਲ ਹੀ ਗਿਰਝਾਂ ਅਤੇ ਸੱਪਾਂ ਵਿੱਚ ਵੀ ਤੇਜ਼ੀ ਨਾਲ ਗਿਰਾਵਟ ਆਈ ਹੈ। ਰਿਪੋਰਟ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ 2020 ਤੱਕ ਜੰਗਲੀ ਜਾਨਵਰਾਂ ਦੀ ਗਿਣਤੀ ਵਿੱਚ 67 ਪ੍ਰਤੀਸ਼ਤ ਦੀ ਗਿਰਾਵਟ ਆ ਸਕਦੀ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਜੋ ਪ੍ਰਜਾਤੀਆਂ ਅਲੋਪ ਹੋ ਰਹੀਆਂ ਹਨ ਉਨ੍ਹਾਂ ਵਿੱਚ ਸਿਰਫ਼ ਜੰਗਲੀ ਜਾਨਵਰ ਹੀ ਨਹੀਂ ਸਗੋਂ ਪਹਾੜਾਂ, ਨਦੀਆਂ ਅਤੇ ਸਮੁੰਦਰਾਂ ਵਿੱਚ ਰਹਿਣ ਵਾਲੇ ਜਾਨਵਰ ਵੀ ਸ਼ਾਮਲ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 1970 ਤੋਂ ਬਾਅਦ, ਇਨ੍ਹਾਂ ਜੀਵਾਂ ਦੀ ਗਿਣਤੀ ਵਿੱਚ ਲਗਭਗ 81 ਪ੍ਰਤੀਸ਼ਤ ਦੀ ਕਮੀ ਆਈ ਹੈ। ਜਲ-ਜੀਵਾਂ ਦੇ ਗੈਰ-ਕਾਨੂੰਨੀ ਸ਼ਿਕਾਰ ਕਾਰਨ, ਤਿੰਨ ਸੌ ਪ੍ਰਜਾਤੀਆਂ ਅਲੋਪ ਹੋਣ ਦੇ ਕੰਢੇ ਹਨ। ਜਲ-ਜੀਵਨ ਦੇ ਵਿਨਾਸ਼ ਦਾ ਇੱਕ ਹੋਰ ਕਾਰਨ ਉਦਯੋਗਿਕ ਇਕਾਈਆਂ ਤੋਂ ਉੱਲੀ ਦੀ ਲਾਗ ਅਤੇ ਪ੍ਰਦੂਸ਼ਣ ਹੈ। ਇਸ ਤੋਂ ਇਲਾਵਾ, ਕੁਦਰਤੀ ਆਫ਼ਤਾਂ, ਕਈ ਤਰ੍ਹਾਂ ਦੀਆਂ ਬਿਮਾਰੀਆਂ, ਜੀਵਾਂ ਦੀ ਪ੍ਰਜਨਨ ਸਮਰੱਥਾ ਵਿੱਚ ਕਮੀ ਵੀ ਮੁੱਖ ਕਾਰਨ ਹਨ। ਇਨ੍ਹਾਂ ਕਾਰਨਾਂ ਕਰਕੇ, ਯੂਰਪ ਦੇ ਸਮੁੰਦਰਾਂ ਵਿੱਚ ਵਹੇਲ ਅਤੇ ਡੌਲਫਿਨ ਵਰਗੇ ਵੱਡੇ ਜੀਵ ਤੇਜ਼ੀ ਨਾਲ ਅਲੋਪ ਹੋ ਰਹੇ ਹਨ। ਇੱਕ ਅੰਕੜੇ ਅਨੁਸਾਰ, ਬੱਕਰੀਆਂ ਅਤੇ ਭੇਡਾਂ ਵਰਗੇ ਜਾਨਵਰਾਂ ਦੇ ਇਲਾਜ ਲਈ ਦਿੱਤੀਆਂ ਜਾ ਰਹੀਆਂ ਖਤਰਨਾਕ ਦਵਾਈਆਂ ਕਾਰਨ ਪਿਛਲੇ ਵੀਹ ਸਾਲਾਂ ਵਿੱਚ ਦੱਖਣ ਪੂਰਬੀ ਏਸ਼ੀਆ ਵਿੱਚ ਗਿਰਝਾਂ ਦੀ ਗਿਣਤੀ ਵਿੱਚ ਕਮੀ ਆਈ ਹੈ। ਇਕੱਲੇ ਭਾਰਤ ਵਿੱਚ ਹੀ, ਪਿਛਲੇ ਦਹਾਕੇ ਵਿੱਚ ਵਾਤਾਵਰਣ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਗਿਰਝਾਂ ਦੀ ਗਿਣਤੀ ਵਿੱਚ 97 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਗਿਰਝਾਂ ਦੀ ਘਾਟ ਕਾਰਨ, ਮਰੇ ਹੋਏ ਜਾਨਵਰਾਂ ਦੀ ਸਫਾਈ, ਬੀਜ ਫੈਲਾਉਣ ਅਤੇ ਪਰਾਗਣ ਦਾ ਕੰਮ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਗਿਰਝਾਂ ਵਾਂਗ, ਹੋਰ ਪ੍ਰਜਾਤੀਆਂ ਵੀ ਤੇਜ਼ੀ ਨਾਲ ਅਲੋਪ ਹੋ ਰਹੀਆਂ ਹਨ।

ਵਿਗਿਆਨੀਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਅਤੇ ਜਲਵਾਯੂ ਵਿੱਚ ਤਬਦੀਲੀਆਂ ਕਾਰਨ, ਜਾਨਵਰਾਂ ਦੀਆਂ ਕਈ ਕਿਸਮਾਂ ਹੌਲੀ-ਹੌਲੀ ਧਰੁਵੀ ਦਿਸ਼ਾ ਜਾਂ ਉੱਚੇ ਪਹਾੜਾਂ ਵੱਲ ਪ੍ਰਵਾਸ ਕਰ ਸਕਦੀਆਂ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸਦਾ ਵਿਭਿੰਨਤਾ ਅਤੇ ਵਾਤਾਵਰਣ ਪ੍ਰਤੀਕ੍ਰਿਆਵਾਂ 'ਤੇ ਜ਼ਰੂਰ ਮਾੜਾ ਪ੍ਰਭਾਵ ਪਵੇਗਾ। ਇਹ ਡਰ ਬਿਨਾਂ ਵਜ ?ਹਾ ਨਹੀਂ ਹੈ ਕਿਉਂਕਿ ਲਗਭਗ 120 ਮਿਲੀਅਨ ਸਾਲਾਂ ਤੱਕ ਧਰਤੀ 'ਤੇ ਰਾਜ ਕਰਨ ਵਾਲੇ ਡਾਇਨਾਸੌਰ ਨਾਮਕ ਵਿਸ਼ਾਲ ਜੀਵਾਂ ਦੇ ਅਲੋਪ ਹੋਣ ਦਾ ਮੁੱਖ ਕਾਰਨ ਜਲਵਾਯੂ ਪਰਿਵਰਤਨ ਸੀ। ਜੇਕਰ ਜਲਵਾਯੂ ਪਰਿਵਰਤਨ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ, ਤਾਂ ਆਉਣ ਵਾਲੇ ਸਾਲਾਂ ਵਿੱਚ ਧਰਤੀ ਤੋਂ ਜੀਵਾਂ ਦਾ ਵਜੂਦ ਨਿਸ਼ਚਿਤ ਹੈ।

ਧਰਤੀ ਪ੍ਰਤੀ ਮਨੁੱਖ ਦਾ ਜ਼ਾਲਮਾਨਾ ਵਿਵਹਾਰ ਵਧ ਰਿਹਾ ਹੈ ਜੋ ਕਿ ਜੀਵਾਂ ਦੀ ਹੋਂਦ ਦੇ ਵਿਰੁੱਧ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੋਲੋਸੀਨ ਯੁੱਗ ਬਾਰਾਂ ਹਜ਼ਾਰ ਸਾਲ ਪਹਿਲਾਂ ਬਰਫ਼ ਯੁੱਗ ਦੇ ਅੰਤ ਤੋਂ ਬਾਅਦ ਸ਼ੁਰੂ ਹੋਇਆ ਸੀ। ਇਸ ਯੁੱਗ ਵਿੱਚ ਧਰਤੀ ਉੱਤੇ ਮਨੁੱਖੀ ਸੱਭਿਅਤਾ ਹੋਂਦ ਵਿੱਚ ਆਈ। ਇੱਥੇ ਮੌਸਮ ਚੱਕਰ ਸਥਿਰ ਸੀ, ਇਸ ਲਈ ਜ਼ਮੀਨੀ ਅਤੇ ਜਲਜੀਵ ਵਧ-ਫੁੱਲ ਸਕਦੇ ਸਨ। ਪਰ ਵੀਹਵੀਂ ਸਦੀ ਦੇ ਮੱਧ ਤੋਂ, ਜਿਸ ਤਰ੍ਹਾਂ ਪ੍ਰਮਾਣੂ ਊਰਜਾ ਦੀ ਵਰਤੋਂ ਸ਼ੁਰੂ ਹੋਈ ਹੈ ਅਤੇ ਜੰਗਲਾਂ ਦੀ ਕਟਾਈ ਵੱਡੇ ਪੱਧਰ 'ਤੇ ਹੋ ਰਹੀ ਹੈ, ਉਸ ਨਾਲ ਹੋਲੋਸੀਨ ਯੁੱਗ ਦੇ ਅੰਤ ਦਾ ਡਰ ਵਧ ਗਿਆ ਹੈ। ਇਸ ਕਰਕੇ, ਅੱਜ ਜੰਗਲੀ ਜਾਨਵਰ ਇੱਕ ਹੋਂਦ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਜੇਕਰ ਅਸੀਂ ਜੰਗਲੀ ਜੀਵਾਂ ਦੇ ਵਿਸ਼ਵਵਿਆਪੀ ਦ੍ਰਿਸ਼ 'ਤੇ ਨਜ਼ਰ ਮਾਰੀਏ, ਤਾਂ ਧਰਤੀ 'ਤੇ ਸਾਰੇ ਜੀਵਾਂ ਦੀਆਂ ਜਾਣੀਆਂ-ਪਛਾਣੀਆਂ ਅਤੇ ਵਰਣਿਤ ਪ੍ਰਜਾਤੀਆਂ ਦੀ ਗਿਣਤੀ ਲਗਭਗ ਅਠਾਰਾਂ ਲੱਖ ਹੈ। ਪਰ ਇਹ ਗਿਣਤੀ ਅਸਲ ਗਿਣਤੀ ਤੋਂ ਲਗਭਗ ਪੰਦਰਾਂ ਪ੍ਰਤੀਸ਼ਤ ਘੱਟ ਹੈ। ਇਸਦਾ ਕਾਰਨ ਲੱਖਾਂ ਜੀਵਤ ਜੀਵਾਂ ਬਾਰੇ ਜਾਣਕਾਰੀ ਦੀ ਘਾਟ ਹੈ। ਇਹ ਮੰਨਿਆ ਜਾਂਦਾ ਹੈ ਕਿ ਧਰਤੀ 'ਤੇ ਮੌਜੂਦ ਪ੍ਰਜਾਤੀਆਂ ਦੀ ਕੁੱਲ ਗਿਣਤੀ ਪੰਜ ਲੱਖ ਤੋਂ ਪੰਜ ਕਰੋੜ ਦੇ ਵਿਚਕਾਰ ਹੈ। ਇਹਨਾਂ ਵਿੱਚੋਂ ਜ਼ਿਆਦਾਤਰ ਦਾ ਅਜੇ ਵੀ ਵਰਣਨ ਅਤੇ ਨਾਮਕਰਨ ਨਹੀਂ ਕੀਤਾ ਗਿਆ ਹੈ। ਜਦੋਂ ਕਿ ਜੀਵਾਂ ਦੀਆਂ ਪ੍ਰਜਾਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਨਾਮਕਰਨ ਦਾ ਯੋਜਨਾਬੱਧ ਕੰਮ ਪਿਛਲੇ ਢਾਈ ਸੌ ਸਾਲਾਂ ਤੋਂ ਚੱਲ ਰਿਹਾ ਹੈ।

ਜੇਕਰ ਅਸੀਂ ਧਿਆਨ ਨਾਲ ਦੇਖੀਏ ਤਾਂ ਜੀਵਾਂ ਲਈ ਵਧ ਰਹੇ ਖ਼ਤਰੇ ਦੇ ਮੁੱਖ ਕਾਰਨ ਵਾਯੂਮੰਡਲ ਦਾ ਤਾਪਮਾਨ ਵਧਣਾ, ਪ੍ਰਦੂਸ਼ਣ ਦਾ ਵਧਦਾ ਪੱਧਰ, ਜੰਗਲਾਂ ਅਤੇ ਜ਼ਮੀਨ ਦਾ ਵਿਆਪਕ ਕਟੌਤੀ, ਮਨੁੱਖਾਂ ਦੀ ਦੂਰਦਰਸ਼ੀ ਸੋਚ, ਕਲੋਨਿੰਗ ਅਤੇ ਬਾਇਓਟੈਕਨਾਲੋਜੀ ਦੀ ਵੱਧ ਰਹੀ ਵਰਤੋਂ ਅਤੇ ਉੱਚ-ਗੁਣਵੱਤਾ ਵਾਲੇ ਅਤੇ ਕੀਟ-ਰੋਧਕ ਬੀਜਾਂ ਦਾ ਵਿਕਾਸ ਆਦਿ ਹਨ। ਹੋਂਦ ਦੇ ਖ਼ਤਰੇ ਵਿੱਚ ਫਸੇ ਜੀਵਾਂ ਨੂੰ ਬਚਾਉਣ ਲਈ, ਧਰਤੀ ਦੇ ਵਧਦੇ ਤਾਪਮਾਨ ਅਤੇ ਪ੍ਰਦੂਸ਼ਣ ਨੂੰ ਰੋਕਣ ਲਈ ਠੋਸ ਕਦਮ ਚੁੱਕਣੇ ਜ਼ਰੂਰੀ ਹਨ। ਜਿਸ ਰਫ਼ਤਾਰ ਨਾਲ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਉਹ ਆਉਣ ਵਾਲੇ ਦਿਨਾਂ ਵਿੱਚ ਜੰਗਲੀ ਜੀਵਾਂ ਲਈ ਸੰਕਟ ਨੂੰ ਹੋਰ ਡੂੰਘਾ ਕਰ ਸਕਦਾ ਹੈ। ਇਸ ਲਈ, ਇਨ੍ਹਾਂ ਦੀ ਸੰਭਾਲ ਲਈ ਵਿਸ਼ੇਸ਼ ਪ੍ਰੋਜੈਕਟ ਬਣਾਏ ਜਾਣੇ ਚਾਹੀਦੇ ਹਨ ਅਤੇ ਜੰਗਲਾਂ ਦੀ ਅੰਨ੍ਹੇਵਾਹ ਕਟਾਈ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਜੰਗਲਾਤ ਖੇਤਰਾਂ ਨੂੰ ਘਟਾ ਕੇ ਖੇਤੀਬਾੜੀ ਦੇ ਵਿਸਥਾਰ ਦੀਆਂ ਯੋਜਨਾਵਾਂ ਨੂੰ ਵੀ ਰੋਕਿਆ ਜਾਣਾ ਚਾਹੀਦਾ ਹੈ। 'ਬਦਲਦੀ ਖੇਤੀ' ਨੂੰ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ ਅਤੇ, ਜੇ ਸੰਭਵ ਹੋਵੇ, ਤਾਂ ਇਸਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਸ਼ਹਿਰਾਂ ਦੇ ਵਿਕਾਸ ਲਈ ਜੰਗਲਾਂ ਦੀ ਕਟਾਈ 'ਤੇ ਵੀ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

ਪਰ ਦੁਖਾਂਤ ਇਹ ਹੈ ਕਿ ਪੂਰੀ ਦੁਨੀਆ ਵਿੱਚ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਜਾਰੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਲਵਾਯੂ ਪਰਿਵਰਤਨ ਸੰਕਟ ਦੀ ਜੜ੍ਹ ਵਿਕਾਸ ਦਾ ਪ੍ਰਚਲਿਤ ਮਾਡਲ ਹੈ ਜੋ ਸਰੋਤਾਂ ਦੇ ਅੰਨ੍ਹੇਵਾਹ ਸ਼ੋਸ਼ਣ 'ਤੇ ਨਿਰਭਰ ਕਰਦਾ ਹੈ। 'ਗਲੋਬਲ ਫੋਰੈਸਟ ਰਿਸੋਰਸ ਅਸੈਸਮੈਂਟ' (GFRA) ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ 1990 ਤੋਂ 2015 ਦੇ ਵਿਚਕਾਰ, ਕੁੱਲ ਜੰਗਲਾਤ ਖੇਤਰ ਵਿੱਚ ਤਿੰਨ ਪ੍ਰਤੀਸ਼ਤ ਦੀ ਕਮੀ ਆਈ ਹੈ ਅਤੇ ਪਿਛਲੇ 250 ਸਾਲਾਂ ਵਿੱਚ 102,000 ਲੱਖ ਏਕੜ ਤੋਂ ਵੱਧ ਦਾ ਰਕਬਾ ਘੱਟ ਕੇ 98,810 ਲੱਖ ਏਕੜ ਰਹਿ ਗਿਆ ਹੈ। ਇਸਦਾ ਮਤਲਬ ਹੈ ਕਿ 3,190 ਲੱਖ ਏਕੜ ਜੰਗਲਾਤ ਖੇਤਰ ਦੀ ਕਮੀ ਆਈ ਹੈ। ਜੇ ਤੁਸੀਂ ਧਿਆਨ ਦਿਓ, ਤਾਂ ਇਹ ਖੇਤਰ ਦੱਖਣੀ ਅਫਰੀਕਾ ਦੇ ਆਕਾਰ ਦੇ ਬਰਾਬਰ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁਦਰਤੀ ਜੰਗਲਾਤ ਖੇਤਰ ਵਿੱਚ ਛੇ ਪ੍ਰਤੀਸ਼ਤ ਦੀ ਕਮੀ ਆਈ ਹੈ। ਗਰਮ ਖੰਡੀ ਜੰਗਲੀ ਖੇਤਰਾਂ ਦੀ ਹਾਲਤ ਹੋਰ ਵੀ ਤਰਸਯੋਗ ਹੈ। ਇੱਥੇ ਜੰਗਲੀ ਖੇਤਰ ਦਸ ਪ੍ਰਤੀਸ਼ਤ ਦੀ ਵੱਧ ਤੋਂ ਵੱਧ ਦਰ ਨਾਲ ਖਤਮ ਹੋ ਗਿਆ ਹੈ। ਇਹ ਉਹ ਸਥਿਤੀ ਹੈ ਜਦੋਂ ਇੱਕ ਦਹਾਕੇ ਤੋਂ ਵਾਤਾਵਰਣ ਸੁਰੱਖਿਆ ਲਈ ਨਿਰੰਤਰ ਯਤਨ ਚੱਲ ਰਹੇ ਹਨ।

ਇੱਕ ਅੰਦਾਜ਼ੇ ਅਨੁਸਾਰ, ਵਿਸ਼ਵ ਭਾਈਚਾਰਾ ਵਿਕਾਸ ਦੇ ਨਾਮ 'ਤੇ ਹਰ ਸਾਲ 70 ਮਿਲੀਅਨ ਹੈਕਟੇਅਰ ਜੰਗਲਾਤ ਖੇਤਰ ਨੂੰ ਤਬਾਹ ਕਰ ਰਿਹਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਜੰਗਲਾਂ ਦੀ ਕਟਾਈ ਕਾਰਨ ਵਾਤਾਵਰਣ ਜ਼ਹਿਰੀਲਾ ਹੁੰਦਾ ਜਾ ਰਿਹਾ ਹੈ ਅਤੇ ਹਰ ਸਾਲ ਦੋ ਅਰਬ ਟਨ ਵਾਧੂ ਕਾਰਬਨ ਡਾਈਆਕਸਾਈਡ ਵਾਯੂਮੰਡਲ ਵਿੱਚ ਛੱਡੀ ਜਾ ਰਹੀ ਹੈ। ਇਸ ਕਾਰਨ, ਜੀਵਨ ਦੀ ਸੁਰੱਖਿਆ ਢਾਲ ਮੰਨੀ ਜਾਂਦੀ ਓਜ਼ੋਨ ਪਰਤ ਖਰਾਬ ਹੋ ਰਹੀ ਹੈ। 'ਨੇਚਰ ਜੀਓਸਾਇੰਸ' ਦਾ ਕਹਿਣਾ ਹੈ ਕਿ ਓਜ਼ੋਨ ਪਰਤ ਨੂੰ ਹੋਏ ਨੁਕਸਾਨ ਕਾਰਨ ਕੁਝ ਬਹੁਤ ਹੀ ਥੋੜ੍ਹੇ ਸਮੇਂ ਲਈ ਰਹਿਣ ਵਾਲੇ ਕਣਾਂ (VSLS) ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਜੋ ਜੰਗਲੀ ਜੀਵਾਂ ਅਤੇ ਮਨੁੱਖਤਾ ਦੇ ਬਚਾਅ ਲਈ ਬਹੁਤ ਖਤਰਨਾਕ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਖਾਸ ਕਿਸਮ ਦੇ ਬਹੁਤ ਹੀ ਥੋੜ੍ਹੇ ਸਮੇਂ ਲਈ ਰਹਿਣ ਵਾਲੇ ਪਦਾਰਥ (VSLS) ਓਜ਼ੋਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਨੱਬੇ ਪ੍ਰਤੀਸ਼ਤ ਯੋਗਦਾਨ ਪਾਉਂਦੇ ਹਨ। ਵਿਡੰਬਨਾ ਇਹ ਹੈ ਕਿ ਇੱਕ ਪਾਸੇ ਜਾਨਵਰਾਂ ਦੀਆਂ ਪ੍ਰਜਾਤੀਆਂ ਕੁਦਰਤੀ ਆਫ਼ਤਾਂ ਦੁਆਰਾ ਤਬਾਹ ਹੋ ਰਹੀਆਂ ਹਨ, ਜਦੋਂ ਕਿ ਬਾਕੀ ਕੰਮ ਮਨੁੱਖੀ ਲਾਲਚ ਅਤੇ ਸ਼ਿਕਾਰ ਪ੍ਰਤੀ ਉਸਦੇ ਜਨੂੰਨ ਦੁਆਰਾ ਪੂਰਾ ਕੀਤਾ ਜਾ ਰਿਹਾ ਹੈ। ਹਾਲ ਹੀ ਵਿੱਚ, ਇੰਟਰਨੈਸ਼ਨਲ ਫੰਡ ਫਾਰ ਐਨੀਮਲ ਵੈਲਫੇਅਰ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਪਿਛਲੇ ਦਹਾਕੇ ਵਿੱਚ, ਦੁਨੀਆ ਭਰ ਵਿੱਚ 17 ਲੱਖ ਜੰਗਲੀ ਜਾਨਵਰਾਂ ਦਾ ਸ਼ਿਕਾਰ (ਟਰਾਫੀ ਹੰਟਿੰਗ) ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਦੋ ਲੱਖ ਖ਼ਤਰੇ ਵਿੱਚ ਪਈਆਂ ਪ੍ਰਜਾਤੀਆਂ ਹਨ।

ਦਰਅਸਲ, ਇਨ੍ਹਾਂ ਜੰਗਲੀ ਜਾਨਵਰਾਂ ਦੇ ਸ਼ਿਕਾਰੀ ਆਪਣੇ ਸਰੀਰ ਦੇ ਅੰਗ ਮਹਿੰਗੇ ਭਾਅ 'ਤੇ ਵੇਚਦੇ ਹਨ। ਉਨ੍ਹਾਂ ਨੂੰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਆਪਣੀ ਮਨਚਾਹੀ ਕੀਮਤ ਮਿਲਦੀ ਹੈ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇੱਕ ਹਾਥੀ ਨੂੰ ਮਾਰਨ ਦੀ ਕੀਮਤ ਪੱਚੀ ਤੋਂ ਸੱਠ ਹਜ਼ਾਰ ਡਾਲਰ ਹੈ। ਇਸੇ ਤਰ੍ਹਾਂ, ਇੱਕ ਬਾਘ ਦੀ ਕੀਮਤ ਸਾਢੇ ਅੱਠ ਹਜ਼ਾਰ ਤੋਂ ਪੰਜਾਹ ਹਜ਼ਾਰ ਡਾਲਰ ਤੱਕ ਹੈ ਅਤੇ ਇੱਕ ਤੇਂਦੂਏ ਦੀ ਕੀਮਤ ਪੰਦਰਾਂ ਤੋਂ ਪੈਂਤੀ ਹਜ਼ਾਰ ਡਾਲਰ ਤੱਕ ਹੈ। ਇਹ ਮੰਦਭਾਗੀ ਗੱਲ ਹੈ ਕਿ ਸ਼ੌਕ ਲਈ ਸ਼ਿਕਾਰ, ਭਾਵ ਟਰਾਫੀ ਹੰਟਿੰਗ, ਨੂੰ ਅਮਰੀਕਾ ਸਮੇਤ ਦੁਨੀਆ ਦੇ ਕਈ ਦੇਸ਼ਾਂ ਦੁਆਰਾ ਮਾਨਤਾ ਪ੍ਰਾਪਤ ਹੈ। ਅਮਰੀਕੀ ਸ਼ਿਕਾਰੀ ਟਰਾਫੀ ਸ਼ਿਕਾਰ ਵਿੱਚ ਮੋਹਰੀ ਹਨ। ਇੱਕ ਅੰਕੜੇ ਅਨੁਸਾਰ, ਪਿਛਲੇ ਦਹਾਕੇ ਵਿੱਚ ਦੁਨੀਆ ਭਰ ਵਿੱਚ ਗਿਆਰਾਂ ਹਜ਼ਾਰ ਬਾਘਾਂ ਦਾ ਸ਼ਿਕਾਰ ਕੀਤਾ ਗਿਆ, ਜਿਨ੍ਹਾਂ ਵਿੱਚੋਂ ਪੰਜਾਹ ਪ੍ਰਤੀਸ਼ਤ ਅਮਰੀਕੀ ਸ਼ਿਕਾਰੀਆਂ ਦੁਆਰਾ ਮਾਰੇ ਗਏ। ਹੈਰਾਨੀ ਦੀ ਗੱਲ ਹੈ ਕਿ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਇਹ ਦਲੀਲ ਦੇ ਰਹੀ ਹੈ ਕਿ ਜੇਕਰ ਟਰਾਫੀ ਹੰਟਿੰਗ ਕਾਨੂੰਨੀ ਢਾਂਚੇ ਦੇ ਅੰਦਰ ਹੁੰਦੀ ਹੈ, ਤਾਂ ਇਹ ਜੰਗਲੀ ਜੀਵਾਂ ਦੀ ਸੰਭਾਲ ਅਤੇ ਜਾਨਵਰਾਂ ਦੀ ਆਬਾਦੀ ਨੂੰ ਕੰਟਰੋਲ ਕਰਨ ਵਿੱਚ ਮਦਦ ਕਰੇਗੀ। ਇਸ ਤੋਂ ਇਲਾਵਾ, ਸਥਾਨਕ ਲੋਕਾਂ ਨੂੰ ਆਰਥਿਕ ਲਾਭ ਵੀ ਮਿਲੇਗਾ। ਪਰ ਇਹ ਦਲੀਲ ਸਹੀ ਨਹੀਂ ਹੈ। ਸੱਚਾਈ ਇਹ ਹੈ ਕਿ ਇਸ ਨਾਲ ਜੰਗਲੀ ਜਾਨਵਰਾਂ ਦੀ ਗਿਣਤੀ ਘੱਟ ਜਾਵੇਗੀ ਅਤੇ ਪਹਿਲਾਂ ਹੀ ਖ਼ਤਰੇ ਵਿੱਚ ਪਈਆਂ ਪ੍ਰਜਾਤੀਆਂ ਅਲੋਪ ਹੋ ਜਾਣਗੀਆਂ।

# ਪਾਕਿਸਤਾਨ ਵਲੋਂ ਪੰਜਾਬ 'ਚ ਹੁਣ ਨਸ਼ਿਆਂ, ਹਥਿਆਰਾਂ ਦੇ ਨਾਲ ਦਵਾਈਆਂ ਦੀ ਸਮੱਗਲਿੰਗ !

ਇਕ ਪਾਸੇ ਪਾਕਿਸਤਾਨ ਆਪਣੇ ਪਾਲੇ ਹੋਏ ਅੱਤਵਾਦੀਆਂ ਕੋਲੋਂ ਭਾਰਤ 'ਚ ਹਮਲੇ ਕਰਵਾ ਕੇ ਨਿਰਦੋਸ਼ਾਂ ਦੀਆਂ ਹੱਤਿਆਵਾਂ ਕਰਵਾ ਰਿਹਾ ਹੈ ਅਤੇ ਦੂਜੇ ਪਾਸੇ ਦੇਸ਼ ਦੇ ਸਰਹੱਦੀ ਇਲਾਕਿਆਂ 'ਚ ਡਰੋਨਾਂ ਰਾਹੀਂ ਨਸ਼ਾ ਪਹੁੰਚਾ ਕੇ ਭਾਰਤ ਦੇ ਨੌਜਵਾਨਾਂ ਨੂੰ ਤਬਾਹ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਇਸ ਦੀਆਂ ਸਿਰਫ ਇਕ ਹਫਤੇ ਦੀਆਂ ਚੰਦ ਮਿਸਾਲਾਂ ਹੇਠਾਂ ਦਰਜ ਹਨ :

- 17 ਅਪ੍ਰੈਲ ਨੂੰ ਗੁਰਦਾਸਪੁਰ ਜ਼ਿਲਾ ਪੁਲਸ ਨੇ ਸਰੱਹਦੀ ਪਿੰਡ 'ਠਾਕੁਰਪੁਰ' 'ਚੋਂ ਪਾਕਿਸਤਾਨ ਤੋਂ ਡਰੋਨ ਰਾਹੀਂ ਹੈਰੋਇਨ ਮੰਗਵਾਉਣ ਵਾਲੇ 3 ਸਮੱਗਲਰਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 255 ਗ੍ਰਾਮ ਹੈਰੋਇਨ ਅਤੇ 2 ਪਿਸਤੌਲ ਬਰਾਮਦ ਕੀਤੇ।
- 20 ਅਪ੍ਰੈਲ ਨੂੰ ਬੀ. ਐੱਸ. ਐੱਫ. ਨੇ ਅੰਮ੍ਰਿਤਸਰ, ਤਰਨਤਾਰਨ ਅਤੇ ਫਿਰੋਜ਼ਪੁਰ ਜ਼ਿਲਿਆਂ ਦੇ ਪਿੰਡਾਂ 'ਚ ਕਾਰਵਾਈ ਦੌਰਾਨ ਖੇਤਾਂ 'ਚੋਂ 3 ਪਾਕਿਸਤਾਨੀ ਡਰੋਨ ਅਤੇ 545 ਗ੍ਰਾਮ ਹੈਰੋਇਨ ਬਰਾਮਦ ਕੀਤੀ।
- 22 ਅਪ੍ਰੈਲ ਨੂੰ ਹੀ ਬੀ. ਐੱਸ. ਐੱਫ. ਨੇ ਸਰਹੱਦੀ ਪਿੰਡ 'ਬੱਲ੍ਹੜਵਾਲ' ਦੇ ਇਲਾਕੇ 'ਚ ਡਰੋਨ ਰਾਹੀਂ ਸੁੱਟੀ 40 ਕਰੋੜ ਰੁਪਏ ਦੀ ਹੈਰੋਇਨ ਸਮੇਤ 2 ਗ੍ਰੇਨੇਡ, ਆਈ. ਈ. ਡੀ. ਧਮਾਕਾਖੇਜ਼ ਸਮੱਗਰੀ, ਰਿਮੋਟ, 2 ਵਿਦੇਸ਼ੀ ਪਿਸਤੌਲ ਅਤੇ 5 ਜ਼ਿੰਦਾ ਕਾਰਤੂਸ ਬਰਾਮਦ ਕੀਤੇ।
- 23 ਅਪ੍ਰੈਲ ਨੂੰ ਬੀ. ਐੱਸ. ਐੱਫ. ਅੰਮ੍ਰਿਤਸਰ ਸੈਕਟਰ ਦੀ ਟੀਮ ਨੇ 4 ਵੱਖ-ਵੱਖ ਸਰਹੱਦੀ ਪਿੰਡਾਂ 'ਚੋਂ 8 ਕਰੋੜ ਰੁਪਏ ਦਾ ਨਸ਼ਾ ਅਤੇ ਡਰੋਨ ਜ਼ਬਤ ਕੀਤੇ। ਪਿੰਡ 'ਹਰਦੋਰਤਨ' 'ਚੋਂ 6 ਕਾਰਤੂਸ, ਪਿਸਤੌਲਾਂ ਦੇ ਪੁਰਜ਼ੇ, ਮੈਗਜ਼ੀਨ ਅਤੇ 593 ਗ੍ਰਾਮ ਹੈਰੋਇਨ, ਪਿੰਡ 'ਮੁਹਾਵਾ' 'ਚੋਂ ਇਕ ਪਿਸੌਤਲ ਦੀ ਮੈਗਜ਼ੀਨ ਅਤੇ 574 ਗ੍ਰਾਮ ਹੈਰੋਇਨ ਦੇ ਇਲਾਵਾ 'ਰਾਜਾ ਤਾਲ' ਅਤੇ 'ਗੱਲੂਵਾਲ' ਪਿੰਡਾਂ 'ਚੋਂ 2 ਮਿਨੀ ਡਰੋਨ ਅਤੇ 514 ਗ੍ਰਾਮ ਹੈਰੋਇਨ ਫੜੀ।



ਇਹੀ ਨਹੀਂ ਹੁਣ ਤਾਂ ਪਾਕਿਸਤਾਨ ਤੋਂ ਭਾਰਤ 'ਚ ਵੱਖ-ਵੱਖ ਤਰ੍ਹਾਂ ਦੀਆਂ ਦਵਾਈਆਂ ਦੀ ਸਮੱਗਲਿੰਗ ਵੀ ਸ਼ੁਰੂ ਹੋ ਗਈ ਹੈ। 23 ਅਪ੍ਰੈਲ ਨੂੰ ਤਰਨਤਾਰਨ 'ਚ ਡਰੱਗ ਇੰਸਪੈਕਟਰ ਅਤੇ ਪੁਲਸ ਵਲੋਂ ਇਕ ਮਕਾਨ 'ਚ ਸਾਂਝੀ ਛਾਪੇਮਾਰੀ ਦੌਰਾਨ ਵੱਡੀ ਮਾਤਰਾ 'ਚ ਪਾਕਿਸਤਾਨ ਦੀਆਂ ਬਣੀਆਂ ਹੋਈਆਂ 10 ਤਰ੍ਹਾਂ ਦੀਆਂ ਦਵਾਈਆਂ ਜ਼ਬਤ ਕੀਤੀਆਂ ਗਈਆਂ।

ਉਕਤ ਮਿਸਾਲਾਂ ਤੋਂ ਸਪੱਸ਼ਟ ਹੈ ਕਿ ਪਾਕਿਸਤਾਨ ਭਾਰਤ 'ਚ ਤਬਾਹੀ ਮਚਾਉਣ ਲਈ ਹਰ ਹੱਥਕੰਡਾ ਅਪਣਾਉਣ ਤੋਂ ਬਾਜ਼ ਨਹੀਂ ਆ ਰਿਹਾ। ਲਿਹਾਜ਼ਾ ਪਾਕਿਸਤਾਨ ਨੂੰ ਰਾਹ 'ਤੇ ਲਿਆਉਣ ਲਈ ਉਸ ਨੂੰ ਜਿੰਨੀ ਜਲਦੀ ਉਸੇ ਦੀ ਭਾਸ਼ਾ 'ਚ ਢੁੱਕਵਾਂ ਜਵਾਬ ਦਿੱਤਾ ਜਾਵੇ ਓਨਾ ਹੀ ਚੰਗਾ ਹੋਵੇਗਾ।

Dosanjh Family
AUTO GROUP

Cadillac CHEVROLET INFINITI KIA NISSAN BUICK GMC
CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD